ਸਿਰਜਣਾ

ਅਕਤੂਬਰ-ਦਸੰਬਰ 2012 (ਅੰਕ 166)

October- December 2012

ਸੰਪਾਦਕ: ਰਘਬੀਰ ਸਿੰਘ

ਇਹ ਪੀ ਡੀ ਐਫ ਫਾਈਲ ਸੁਖਵੰਤ ਹੁੰਦਲ ਨੇ ਆਪਣੇ ਪਿਤਾ ਸ਼ਿਵਦੇਵ ਸਿੰਘ ਹੁੰਦਲ ਅਤੇ ਮਾਤਾ ਹਰਬੰਸ ਕੌਰ ਹੁੰਦਲ ਦੀ ਯਾਦ ਵਿੱਚ ਤਿਆਰ ਕੀਤੀ।

ਸ੍ਰੋਤ: ਸੁਖਵੰਤ ਹੁੰਦਲ ਨਿੱਜੀ ਲਾਇਬ੍ਰੇਰੀ ਵਿੱਚੋਂ।

ਇਜਾਜ਼ਤ
Permission

ਮੈਂ ਰਘੁਬੀਰ ਸਿੰਘ ਸੰਪਾਦਕ ਸਿਰਜਣਾ ਸੁਖਵੰਤ ਹੁੰਦਲ (13286 55 A Ave. Surrey, BC, Canada) ਨੂੰ ਸਿਰਜਣਾ ਦੇ ਸਾਰੇ ਅੰਕਾਂ ਦੀਆਂ ਪੀ ਡੀ ਐੱਫ ਫਾਇਲਾਂ ਬਣਾ ਕੇ ਆਨਲਾਈਨ ਪਾਉਣ ਦੀ ਇਜਾਜ਼ਤ ਦਿੰਦਾ ਹਾਂ। ਇਹ ਇਜਾਜ਼ਤ ਸਿਰਫ ਸਿਰਜਣਾ ਦੇ ਅੰਕਾਂ ਦੀਆਂ ਪੀ ਡੀ ਐੱਫ ਫਾਇਲਾਂ ਬਣਾ ਕੇ ਆਨਲਾਈਨ ਪਾਉਣ ਲਈ ਹੀ ਹੈ। ਸਿਰਜਣਾ ਦੀ ਸਮੱਗਰੀ ਦੇ ਕਾਪੀਰਾਈਟ ਅਤੇ ਹੋਰ ਸਾਰੇ ਹੱਕ ਰਘਬੀਰ ਸਿੰਘ ਸੰਪਾਦਕ ਸਿਰਜਣਾ ਦੇ ਹਨ।

I Raghbir Singh editor Sirjana hearby grant permission to Sukhwant Hundal (13286 55 A Ave. Surrey, BC, Canada) to upload online all issues of Sirjana in PDF format. This permission is only for uploading issues online in PDF format. The copyright and all other rights for Sirjana's content remains with Raghbir Singh, editor Sirjana.

ਦਸਖਤ -Sign: _____

ਪਤਾ -Address: _____

1728, ਸੈਕਟਰ 43-ਬੀ,
ਚੰਡੀਗੜ੍ਹ - 160022

1728, Sector 43 - B,
Chandigarh - 160022
India

ਤਾਰੀਕ -Date: 25 - 10 - 2014

ਸਿਰਜਣਾ

ਅਕਤੂਬਰ-ਦਸੰਬਰ 2012 **166** 30 ਰੁਪਏ

ਸਿਰਜਣਾ

166
ਅਕਤੂਬਰ-ਦਸੰਬਰ 2012

ਸੰਪਾਦਕ : ਰਘਬੀਰ ਸਿੰਘ
Editor : Raghbir Singh

❋

1728, ਸੈਕਟਰ 43-ਬੀ,
ਚੰਡੀਗੜ੍ਹ-160 022
ਫੋਨ : +91-172-2601693

❋

SIRJANA
1728, Sector 43-B,
Chandigarh-160 022
INDIA
Phone : +91-172-2601693
E-mail :
raghbirssirjana@yahoo.com

❋

Sirjana is approved by DPI Punjab for all Schools, Colleges and Social Education Centres vide letter No. 2/6-66B (EP) dated 26-9-1966

ਇਸ ਅੰਕ ਵਿਚ

ਸੰਪਾਦਕੀ / ਸਆਦਤ ਹਸਨ ਮੰਟੋ ਨੂੰ ਯਾਦ ਕਰਦਿਆਂ/1

ਸੀ. ਮਾਰਕੰਡਾ / ਪੰਜ ਕਵਿਤਾਵਾਂ / 3

ਸੁਰਿੰਦਰਪ੍ਰੀਤ ਘਣੀਆਂ / ਗ਼ਜ਼ਲ / 4

ਗੁਰਦੇਵ ਸਿੰਘ ਹੰਸਰਾ / ਗ਼ਜ਼ਲ / 4

ਰਾਜਿੰਦਰ ਸਿੰਘ ਚੀਮਾ / ਨਿਬੰਧ / ਸਆਦਤ ਹਸਨ ਮੰਟੋ : ਅੰਮ੍ਰਿਤਸਰ ਤੋਂ ਲਾਹੌਰ ਤਕ / 5

ਸਆਦਤ ਹਸਨ ਮੰਟੋ / ਨਿਬੰਧ / ਬਕਲਮ ਖੁਦ / 9

ਸਆਦਤ ਹਸਨ ਮੰਟੋ / ਕਹਾਣੀ / ਮੰਤਰ / 17

ਮੇਜਰ ਮਾਂਗਟ / ਕਹਾਣੀ / ਗਰਮ ਹਵਾ ਦਾ ਬੁੱਲਾ / 24

ਗੁਰਸੇਵਕ ਸਿੰਘ ਪ੍ਰੀਤ / ਕਹਾਣੀ / ਕਾਕਰੋਚ / 34

ਅਵਤਾਰ ਸਿੰਘ ਬਿਲਿੰਗ / ਇੰਟਰਵਿਊ / ਬ੍ਰਹਿਮੰਡੀ ਚੇਤਨਾ ਦਾ ਸਾਹਿਤਕਾਰ : ਰਵਿੰਦਰ ਰਵੀ / 53

ਸੁਰਜੀਤ ਹਾਂਸ / ਨਿਬੰਧ / ਨਵੇਂ ਆਜ਼ਾਦ ਮੁਲਕਾਂ ਦੀ ਦੋਹਰੀ ਸ਼ਿਕਸਤ / 67

ਚੰਦਰ ਮੋਹਨ / ਨਿਬੰਧ / ਪੰਜਾਬੀਅਤ ਦਾ ਕਹਾਣੀਕਾਰ: ਅਫ਼ਜ਼ਲ ਅਹਿਸਨ ਰੰਧਾਵਾ / 77

ਗੁਲਜ਼ਾਰ ਸਿੰਘ ਸੰਧੂ / ਰਿਵਿਊ /ਦੁਪਹਿਰ ਦਾ ਸਫਾ / 87

ਜਸਬੀਰ / ਰਿਵਿਊ / ਮੇਰੇ ਮਨ ਦੀ ਕੋਇਲ / 89

ਰਾਜਵੰਤ ਕੌਰ / ਰਿਵਿਊ / ਆਸ ਨਿਰਾਸੀ / 92

ਜੇ.ਬੀ. ਸੇਖੋਂ / ਰਿਵਿਊ / ਨਮਸਕਾਰ / 93

ਕਿਰਪਾਲ ਸਿੰਘ ਕਸੇਲ, ਦੇਵ, ਗੁਰਚਰਨ ਰਾਮਪੁਰੀ, ਧਿਆਨ ਸਿੰਘ ਸ਼ਾਹ ਸਿਕੰਦਰ / ਹੁੰਗਾਰੇ / 96

ਟਾਈਟਲ ਚਿੱਤਰ : ਦੇਵ ਟਾਈਪ-ਸੈਟਿੰਗ ਅਤੇ ਡਿਜ਼ਾਈਨਿੰਗ: ਰਾਜਪ੍ਰੀਤ ਸਿੰਘ

ਚੰਦਾ-ਦਸ ਅੰਕ : ਦੇਸ : 300 ਰੁਪਏ, ਵਾਰਸ਼ਿਕ : 120 ਰੁਪਏ
ਵਿਦੇਸ਼-ਹਵਾਈ ਡਾਕ ਰਾਹੀਂ : ਦਸ ਅੰਕ: 25 ਪੌਂਡ, 50 ਡਾਲਰ,ਵਾਰਸ਼ਿਕ:10 ਪੌਂਡ, 20 ਡਾਲਰ

ਸਆਦਤ ਹਸਨ ਮੰਟੋ ਨੂੰ ਯਾਦ ਕਰਦਿਆਂ

ਸਆਦਤ ਹਸਨ ਮੰਟੋ ਦੀ ਜਨਮ ਸ਼ਤਾਬਦੀ ਦੇ ਵਰ੍ਹੇ ਵਿਚ ਉਰਦੂ ਦੇ ਇਸ ਅਜ਼ੀਮ ਅਦੀਬ ਨੂੰ ਬਹੁਤ ਆਦਰ-ਭਾਵ ਨਾਲ ਯਾਦ ਕੀਤਾ ਜਾ ਰਿਹਾ ਹੈ। ਭਾਰਤ ਤੇ ਪਾਕਿਸਤਾਨ ਵਿਚ ਹੀ ਨਹੀਂ, ਬਦੇਸ਼ਾਂ ਵਿਚ ਵੀ ਇਸ ਅਸਲੋਂ ਨਿਵੇਕਲੇ ਸਿਰਜਕ ਦੀ ਸਿਮਰਤੀ ਵਿਚ ਬਹੁਤ ਸਾਰੇ ਸਮਾਗਮ ਰਚੇ ਗਏ ਹਨ। ਉਸਦੀਆਂ ਲਿਖਤਾਂ ਨੂੰ ਮੁੜ ਪੜ੍ਹਿਆ-ਵਾਚਿਆ ਗਿਆ ਹੈ ਅਤੇ ਉਸਦੀ ਅਦੁਤੀ ਪ੍ਰਤਿਭਾ ਦੇ ਹਵਾਲੇ ਨਾਲ ਉਸਦੀ ਸਿਰਜਣਾਤਮਕ ਦੇਣ ਦਾ ਪ੍ਰਸ਼ੰਸਾਮਈ ਵਖਾਨ ਕੀਤਾ ਗਿਆ ਹੈ।

ਮੰਟੋ ਨਿਰਸੰਦੇਹ ਬਹੁਤ ਵੱਡਾ ਅਦੀਬ ਸੀ ਜਿਸਨੇ ਆਪਣੀਆਂ ਲਿਖਤਾਂ ਰਾਹੀਂ ਨਾ ਸਿਰਫ ਉਰਦੂ ਜ਼ੁਬਾਨ ਦੇ ਅਦਬ ਵਿਚ ਇਕ ਤਹਲਕਾ ਮਚਾਇਆ ਸਗੋਂ ਸਮੁੱਚੇ ਤੌਰ 'ਤੇ ਸਾਹਿਤ-ਸੰਸਾਰ ਵਿਚ ਆਪਣੀ ਮੁਹਰ-ਛਾਪ ਛੱਡੀ। ਪੰਜਾਬੀ ਸਾਹਿਤ-ਜਗਤ ਵਿਚ ਮਾਣ ਸਤਿਕਾਰ ਉਸਨੂੰ ਇਸ ਤਰ੍ਹਾਂ ਦਾ ਮਿਲਿਆ ਜਿਵੇਂ ਉਹ ਮੂਲ ਰੂਪ ਵਿਚ ਪੰਜਾਬੀ ਜ਼ੁਬਾਨ ਵਿਚ ਰਚਨਾ ਕਰਨ ਵਾਲਾ ਅਦੀਬ ਹੋਵੇ। ਰਾਜਿੰਦਰ ਸਿੰਘ ਬੇਦੀ, ਕ੍ਰਿਸ਼ਨ ਚੰਦਰ ਤੇ ਕ੍ਰਿਸ਼ਨਾ ਸੋਬਤੀ ਵਾਂਗ ਪੰਜਾਬੀ ਸਾਹਿਤ-ਜਗਤ ਲਈ ਉਹ ਪਰਾਇਆ ਨਹੀਂ ਸੀ। ਅਨੁਵਾਦ ਰਾਹੀਂ ਪੰਜਾਬੀ ਵਿਚ ਪਹੁੰਚੀਆਂ ਉਸਦੀਆਂ ਰਚਨਾਵਾਂ ਦਾ ਭਰਪੂਰ ਸਵਾਗਤ ਹੋਇਆ। ਪੰਜਾਬੀ ਵਿਚ ਉਸਦੇ ਪ੍ਰਸ਼ੰਸਕਾਂ ਦਾ ਦਾਇਰਾ ਬਹੁਤ ਵਸੀਹ ਰਿਹਾ ਹੈ, ਏਨਾ ਵਸੀਹ ਕਿ ਮੂਲ ਪੰਜਾਬੀ ਵਿਚ ਲਿਖਣ ਵਾਲੇ ਕਈ ਪ੍ਰਤਿਭਾਵਾਨ ਲੇਖਕ ਵੀ ਉਸ ਤਕ ਨਹੀਂ ਪਹੁੰਚਦੇ।

ਮੰਟੋ ਦੀ ਵੱਡੀ ਪਛਾਣ ਇਕ ਕਹਾਣੀਕਾਰ ਵਜੋਂ ਸੀ। ਕਹਾਣੀ ਦੀ ਵਿਧਾ ਵਿਚ ਯਕੀਨਨ ਉਸਨੇ ਬਹੁਤ ਮਾਅਰਕੇ ਦੀਆਂ ਰਚਨਾਵਾਂ ਕੀਤੀਆਂ। ਪਰ ਉਸਦੀ ਰਚਨਾਤਮਕਤਾ ਸਿਰਫ ਕਹਾਣੀ ਤਕ ਸੀਮਤ ਨਹੀਂ ਸੀ। ਉਸਨੇ ਢੇਰ ਸਾਰੀ ਵਾਰਤਕ ਲਿਖੀ ਜਿਸ ਵਿਚ ਫਿਲਮੀ ਕਲਾਕਾਰਾਂ ਤੇ ਸਮਕਾਲੀ ਸਾਹਿਤਕਾਰਾਂ ਦੇ ਰੇਖਾ-ਚਿਤਰ ਬਹੁਤ ਚਰਚਾ ਦਾ ਵਿਸ਼ਾ ਬਣੇ। ਦੋਸਤੀ ਦੇ ਨਿੱਘ ਨੂੰ ਕਾਇਮ ਰਖਦੀ ਹੋਈ ਜਾਣੀਆਂ ਪਛਾਣੀਆਂ ਸ਼ਖਸੀਅਤਾਂ ਦੇ ਨਕਸ਼-ਨੁਹਾਰ ਤੋਂ ਅਗਾਂਹ ਉਹਨਾਂ ਦੇ ਅੰਦਰੂਨੀ ਸੱਚ ਨੂੰ ਬੇਬਾਕੀ ਨਾਲ ਉਭਾਰਦੀ ਲਿਖਤ 'ਗੰਜੇ ਫਰਿਸ਼ਤੇ' ਲਾਮਿਸਾਲ ਹੈ। ਰਾਜਨੀਤਕ ਮਸਲਿਆ ਸਮੇਤ ਸਮਾਜੀ-ਆਰਥਿਕ ਤੇ ਸਭਿਆਚਾਰਕ ਮੁੱਦਿਆਂ ਬਾਰੇ ਵੀ ਉਸਨੇ ਬਹੁਤ ਕੁਝ ਲਿਖਿਆ, ਜੋ ਉਸਦੀ ਹਰ ਲਿਖਤ ਵਾਂਗ ਚਰਚਤ ਵੀ ਹੋਇਆ ਤੇ ਬਹੁਤ ਮੁੱਲਵਾਨ ਵੀ ਮੰਨਿਆ ਗਿਆ। 'ਅੰਕਲ ਸੈਮ ਦੇ ਨਾਂ ਖਤ', ਰੂਸੀ ਇਨਕਲਾਬ ਜਾਂ ਜਦੀਦ ਅਦਬ ਬਾਰੇ ਉਸਦੀਆਂ ਲਿਖਤਾਂ ਇਸ ਪ੍ਰਸੰਗ ਵਿਚ ਜ਼ਿਕਰਯੋਗ ਹਨ।

ਮੰਟੋ ਸਾਰਿਆਂ ਨਾਲੋਂ ਵੱਖਰਾ ਤੇ ਨਿਆਰਾ ਕਿਉਂ ਤੇ ਕਿੰਝ ਸੀ, ਇਸ ਪ੍ਰਸ਼ਨ ਦਾ ਉੱਤਰ ਹੈ ਉਸਦੀ ਬੇਬਾਕੀ ਅਤੇ ਜੁਰਅਤ, ਜੋ ਉਸਦੀ ਸ਼ਖਸੀਅਤ ਦਾ ਵੀ ਲੱਛਣ ਸੀ ਤੇ ਉਸਦੀ ਰਚਨਾਤਮਕਤਾ ਦਾ ਵੀ। ਉਸਨੇ ਨਿੱਜੀ ਤੌਰ 'ਤੇ ਵੀ ਆਪਣੇ ਜੀਵਨ ਵਿਚ ਕਾਫੀ ਕੁੜੱਤਣ ਚੱਖੀ ਅਤੇ ਲੇਖਕ ਵਜੋਂ ਕੁੜੱਤਣ ਨਾਲ ਭਰੇ ਅਨਿਆਈਂ ਸਮਾਜ ਦਾ ਵੀ ਭਾਂਡਾ ਭੰਨਿਆ। ਤਿੱਖੀ ਨਸ਼ਤਰ ਵਰਗੀ ਉਸਦੀ ਕਲਮ ਵਿਚ ਲੋਹੜੇ ਦੀ ਕਲਾਤਮਕ ਨਜ਼ਾਕਤ ਸੀ। ਇੰਝ ਰੋਗ ਨਿਵਾਰਣ ਵਾਲੇ ਇਕ ਜੱਰਾਹ ਵਾਂਗ ਉਸਦੀ ਲਿਖਤ ਜੇ ਚੋਭ ਲਾਉਂਦੀ ਸੀ ਤਾਂ ਸੁਖਦ ਆਨੰਦ ਵੀ ਦਿੰਦੀ ਸੀ।

ਉਸਦੀ ਜਨਮ ਸ਼ਤਾਬਦੀ ਦੇ ਜਸ਼ਨਾਂ ਦੇ ਹਵਾਲੇ ਨਾਲ ਜਿੰਨ੍ਹਾਂ ਗੱਲਾਂ ਨੂੰ ਧਿਆਨ ਗੋਚਰੇ ਕਰਨਾ ਜ਼ਰੂਰੀ ਹੈ, ਉਹਨਾਂ ਦਾ ਸੰਬੰਧ ਇਕ ਮਨੁੱਖ ਤੇ ਸਿਰਜਕ ਵਜੋਂ ਮੰਟੋ ਦੀ ਸ਼ਖਸੀਅਤ ਨਾਲ ਵੀ ਹੈ ਅਤੇ ਸਾਹਿਤ-ਸਿਰਜਣਾ ਵੱਲ ਪਹੁੰਚ ਨਾਲ ਵੀ। ਉਹ ਬਿਲਾ ਸ਼ੱਕ ਇਕ ਤਰੱਕੀਪਸੰਦ

ਅਦੀਬ ਸੀ ਅਤੇ ਬੜੇ ਮਾਣ ਨਾਲ ਆਪਣੇ ਆਪ ਨੂੰ ਪ੍ਰਗਤੀਵਾਦੀ ਲਹਿਰ ਦਾ ਅੰਗ ਸਮਝਦਾ ਸੀ। ਦਕੀਆਨੂਸੀ ਦ੍ਰਿਸ਼ਟੀ ਵਾਲੇ ਸਮਾਜ ਤੇ ਵਿਵਸਥਾ ਵੱਲੋਂ ਉਸਦਾ ਵਿਰੋਧ ਕੀਤਾ ਗਿਆ, ਜੋ ਸਮਝ ਵਿਚ ਆਉਂਦਾ ਹੈ। ਲਿਖਤਾਂ ਵਿਚ ਅਸ਼ਲੀਲਤਾ ਦਾ ਇਲਜ਼ਾਮ ਲਗਾ ਕੇ ਉਸ ਉੱਤੇ ਸਰਕਾਰ ਵੱਲੋਂ ਮੁਕੱਦਮੇ ਚਲਾਏ ਗਏ। ਹੈਰਾਨੀ ਦੀ ਗੱਲ ਐਪਰ ਇਹ ਹੈ ਕਿ ਕਈ ਵਾਰ ਆਪਣੇ ਆਪਨੂੰ ਤਰੱਕੀਪਸੰਦ ਆਖਦੇ ਲੋਕਾਂ ਨੇ ਵੀ ਉਸਦੇ ਵਿਰੋਧੀਆਂ ਦੀ ਸੁਰ ਵਿਚ ਸੁਰ ਮਿਲਾਈ। ਉਸਦੇ ਆਪਣੇ ਪਾੜੇ ਦੇ ਲੋਕਾਂ ਨੇ ਵੀ ਉਸਦਾ ਸਾਥ ਨਹੀਂ ਦਿੱਤਾ। ਹਕੀਕਤ ਵਿਚ ਉਸਦੀਆਂ ਚਰਚਤ ਕਹਾਣੀਆਂ ਜਿੰਨ੍ਹਾਂ ਨੂੰ ਅਸ਼ਲੀਲ ਦਰਸਾਇਆ ਗਿਆ ਹੈ, ਮਨੁੱਖੀ ਮਾਨਸਿਕਤਾ ਦੀ ਬਾਤ ਪਾਉਂਦੀਆਂ ਹਨ ਜਿੰਨ੍ਹਾਂ ਨੂੰ ਵੇਲੇ ਦੇ ਸਮਾਜ ਦੀਆਂ ਪ੍ਰਧਾਨ ਕਦਰ-ਕੀਮਤਾਂ ਅਨੁਸਾਰ ਨੈਤਿਕਤਾ ਜਾਂ ਸਦਾਚਾਰ ਦੇ ਪੱਖ ਤੋਂ ਚੰਗਾ ਮਾੜਾ ਗਿਣਿਆ ਜਾਂਦਾ ਹੈ। ਪਰ ਜਿਸ ਗਹਿਰਾਈ ਨਾਲ ਉਸਨੇ ਮਨੁੱਖੀ ਮਾਨਸਿਕਤਾ ਦੀ ਕਲਾਤਮਕ ਪੇਸ਼ਕਾਰੀ ਕੀਤੀ ਹੈ, ਉਸਦਾ ਕੋਈ ਜਵਾਬ ਨਹੀਂ। ਉਸਦੀ ਕੋਈ ਵੀ ਰਚਨਾ, ਏਥੋਂ ਤਕ ਕਿ ਅਸ਼ਲੀਲਤਾ ਦੇ ਦੋਸ਼ ਵਾਲੀਆਂ 'ਖੋਲ੍ਹ ਦੋ' ਤੇ 'ਠੰਡਾ ਗੋਸ਼ਤ' ਵਰਗੀਆਂ ਕਹਾਣੀਆਂ ਵੀ, ਮਾਨਵਵਾਦੀ ਸਰੋਕਾਰਾਂ ਤੋਂ ਵਿਰਵੀਆਂ ਨਹੀਂ।

ਜਦੋਂ ਉਹ ਚੋਰਾਂ, ਵੇਸਵਾਵਾਂ ਤੇ ਸਮਾਜ ਵਿਚ ਬਹੁਤ ਨੀਵੀਂ ਥਾਂ ਉੱਤੇ ਵਿਚਰਦੇ ਲੋਕਾਂ ਨੂੰ ਆਪਣੀਆਂ ਕਹਾਣੀਆਂ ਦੇ ਪਾਤਰ ਬਣਾਉਂਦਾ ਸੀ ਤਾਂ ਉਹ ਨੈਤਿਕਤਾ ਦੇ ਗ਼ਲਤ ਆਧਾਰਾਂ ਉੱਤੇ ਵਾਰ ਕਰਦਾ ਹੋਇਆ ਵੇਲੇ ਦੇ ਸਮਾਜ ਨੂੰ ਸ਼ੀਸ਼ਾ ਵਿਖਾਉਂਦਾ ਸੀ। ਜਿਨਸੀ ਸੰਬੰਧਾਂ ਨੂੰ ਚਿਤਰਦੀਆਂ ਉਸਦੀਆਂ ਕਹਾਣੀਆਂ ਵਿਚ ਵਿਕਰਤ ਵਿਹਾਰ ਦੀ ਕਿਧਰੇ ਪੁਸ਼ਟੀ ਨਹੀਂ ਹੁੰਦੀ। ਕੁਝ ਨਵਾਂ ਸਿਰਜਣ ਦੀ ਚੇਸ਼ਟਾ ਵਿਚ ਮਾਨਸਿਕ ਵਿਕਾਰਾਂ ਤੇ ਉਲਾਰ ਜਿਨਸੀ ਵਿਹਾਰ ਦੀ ਪੇਸ਼ਕਾਰੀ ਉੱਤੇ ਟੇਕ ਰੱਖਣ ਵਾਲੇ ਕਲਮਕਾਰਾਂ ਲਈ ਮੰਟੋ ਤੋਂ ਸਿੱਖਣ ਲਈ ਬਹੁਤ ਕੁਝ ਹੈ।

ਧਾਰਮਿਕ ਜਨੂੰਨੀਆਂ ਨੂੰ ਜਾਂ ਧਰਮ ਦੇ ਪਰਦੇ ਹੇਠ ਕੁਕਰਮ ਕਰਦੇ ਹਿੰਦੂ, ਸਿੱਖ ਜਾਂ ਮੁਸਲਮਾਨ, ਕਿਸੇ ਨੂੰ ਵੀ ਉਸਨੇ ਨਹੀਂ ਬਖਸ਼ਿਆ। ਮਹਿਜ਼ ਇਸ ਤੱਥ ਕਰਕੇ ਕਿ ਦੇਸ਼ ਦੇ ਬਟਵਾਰੇ ਸਮੇਂ ਹਾਲਾਤ ਦਾ ਧੱਕਿਆ ਉਹ ਬੰਬਈ ਤੋਂ ਲਾਹੌਰ ਚਲਿਆ ਗਿਆ ਸੀ, ਉਸਦੀ ਧਰਮ-ਨਿਰਪੇਖ ਦ੍ਰਿਸ਼ਟੀ ਉੱਤੇ ਉਂਗਲ ਨਹੀਂ ਰੱਖੀ ਜਾ ਸਕਦੀ। ਦੇਸ਼ ਦੇ ਬਟਵਾਰੇ ਨਾਲ ਜੁੜੇ ਅਮਾਨਵੀ ਵਰਤਾਰੇ ਨੂੰ ਲੈ ਕੇ ਉਸਨੇ ਜੋ ਕਲਮ ਚਲਾਈ, ਉਹ ਮੰਟੋ ਦੇ ਮਾਨਵਵਾਦ ਤੇ ਉਸਦੀ ਧਰਮ-ਨਿਰਪੇਖਤਾ ਦੀ ਭਰਪੂਰ ਗਵਾਹੀ ਹਨ।

ਮੰਟੋ ਦੀ ਸਾਹਿਤਕ ਸ਼ਖਸੀਅਤ ਕਿਸੇ ਧਰਮ ਜਾਂ ਦੇਸ਼ ਦੇ ਸੌੜੇ ਖਾਨਿਆਂ ਵਿਚ ਡੱਕੀ ਜਾਣ ਵਾਲੀ ਨਹੀਂ। ਉਸਦੀ ਜਨਮ ਸ਼ਤਾਬਦੀ ਦੇ ਜਸ਼ਨ ਏਸੇ ਤੱਥ ਨੂੰ ਪੁਸ਼ਟ ਕਰਦੇ ਹਨ।

-ਰਘਬੀਰ ਸਿੰਘ

ਬਹੁਤ ਹੀ ਸਮਰੱਥ ਸ਼ਾਇਰ ਸੀ ਅਵਤਾਰ ਜੰਡਿਆਲਵੀ, ਜੋ ਕੈਂਸਰ ਦੀ ਨਾਮੁਰਾਦ ਬਿਮਾਰੀ ਨਾਲ ਪਿਛਲੇ ਦਿਨੀਂ ਲੰਡਨ ਵਿਚ ਸਦੀਵੀ ਵਿਛੋੜਾ ਦੇ ਗਿਆ। ਪਰਵਾਸੀ ਸਾਹਿਤਕਾਰਾਂ ਦੀ ਸੂਚੀ ਵਿਚ ਜੰਡਿਆਲਵੀ ਦਾ ਨਾਉਂ ਬਹੁਤ ਉਪਰ ਆਉਂਦਾ ਸੀ। ਉਸਨੇ ਥੋੜ੍ਹਾ ਲਿਖਿਆ ਪਰ ਜੋ ਵੀ ਲਿਖਿਆ ਉਸ ਵਿਚ ਸ਼ਿਲਪ ਤੇ ਅਨੁਭਵ ਦੇ ਪੱਖ ਤੋਂ ਬਹੁਤ ਪੁਖਤਗੀ ਸੀ। ਹਾਲ ਦੇ ਵਰ੍ਹਿਆਂ ਵਿਚ ਜਾਰੀ ਕੀਤੇ ਗਏ ਪਰਚੇ 'ਹੁਣ' ਰਾਹੀਂ ਵੀ ਉਸਨੇ ਵੱਡਾ ਯੋਗਦਾਨ ਪਾਇਆ। 'ਸਿਰਜਣਾ' ਦੇ ਸੰਪਾਦਕ ਦਾ ਉਹ ਬਹੁਤ ਪੁਰਾਣਾ ਨਿਜੀ ਦੋਸਤ ਸੀ।

ਆਪਣੇ ਮਿੱਤਰ ਤੇ ਉੱਘੀ ਸਾਹਿਤਕ ਸ਼ਖਸੀਅਤ ਅਵਤਾਰ ਜੰਡਿਆਲਵੀ ਦੇ ਇਸ ਵਿਛੋੜੇ ਦਾ ਸਾਨੂੰ ਦੋਹਰਾ ਦੁੱਖ ਹੈ।

ਪੰਜ ਕਵਿਤਾਵਾਂ/ ਸੀ. ਮਾਰਕੰਡਾ

ਖੁਸ਼ਬੂ

ਖੁਸ਼ਬੂ ਕਦੀ ਝੱਖੜਾਂ ਨਾਲ
ਬਹਿਸ ਨਹੀਂ ਕਰਿਆ ਕਰਦੀ
ਉਹ ਤਾਂ ਹਮੇਸ਼ਾ
ਸੱਜਰੀਆਂ ਪਉਣਾਂ ਅੰਦਰ
ਤਰਿਆ ਕਰਦੀ ਹੈ

ਕਣੀ

ਕਿਨਾਰੇ ਉੱਗੀ
ਘਾਹ ਦੀ ਪੱਤੀ 'ਤੇ ਕਿਰੀ ਕਣੀ
ਕੋਲੋਂ ਲੰਘਦੀ
ਨਦੀ ਨਾਲ਼ ਗੱਲੀਂ ਰੁੱਝ ਗਈ
ਤੇ ਆਖਣ ਲੱਗੀ
ਮੈਂ ਵੀ ਤੇਰੀ ਅਣਸ ਹਾਂ

ਡੰਡਾਉਤ

ਕਈ ਵਾਰ ਯਾਤਰਾ ਪੈਰਾਂ ਨਾਲ ਨਹੀਂ
ਪੂਰੇ ਦੇ ਪੂਰੇ ਜਿਸਮ ਨੂੰ
ਰਾਹਾਂ 'ਤੇ ਵਿਛਾਅ ਕੇ
ਤੈਅ ਕਰਨੀ ਪੈਂਦੀ ਹੈ
ਤਾਂਹੀਓਂ ਤਾਂ ਡੰਡਾਉਤ
ਪ੍ਰਵਾਨ ਹੁੰਦੀ ਹੈ

ਮੁਹੱਬਤ

ਸੁਣਿਐ ਦਿਲ ਦਰਿਆ ਹੁੰਦੇ ਨੇ
ਸਮੁੰਦਰ ਵਾਂਗ ਹੀ ਗਹਿਰੇ
ਜਿਹਨਾਂ ਦੀ ਹਾਥ ਨੀ ਪੈਂਦੀ
ਜਦ ਕਦੀ ਇਹਨਾਂ 'ਚ ਤੂਫ਼ਾਨ ਆ ਜਾਵਣ
ਤਾਂ ਮੁਹੱਬਤ ਅਜਿਹੇ ਵੇਲੇ
ਕਿਸ਼ਤੀ ਵੀ ਬਣ ਜਾਂਦੀ ਏ
ਤੇ ਬਾਦਬਾਨ ਵੀ

ਰੇਤ

ਮਾਰੂਥਲ ਛਾਣਿਆਂ
ਕੁਝ ਵੀ ਨਹੀਂ ਮਿਲ਼ਦਾ
ਨਿਰੀ ਰੇਤ ਜਿਸ ਨੂੰ ਮੁੱਠੀ 'ਚ ਵੀ
ਨਹੀਂ ਸਾਂਭਿਆ ਜਾਣਾ
ਉਹ ਵੀ ਉਂਗਲਾਂ ਦੀਆਂ ਵਿਰਲਾਂ ਥੀਂ
ਕਣ-ਕਣ ਹੋ ਕੇ ਕਿਰ ਜਾਵੇਗੀ
ਵਿਚਾਰੀ ਰੇਤ

[ਕਵਿਤਾ ਮਾਰਗ, ਮਾਰਕੰਡਾ ਸਟਰੀਟ, ਤਪਾ ਮੰਡੀ, ਜ਼ਿਲ੍ਹਾ ਬਰਨਾਲਾ]

ਗ਼ਜ਼ਲ/ ਸੁਰਿੰਦਰਪ੍ਰੀਤ ਘਣੀਆਂ

ਬੜਾ ਨਿਰਮਲ, ਬੜਾ ਮਿੱਠਾ ਸੀ, ਜਦ ਸੀ ਵਰ੍ਹ ਰਿਹਾ ਪਾਣੀ।
ਖਲੋਇਆ ਇਕ ਜਗ੍ਹਾ ਤਾਂ ਮੁਸ਼ਕਿਆ ਤੇ ਗੰਧਲਿਆ ਪਾਣੀ।

ਉਹਨਾਂ ਦਾ ਵੱਸ ਜੇ ਚਲਦਾ ਅਸਾਡੇ ਦਿਲ ਵੀ ਵੰਡ ਲੈਂਦੇ,
ਜਿਹਨਾਂ ਨੇ ਵੰਡ ਲਈ ਧਰਤੀ ਜਿਹਨਾਂ ਨੇ ਵੰਡ ਲਿਆ ਪਾਣੀ

ਘੜੇ, ਨਲਕੇ ਤੇ ਸਭ ਦਰਿਆ ਨਮੋਸ਼ੀ ਵਿਚ ਡੁੱਬੇ ਨੇ,
ਜਦੋਂ ਦਾ ਬੋਤਲਾਂ ਵਿਚ ਬੰਦ ਹੋ ਕੇ ਵਿਕ ਰਿਹਾ ਪਾਣੀ।

ਇਹ ਸਭ ਬਾਜ਼ਾਰ ਦਾ ਜਾਦੂ ਕਿ ਸਾਨੂੰ ਕਰ ਲਿਆ ਕਾਬੂ,
ਅਸਾਡੇ ਜਜ਼ਬਿਆਂ ਦਾ ਵੀ, ਦਿਲਾਂ ਵਿਚ ਜੰਮ ਗਿਆ ਪਾਣੀ।

ਘੜੇ ਵਿਚ ਬੰਦ ਸੀ ਤਾਂ ਆਪਣੇ ਤਕ ਹੀ ਸਿਮਟਿਆ ਸੀ ਬੱਸ,
ਘੜੇ ਤੋਂ ਬਾਹਰ ਆ ਕੇ ਅੰਬਰਾਂ ਤਕ ਫੈਲਿਆ ਪਾਣੀ।

ਉਹ ਪਹਿਲਾਂ ਕੰਬਿਆ, ਫਿਰ ਸੰਭਲਿਆ, ਫਿਰ ਮੁਸਕਰਾਇਆ ਪੁਲ,
ਉਹਦੇ ਹੇਠਾਂ ਦੀ ਸੈਨਤ ਮਾਰ ਕੇ ਜਦ ਲੰਘਿਆ ਪਾਣੀ।,

ਇਹ ਵਰਤਾਰਾ ਵੀ ਅੱਖੀਂ ਦੇਖ, ਸਾਨੂੰ ਪੈ ਰਿਹਾ ਜੀਣਾ,
ਵਿਕੇ ਮੰਡੀ 'ਚ ਲਹੂ ਸਸਤਾ ਤੇ ਮਹਿੰਗਾ ਵਿਕ ਰਿਹਾ ਪਾਣੀ

[20298 ਏ, ਗਲੀ ਨੰ: 15, 100 ਫੁੱਟੀ ਰੋਡ, ਗੁਰੂ ਤੇਗ ਬਹਾਦਰ ਨਗਰ, ਬਠਿੰਡਾ]

ਗ਼ਜ਼ਲ / ਗੁਰਦੇਵ ਸਿੰਘ ਹੰਸਰਾ

ਕੋਰੇ ਕਾਗਜ਼ ਕਾਲ਼ੇ ਕਰ ਕਰ, ਐਵੇਂ ਨਾ ਸੁੱਟ ਜਾਇਆ ਕਰ।
ਦਰਦੇ ਦਿਲ ਦੀ ਕੋਈ ਕਾਤਰ, ਲਿਖਤਾਂ ਵਿਚ ਸਜਾਇਆ ਕਰ।

ਸੁਪਨੇ ਦੇ ਵਿਚ ਝਲਕ ਵਿਖਾ ਕੇ, ਚੁਪਕੇ ਜਿਹੇ ਮੁੜ ਜਾਨਾ ਏਂ
ਰੂਹ ਦੀਆਂ ਕਦੇ ਬਰੂਹਾਂ ਅੰਦਰ, ਪੋਲੇ ਜਿਹੇ ਲੰਘ ਆਇਆ ਕਰ।

ਵਾਦੀ ਦੇ ਵਿਚ ਘਟਾ ਕਾਲ਼ੀਏ, ਰੋਜ਼ ਹੀ ਵਰ੍ਹਦੀ ਰਹਿੰਦੀ ਏਂ,
ਭੁੱਲ ਭੁਲੇਖੇ ਮਾਰੂਥਲ ਦੀ, ਕਦੇ ਤਾਂ ਪਿਆਸ ਬੁਝਾਇਆ ਕਰ।

ਮਹਿਕਾਂ ਨਾਲ ਜ਼ਿੰਦਗੀ ਮਹਿਕੇ, ਮਹਿਕਾਂ ਮਾਰਿਆਂ ਮਰ ਜਾਂਦੀ
ਛੋਹ ਕੇ ਲੰਘਦੀ ਹਰ ਖੁਸ਼ਬੋ ਨੂੰ, ਸਾਹਾਂ ਸੰਗ ਰਲ਼ਾਇਆ ਕਰ।

ਦੂਰੋਂ ਵੱਜਦੀ ਬੀਨ ਜੋਗੀਆ, ਬ੍ਰਿਹੋਂ ਨਾਗ ਜਗਾਉਂਦੀ ਹੈ।
ਵਿਹੜੇ ਸਾਡੇ ਆਣ ਇੰਨ੍ਹਾਂ ਨੂੰ, ਕੀਲ ਪਟਾਰੀ ਪਾਇਆ ਕਰ।

ਚਿਹਰਾ ਸ਼ਾਂਤ ਸਮੁੰਦਰ ਵਰਗਾ, ਅੰਦਰ ਛੁਪੇ ਤੂਫ਼ਾਨ ਕਈ
ਦਿਲਦਾਰਾਂ ਤੋਂ ਭੇਤ ਨਹੀਂ ਛੁਪਦੇ, ਖੁਸ਼ੀ ਮਖੌਟੇ ਲਾਇਆ ਕਰ।

ਤੇਰੀ ਮੇਰੀ ਹੋਂਦ ਨੂੰ ਖ਼ਤਰਾ, ਸਦਾ ਹੀ ਬਣਿਆ ਰਹਿੰਦਾ ਹੈ,
ਦਿਲ ਦੇ ਵਿਚ ਵਸਾਅ ਕੇ ਸਾਨੂੰ, ਡੌਰੂ ਨਾ ਖੜਕਾਇਆ ਕਰ।

[ਪਿੰਡ ਤੇ ਡਾਕ : ਕਮਾਲਪੁਰਾ, ਤਹਿਸੀਲ ਜਗਰਾਉਂ, ਜ਼ਿਲ੍ਹਾ ਲੁਧਿਆਣਾ]

ਸਆਦਤ ਹਸਨ ਮੰਟੋ : ਅੰਮ੍ਰਿਤਸਰ ਤੋਂ ਲਾਹੌਰ ਤਕ

ਰਾਜਿੰਦਰ ਸਿੰਘ ਚੀਮਾ

11 ਮਈ 2012 ਮੰਟੋ ਦੀ ਜਨਮ ਸ਼ਤਾਬਦੀ ਦਾ ਦਿਨ ਸੀ। ਉਸ ਤੋਂ ਕੁਝ ਪਹਿਲਾਂ ਦੈਨਿਕ ਭਾਸਕਰ ਦੀ ਸ਼ਾਹਿਦਾ ਅਤੇ ਨਾਮਵਰ ਕਹਾਣੀਕਾਰ ਗੁਲਜ਼ਾਰ ਸਿੰਘ ਸੰਧੂ ਨੇ ਮੰਟੋ ਫਾਊਂਡੇਸ਼ਨ ਦੀ ਸਥਾਪਤੀ ਲਈ ਉਪਰਾਲਾ ਕੀਤਾ। ਮੈਨੂੰ ਮਿਲੇ ਤਾਂ ਮੈਂ ਆਖਿਆ ਪਤਾ ਨਹੀਂ ਏਨੇ ਘੱਟ ਸਮੇਂ ਵਿਚ ਕੋਈ ਪ੍ਰੋਗਰਾਮ ਸਿਰਜਿਆ ਜਾ ਸਕੇਗਾ ਜਾਂ ਨਹੀਂ। ਸੰਧੂ ਸਾਹਿਬ ਆਖਣ ਲੱਗੇ ਮੇਰਾ ਤਜਰਬਾ ਤਾਂ ਦੱਸਦੈ, ਸ਼ੁਰੂ ਕਰ ਲਈਏ ਤਾਂ ਕੰਮ ਹੋ ਹੀ ਜਾਂਦੈ। ਖੈਰ ਬੁਨਿਆਦ ਰੱਖੀ ਗਈ ਤੇ ਤਿਆਰੀ ਸ਼ੁਰੂ ਹੋ ਗਈ। ਫਾਊਂਡੇਸ਼ਨ ਬਾਰੀਕ ਅਤੇ ਕੁਝ ਠੋਸ ਪ੍ਰੋਗਰਾਮਾਂ ਦਾ ਸਾਧਨ ਬਣਨ ਵਿਚ ਸਫਲ ਹੋਈ। ਹਰੀਸ਼ ਜੈਨ ਨੇ ਮੰਟੋ ਦੀਆਂ ਚੋਣਵੀਆਂ ਰਚਨਾਵਾਂ ਨੂੰ ਦੋ ਜਿਲਦਾਂ ਵਿਚ ਛਾਪਣ ਦਾ ਨਿਰਣਾ ਕਰ ਲਿਆ। ਮੈਨੂੰ ਆਦੇਸ਼ ਹੋਇਆ ਕਿ ਪਹਿਲੀ ਜਿਲਦ ਦਾ ਸੰਪਾਦਨ ਮੈਂ ਕਰ ਦਿਆਂ। ਮੇਰੀ ਹੈਸੀਅਤ ਸਾਹਿਤ ਅਤੇ ਮੰਟੋ ਦੇ ਇਕ ਪਾਠਕ ਤੋਂ ਵੱਧ ਕੁਝ ਹੈ ਨਹੀਂ। ਪਰ ਇਹ ਸੋਚਕੇ ਕਿ ਪਾਠਕ ਦੇ ਆਖਰ ਕੁਝ ਫਰਜ਼ ਅਤੇ ਅਧਿਕਾਰ ਹੋਣੇ ਚਾਹੀਦੇ ਨੇ, ਮੈਂ ਝਿਜਕਦਿਆਂ-ਝਿਜਕਦਿਆਂ ਹਾਂ ਕਰ ਦਿੱਤੀ। ਪਾਕਿਸਤਾਨ ਆਪਣੇ ਨੌਜਵਾਨ ਦੋਸਤ ਸੁਹੇਲ ਸਾਜਿਦ ਨੂੰ ਮੰਟੋ ਦੀਆਂ ਤਮਾਮ ਰਚਨਾਵਾਂ ਭਿਜਵਾਣ ਲਈ ਬੇਨਤੀ ਕੀਤੀ। ਇਸ ਦੌਰਾਨ ਰਾਜਕਮਲ ਵਾਲਿਆਂ ਵੱਲੋਂ ਹਿੰਦੀ ਵਿਚ ਛਾਪੀਆਂ ਗਈਆਂ ਪੰਜ ਜਿਲਦਾਂ ਨੂੰ ਮੈਂ ਪੜ੍ਹਨਾ ਸ਼ੁਰੂ ਕਰ ਦਿੱਤਾ ਸੀ। ਸੰਧੂ ਹੋਰਾਂ ਨਾਲ ਮੰਟੋ ਬਾਰੇ ਚਰਚਾ ਹੁੰਦੀ ਸੀ। ਉਹਨਾਂ ਨੇ ਹੁਕਮ ਜਾਰੀ ਕੀਤਾ ਕਿ ਆਪਣੀ ਮੰਟੋ ਬਾਰੇ ਜਾਣ ਪਛਾਣ ਤਿਆਰ ਕਰ ਦੇ। ਖੈਰ ਮੰਟੋ ਫਾਊਂਡੇਸ਼ਨ ਅਤੇ ਮੰਟੋ ਸ਼ਤਾਬਦੀ ਦੇ ਮੁੱਢ ਵਿਚ ਮੰਟੋ ਨੂੰ ਦੁਬਾਰਾ ਪੜ੍ਹਨ ਤੇ ਮਾਨਣ ਦਾ ਸਬੱਬ ਬਣ ਗਿਆ। ਹੈਰਾਨੀ ਹੋਈ ਕਿ ਮੰਟੋ ਅਜੇ ਵੀ ਸੱਜਰਾ ਤੇ ਪ੍ਰਸੰਗਕ ਹੈ। ਉਸਦੀ ਮੌਲਿਕਤਾ ਹਾਲੇ ਵੀ ਧੜਕਦੀ ਹੈ। ਉਹ ਆਪਣੇ ਨਾਲ ਦੇ ਕੱਦਾਵਰ ਨਾਵਾਂ ਵਿਚ ਅਨੋਖਾ ਤੇ ਇਕੱਲਾ ਨਜ਼ਰ ਆਉਂਦਾ ਹੈ। ਕੀ ਕਾਰਨ ਹੈ ਕਿ ਉਹ ਆਪਣੇ ਨਾਮਵਰ ਸਮਕਾਲੀਆਂ ਤੋਂ ਇਸ ਤਰ੍ਹਾਂ ਵੱਖਰਾ ਖੜ੍ਹਾ ਸਾਫ ਨਜ਼ਰ ਆਉਂਦਾ ਹੈ?

ਮੰਟੋ ਦਾ ਜੀਵਨ ਕਾਲ (1912-1955) ਨਿਸਚੈ ਹੀ ਵਿਸ਼ਵ ਇਤਿਹਾਸ ਦਾ ਹੋਣੀਆਂ ਭਰਿਆ ਸਮਾਂ ਸੀ। ਦੂਰਗਾਮੀ ਅਤੇ ਜੁਗਗਾਮੀ ਤਬਦੀਲੀਆਂ ਦਾ ਸੂਚਕ। ਇਹ ਸਾਮਰਾਜ ਦੀ ਅਰੂਜ਼ ਵੀ ਸੀ ਤੇ ਪਤਨ ਵੀ। ਅਨੇਕ ਇਨਕਲਾਬ ਇਕੋ ਵੇਲ਼ੇ ਸੁਲਗ ਰਹੇ ਸਨ, ਉਭਰ ਰਹੇ ਸਨ ਅਤੇ ਇਕ ਇਕ ਕਰਕੇ ਆਪਣੀਆਂ ਪਰਤਾਂ ਖੋਲ੍ਹ ਰਹੇ ਸਨ। ਇਹ ਦੋਵੇਂ ਭਿਆਨਕ ਅਤੇ ਨਿਰਦਈ ਵਿਸ਼ਵ ਜੰਗਾਂ ਦਾ ਕਾਲ ਸੀ। ਇਹ ਸਮਾਂ ਵਿਸ਼ਵ ਭਰ ਵਿਚ ਉਸਰ ਰਹੀਆਂ ਸਵਾਧੀਨਤਾ ਦੀਆਂ ਲਹਿਰਾਂ ਦਾ ਸਮਾਂ ਸੀ। ਇਹੋ ਸਮਾਂ ਸੀ ਜਦੋਂ ਇਕ ਵਿਸ਼ਵ ਵਿਆਪੀ ਸਮਾਜਵਾਦੀ ਚੇਤਨਾ ਆਪਣੀ ਗੰਢੜੀ ਖੋਲ੍ਹ ਰਹੀ ਸੀ। ਇਕ ਵਿਆਪਕ ਲੋਕਤੰਤਰਕ ਚੇਤਨਾ ਦਾ ਸੂਰਜ ਉਦੈ ਹੋ ਰਿਹਾ ਸੀ, ਜਿਸਦੀ ਰੋਸ਼ਨੀ ਤੋਂ ਵਿਸ਼ਵ ਦਾ ਕੋਈ ਕੋਨਾ ਬਚਿਆ ਹੋਇਆ ਨਹੀਂ ਸੀ। ਇਹ ਹੋਣੀਆਂ ਹਿੰਦੁਸਤਾਨ ਵਿਚ ਆਪਣਾ ਜਾਦੂ ਖਲਾਰ ਰਹੀਆਂ ਸਨ। ਆਜ਼ਾਦੀ ਦੀ ਜੰਗ ਇਕ ਵਿਸ਼ਾਲ ਲੋਕ ਲਹਿਰ ਦਾ ਰੂਪ ਧਾਰ ਰਹੀ ਸੀ। ਟਕਰਾਅ ਰਹੇ ਵਿਚਾਰਾਂ ਦੀ ਧਾਰ ਬੜੀ ਤਿੱਖੀ ਸੀ ਅਤੇ ਟਕਰਾਅ ਦੇ ਚੰਗਿਆੜੇ ਫਿਜ਼ਾਵਾਂ ਵਿਚ ਉਡਦੇ ਸਾਫ਼ ਨਜ਼ਰ ਆਉਂਦੇ ਸਨ। ਇਕ ਤੇਜ਼ੀ ਨਾਲ ਜਵਾਨ ਹੋ ਰਹੇ ਜਗਿਆਸੂ ਜ਼ਿਹਨ ਦੇ ਪਲਰਨ ਵਾਸਤੇ ਇਸਤੋਂ ਬਿਹਤਰ ਮਾਹੌਲ ਕਿੱਥੋਂ ਮਿਲਣਾ ਸੀ। ਵਿਸ਼ਵਾਸ, ਪਰੰਪਰਾਵਾਂ, ਧਾਰਨਾਵਾਂ, ਰਵਾਇਤੀ ਇਖਲਾਕੀ ਕਦਰਾਂ, ਸਦੀਆਂ ਲੰਮੀਆਂ ਮਾਨਤਾਵਾਂ - ਹਰ ਚੀਜ਼ 'ਤੇ ਨਜ਼ਰਸਾਨੀ ਹੋ ਰਹੀ ਸੀ।

ਇਹ ਸਬੱਬ ਵੀ ਅਹਿਮ ਹੈ ਕਿ ਮੰਟੋ ਦੀ ਮੁੱਢਲੀ ਸੋਚ ਅੰਮ੍ਰਿਤਸਰ ਸ਼ਹਿਰ ਵਿਚ ਪ੍ਰਵਾਨ ਚੜ੍ਹੀ। ਉਹ ਅੰਮ੍ਰਿਤਸਰ ਜੋ ਆਜ਼ਾਦੀ ਲਹਿਰ ਦਾ ਕੇਂਦਰ ਸੀ ਅਤੇ ਜਿੱਥੇ ਜਲ੍ਹਿਆਂਵਾਲੇ ਬਾਗ਼ ਦਾ ਖ਼ੂਨੀ ਸਾਕਾ ਵਾਪਰਿਆ ਸੀ। ਮੰਟੋ ਨੂੰ ਪੜ੍ਹ ਕੇ ਮਹਿਸੂਸ ਹੁੰਦਾ ਹੈ ਕਿ ਸਦੀ ਦੀ ਦਹਿਲੀਜ਼ 'ਤੇ ਖੜ੍ਹੀਆਂ ਜੁਗਗਾਮੀ ਸ਼ਕਤੀਆਂ ਉਸਦੇ ਸ਼ਹਿਰ ਦੇ ਬੂਹੇ 'ਤੇ ਚਿਰਾਂ ਤੋਂ ਦਸਤਕ ਦੇ ਚੁੱਕੀਆਂ ਸਨ। ਲਾਹੌਰ, ਬੰਬਈ ਅਤੇ ਦਿੱਲੀ, ਜੋ ਉੱਠ ਰਹੇ ਤੂਫਾਨਾਂ ਦੇ ਕੇਂਦਰ-ਬਿੰਦੂ ਸਨ, ਮੰਟੋ ਨੂੰ ਆਵਾਜ਼ ਦੇ ਰਹੇ ਸਨ। ਉਹ ਸਹੀ ਵਕਤ ਸਹੀ ਜਗ੍ਹਾ 'ਤੇ ਪਹੁੰਚ ਵੀ ਰਿਹਾ ਸੀ। ਇਹ ਵੀ ਕਾਬਲੇ ਗ਼ੌਰ ਹੈ ਕਿ ਬੰਬਈ ਕਲਾ ਦੇ ਖੇਤਰ ਵਿਚ ਅੱਜ ਤਕ ਦੇ ਸਭ ਦੇ ਵੱਡੇ ਇਨਕਲਾਬ ਯਾਨੀ ਫਿਲਮਸਾਜ਼ੀ ਦੀ ਰਾਜਧਾਨੀ ਸੀ। ਬੰਬਈ ਮੰਟੋ ਲਈ ਕਈ ਬੇਸ਼ਕੀਮਤੀ ਅਨੁਭਵ ਲਈ ਬੈਠੀ ਸੀ।

ਮੰਟੋ ਆਪਣੀ ਸੋਚ ਅਤੇ ਲੇਖਣ ਵਿਚ ਬੇਬਾਕ ਅਤੇ ਬੇਲਿਹਾਜ਼ ਸੀ। ਉਸਦੀ ਚੇਤਨਾ ਵਿਚ ਸਦੀਆਂ ਦੀਆਂ ਪਰੰਪਰਕ ਸੋਚਾਂ ਦੀਆਂ ਨੀਹਾਂ ਹਿਲਾ ਦੇਣ ਵਾਲੀਆਂ ਸ਼ਕਤੀਆਂ ਨੂੰ ਮਹਿਸੂਸ ਕਰਨ ਦੀ ਪ੍ਰਵਿਰਤੀ ਵੀ ਸੀ ਅਤੇ ਸਮਰੱਥਾ ਵੀ। ਸਪਸ਼ਟ ਬਿਆਨੀ ਉਸਦੀ ਰਚਨਾਤਮਕਤਾ ਦਾ ਜ਼ਰੂਰੀ ਹਿੱਸਾ ਹੈ। ਉਹ ਲੀਕ ਤੋਂ ਹਟ ਕੇ ਸੋਚਦਾ ਸੀ ਅਤੇ ਡੰਕੇ ਦੀ ਚੋਟ ਨਾਲ ਪਰੰਪਰਕ ਸੋਚ ਨੂੰ ਵੰਗਾਰਨ ਦੀ ਗੁਸਤਾਖੀ ਕਰਦਾ ਸੀ। ਸ਼ਾਇਦ ਇਹੋ ਕਾਰਨ ਹੈ ਕਿ ਆਪਣੀ ਗੱਲ ਆਖਣ ਲਈ ਉਸਨੇ ਲੀਕਾਂ ਲੱਥੇ, ਡਾਰੋਂ ਵਿਛੜੇ ਅਤੇ ਵਹਾਅ ਦੇ ਉਲਟ ਜਾਣ ਵਾਲੇ ਨਾਬਰ ਪਾਤਰਾਂ ਨੂੰ ਚੁਣਿਆ। ਉਹ ਹਾਸ਼ੀਏ 'ਤੇ ਰਹਿਣ ਵਾਲੇ ਤੇ ਜਲਾਵਤਨ ਕੀਤੇ ਗਏ ਇਨਸਾਨ ਦੀ ਰੂਹ ਵਿਚ ਦੂਰ ਤਕ ਉੱਤਰ ਗਿਆ। ਉਸਨੂੰ ਜੇਬ ਕਤਰਿਆਂ, ਮੁਜਰਮਾਂ ਤੇ ਦਲਾਲਾਂ ਵਿਚ ਇਨਸਾਨੀਅਤ ਨਜ਼ਰ ਆਈ ਅਤੇ ਵੇਸਵਾਵਾਂ ਵਿਚ ਸੁੱਚੀ ਮੁਹੱਬਤ ਅਤੇ ਗਹਿਰੇ ਇਖਲਾਕ ਦੀਆਂ ਚਿਣਗਾਂ। ਆਪਣੇ ਸੱਚ ਨੂੰ ਉਸਨੇ ਆਪਣੇ ਅੰਦਾਜ਼ ਵਿਚ ਪੇਸ਼ ਕੀਤਾ। ਮੰਟੋ ਦੀਆਂ ਰਚਨਾਵਾਂ ਵਿਚ ਸਾਨੂੰ ਸਦੀਆਂ ਦਿਆਂ ਬੰਧਨਾਂ ਨੂੰ ਤੋੜਦੀ ਹੋਈ ਆਜ਼ਾਦ ਔਰਤ ਦਾ ਚਿਹਰਾ ਕਿੰਨਾ ਸਾਫ਼ ਵਿਖਾਈ ਦੇਂਦਾ ਏ। ਹੈਰਾਨੀ ਦੀ ਗੱਲ ਹੈ ਕਿ ਇਹ ਆਜ਼ਾਦ ਔਰਤਾਂ ਆਪਣੇ ਆਲ਼ੇ ਦੁਆਲ਼ੇ ਦੇ ਸਾਹ-ਘੁੱਟਵੇਂ ਮਾਹੌਲ ਵਿਚ ਖਲੋ ਕੇ ਆਪਣੀ ਨਾਬਰੀ ਦਾ ਚਮਤਕਾਰ ਵਿਖਾ ਰਹੀਆਂ ਨੇ। ਮੰਟੋ ਦੇ 'ਪਾਗ਼ਲ' ਕਿੰਨੇ ਸਮਝਦਾਰ ਨੇ! ਉਹਨਾਂ ਦੇ ਮਾਧਿਅਮ ਨਾਲ ਮੰਟੋ ਆਪਣੇ ਮਖਸੂਸ ਵਿਅੰਗਮਈ ਅੰਦਾਜ਼ ਵਿਚ ਆਖ ਰਿਹਾ ਜਾਪਦੈ, 'ਭੜਵਿਓ ਪਾਗ਼ਲ ਇਹ ਨਹੀਂ, ਪਾਗ਼ਲ ਤਾਂ ਅਸੀਂ ਤੁਸੀਂ ਹਾਂ।' ਮੰਟੋ ਜਦੋਂ ਇਕ ਕਰਾਮਾਤੀ ਜੁਗਤ ਨਾਲ ਸਾਨੂੰ ਆਪਣੇ ਅਸਾਧਾਰਨ ਪਾਤਰਾਂ ਦੀ ਆਤਮਾ ਦੀ ਤਹਿ ਤਕ ਲੈ ਜਾਂਦੈ ਤਾਂ ਬੜੀ ਹੈਰਾਨੀ ਹੁੰਦੀ ਹੈ। ਮੰਟੋ ਨੂੰ ਆਪਣੀ ਅੱਧੀ ਅਧੂਰੀ ਰਸਮੀ ਸਿੱਖਿਆ ਦੇ ਬਾਵਜੂਦ ਆਪਣੇ ਪਾਤਰਾਂ ਦੀਆਂ ਮਨੋਵਿਗਿਆਨਕ ਰਮਜ਼ਾਂ ਦੀ ਬੜੀ ਸੂਖਮ ਅਤੇ ਸਾਫ ਪਛਾਣ ਸੀ। ਜਦੋਂ ਅਸ਼ਲੀਲਤਾ ਦੇ ਇਲਜ਼ਾਮ 'ਤੇ ਉਸਨੂੰ ਮੁਕੱਦਮੇ ਲੜਨੇ ਪਏ ਤਾਂ ਉੱਘੇ ਮਨੋਵਿਗਿਆਨੀ ਸਫਾਈ ਦੇ ਗਵਾਹ ਵਜੋਂ ਪੇਸ਼ ਹੋਏ। ਹੈਰਾਨੀ ਦੀ ਗੱਲ ਹੈ ਕਿ ਜਦੋਂ ਉਹ ਮਨੋਵਿਗਿਆਨ ਦੇ ਇਨ੍ਹਾਂ ਮਾਹਿਰਾਂ ਨੂੰ ਗਵਾਹ ਰਖਦਾ ਸੀ, ਨਾ ਉਹ ਉਹਨਾਂ ਨੂੰ ਜਾਣਦਾ ਸੀ ਅਤੇ ਨਾ ਉਹ ਉਹਨਾਂ ਨੂੰ ਮਿਲਕੇ ਆਪਣੇ ਹੱਕ ਵਿਚ ਗਵਾਹੀ ਦੇਣ ਲਈ ਇਲਤਿਜਾ ਕਰਦਾ ਸੀ। ਉਹ ਤਾਂ ਬਸ ਵਿਵਾਦ ਵਿਚ ਘਿਰੀ ਰਚਨਾ 'ਤੇ ਉਹਨਾਂ ਨੂੰ ਮਨੋਵਿਗਿਆਨਕ ਦ੍ਰਿਸ਼ਟੀ ਤੋਂ ਰਾਏਜ਼ਨੀ ਕਰਨ ਲਈ ਸੱਦਦਾ ਸੀ। ਯਾਨੀ ਉਸਨੂੰ ਆਪਣੇ ਪਾਤਰਾਂ ਦੀ ਨਿੱਗਰ ਹਕੀਕਤ ਅਤੇ ਆਪਣੀ ਮਨੋਵਿਗਿਆਨਕ ਅੰਤਰ-ਦ੍ਰਿਸ਼ਟੀ 'ਤੇ ਪੂਰਾ ਭਰੋਸਾ ਸੀ। ਏਥੇ ਇਹ ਜ਼ਿਕਰ ਕਰਨਾ ਵੀ ਜ਼ਰੂਰੀ ਜਾਪਦੈ ਕਿ ਮੰਟੋ ਨੇ ਬਚਪਨ ਅਤੇ ਜਵਾਨੀ ਵਿਚਲੀ ਨੋ ਮੈਨਜ਼ ਲੈਂਡ 'ਤੇ ਵਿਚਰਦੇ ਪਾਤਰਾਂ ਬਾਰੇ ਜੋ ਕਹਾਣੀਆਂ ਲਿਖੀਆਂ ਉਹ ਉਸ ਅਵਸਥਾ ਵਿਚ ਪੱਲਰ ਰਹੀ ਲਿੰਗ-ਚੇਤਨਾ ਦੀ ਨਕਾਸ਼ੀ ਦੇ ਸ਼ਾਹਕਾਰ ਹਨ। ਇਨ੍ਹਾਂ ਵਿਚ ਕੁਝ ਕਹਾਣੀਆਂ ਨੇ 'ਫਾਹਾ', 'ਧੂੰਆ' ਅਤੇ 'ਬਲਾਊਜ਼'।

ਮੰਟੋ ਦੀਆਂ ਰਚਨਾਵਾਂ ਪੜ੍ਹਕੇ ਮਹਿਸੂਸ ਹੁੰਦੈ ਕਿ ਉਸਨੂੰ ਸ਼ਾਇਰੀ ਦੀ ਬੜੀ ਸੂਖਮ ਸਮਝ ਸੀ। ਖਾਸ ਕਰ ਕੇ ਬੜੇ ਅਰਥ ਭਰਪੂਰ ਸ਼ਿਅਰਾਂ ਨਾਲ ਉਸਦੀਆਂ ਕਈ ਗਲਪ ਰਚਨਾਵਾਂ ਸ਼ੁਰੂ ਹੁੰਦੀਆਂ ਹਨ। ਉਸਦੀ ਜ਼ੁਬਾਨ ਵਿਚ ਇਕ ਸ਼ਾਇਰਾਨਾ ਮਿਜ਼ਾਜ ਸਾਫ ਝਲਕਦਾ ਹੈ। ਵੈਸੇ ਵੀ ਉਸ ਯੁੱਗ ਵਿਚ ਅਕਸਰ ਫਨਕਾਰ ਕਵਿਤਾ 'ਤੇ ਹੱਥ ਅਜ਼ਮਾਉਂਦੇ ਸਨ। ਖੈਰ ਜੇ ਕਿਤੇ ਉਹ ਸ਼ਾਇਰ ਹੁੰਦਾ ਤਾਂ ਅੰਮ੍ਰਿਤਸਰੀ ਉਸਦੇ ਨਾਂ ਨਾਲ ਹਮੇਸ਼ਾ ਲਈ ਜੁੜ ਜਾਂਦਾ। ਭਲਾ ਇਹ ਅੰਮ੍ਰਿਤਸਰ ਦੀ ਗੱਲ ਕਿੱਥੇ ਚੱਲ ਪਈ! ਹੋਇਆ ਇਹ ਕਿ ਮੰਟੋ ਨੂੰ ਇਸ ਵਾਰ ਪੜ੍ਹਕੇ ਮੈਂ ਇਹ ਸੋਚਣ 'ਤੇ ਮਜਬੂਰ ਹੋਇਆ ਕਿ ਅੰਮ੍ਰਿਤਸਰ ਦੀ ਮਿੱਟੀ ਵਿਚ ਹੀ ਉਹ ਮੰਟੋ ਬਣ ਕੇ ਪ੍ਰਵਾਨ ਚੜ੍ਹਿਆ।

ਅੰਮ੍ਰਿਤਸਰ ਵਿਚ ਮੰਟੋ ਦੀ ਮੁੱਢਲੀ ਜ਼ਿੰਦਗੀ ਗੁਜ਼ਰੀ। ਕਿਤੇ ਨਾ ਕਿਤੇ ਉਹ ਹਮੇਸ਼ਾ ਅੰਮ੍ਰਿਤਸਰ ਨਾਲ ਜੁੜਿਆ ਰਿਹਾ। ਉਸਦੀ ਕਹਾਣੀ '1919 ਕੀ ਏਕ ਬਾਤ' ਰੋਲਟ ਐਕਟ ਦੇ ਖਿਲਾਫ ਉੱਠੇ ਸ਼ਕਤੀਸ਼ਾਲੀ ਉਭਾਰ ਦੀ ਦਾਸਤਾਨ ਵੀ ਹੈ ਅਤੇ ਕਿਧਰੇ ਅੰਮ੍ਰਿਤਸਰ ਨਾਲ ਉਹਦੀ ਡੂੰਘੀ ਭਾਵੁਕ ਸਾਂਝ ਦੀ ਪ੍ਰਤੀਕ ਵੀ। ਹਮੇਸ਼ਾ ਵਾਂਗ ਉਸਦਾ ਨਾਇਕ ਮੁਹੰਮਦ ਤੁਫੈਲ ਉਰਫ ਥੈਲਾ ਕੰਜਰ ਇਕ ਤਵਾਇਫ ਦੀ ਉਲਾਦ ਹੈ ਅਤੇ ਸ਼ਹਿਰ ਦੇ ਬਦਨਾਮ ਕੋਠੇ ਦਾ ਬਾਸ਼ਿੰਦਾ ਹੈ। ਉਹ ਵਿਗੜਿਆ ਹੋਇਆ ਅਵਾਰਾ ਮੁੰਡਾ ਹੈ। ਇਹ ਸਾਰਾ ਪਿਛੋਕੜ ਉਹਦੀ ਦਲੇਰਾਨਾ ਸ਼ਹਾਦਤ ਨੂੰ ਇਕ ਹੋਰ ਧਰਾਤਲ 'ਤੇ ਲੈ ਜਾਂਦਾ ਹੈ ਅਤੇ ਉਸਦੀ ਸੂਰਮਗਤੀ ਇਕ ਚਮਤਕਾਰ ਵਾਂਗ ਪਾਠਕ ਦੇ ਅੰਤਰਮਨ 'ਤੇ ਉਕਰੀ ਜਾਂਦੀ ਹੈ।

ਮੰਟੋ ਦੇ ਰੇਖਾ-ਚਿਤਰਾਂ ਵਿਚ ਉਸਦੀ ਆਤਮ ਕਥਾ ਦੀਆਂ ਝਲਕੀਆਂ ਹਨ ਅਤੇ ਉਹਨਾਂ ਵਿਚ ਉਸਦੇ ਅੰਮ੍ਰਿਤਸਰ ਵਿਚ ਗੁਜ਼ਾਰੇ ਦਿਨਾਂ ਦਾ ਚਰਚਾ ਵੀ ਹੈ। ਆਪਣੇ ਸਮਿਆਂ ਦੇ ਥੀਏਟਰ ਦੇ ਸ਼ਹਿਨਸ਼ਾਹ ਆਗਾ ਹਸ਼ਰ ਕਸ਼ਮੀਰੀ ਬਾਰੇ ਲਿਖੇ ਗਏ ਰੇਖਾ-ਚਿੱਤਰ 'ਆਗਾ ਹਸ਼ਰ ਸੇ ਦੋ ਮੁਲਾਕਾਤੇਂ' ਵਿਚ ਉਹ ਆਪਣਾ ਅਤੇ ਆਪਣੇ ਸ਼ਹਿਰ ਦਾ ਜ਼ਿਕਰ ਇਸ ਤਰ੍ਹਾਂ ਕਰਦਾ ਹੈ:

"ਤਰੀਕਾਂ ਅਤੇ ਸੰਨ ਮੈਨੂੰ ਕਦੇ ਯਾਦ ਕਹੀ ਰਹੇ। ਇਹੋ ਵਜਾਹ ਹੈ ਕਿ ਮਜ਼ਮੂਨ ਲਿਖਦਿਆਂ ਮੈਨੂੰ ਖਾਸੀ ਉਲਝਨ ਹੋ ਰਹੀ ਹੈ। ਰੱਬ ਜਾਣੇ ਕਿਹੜਾ ਸੰਨ ਸੀ ਤੇ ਮੇਰੀ ਉਮਰ ਕਿੰਨੀ ਸੀ, ਪਰ ਸਿਰਫ ਏਨਾ ਯਾਦ ਹੈ ਕਿ ਭਾਰੀ ਮੁਸ਼ਕਲਾਂ ਨਾਲ ਐਂਟਰੈਸ ਪਾਸ ਕਰਕੇ ਅਤੇ ਐੱਫ. ਏ. ਵਿਚ ਦੋ ਵਾਰੀ ਫੇਲ੍ਹ ਹੋ ਕੇ ਮੇਰੀ ਤਬੀਅਤ ਪੜ੍ਹਾਈ ਤੋਂ ਬਿਲਕੁਲ ਉਚਾਟ ਹੋ ਚੁੱਕੀ ਸੀ। ਪਰ ਜੂਏ ਵਿਚ ਮੇਰੀ ਦਿਲਚਸਪੀ ਦਿਨ-ਬ-ਦਿਨ ਵਧਦੀ ਜਾ ਰਹੀ ਸੀ। ਕਟੜਾ ਜੈਮਲ ਸਿੰਘ ਵਿਚ ਦੀਨੂੰ ਜਾ ਫਜ਼ਲੂ ਘੁਮਿਆਰ ਦੀ ਦੁਕਾਨ ਉਪਰ ਇਕ ਬੈਠਕ ਸੀ ਜਿੱਥੇ ਦਿਨ ਰਾਤ ਜੂਆ ਚਲਦਾ ਸੀ। ਫਲੈਸ਼ ਖੇਡੀ ਜਾਂਦੀ ਸੀ। ਪਹਿਲਾਂ-ਪਹਿਲ ਤਾਂ ਇਹ ਖੇਡ ਮੇਰੀ ਸਮਝ ਵਿਚ ਨਾ ਆਈ ਪਰ ਜਦੋਂ ਆ ਗਈ ਤਾਂ ਮੈਂ ਉਸੇ ਜੋਗਾ ਹੋ ਕੇ ਰਹਿ ਗਿਆ। ਰਾਤ ਨੂੰ ਜਿਹੜੀ ਸੌਣ ਦੀ ਥੋੜ੍ਹੀ ਬਹੁਤ ਫੁਰਸਤ ਮਿਲਦੀ ਸੀ, ਉਸ ਦੌਰਾਨ ਵੀ ਸੁਪਨੇ ਰਾਊਂਡ ਅਤੇ ਟਰੇਲਾਂ ਦੇ ਹੀ ਆਉਂਦੇ ਸਨ।

"ਇਕ ਵਰ੍ਹੇ ਬਾਅਦ ਮੈਂ ਜੂਏ ਤੋਂ ਕੁਝ ਕਾਹਲਾ ਪੈਣ ਲੱਗ ਪਿਆ। ਹੁਣ ਤਬੀਅਤ ਕੋਈ ਹੋਰ ਸ਼ੁਗਲ ਭਾਲਦੀ ਸੀ। ਪਰ ਕੀ, ਇਹਦੇ ਬਾਰੇ ਕੋਈ ਪਤਾ ਨਹੀਂ ਸੀ। ਇਕ ਦਿਨ ਇਬਰਾਹਿਮ ਨੇ, ਜਿਹੜਾ ਅੰਮ੍ਰਿਤਸਰ ਮਿਉਂਸਿਪਲ ਕਮੇਟੀ ਵਿਚ ਟਾਂਗਿਆਂ ਦਾ ਦਰੋਗਾ ਸੀ, ਦੀਨੂੰ ਜਾਂ ਫਜ਼ਲੂ ਘੁਮਿਆਰ ਦੀ ਬੈਠਕ ਵਿਚ ਲਿਜਾ ਆਗਾ ਹਸ਼ਰ ਦਾ ਜ਼ਿਕਰ ਛੇੜ ਕੇ ਦੱਸਿਆ ਕਿ ਉਹ ਅੰਮ੍ਰਿਤਸਰ ਆਏ ਹੋਏ ਨੇ। ਇਹ ਸੁਣਕੇ ਮੈਨੂੰ ਸਕੂਲ ਦੇ ਉਹ ਦਿਨ ਯਾਦ ਆ ਗਏ ਜਦੋਂ ਅਸੀਂ ਚਾਰ ਪੇਸ਼ਾਵਰ ਲਫੰਗਿਆਂ ਨੇ ਰਲ਼ ਕੇ ਇਕ ਡਰਾਮਾ ਕਲੱਬ ਖੋਲ੍ਹਿਆ ਸੀ ਅਤੇ ਆਗਾ ਹਸ਼ਰ ਦਾ ਡਰਾਮਾ ਸਟੇਜ ਕਰਨ ਦਾ ਇਰਾਦਾ ਕੀਤਾ ਸੀ। ਉਹ ਕਲੱਬ ਸਿਰਫ ਪੰਦਰਾਂ ਵੀਹ ਦਿਨ ਹੀ ਕਾਇਮ ਰਹੀ ਕਿਉਂਕਿ ਇਕ ਦਿਨ ਵਾਲਿਦ ਸਾਹਿਬ ਨੇ ਹਮਲਾ ਬੋਲ ਕੇ ਹਰਮੋਨੀਅਮ ਤਬਲੇ ਸਭ

ਭੰਨ ਤੋੜ ਸੁੱਟੇ ਸਨ ਅਤੇ ਸਾਫ਼ ਸ਼ਬਦਾਂ ਵਿਚ ਫ਼ਰਮਾਇਆ ਸੀ ਕਿ ਇਹ ਵਾਹਿਆਤ ਸ਼ੁਗਲ ਉਹਨਾਂ ਨੂੰ ਉੱਕਾ ਮਨਜ਼ੂਰ ਨਹੀਂ ਹੈ।

"ਆਗ਼ਾ ਹਸ਼ਰ ਬਾਰੇ ਬੇਸ਼ੁਮਾਰ ਗੱਲਾਂ ਮਸ਼ਹੂਰ ਸਨ। ਇਕ ਤੇ ਉਹ ਕੂਚਾ ਵਕੀਲਾਂ ਵਿਚ ਰਹਿੰਦੇ ਸਨ ਜਿਹੜੀ ਸਾਡੀ ਆਪਣੀ ਗਲ਼ੀ ਸੀ ਜਿਸ ਵਿਚ ਸਾਡਾ ਮਕਾਨ ਸੀ। ਆਗ਼ਾ ਸਾਹਿਬ ਬਹੁਤ ਵੱਡੇ ਆਦਮੀ ਸਨ-ਕਸ਼ਮੀਰੀ ਸਨ ਯਾਨੀ ਮੇਰੇ ਹਮਕੌਮ-ਅਤੇ ਕਦੇ ਉਹ ਮੇਰੀ ਗਲ਼ੀ ਵਿਚ ਆਪਣੇ ਬਚਪਨ ਦੇ ਦਿਨ ਗੁਜ਼ਾਰ ਚੁੱਕੇ ਸਨ। ਇਨ੍ਹਾਂ ਸਾਰੀਆਂ ਗੱਲਾਂ ਦਾ ਮੇਰੇ 'ਤੇ ਜੋ ਮਨੋਵਿਗਿਆਨਕ ਪ੍ਰਭਾਵ ਪਿਆ ਹੋਵੇਗਾ, ਤੁਸੀਂ ਬਖ਼ੂਬੀ ਸਮਝ ਸਕਦੇ ਹੋ।"

ਮਸ਼ਹੂਰ ਰੂਮਾਨੀ ਉਰਦੂ ਸ਼ਾਇਰ ਅਖਤਰ ਸ਼ੀਰਾਨੀ ਨਾਲ ਚੰਦ ਮੁਲਾਕਾਤਾਂ ਬਾਰੇ ਲਿਖੇ ਸੰਸਮਰਣ ਵਿਚ ਵੀ ਮੰਟੋ ਦੇ ਜਵਾਨ ਵਰ੍ਹਿਆਂ ਦੀ ਬਿੜਕ ਸਾਫ਼ ਸੁਣਾਈ ਦੇਂਦੀ ਏ:

"ਉਹਨਾਂ ਦਿਨਾਂ ਵਿਚ ਮੇਰੀ ਅਵਾਰਾਗਰਦੀ ਸਿਖਰਾਂ 'ਤੇ ਸੀ। ਬੇਮਕਸਦ ਸਾਰਾ ਦਿਨ ਘੁੰਮਦਾ ਫਿਰਦਾ ਸਾਂ। ਦਿਮਾਗ਼ ਬੇਹੱਦ ਉਖੜਿਆ ਉਖੜਿਆ ਸੀ। ਉਸ ਵਕਤ ਮੈਂ ਮਹਿਸੂਸ ਨਹੀਂ ਕੀਤਾ ਪਰ ਬਾਅਦ ਵਿਚ ਸਮਝ ਆਇਆ, ਮੇਰੀ ਦਿਮਾਗ਼ੀ ਪ੍ਰੇਸ਼ਾਨੀ ਮੇਰੇ ਲਈ ਕੋਈ ਰਸਤਾ ਤਲਾਸ਼ ਕਰਨ ਲਈ ਬੇਤਾਬ ਸੀ।

"ਜੀਜੇ ਦੇ ਹੋਟਲ ਸ਼ੀਰਾਜ ਵਿਚ ਕਰੀਬਨ ਹਰ ਦਿਨ ਗੱਪਬਾਜ਼ੀ ਦੀ ਮਹਿਫਲ ਜੰਮਦੀ ਸੀ। ਬਾਲਾ, ਅਨਵਰ ਪੇਂਟਰ, ਆਸ਼ਿਕ ਫੋਟੋਗ੍ਰਾਫਰ, ਫਕੀਰ ਹੁਸੈਨ ਸਲੀਸ ਅਤੇ ਇਕ ਸਾਹਿਬ ਜਿਨ੍ਹਾਂ ਦਾ ਮੈਂ ਨਾਂ ਭੁੱਲ ਗਿਆ ਹਾਂ, ਬਾਕਾਇਦਾ ਇਹਨਾਂ ਮਹਿਫਲਾਂ ਵਿਚ ਸ਼ਰੀਕ ਹੁੰਦੇ ਸਨ। ਹਰ ਕਿਸਮ ਦੇ ਵਿਸ਼ਿਆਂ 'ਤੇ ਬਹਿਸ ਭਖਦੀ ਸੀ। ਬਾਲਾ ਬੜਾ ਖੁਸ਼ ਤਬੀਅਤ ਤੇ ਰੌਣਕੀ ਨੌਜਵਾਨ ਸੀ। ਜਦੋਂ ਉਹ ਗ਼ੈਰ ਹਾਜ਼ਰ ਹੁੰਦਾ ਤਾਂ ਮਹਿਫਲ ਸੁੰਨੀ ਜਿਹੀ ਰਹਿੰਦੀ। ਸ਼ਿਅਰ ਵੀ ਕਹਿੰਦਾ ਸੀ। ਉਹਦਾ ਇਕ ਸ਼ਿਅਰ ਮੈਨੂੰ ਅੱਜ ਤਕ ਯਾਦ ਹੈ:

ਅਸ਼ਕ ਮਿਜ਼ਗਾਂ ਪੇ ਹੈ ਅਟਕ ਸਾ ਗਿਆ
ਨੌਕ ਸੀ ਚੁਭ ਗਈ ਹੈ ਛਾਲੇ ਮੇਂ। (ਅਸ਼ਕ-ਹੰਝੂ, ਮਿਜ਼ਗਾਂ-ਪਲਕ)

"ਜੀਜੇ ਤੋਂ ਲੈ ਕੇ ਅਨਵਰ ਪੇਂਟਰ ਤਕ ਸਾਰੇ ਸੰਗੀਤ ਅਤੇ ਸ਼ਾਇਰੀ ਵਿਚ ਦਿਲਚਸਪੀ ਰੱਖਦੇ ਸਨ। ਉਹ ਸਾਹਿਬ ਜਿਨ੍ਹਾਂ ਦਾ ਨਾਮ ਮੈਂ ਭੁੱਲ ਗਿਆ ਸਾਂ, ਕੈਪਟਨ ਵਹੀਦ ਸਨ। ਨੀਲੀਆਂ ਨੀਲੀਆਂ ਅੱਖਾਂ ਵਾਲੇ, ਲੰਬੇ-ਤੜੰਗੇ ਅਤੇ ਮਜ਼ਬੂਤ ਜੁੱਸੇ ਵਾਲੇ। ਉਨ੍ਹਾਂ ਦਾ ਮਹਿਬੂਬ ਸ਼ੌਕ ਗੋਰਿਆਂ ਨਾਲ ਲੜਨਾ ਸੀ। ਨਤੀਜਤਨ ਕਈ ਗੋਰੇ ਉਹਨਾਂ ਹੱਥੋਂ ਕੁੱਟ ਖਾ ਚੁੱਕੇ ਸਨ। ਅੰਗਰੇਜ਼ੀ ਬਹੁਤ ਵਧੀਆ ਬੋਲਦੇ ਸਨ। ਤਬਲਾ ਮਾਹਰ ਤਬਲਚੀਆਂ ਵਾਂਗ ਵਜਾਉਂਦੇ ਸਨ।"

ਅੰਮ੍ਰਿਤਸਰ ਵਿਚ ਜਵਾਨੀ ਚੜ੍ਹ ਰਹੇ ਮੰਟੋ ਦਾ ਚਰਚਾ, ਰਫੀਕ ਗ਼ਜ਼ਨਵੀ ਬਾਰੇ ਲਿਖੇ ਗਏ ਰੇਖਾ-ਚਿਤਰ ਵਿਚ ਵੀ ਖੂਬ ਆਉਂਦਾ ਹੈ:

"ਇਹ ਉਹ ਜ਼ਮਾਨਾ ਸੀ ਜਦੋਂ ਮੈਂ ਅਵਾਰਾਗਰਦੀ ਸ਼ੁਰੂ ਕੀਤੀ ਹੋਈ ਸੀ। ਤਬੀਅਤ ਹਰ ਵਕਤ ਉਖੜੀ ਉਖੜੀ ਰਹਿੰਦੀ ਸੀ। ਇਕ ਅਜੀਬ ਕਿਸਮ ਦੀ ਉਥਲ-ਪੁਥਲ ਹਰ ਘੜੀ ਦਿਲ ਅਤੇ ਦਿਮਾਗ਼ ਵਿਚ ਹੁੰਦੀ ਰਹਿੰਦੀ ਸੀ। ਜੀਅ ਚਾਹੁੰਦਾ ਸੀ ਹਰ ਸਾਹਮਣੇ ਆਉਣ ਵਾਲੀ ਚੀਜ਼ ਨੂੰ ਚਖ ਕੇ ਵੇਖਾਂ, ਭਾਵੇਂ ਕਿੰਨੀ ਵੀ ਕੌੜੀ ਕਿਉਂ ਨਾ ਹੋਵੇ। ਤਕੀਆਂ ਵਿਚ ਜਾਂਦਾ ਸਾਂ ਅਤੇ ਕਬਰਿਸਤਾਨਾਂ ਵਿਚ ਘੁੰਮਦਾ ਸਾਂ। ਜਲ੍ਹਿਆਂ ਵਾਲੇ ਬਾਗ਼ ਵਿਚ, ਕਿਸੇ ਛਾਂਦਾਰ ਦਰਖਤ ਹੇਠਾਂ ਬੈਠਾ ਘੰਟਿਆਂ ਬੱਧੀ ਕਿਸੇ ਅਜਿਹੇ ਇਨਕਲਾਬ ਦੇ ਖਵਾਬ ਵੇਖਦਾ ਸਾਂ, ਜਿਹੜਾ ਪਲਕ ਝਪਕਣ ਤਕ ਅੰਗਰੇਜ਼ ਹਕੂਮਤ ਦਾ ਤਖਤਾ ਉਲਟ ਦੇਵੇ। ....ਮੈਂ ਉਸ ਜ਼ਮਾਨੇ ਵਿਚ ਸ਼ਿਅਰ ਕਹਿਣ ਦੀ ਵੀ

ਕੋਸ਼ਿਸ਼ ਕੀਤੀ....ਦੋਸਤਾਂ ਨਾਲ ਰਲ ਕੇ ਚਰਸ ਦੇ ਸਿਗਰਟ ਪੀਤੇ, ਕੋਕੀਨ ਖਾਧੀ, ਸ਼ਰਾਬ ਪੀਤੀ ਪਰ ਜੀਅ ਦੀ ਬੇਚੈਨੀ ਦੂਰ ਨਾ ਹੋਈ।"

ਕਲਾਕਾਰਾਂ ਦੀ ਇਸ ਮੰਡਲੀ ਬਾਰੇ ਉਹ ਅੱਗੇ ਲਿਖਦਾ ਹੈ:

"ਗਿਆਨੀ ਅਰੋੜ ਸਿੰਘ ਦਾ ਚੰਗਾ ਭਲਾ ਕੰਮ ਚੱਲਦਾ ਸੀ ਪਰ ਜਿਸਨੂੰ ਆਰਟ ਦਾ ਚਸਕਾ ਪੈ ਜਾਵੇ ਉਹਦਾ ਰੱਬ ਹੀ ਰਾਖਾ। ਰਾਗ ਦੀ ਦੁਨੀਆਂ ਵਿਚ ਐਸਾ ਗਵਾਚਾ ਕਿ ਦੰਦਸਾਜ਼ੀ ਦੀ ਦੁਕਾਨ, ਸਾਜ਼ੋ-ਸਮਾਨ ਸਮੇਤ ਗ਼ਾਇਬ ਹੋ ਗਈ। ਅਨਵਰ ਪੇਂਟਰ ਦਾ ਦੀਵਾਲਾ ਨਿਕਲ ਗਿਆ। ਆਸ਼ਿਕ ਫੋਟੋਗ੍ਰਾਫਰ ਦਾ ਵੀ ਏਹੋ ਹਾਲ ਹੋਇਆ, ਯਾਨੀ ਅੰਮ੍ਰਿਤਸਰੋਂ ਐਸਾ ਗ਼ਾਇਬ ਹੋਇਆ ਕਿ ਅਜੇ ਤਕ ਲਾਪਤਾ ਹੈ। ਜੀਜੇ ਅਜ਼ੀਜ਼ ਦਾ ਨਾਮੋ ਨਿਸ਼ਾਨ ਤਕ ਬਾਕੀ ਨਾ ਰਿਹਾ। ਹੁਣ ਉਹ ਲਾਹੌਰ ਵਿਚ ਹਿਕਮਤ ਕਰਦਾ ਹੈ। ਸ਼ਾਇਰ ਫਕੀਰ ਹੁਸੈਨ ਸਲੀਸ ਸਾਬਣ ਬਣਾ ਰਿਹਾ ਏ। ਗਿਆਨੀ ਅਰੋੜ ਸਿੰਘ ਕਾਮਯਾਬ ਐਕਟਰ ਬਣਿਆ ਪਰ ਹੁਣ ਸੁਣਦੇ ਹਾਂ ਕਿ ਉਸਨੇ ਸੰਸਾਰ ਤੋਂ ਸਨਿਆਸ ਲੈ ਲਿਆ ਹੈ। ਕੈਪਟਨ ਵਹੀਦ ਨੇ ਪੰਜ ਬੱਚਿਆਂ ਦੀ ਮਾਂ ਨਾਲ ਵਿਆਹ ਕਰਵਾ ਲਿਆ-ਅੱਜ ਕੱਲ ਠੇਕੇਦਾਰੀ ਕਰਦਾ ਏ...ਰਫੀਕ ਗ਼ਜ਼ਨਵੀ ਉਸੇ ਰੰਗ ਵਿਚ ਹੈ ਜਿਹਦੇ ਵਿਚ ਪਹਿਲਾਂ ਸੀ। ਕਰਾਚੀ ਵਿਚ ਰੇਸ ਦੇ ਘੋੜੇ ਦੁੜਾਂਦਾ ਹੈ ਅਤੇ ਫਿਲਮਾਂ ਵਿਚ ਸੰਗੀਤ ਭਰਦਾ ਹੈ।....

ਮੈਨੂੰ ਮੀਧੇ ਮੋਟੇ ਨਾਲ ਸਖਤ ਨਫਰਤ ਸੀ। ਪਹਿਲੀ ਗੱਲ ਤਾਂ ਇਹ ਕਿ ਉਹ ਮੋਟਾ ਅਤੇ ਬੜਾ ਤਾਕਤਵਰ ਸੀ। ਦੂਸਰਾ ਉਹ ਮੈਨੂੰ ਜ਼ਬਰਦਸਤੀ ਫਲੈਸ਼ ਖੇਡਣ ਲਈ ਆਖਦਾ ਅਤੇ ਪੱਤੇਬਾਜ਼ੀ ਕਰਕੇ ਮੇਰੇ ਉੱਤੇ ਅੱਠ ਦਸ ਰੁਪਈਆਂ ਦਾ ਕਰਜ਼ ਚਾੜ੍ਹ ਦੇਂਦਾ। ਫੇਰ ਦੂਸਰੇ ਤੀਸਰੇ ਦਿਨ ਮੈਨੂੰ ਕਿਸੇ ਬਾਜ਼ਾਰ ਜਾਂ ਗਲ਼ੀ ਵਿਚ ਘੇਰ ਲੈਂਦਾ ਅਤੇ ਆਪਣਾ ਖੌਫਨਾਕ ਚਾਕੂ ਵਿਖਾ ਕੇ ਆਪਣੇ ਪੈਸੇ ਵਸੂਲ ਕਰ ਲੈਂਦਾ।"

ਇਸ ਪ੍ਰਸੰਗ ਵਿਚ ਪ੍ਰਸਿੱਧ ਖੱਬੇ ਪੱਖੀ ਚਿੰਤਕ ਬਾਰੀ ਬਾਰੇ ਲਿਖਿਆ ਸੰਸਮਰਨ ਉਚੇਚੇ ਧਿਆਨ ਦੀ ਮੰਗ ਕਰਦਾ ਹੈ। ਬਾਰੀ ਮੰਟੋ ਦਾ ਗ਼ੈਰ ਰਸਮੀ ਉਸਤਾਦ ਸੀ ਜੋ ਸਹੀ ਵਕਤ 'ਤੇ ਉਸਦੀ ਜ਼ਿੰਦਗੀ ਵਿਚ ਆਇਆ। ਬਕੌਲ ਮੰਟੋ:

"ਮਰਹੂਮ ਨੂੰ ਮੇਰੇ ਨਾਲ ਬੜੀ ਮੁਹੱਬਤ ਸੀ। ਉਹਨਾਂ ਨੂੰ ਮੇਰੇ ਉੱਤੇ ਨਾਜ਼ ਸੀ ਪਰ ਉਹਨਾਂ ਨੇ ਇਸਦਾ ਇਜ਼ਹਾਰ ਕਦੀ ਮੇਰੇ ਸਾਹਮਣੇ ਨਹੀਂ ਸੀ ਕੀਤਾ। ਮੈਨੂੰ ਪਤਾ ਨਹੀਂ ਉਨ੍ਹਾਂ ਨੇ ਕਦੇ ਕਿਸੇ ਨੂੰ ਇਸ ਅੰਦਾਜ਼ ਵਿਚ ਆਖਿਆ ਹੋਏ ਕਿ ਮੰਟੋ ਮੇਰਾ ਸਾਜਿਆ ਹੋਇਆ ਹੈ। ਹਾਲਾਂਕਿ ਸਚਾਈ ਏਹੋ ਹੈ ਕਿ ਮੈਨੂੰ ਸਿਰਜਣਾ ਦੇ ਰਾਹ ਪਾਉਣ ਵਾਲੇ ਉਹੋ ਸਨ। ਜੇ ਅੰਮ੍ਰਿਤਸਰ ਵਿਚ ਮੇਰੀ ਉਨ੍ਹਾਂ ਨਾਲ ਮੁਲਾਕਾਤ ਨਾ ਹੋਈ ਹੁੰਦੀ ਤਾਂ ਹੋ ਸਕਦਾ ਸੀ ਮੈਂ ਇਕ ਬੇਪਛਾਣ ਆਦਮੀ ਦੀ ਹੈਸੀਅਤ ਵਿਚ ਮਰ ਖਪ ਗਿਆ ਹੁੰਦਾ ਜਾਂ ਚੋਰੀ ਡਕੈਤੀ ਦੇ ਜੁਰਮ ਵਿਚ ਲੰਮੀ ਸਜ਼ਾ ਕੱਟ ਰਿਹਾ ਹੁੰਦਾ।"

ਕੁਰਤੁਲ ਐਨ ਹੈਦਰ ਦਾ ਮਹਾਂਕਾਵਿਕ ਨਾਵਲ 'ਅੱਗ ਦਾ ਦਰਿਆ' ਇਤਿਹਾਸ ਦੀਆਂ ਕਈ ਸਦੀਆਂ ਦਾ ਸਫਰ ਤੈਅ ਕਰਦਾ ਹੋਇਆ ਜਦੋਂ 1947 ਤਕ ਪਹੁੰਚਦਾ ਹੈ ਤਾਂ ਗੁੰਗਾ ਹੋ ਜਾਂਦਾ ਹੈ। ਪੰਜਾਬੀਆਂ ਲਈ 1947 ਦਾ ਦੁਖਾਂਤ ਯਾਦ ਕੀਤੇ ਜਾ ਸਕਦੇ ਇਤਿਹਾਸ ਦੀ ਸਭ ਤੋਂ ਵੱਡੀ ਮਨੁੱਖੀ ਤ੍ਰਾਸਦੀ ਹੈ। ਚੌਦਾਂ ਜਾਂ ਪੰਦਰਾਂ ਅਗਸਤ 1947 ਇਕ ਲਹੂ ਲਿਬੜੀ ਆਜ਼ਾਦੀ ਦੇ ਜਸ਼ਨ ਸਨ। ਆਜ਼ਾਦੀ ਦੀ ਸੱਜ-ਵਿਆਹੀ ਮੁਟਿਆਰ ਰਸਮਾਂ-ਰੀਤਾਂ ਪੂਰੀਆਂ ਹੋਣ ਤੋਂ ਪਹਿਲਾਂ ਹੀ ਵਿਧਵਾ ਹੋ ਗਈ ਸੀ। ਮੰਟੋ ਸੰਤਾਲੀ ਬਾਰੇ ਆਜ਼ਾਦੀ ਸ਼ਬਦ ਦਾ ਕਿਤੇ ਪ੍ਰਯੋਗ ਨਹੀਂ ਕਰਦਾ। ਉਹਦੇ ਲਈ ਇਹ ਘਟਨਾ ਤਕਸੀਮ ਜਾਂ ਬਟਵਾਰਾ ਹੈ। 'ਟੋਭਾ ਟੇਕ ਸਿੰਘ' ਅਤੇ 'ਖੋਲ੍ਹ ਦੋ' ਅੱਜ ਕਲਾਸੀਕਲ ਸ਼ਾਹਕਾਰ ਬਣ ਗਏ ਹਨ। 'ਸਿਆਹ ਹਾਸ਼ੀਏ' ਮੰਟੋ ਦਾ ਕੁੜੱਤਣ ਭਰਿਆ ਵਿਅੰਗਮਈ

ਪ੍ਰਤੀਕਰਮ ਹੈ। ਪਰ ਇਨ੍ਹਾਂ ਰਚਨਾਵਾਂ ਤੋਂ ਅੱਗੇ ਹੋ ਕੇ ਮੰਟੋ ਨੂੰ ਪੜ੍ਹੀਏ ਤਾਂ ਬੜੇ ਅਹਿਮ ਪਹਿਲੂ ਉਘੜਦੇ ਹਨ। ਸਬੱਬ ਨਾਲ ਮੰਟੋ ਵੰਡ ਦੇ ਦੌਰਾਨ ਬੰਬਈ ਵਿਚ ਸੀ। ਉਸਨੇ ਦਰਿੰਦਗੀ ਨੂੰ ਇਕ ਹੱਦ ਤਕ ਅੱਖੀਂ ਵੇਖਿਆ। ਉਸਨੇ ਇਸ ਅਮਾਨਵੀ ਹਿੰਸਾ ਨੂੰ ਗਹਿਰਾਈ ਨਾਲ ਵੇਖਣ ਦੀ ਜੁਰੱਅਤ ਕੀਤੀ। ਇਸ ਸਵਾਲ ਦਾ ਜਵਾਬ ਤਲਾਸ਼ ਕੀਤਾ ਕਿ ਆਦਮੀ ਇੰਝ ਪਾਗ਼ਲ ਤੇ ਵਹਿਸ਼ੀ ਕਿਉਂ ਹੁੰਦੈ। ਆਦਮੀ ਅਤੇ ਦਰਿੰਦਾ ਕਿਵੇਂ ਇਕੋ ਪਿੰਜਰ ਵਿਚ ਵਿਚਰਦੇ ਨੇ।

ਉਸਦੀ ਕਹਾਣੀ 'ਖਿਲਾਵਨ' ਏਸੇ ਦਿਸ਼ਾ ਵਿਚ ਕੀਤੀ ਗਈ ਕੋਸ਼ਿਸ਼ ਹੈ। ਇਹ ਇਕ ਧੋਬੀ ਦੀ ਕਹਾਣੀ ਹੈ ਜਿਸਦਾ ਲੇਖਕ ਦੀ ਬੀਵੀ ਨੇ ਗੰਭੀਰ ਹਾਲਤ ਵਿਚ ਇਲਾਜ ਕਰਵਾਇਆ ਸੀ। ਤਕਸੀਮ ਤੋਂ ਬਾਅਦ ਜਦੋਂ ਹਾਲਾਤ ਆਮ ਹੋਣ ਦਾ ਨਾਂ ਨਹੀਂ ਸਨ ਲੈ ਰਹੇ, ਅਖੀਰ ਪਾਕਿਸਤਾਨ ਜਾਣ ਦਾ ਫੈਸਲਾ ਲੈ ਲਿਆ ਗਿਆ। ਕਹਾਣੀ ਸੁਣਾਉਣ ਵਾਲਾ ਭੋਲੇ ਭਾਅ ਧੋਬੀਆਂ ਦੇ ਮੁਹੱਲੇ ਰਾਮ ਖਿਲਾਵਨ ਕੋਲੋਂ ਆਪਣੇ ਕਪੜੇ ਲੈਣ ਚਲਾ ਗਿਆ। ਜਦੋਂ ਉਹਨੇ ਧੋਬੀ ਮੁਹੱਲੇ ਵਾਲਿਆਂ ਨੂੰ ਦੱਸਿਆ ਕਿ ਉਹ ਮੁਸਲਮਾਨ ਹੈ ਤਾਂ-'ਮਾਰ ਡਾਲੋ' 'ਮਾਰ ਡਾਲੋ' ਦੀਆਂ ਆਵਾਜ਼ਾਂ ਬੁਲੰਦ ਹੋਈਆਂ। ਫੇਰ ਇਕ ਦੰਗਈ ਚੀਕਿਆ, 'ਠਹਿਰੋ-ਇਸ ਨੂੰ ਰਾਮ ਖਿਲਾਵਨ ਮਾਰੇਗਾ।'

"ਸ਼ਿਕਾਰ ਨੇ ਪਲਟ ਕੇ ਵੇਖਿਆ। ਰਾਮ ਖਿਲਾਵਨ ਮੋਟਾ ਸਾਰਾ ਡੰਡਾ ਫੜੀ ਬੁੜਬੁੜਾ ਰਿਹਾ ਸੀ। ਉਸਨੇ ਸ਼ਿਕਾਰ ਵੱਲ ਵੇਖਿਆ ਅਤੇ ਆਪਣੀ ਭਾਸ਼ਾ ਵਿਚ ਮੁਸਲਮਾਨਾਂ ਨੂੰ ਗਾਲ੍ਹਾਂ ਕੱਢਣ ਲੱਗ ਪਿਆ। ਡੰਡਾ ਸਿਰ ਤਕ ਉਭਾਰ ਕੇ ਅਗਾਂਹ ਹੋਇਆ।

ਸ਼ਿਕਾਰ ਨੇ ਪੁਰਜ਼ੋਰ ਆਵਾਜ਼ ਵਿਚ ਆਖਿਆ-ਰਾਮ ਖਿਲਾਵਨ। ਰਾਮ ਖਿਲਾਵਨ ਦਹਾੜਿਆ-ਚੁੱਪ ਕਰ ਉਏ ਰਾਮ ਖਿਲਾਵਨ ਦੇ....ਜਦੋਂ ਹਮਲਾਵਾਰ ਨੇੜੇ ਆਇਆ ਤਾਂ ਸ਼ਿਕਾਰ ਨੇ ਖੁਸ਼ਕ ਗਲੇ ਨਾਲ ਹੌਲੀ ਜਹੇ ਆਖਿਆ 'ਮੈਨੂੰ ਨਹੀਂ ਪਛਾਣਿਆ ਰਾਮ ਖਿਲਾਵਨ'। ਰਾਮ ਖਿਲਾਵਨ ਨੇ ਵਾਰ ਲਈ ਡੰਡਾ ਉਲਾਰਿਆ। ਉਹਦੀਆਂ ਅੱਖਾਂ ਇਕਦਮ ਸੁੰਗੜੀਆਂ ਫੈਲੀਆਂ ਅਤੇ ਫੇਰ ਮੁਗ਼ਲੀਆ ਡੰਡਾ ਸੁੱਟ ਕੇ ਪੁਕਾਰਿਆ।"

'ਮੁਰਲੀ ਦੀ ਧੁਨ' ਆਪਣੇ ਵਕਤਾਂ ਦੇ ਮਸ਼ਹੂਰ ਹੀਰੋ ਸ਼ਿਆਮ ਦਾ ਰੇਖਾ ਚਿਤਰ ਹੈ। ਰਾਵਲਪਿੰਡੀ ਦਾ ਸ਼ਿਆਮ ਮੰਟੋ ਦਾ ਗੂੜ੍ਹਾ ਯਾਰ ਸੀ। ਇਹ ਉਹ ਦਿਨ ਸਨ ਜਦੋਂ ਮੰਟੋ ਤਕਸੀਮ ਤੋਂ ਬਾਅਦ ਸਖਤ ਕਸ਼ਮਕਸ਼ ਵਿਚ ਬੰਬਈ ਵਿਚ ਰਹਿ ਰਿਹਾ ਸੀ। ਮੰਟੋ ਦੀ ਜ਼ੁਬਾਨੀ ਸੁਣੋ:

"ਅਰਸਾ ਹੋਇਆ ਜਦੋਂ ਤਕਸੀਮ ਦੀ ਖੂਨੀ ਜੰਗ ਜਾਰੀ ਸੀ ਅਤੇ ਹਜ਼ਾਰਾਂ ਇਨਸਾਨ ਦੋਂਹ ਪਾਸੀਂ ਰੋਜ਼ਾਨਾ ਮਾਰੇ ਜਾ ਰਹੇ ਸਨ। ਸ਼ਿਆਮ ਅਤੇ ਮੈਂ ਰਾਵਲਪਿੰਡੀ ਤੋਂ ਬਚ ਕੇ ਆਏ ਇਕ ਸਿੱਖ ਖਾਨਦਾਨ ਕੋਲ ਬੈਠੇ ਸਾਂ। ਉਸ ਖਾਨਦਾਨ ਦੇ ਜੀਅ ਆਪਣੇ ਤਾਜ਼ਾ ਜ਼ਖ਼ਮਾਂ ਦੀ ਵਿਥਿਆ ਸੁਣਾ ਰਹੇ ਸਨ ਜੋ ਅਤੀ ਦਰਦਨਾਕ ਸੀ। ਸ਼ਿਆਮ ਉਸਦੇ ਪ੍ਰਭਾਵ ਤੋਂ ਉਭਰ ਨਾ ਸਕਿਆ। ਜਿਹੜੀ ਹਲਚਲ ਉਸਦੇ ਦਿਮਾਗ਼ ਵਿਚ ਚਲ ਰਹੀ ਸੀ, ਮੈਂ ਬਖੂਬੀ ਜਾਣਦਾ ਸਾਂ। ਜਦੋਂ ਅਸੀਂ ਉਥੋਂ ਰੁਖਸਤ ਹੋਏ ਤਾਂ ਮੈਂ ਸ਼ਿਆਮ ਨੂੰ ਆਖਿਆ 'ਮੈਂ ਮੁਸਲਮਾਨ ਹਾਂ... ਕੀ ਤੇਰਾ ਦਿਲ ਨਹੀਂ ਚਾਹੁੰਦਾ ਕਿ ਤੂੰ ਮੈਨੂੰ ਕਤਲ ਕਰ ਦੇਵੇਂ?'

ਸ਼ਿਆਮ ਨੇ ਬੜੀ ਸੰਜੀਦਗੀ ਨਾਲ ਜਵਾਬ ਦਿੱਤਾ: ਇਸ ਵਕਤ ਨਹੀਂ... ਲੇਕਿਨ ਉਸ ਵਕਤ ਜਦੋਂ ਮੈਂ ਮੁਸਲਮਾਨਾਂ ਵੱਲੋਂ ਕੀਤੇ ਗਏ ਜ਼ੁਲਮਾਂ ਦੀ ਦਾਸਤਾਨ ਸੁਣ ਰਿਹਾ ਸਾਂ, ਮੈਂ ਤੈਨੂੰ ਕਤਲ ਕਰ ਸਕਦਾ ਸਾਂ....।

ਸ਼ਿਆਮ ਦੇ ਮੂੰਹੋਂ ਇਹ ਸੁਣਕੇ ਮੇਰੇ ਦਿਲ ਨੂੰ ਜ਼ਬਰਦਸਤ ਧੱਕਾ ਲੱਗਾ। ਉਸ ਵਕਤ ਸ਼ਾਇਦ ਮੈਂ ਵੀ ਉਸਨੂੰ ਕਤਲ ਕਰ ਸਕਦਾ ਸੀ। ਪਰ ਬਾਅਦ ਵਿਚ ਜਦੋਂ ਮੈਂ ਸੋਚਿਆ ਤਾਂ ਉਸ

ਵਕਤ ਅਤੇ ਇਸ ਵਕਤ ਵਿਚ ਜ਼ਮੀਨ ਅਸਮਾਨ ਦਾ ਫਰਕ ਮਹਿਸੂਸ ਕੀਤਾ ਅਤੇ ਤਮਾਮ ਫਸਾਦਾਂ ਦਾ ਮਨੋਵਿਗਿਆਨਕ ਪਿਛੋਕੜ ਮੇਰੀ ਸਮਝ ਵਿਚ ਆ ਗਿਆ, ਜਿਸ ਦੇ ਸਦਕਾ ਰੋਜ਼ਾਨਾ ਸੈਂਕੜੇ ਬੇਗੁਨਾਹ ਹਿੰਦੂ ਅਤੇ ਮੁਸਲਮਾਨ ਮੌਤ ਦੇ ਘਾਟ ਉਤਾਰੇ ਜਾ ਰਹੇ ਸਨ।"

ਮੰਟੋ ਬੇਬਾਕ ਵੀ ਸੀ ਅਤੇ ਹਕੀਕਤ ਪਸੰਦ ਵੀ। ਤਕਸੀਮ ਨੇ ਉਸਦੇ ਜ਼ਿਹਨ ਨੂੰ ਇਕ ਅਰਸੇ ਤਕ ਮੂਕ ਕਰ ਦਿੱਤਾ ਸੀ ਪਰ ਉਸਨੇ ਹਨੇਰੀਆਂ ਅਤੇ ਵਿਕਰਾਲ ਬਿਰਤੀਆਂ ਦੀਆਂ ਅੱਖਾਂ ਵਿਚ ਅੱਖਾਂ ਪਾ ਕੇ ਵੇਖਿਆ ਅਤੇ ਮੌਕਾ ਪਰਸਤੀ ਦੇ ਸੁਰ ਵਿਚ ਸੁਰ ਮਿਲਾਉਣ ਤੋਂ ਨਾਬਰ ਰਿਹਾ। ਉਸਨੇ ਇਸ ਆਰਜ਼ੀ ਪਾਗਲਪਨ ਦੇ ਦੂਰ ਗਾਮੀ ਨਤੀਜਿਆਂ 'ਤੇ ਵੀ ਨਜ਼ਰ ਮਾਰੀ।

ਉਹ ਜਨਵਰੀ ਉਨੀ ਸੌ ਅਠਤਾਲੀ ਵਿਚ ਲਾਹੌਰ ਆਇਆ ਅਤੇ ਆਪਣਾ ਆਪ ਸਮੇਟਣ ਵਿਚ ਕਈ ਮਹੀਨੇ ਲੱਗ ਗਏ। ਉਹ ਲਿਖਦਾ ਹੈ:

"ਬੰਬਈ ਛੱਡ ਕੇ ਕਰਾਚੀ ਤੋਂ ਹੁੰਦਾ ਹੋਇਆ ਮੈਂ ਸ਼ਾਇਦ ਸੱਤ ਜਾਂ ਅੱਠ ਜਨਵਰੀ 1948 ਨੂੰ ਏਥੇ ਲਾਹੌਰ ਪਹੁੰਚਿਆ। ਤਿੰਨ ਮਹੀਨੇ ਮੇਰੇ ਦਿਮਾਗ਼ ਦੀ ਹਾਲਤ ਅਜੀਬੋ ਗ਼ਰੀਬ ਰਹੀ। ਸਮਝ ਨਹੀਂ ਸੀ ਆਉਂਦਾ ਕਿ ਮੈਂ ਕਿੱਥੇ ਹਾਂ। ਬੰਬਈ ਵਿਚ, ਕਰਾਚੀ ਵਿਚ ਹਾਂ ਆਪਣੇ ਦੋਸਤ ਅਬਾਸ ਦੇ ਘਰ ਜਾਂ ਲਾਹੌਰ ਵਿਚ ਹਾਂ ਜਿੱਥੇ ਕਈ ਰੈਸਟੋਰੈਂਟਾਂ ਵਿਚ ਕਾਇਦੇ ਆਜ਼ਮ ਫੰਡ ਜਮ੍ਹਾ ਕਰਨ ਦੇ ਸਿਲਸਿਲੇ ਵਿਚ ਨਾਚ-ਗਾਣੇ ਦੀਆਂ ਮਹਿਫਲਾਂ ਅਕਸਰ ਸਜਾਈਆਂ ਜਾਂਦੀਆਂ ਸਨ।

ਸੋਚਣਾ ਸ਼ੁਰੂ ਕਰ ਦਿੱਤਾ ਕਿ ਹੁਣ ਕੀ ਕੰਮ-ਧੰਧਾ ਕੀਤਾ ਜਾਵੇ। ਪੁੱਛ-ਗਿੱਛ ਕਰਕੇ ਪਤਾ ਲੱਗਿਆ ਕਿ ਫਿਲਮੀ ਕਾਰੋਬਾਰ ਤਾਂ ਤਕਰੀਬਨ ਠੱਪ ਹੋ ਚੁੱਕਾ ਸੀ। ਜਿਨ੍ਹਾਂ ਫਿਲਮ ਕੰਪਨੀਆਂ ਦੇ ਬੋਰਡ ਨਜ਼ਰ ਆਉਂਦੇ ਹਨ ਉਹ ਬਸ ਬੋਰਡਾਂ ਤਕ ਹੀ ਸੀਮਤ ਹਨ। ਬੜੀ ਚਿੰਤਾ ਹੋਈ। ਅਲਾਟਮੈਂਟ ਦਾ ਬਾਜ਼ਾਰ ਗਰਮ ਸੀ। ਮੁਹਾਜਰ ਸ਼ਰਨਾਰਥੀ ਅਤੇ ਗ਼ੈਰ ਮੁਹਾਜਰ ਧੜਾ ਧੜ ਆਪਣੇ ਅਸਰ ਰਸੂਖ ਨਾਲ ਕਾਰਖਾਨੇ ਤੇ ਦੁਕਾਨਾਂ ਅਲਾਟ ਕਰਵਾ ਰਹੇ ਸਨ। ਮੈਨੂੰ ਵੀ ਮਸ਼ਵਰਾ ਦਿੱਤਾ ਗਿਆ ਪਰ ਮੈਂ ਉਸ ਲੁੱਟ-ਖਸੁੱਟ ਵਿਚ ਹਿੱਸੇਦਾਰ ਨਾ ਬਣਿਆ।

ਕੋਸ਼ਿਸ਼ ਕਰਨ ਦੇ ਬਾਵਜੂਦ ਹਿੰਦੁਸਤਾਨ ਨੂੰ ਪਾਕਿਸਤਾਨ ਅਤੇ ਪਾਕਿਸਤਾਨ ਨੂੰ ਹਿੰਦੋਸਤਾਨ ਤੋਂ ਅਲਹਿਦਾ ਨਾ ਕਰ ਸਕਿਆ। ਬਾਰ ਬਾਰ ਜ਼ਿਹਨ ਵਿਚ ਇਹ ਉਲਝਨ ਪੈਦਾ ਕਰਨ ਵਾਲਾ ਸਵਾਲ ਗੂੰਜਦਾ: ਕੀ ਪਾਕਿਸਤਾਨ ਦਾ ਸਾਹਿਤ ਵੱਖਰਾ ਹੋਵੇਗਾ? ਜੇ ਹੋਵੇਗਾ ਤਾਂ ਕਿਸ ਤਰ੍ਹਾਂ? ਉਹ ਸਭ ਕੁਝ ਜੋ ਤਕਸੀਮ ਤੋਂ ਪਹਿਲਾਂ ਦੇ ਹਿੰਦੁਸਤਾਨ ਵਿਚ ਲਿਖਿਆ ਗਿਆ ਹੈ ਉਸਦਾ ਮਾਲਕ ਕੌਣ ਏ? ਕੀ ਉਸ ਨੂੰ ਤਕਸੀਮ ਕੀਤਾ ਜਾਵੇਗਾ? ਕੀ ਹਿੰਦੁਸਤਾਨੀਆਂ ਤੇ ਪਾਕਿਸਤਾਨੀਆਂ ਦੇ ਬੁਨਿਆਦੀ ਮਸਲੇ ਇਕੋ ਜਿਹੇ ਨਹੀਂ ਹਨ? ਕੀ ਉਸ ਪਾਸੇ ਉਰਦੂ ਉੱਤੇ ਬਿਲਕੁਲ ਬੰਦਿਸ਼ ਲਾ ਦਿੱਤੀ ਜਾਵੇਗੀ? ਏਧਰ ਪਾਕਿਸਤਾਨ ਵਿਚ ਉਰਦੂ ਕੀ ਸ਼ਕਲ ਅਖਤਿਆਰ ਕਰੇਗਾ? ਕੀ ਸਾਡੀ ਸਟੇਟ ਮਜ਼ਹਬੀ ਸਟੇਟ ਹੈ? ਸਟੇਟ ਦੇ ਅਸੀਂ ਹਰ ਹਾਲ ਵਿਚ ਵਫਾਦਾਰ ਹੋਵਾਂਗੇ? ਪਰ ਕੀ ਸਾਨੂੰ ਹਕੂਮਤ ਦੀ ਨੁਕਤਾਚੀਨੀ ਦੀ ਇਜਾਜ਼ਤ ਹੋਵੇਗੀ? ਆਜ਼ਾਦ ਹੋ ਕੇ ਏਥੋਂ ਦੇ ਹਾਲਾਤ ਫਿਰੰਗੀ ਦੇ ਰਾਜ ਵੇਲੇ ਦੇ ਹਾਲਾਤ ਤੋਂ ਵੱਖਰੇ ਹੋਣਗੇ?

ਆਸ ਪਾਸ ਜਿੱਥੇ ਵੀ ਨਜ਼ਰ ਮਾਰਦਾ ਸਾਂ ਉਜਾੜਾ ਹੀ ਉਜਾੜਾ ਨਜ਼ਰ ਆਉਂਦਾ ਸੀ। ਕੁਝ ਲੋਕ ਬੇਹੱਦ ਖੁਸ਼ ਸਨ ਕਿਉਂਕਿ ਉਹਨਾਂ ਕੋਲ ਇਕ ਦਮ ਦੌਲਤ ਆ ਗਈ ਸੀ। ਪਰ ਓਸ ਖੁਸ਼ੀ ਵਿਚ ਵੀ ਫਿਕਰ ਸੀ ਜਿਵੇਂ ਉਹ ਦੌਲਤ ਖਿਲਰ ਕੇ ਹਵਾ ਹੋ ਜਾਣੀ ਹੋਵੇ।

ਅਕਸਰ ਲੋਕ ਗ਼ਮਗੀਨ ਅਤੇ ਫਿਕਰਮੰਦ ਸਨ ਕਿਉਂਕਿ ਲੁੱਟਮਾਰ ਬਰਦਾਸ਼ਤ ਕਰਕੇ ਆਏ ਸਨ। ਮੁਹਾਜਰਾਂ ਦੇ ਕੈਂਪ ਵੇਖੇ। ਏਥੇ ਤਾਂ ਉਜਾੜਾ ਵੀ ਕੰਨਾਂ ਨੂੰ ਹੱਥ ਲਾ ਲਵੇ। ਕਿਸੇ ਨੇ

ਆਖਿਆ ਕਿ ਹੁਣ ਦੇ ਹਾਲਾਤ ਬਿਹਤਰ ਨੇ, ਪਹਿਲਾਂ ਵੇਖਣ ਯੋਗ ਵੀ ਨਹੀਂ ਸਨ। ਮੈਂ ਸੋਚਣ ਲੱਗਿਆ ਜੇ ਇਹ ਹਾਲਾਤ ਬਿਹਤਰ ਹਨ ਤਾਂ ਮਾੜੇ ਹਾਲਾਤ ਪਤਾ ਨਹੀਂ ਕਿਹੋ ਜਿਹੇ ਹੋਣਗੇ।..... ਇਕ ਧਾਰਾ ਜ਼ਿੰਦਗੀ ਦਾ ਸੀ ਅਤੇ ਇਕ ਮੌਤ ਦਾ। ਇਹਨਾਂ ਦੇ ਦਰਮਿਆਨ ਖੁਸ਼ਕੀ ਸੀ.... ਵਾਤਾਵਰਣ ਉੱਤੇ ਮੁਰਦਨੀ ਛਾਈ ਹੋਈ ਸੀ। ਜਿਵੇਂ ਗਰਮੀਆਂ ਦੀ ਰੁੱਤ ਵਿਚ ਅਸਮਾਨ 'ਤੇ ਬੇ ਮਕਸਦ ਉਡਦੀਆਂ ਇੱਲ੍ਹਾਂ ਉਦਾਸ ਹੁੰਦੀਆਂ ਨੇ। ਏਸੇ ਤਰ੍ਹਾਂ 'ਪਾਕਿਸਤਾਨ ਜ਼ਿੰਦਾਬਾਦ' ਅਤੇ 'ਕਾਇਦੇ ਆਜ਼ਮ ਜ਼ਿੰਦਾਬਾਦ' ਦੇ ਨਾਅਰੇ ਵੀ ਉਦਾਸ ਉਦਾਸ ਲਗਦੇ ਸਨ। ਰੇਡੀਓ ਦੀਆਂ ਲਹਿਰਾਂ ਸਵਰਗੀ ਇਕਬਾਲ ਦਾ ਇਕ ਸੁਰਾ ਕਲਾਮ ਦਿਨ ਰਾਤ ਮੋਢਿਆ 'ਤੇ ਚੁੱਕ ਚੁੱਕ ਕੇ ਅੱਕ ਤੇ ਥੱਕ ਗਈਆਂ ਸਨ।"

ਮੰਟੋ ਨੇ ਬਹੁਤ ਸਾਰੇ ਰੇਖਾ-ਚਿੱਤਰ ਲਿਖੇ। ਇਹ ਉਸਦੀਆਂ ਆਪਣੀਆਂ ਮੁਲਾਕਾਤਾਂ ਅਤੇ ਸੰਸਮਰਨਾਂ ਦਾ ਸਿਲਸਿਲਾ ਸੀ। ਪਰ ਕਾਇਦੇ ਆਜ਼ਮ ਮੁਹੰਮਦ ਅਲੀ ਜਿਨਾਹ 'ਤੇ ਲਿਖਿਆ ਗਿਆ ਰੇਖਾ-ਚਿਤਰ 'ਮੇਰੇ ਸਾਹਿਬ' ਜਿਨਾਹ ਸਾਹਿਬ ਦੇ ਇਕ ਸਾਬਕਾ ਮੁਲਾਜ਼ਮ ਮੁਹੰਮਦ ਹਨੀਫ ਆਜ਼ਾਦ ਨਾਲ ਕਈ ਮੁਲਾਕਾਤਾਂ ਵਿਚ ਦਰਜ ਕੀਤੇ ਗਏ ਜਵਾਬਾਂ 'ਤੇ ਆਧਾਰਤ ਸੀ। ਇਹ ਜਿਨਾਹ ਸਾਹਿਬ ਦੀ ਸ਼ਖਸੀਅਤ ਦੇ ਕੁਝ ਅਛੋਹ ਪਹਿਲੂਆਂ 'ਤੇ ਰੋਸ਼ਨੀ ਪਾਉਂਦਾ ਹੈ। ਏਥੇ ਇਸਦਾ ਮੁਖਤਸਰ ਜਿਹਾ ਟੁਕੜਾ ਪੇਸ਼ ਕਰ ਰਿਹਾ ਹਾਂ।

"ਮੈਂ ਆਜ਼ਾਦ ਨੂੰ ਅਚਾਨਕ ਇਕ ਸਵਾਲ ਕੀਤਾ। 'ਕੀ ਤੁਸੀਂ ਕਦੇ ਕਾਇਦੇ ਆਜ਼ਮ ਦੇ ਮੂੰਹ ਤੋਂ 'ਆਈ ਐਮ ਸਾਰੀ' ਸੁਣਿਆ ਸੀ?

ਆਜ਼ਾਦ ਨੇ ਆਪਣੀ ਮੋਟੀ ਤੇ ਸਿਹਤਮੰਦ ਗਰਦਨ ਨਾਂਹ ਵਿਚ ਹਿਲਾਈ, ''ਨਹੀਂ...ਕਦੀ ਨਹੀਂ।" ਫੇਰ ਉਹ ਮੁਸਕਰਾਇਆ: "ਜੇ ਕਿਤੇ ਇਤਫਾਕ ਨਾਲ ਕਦੇ 'ਆਈ ਐਮ ਸਾਰੀ' ਉਹਨਾਂ ਦੇ ਮੂੰਹੋਂ ਨਿਕਲ ਜਾਂਦਾ ਤਾਂ ਮੈਨੂੰ ਯਕੀਨ ਹੈ ਉਹ ਡਿਕਸ਼ਨਰੀ ਵਿਚੋਂ ਇਹ ਲਫਜ਼ ਹਮੇਸ਼ਾ ਲਈ ਮਿਟਾ ਦੇਂਦੇ।" ਮੇਰਾ ਖਿਆਲ ਹੈ ਆਜ਼ਾਦ ਦੇ ਇਸ ਸਹਿਜ ਸੁਭਾਅ ਬੋਲੇ ਗਏ ਜੁਆਬ ਵਿਚ ਕਾਇਦੇ ਆਜ਼ਮ ਮੁਹੰਮਦ ਅਲੀ ਜਿਨਾਹ ਦਾ ਪੂਰਾ ਕਿਰਦਾਰ ਆ ਜਾਂਦੈ।

"ਮੁਹੰਮਦ ਹਨੀਫ਼ ਆਜ਼ਾਦ ਜ਼ਿੰਦਾ ਹੈ ਉਸ ਪਾਕਿਸਤਾਨ ਵਿਚ। ਜੋ ਉਸਦੇ ਕਾਇਦੇ ਆਜ਼ਮ ਨੇ ਉਹਨੂੰ ਬਖਸ਼ਿਆ ਹੈ ਅਤੇ ਹੁਣ ਉਹਨਾਂ ਦੇ ਹੋਣਹਾਰ ਸ਼ਾਗਿਰਦ ਲਿਆਕਤ ਅਲੀ ਖਾਂ ਦੀ ਅਗਵਾਈ ਵਿਚ ਦੁਨੀਆ ਦੇ ਨਕਸ਼ੇ 'ਤੇ ਜੀਂਦੇ ਰਹਿਣ ਦੀ ਜਦੋ ਜਹਿਦ ਕਰ ਰਿਹਾ ਹੈ- ਉਸ ਆਜ਼ਾਦ ਧਰਤੀ ਦੇ ਟੁਕੜੇ 'ਤੇ ਆਜ਼ਾਦ ਪੰਜਾਬ ਆਰਟਸ ਪਿਕਚਰਜ਼ ਦੇ ਦਰਵਾਜ਼ੇ ਦੇ ਬਾਹਰ ਪਾਨ ਵਾਲੇ ਦੀ ਦੁਕਾਨ ਲਾਗੇ ਟੁੱਟੀ ਹੋਈ ਚਾਰਪਾਈ 'ਤੇ ਬੈਠਾ ਆਪਣੇ ਆਕਾ ਦੀ ਉਡੀਕ ਕਰਦਾ ਰਹਿੰਦਾ ਹੈ ਅਤੇ ਹੱਥ ਚੁੱਕ ਉਸ ਚੰਗੇ ਵਕਤ ਲਈ ਦੁਆ ਕਰਦਾ ਹੈ ਜਦੋਂ ਉਸਨੂੰ ਵੇਲੇ ਸਿਰ ਤਨਖਾਹ ਮਿਲ ਜਾਇਆ ਕਰੇ.....।"

ਇਹ ਤਾਂ ਲਾਜ਼ਮੀ ਸੀ ਕਿ ਅੰਮ੍ਰਿਤਸਰ ਦੇ ਉਸ ਉਦਾਰਵਾਦੀ ਮਾਹੌਲ ਵਿਚ ਬਚਪਨ ਅਤੇ ਜਵਾਨੀ ਗੁਜ਼ਾਰ ਕੇ, ਦਿੱਲੀ ਅਤੇ ਬੰਬਈ ਦੇ ਖੁੱਲ੍ਹੇ ਅਸਮਾਨਾਂ ਵਿਚ ਤਾਰੀਆਂ ਮਾਰ ਕੇ ਮੰਟੋ ਨੂੰ ਇਕ ਰੂਹਾਨੀ ਗੁਮਸ਼ੁਦਗੀ ਦਾ ਤੀਬਰ ਅਹਿਸਾਸ ਹੁੰਦਾ। ਸ਼ਾਇਦ ਉਹ ਅਜਿਹੇ ਗੁਲਜ਼ਾਰ ਦੀ ਕਲਪਨਾ ਨਹੀਂ ਸੀ ਕਰ ਸਕਦਾ ਜਿੱਥੇ ਸਿਰਫ਼ ਇਕੋ ਰੰਗ ਦੇ ਫੁੱਲਾਂ ਨੂੰ ਖਿੜਨ ਦੀ ਇਜਾਜ਼ਤ ਹੋਵੇ।

[80, ਸੈਕਟਰ 18 ਏ, ਚੰਡੀਗੜ੍ਹ]

ਬਕਲਮ ਖੁਦ

ਸਆਦਤ ਹਸਨ ਮੰਟੋ

ਮੰਟੋ ਦੇ ਬਾਰੇ ਹੁਣ ਤਕ ਬਹੁਤ ਲਿਖਿਆ ਤੇ ਕਿਹਾ ਜਾ ਚੁੱਕਿਆ ਹੈ। ਉਸਦੇ ਪੱਖ ਵਿਚ ਘੱਟ ਤੇ ਵਿਰੋਧ ਵਿਚ ਜ਼ਿਆਦਾ। ਇਹ ਵੇਰਵੇ ਜੇ ਸਾਹਮਣੇ ਰੱਖੇ ਜਾਣ ਤਾਂ ਕੋਈ ਸੂਝਵਾਨ ਵਿਅਕਤੀ ਮੰਟੋ ਬਾਰੇ ਕੋਈ ਸਹੀ ਰਾਇ ਨਹੀਂ ਬਣਾ ਸਕਦਾ। ਮੈਂ ਇਹ ਲੇਖ ਲਿਖਣ ਬੈਠਾ ਹਾਂ ਤੇ ਸਮਝਦਾ ਹਾਂ ਕਿ ਮੰਟੋ ਦੇ ਬਾਰੇ ਆਪਣੇ ਵਿਚਾਰ ਪ੍ਰਗਟ ਕਰਨਾ ਬਹੁਤ ਮੁਸ਼ਕਲ ਕੰਮ ਹੈ। ਪਰ ਇਕ ਪੱਖੋਂ ਆਸਾਨ ਵੀ ਹੈ। ਏਸ ਲਈ ਕਿ ਮੈਨੂੰ ਮੰਟੋ ਦੇ ਨੇੜੇ ਰਹਿਣ ਦਾ ਸੁਭਾਗ ਪ੍ਰਾਪਤ ਹੋਇਆ ਹੈ ਅਤੇ ਸੱਚ ਪੁੱਛੋ ਤਾਂ ਮੈਂ ਮੰਟੋ ਦਾ ਹਮਜ਼ਾਦ ਹਾਂ ਯਾਨੀ ਅਸੀਂ ਇਕੱਠੇ ਪੈਦਾ ਹੋਏ ਹਾਂ।

ਹੁਣ ਤਕ ਇਸ ਸ਼ਖਸ ਬਾਰੇ ਜੋ ਕੁਝ ਲਿਖਿਆ ਗਿਆ ਹੈ ਮੈਨੂੰ ਉਸ ਉੱਤੇ ਕੋਈ ਇਤਰਾਜ਼ ਨਹੀਂ, ਪਰ ਮੈਂ ਏਨਾ ਸਮਝਦਾ ਹਾਂ ਕਿ ਜੋ ਕੁਝ ਇਹਨਾਂ ਲਿਖਤਾਂ ਵਿਚ ਦੱਸਿਆ ਗਿਆ ਹੈ, ਉਹ ਹਕੀਕਤ ਤੋਂ ਦੂਰ ਹੈ। ਕੁਝ ਉਸਨੂੰ ਸ਼ੈਤਾਨ ਕਹਿੰਦੇ ਹਨ, ਕੁਝ ਗੰਜਾ ਫਰਿਸ਼ਤਾ। ਜ਼ਰਾ ਠਹਿਰੋ, ਮੈਂ ਵੇਖ ਲਵਾਂ, ਕਿਤੇ ਉਹ ਕੰਬਖਤ ਸੁਣ ਤਾਂ ਨਹੀਂ ਰਿਹਾ! ਨਹੀਂ-ਨਹੀਂ, ਠੀਕ ਹੈ। ਮੈਨੂੰ ਯਾਦ ਆ ਗਿਆ ਕਿ ਇਹ ਵਕਤ ਹੈ ਜਦ ਉਹ ਪੀਂਦਾ ਹੁੰਦਾ ਹੈ। ਉਸਨੂੰ ਸ਼ਾਮੀਂ ਛੇ ਵਜੇ ਕੌੜਾ ਸ਼ਰਬਤ ਪੀਣ ਦੀ ਆਦਤ ਹੈ।

ਅਸੀਂ ਇਕੱਠੇ ਪੈਦਾ ਹੋਏ ਤੇ ਖਿਆਲ ਹੈ ਇਕੱਠੇ ਹੀ ਮਰਾਂਗੇ, ਪਰ ਇਹ ਵੀ ਹੋ ਸਕਦਾ ਹੈ ਕਿ ਸਆਦਤ ਹਸਨ ਮਰ ਜਾਏ ਤੇ ਮੰਟੋ ਨਾ ਮਰੇ। ਅਤੇ ਇਹ ਡਰ ਮੈਨੂੰ ਬਹੁਤ ਦੁਖੀ ਕਰਦਾ ਹੈ। ਏਸੇ ਲਈ ਮੈਂ ਉਸ ਨਾਲ ਦੋਸਤੀ ਨਿਭਾਉਣ ਵਿਚ ਕੋਈ ਕਸਰ ਨਹੀਂ ਛੱਡੀ। ਜੇ ਉਹ ਜਿਉਂਦਾ ਰਿਹਾ ਤੇ ਮੈਂ ਮਰ ਗਿਆ ਤਾਂ ਇਉਂ ਹੋਵੇਗਾ ਕਿ ਆਂਡੇ ਦਾ ਖੋਲ ਤਾਂ ਬਚਿਆ ਹੋਇਆ ਹੈ ਤੇ ਉਸਦੇ ਅੰਦਰ ਦੀ ਜ਼ਰਦੀ ਤੇ ਸਫੈਦੀ ਲੁਪਤ ਹੋ ਗਈ।

ਹੁਣ ਮੈਂ ਵਧੇਰੇ ਭੂਮਿਕਾ ਨਹੀਂ ਬੰਨ੍ਹਣੀ ਚਾਹੁੰਦਾ। ਤੁਹਾਨੂੰ ਸਾਫ ਦੱਸ ਦਿੰਦਾ ਹਾਂ ਕਿ ਮੰਟੋ ਇਹੋ ਜਿਹਾ ਵੰਨ-ਟੂ ਆਦਮੀ ਹੈ ਜਿਹੋ ਜਿਹਾ ਮੈਂ ਆਪਣੀ ਜ਼ਿੰਦਗੀ ਵਿਚ ਕਦੇ ਨਹੀਂ ਵੇਖਿਆ। ਜਿਸਨੂੰ ਜੇ ਜਮ੍ਹਾ ਕੀਤਾ ਜਾਵੇ ਤਾਂ ਉਹ ਤਿੰਨ ਬਣ ਜਾਵੇ। ਤਿਕੋਨ ਦੇ ਬਾਰੇ ਉਸਦਾ ਗਿਆਨ ਕਾਫੀ ਹੈ, ਪਰ ਮੈਂ ਜਾਣਦਾ ਹਾਂ ਕਿ ਅਜੇ ਇਸਦੀ ਲੋੜ ਨਹੀਂ ਪਈ। ਇਹ ਸੰਕੇਤ ਅਜਿਹੇ ਹਨ ਜਿੰਨ੍ਹਾਂ ਨੂੰ ਸਿਰਫ ਸਿਆਣੇ ਹੀ ਸਮਝ ਸਕਦੇ ਹਨ।

ਉੱਝ ਤਾਂ ਮੰਟੋ ਨੂੰ ਮੈਂ ਉਸਦੇ ਜਨਮ ਤੋਂ ਹੀ ਜਾਣਦਾ ਹਾਂ। ਅਸਾਂ ਦੋਹਾਂ ਨੇ ਇਕੱਠਿਆਂ ਇਕੋ ਹੀ ਵਕਤ 11 ਮਈ 1912 ਨੂੰ ਜਨਮ ਲਿਆ। ਪਰ ਉਸਨੇ ਹਮੇਸ਼ਾ ਇਹ ਕੋਸ਼ਿਸ਼ ਕੀਤੀ ਕਿ ਖੁਦ ਨੂੰ ਕੁਝ ਵੀ ਬਣਾਈ ਰੱਖੇ। ਜੋ ਇਕ ਵਾਰ ਆਪਣਾ ਸਿਰ ਤੇ ਗਰਦਨ ਅੰਦਰ ਲੁਕੋ ਲਏ ਤਾਂ ਤੁਸੀਂ ਲੱਖ ਲੱਭਦੇ ਰਹੋ, ਉਸਦਾ ਪਤਾ ਨਾ ਲੱਗੇ। ਪਰ ਮੈਂ ਵੀ ਆਖਰ ਉਸਦਾ ਹਮਜ਼ਾਦ ਹਾਂ। ਮੈਂ ਉਸਦੀ ਹਰ ਗਤੀਵਿਧੀ ਨੂੰ ਭਾਂਪ ਹੀ ਲਿਆ।

ਲਉ, ਹੁਣ ਮੈਂ ਤੁਹਾਨੂੰ ਦੱਸਦਾ ਹਾਂ ਕਿ ਉਹ ਮਸ਼ਹੂਰ ਕਹਾਣੀਕਾਰ ਕਿੰਝ ਬਣਿਆ। ਲੇਖਕ, ਰਚਨਾਕਾਰ ਬੜੇ ਲੰਮੇ-ਚੌੜੇ ਲੇਖ ਲਿਖਦੇ ਹਨ। ਆਪਣੇ ਕੁਛ ਹੋਣ ਦਾ ਪ੍ਰਮਾਣ ਦਿੰਦੇ ਹਨ। ਸ਼ੋਪਨਹਾਰ, ਫਰਾਇਡ, ਹੀਗਲ, ਨਿਤਸ਼ੇ, ਮਾਰਕਸ ਦਾ ਜ਼ਿਕਰ ਕਰਦੇ ਹਨ। ਪਰ ਹਕੀਕਤ ਤੋਂ ਕੋਹਾਂ ਦੂਰ ਰਹਿੰਦੇ ਹਨ। ਮੰਟੋ ਦਾ ਕਥਾਨਕ ਦੋ ਵਿਰੋਧੀ ਤੱਤਾਂ ਦੇ ਸੰਘਰਸ਼ ਦਾ ਨਤੀਜਾ ਹੈ। ਉਸਦੇ

ਪਿਤਾ, ਖੁਦਾ ਉਹਨਾਂ ਨੂੰ ਮਾਫ ਕਰੇ, ਬਹੁਤ ਕਠੋਰ ਸਨ, ਤੇ ਮਾਤਾ ਅਤਿਅੰਤ ਦਯਾਵਾਨ। ਇਹਨਾਂ ਦੋਨਾਂ ਪੁੜਾਂ ਵਿਚ ਪਿਸਕੇ ਇਹ ਕਣਕ ਦਾ ਦਾਣਾ ਕਿਸ ਰੂਪ ਵਿਚ ਬਾਹਰ ਨਿਕਲਿਆ ਹੋਵੇਗਾ, ਇਸਦਾ ਅੰਦਾਜ਼ਾ ਤੁਸੀਂ ਲਾ ਸਕਦੇ ਹੋ।

ਹੁਣ ਮੈਂ ਉਸਦੇ ਸਕੂਲ ਦੇ ਜੀਵਨ ਵੱਲ ਆਉਂਦਾ ਹਾਂ। ਉਹ ਬਹੁਤ ਬੁੱਧੀਮਾਨ ਬਾਲਕ ਸੀ ਤੇ ਅਤਿਅੰਤ ਸ਼ਰਾਰਤੀ। ਉਸ ਸਮੇਂ ਉਸਦਾ ਕੱਦ ਵੱਧ ਤੋਂ ਵੱਧ 3 ਫੁੱਟ 6 ਇੰਚ ਹੋਵੇਗਾ। ਉਹ ਆਪਣੇ ਪਿਤਾ ਦੀ ਆਖਰੀ ਸੰਤਾਨ ਸੀ। ਉਸਨੂੰ ਆਪਣੇ ਮਾਂ-ਬਾਪ ਦਾ ਪਿਆਰ ਤਾਂ ਪ੍ਰਾਪਤ ਸੀ, ਲੇਕਿਨ ਆਪਣੇ ਤਿੰਨ ਵੱਡੇ ਭਰਾਵਾਂ, ਜੋ ਉਮਰ ਵਿਚ ਉਸ ਨਾਲੋਂ ਬਹੁਤ ਵੱਡੇ ਸਨ ਤੇ ਵਲਾਇਤ ਵਿਚ ਪੜ੍ਹ ਰਹੇ ਸਨ, ਨਾਲ ਉਸਨੂੰ ਮੇਲ-ਮੁਲਾਕਾਤ ਦਾ ਕਦੇ ਮੌਕਾ ਹੀ ਨਹੀਂ ਮਿਲਿਆ ਸੀ, ਕਿਉਂਕਿ ਉਹ ਮਤਰੇਏ ਸਨ। ਉਹ ਚਾਹੁੰਦਾ ਸੀ ਕਿ ਉਹ ਉਸ ਨਾਲ ਮਿਲਣ ਗਿਲਣ ਤੇ ਵੱਡੇ ਭਰਾਵਾਂ ਵਰਗਾ ਵਰਤਾਉ ਕਰਨ। ਪਰ ਉਸਨੂੰ ਉਹਨਾਂ ਦਾ ਇਹ ਵਿਹਾਰ ਉਦੋਂ ਹੀ ਪ੍ਰਾਪਤ ਹੋਇਆ ਜਦੋਂ ਸਾਹਿਤ-ਸੰਸਾਰ ਉਸਨੂੰ ਬਹੁਤ ਵੱਡਾ ਕਹਾਣੀਕਾਰ ਮੰਨ ਚੁੱਕਿਆ ਸੀ।

ਅੱਛਾ, ਹੁਣ ਉਸਦੀ ਕਹਾਣੀਕਾਰੀ ਬਾਰੇ ਸੁਣੋ, ਉਹ ਅੱਵਲ ਦਰਜੇ ਦਾ ਫਰਾਡ ਹੈ। ਪਹਿਲੀ ਕਹਾਣੀ ਉਸਨੇ 'ਤਮਾਸ਼ਾ' ਸਿਰਲੇਖ ਨਾਲ ਲਿਖੀ ਜੋ ਜਲ੍ਹਿਆਂਵਾਲਾ ਬਾਗ ਦੇ ਖੂਨੀ ਸਾਕੇ ਦੇ ਵਿਸ਼ੇ ਨਾਲ ਸੰਬੰਧਤ ਸੀ। ਇਹ ਉਸਨੇ ਆਪਣੇ ਨਾਉਂ ਹੇਠ ਨਹੀਂ ਛਪਵਾਈ। ਇਸੇ ਕਰਕੇ ਉਹ ਪੁਲਸ ਦੇ ਸ਼ਿਕੰਜੇ ਤੋਂ ਬਚ ਗਿਆ।

ਇਸਦੇ ਮਗਰੋਂ ਉਸਦੇ ਤਿੱਖੇ ਮੱਥੇ ਵਿਚ ਇਕ ਲਹਿਰ ਪੈਦਾ ਹੋਈ ਕਿ ਹੋਰ ਵਧੇਰੇ ਸਿੱਖਿਆ ਪ੍ਰਾਪਤ ਕਰੇ। ਏਥੇ ਇਹ ਕਹਿਣਾ ਮੁਨਾਸਬ ਹੋਵੇਗਾ ਕਿ ਉਸਨੇ ਇੰਟਰ ਦਾ ਇਮਤਿਹਾਨ ਦੋ ਵਾਰ ਫੇਲ੍ਹ ਹੋ ਕੇ ਪਾਸ ਕੀਤਾ ਸੀ, ਉਹ ਵੀ ਥਰਡ ਡਵੀਯਨ ਵਿਚ। ਅਤੇ ਤੁਹਾਨੂੰ ਇਹ ਸੁਣਕੇ ਵੀ ਅਚੰਭਾ ਹੋਵੇਗਾ ਕਿ ਉਹ ਉਰਦੂ ਦੇ ਪਰਚੇ ਵਿਚ ਨਾਕਾਮ ਰਿਹਾ।

ਹੁਣ ਜਦੋਂ ਲੋਕ ਕਹਿੰਦੇ ਹਨ ਕਿ ਉਹ ਉਰਦੂ ਜ਼ੁਬਾਨ ਦਾ ਬਹੁਤ ਵੱਡਾ ਸਾਹਿਤਕਾਰ ਹੈ ਤਾਂ ਮੈਂ ਇਹ ਸੁਣਕੇ ਹੱਸਦਾ ਹਾਂ, ਏਸ ਕਰਕੇ ਕਿ ਉਰਦੂ ਉਸਨੂੰ ਹੁਣ ਵੀ ਨਹੀਂ ਆਉਂਦੀ। ਉਹ ਸ਼ਬਦਾਂ ਦੇ ਪਿੱਛੇ ਇਉਂ ਭੱਜਦਾ ਹੈ ਜਿਵੇਂ ਕੋਈ ਜਾਅਲੀ ਸ਼ਿਕਾਰੀ ਤਿਤਲੀਆਂ ਦੇ ਪਿੱਛੇ। ਉਹ ਉਸਦੇ ਹੱਥ ਨਹੀਂ ਆਉਂਦੀਆਂ। ਇਹੀ ਕਾਰਣ ਹੈ ਕਿ ਉਸਦੀ ਲਿਖਤ ਵਿਚ ਸੁੰਦਰ ਸ਼ਬਦਾਂ ਦੀ ਘਾਟ ਹੈ। ਉਹ ਲੱਠਮਾਰ ਹੈ ਪਰ ਜਿੰਨੀਆਂ ਲਾਠੀਆਂ ਉਸਦੀ ਗਰਦਨ ਉੱਤੇ ਵਰ੍ਹੀਆਂ ਹਨ, ਉਸਨੇ ਖੁਸ਼ੀ ਖੁਸ਼ੀ ਝੱਲੀਆਂ ਹਨ।

ਉਸਦੀ ਲੱਠਬਾਜ਼ੀ ਜੱਟਾਂ ਦੇ ਡਾਂਗ ਵਰ੍ਹਾਉਣ ਵਰਗੀ ਨਹੀਂ। ਉਹ ਬਾਜ਼ੀਗਰ ਹੈ ਯਾਨੀ ਇਕ ਅਜਿਹਾ ਆਦਮੀ ਜੋ ਸਾਫ ਤੇ ਸਿੱਧੀ ਸੜਕ ਉੱਤੇ ਨਹੀਂ ਚਲਦਾ ਸਗੋਂ ਤਣੇ ਹੋਏ ਰਾਹ ਉੱਤੇ ਚਲਦਾ ਹੈ। ਲੋਕ ਸਮਝਦੇ ਹਨ ਹੁਣੇ ਡਿੱਗਿਆ ਕਿ ਡਿੱਗਿਆ, ਪਰ ਉਹ ਕੰਬਖਤ ਅੱਜ ਤਕ ਨਹੀਂ ਡਿੱਗਿਆ, ਸ਼ਾਇਦ ਡਿੱਗ ਜਾਏ ਮੂਧੇ ਮੂੰਹ ਕਿ ਫਿਰ ਉੱਠ ਹੀ ਨਾ ਸਕੇ। ਲੇਕਿਨ ਮੈਂ ਜਾਣਦਾ ਹਾਂ ਕਿ ਮਰਦੇ ਵਕਤ ਉਹ ਲੋਕਾਂ ਨੂੰ ਕਹੇਗਾ ਕਿ ਮੈਂ ਇਸ ਲਈ ਡਿੱਗਿਆ ਸੀ ਕਿ ਪਤਨ ਦੀ ਨਿਰਾਸ਼ਾ ਖਤਮ ਹੋ ਜਾਵੇ।

ਮੈਂ ਇਸਤੋਂ ਪਹਿਲਾਂ ਕਹਿ ਚੁੱਕਾ ਹਾਂ ਕਿ ਮੰਟੋ ਅੱਵਲ ਦਰਜੇ ਦਾ 'ਫਰਾਡ' ਹੈ। ਇਸਦਾ ਹੋਰ ਸਬੂਤ ਇਹ ਹੈ ਕਿ ਉਹ ਅਕਸਰ ਕਹਿੰਦਾ ਹੈ ਕਿ ਉਹ ਕਹਾਣੀ ਨਹੀਂ ਸੋਚਦਾ, ਖੁਦ ਕਹਾਣੀ ਉਸਨੂੰ ਸੋਚਦੀ ਹੈ-ਇਹ ਵੀ ਫਰਾਡ ਹੈ। ਹਾਲਾਂਕਿ ਮੈਂ ਜਾਣਦਾ ਹਾਂ ਕਿ ਜਦ ਉਸਨੇ ਕਹਾਣੀ ਲਿਖਣੀ

ਹੁੰਦੀ ਹੈ ਤਾਂ ਉਸਦੀ ਉਹੀ ਹਾਲਤ ਹੁੰਦੀ ਹੈ ਜਿਵੇਂ ਮੁਰਗੀ ਦੀ ਜਦੋਂ ਉਸਨੇ ਆਂਡਾ ਦੇਣਾ ਹੁੰਦਾ ਹੈ। ਉਹ ਆਂਡਾ ਲੁਕ ਕੇ ਨਹੀਂ ਦਿੰਦਾ, ਸਭ ਦੇ ਸਾਹਮਣੇ ਦਿੰਦਾ ਹੈ। ਉਸਦੇ ਯਾਰ-ਦੋਸਤ ਬੈਠੇ ਹੁੰਦੇ ਹਨ, ਉਸਦੀਆਂ ਤਿੰਨ ਬੱਚੀਆਂ ਰੌਲਾ ਪਾ ਰਹੀਆਂ ਹੁੰਦੀਆਂ ਹਨ ਅਤੇ ਉਹ ਆਪਣੀ ਖਾਸ ਕੁਰਸੀ ਉੱਤੇ ਝੁਕਿਆ ਬੈਠਾ ਆਂਡੇ ਦੇਈ ਜਾਂਦਾ ਹੈ, ਜੋ ਬਾਅਦ ਵਿਚ ਚੂੰ-ਚੂੰ ਕਰਦੇ ਅਫਸਾਨੇ ਬਣ ਜਾਂਦੇ ਹਨ। ਉਸਦੀ ਬੀਵੀ ਉਸ ਨਾਲ ਬਹੁਤ ਨਾਰਾਜ਼ ਹੈ। ਉਹ ਅਕਸਰ ਉਸਨੂੰ ਕਹਿੰਦੀ ਹੁੰਦੀ ਹੈ ਕਿ ਤੁਸੀਂ ਕਹਾਣੀਆਂ ਲਿਖਣੀਆਂ ਛੱਡ ਦਿਉ ਤੇ ਕੋਈ ਦੁਕਾਨ ਖੋਲ੍ਹ ਲਉ। ਲੇਕਿਨ ਮੰਟੋ ਦੇ ਮੱਥੇ ਵਿਚ ਜੋ ਦੁਕਾਨ ਖੁਲ੍ਹੀ ਹੋਈ ਹੈ ਉਸ ਵਿਚ ਮੁਨਿਆਰੀ ਦੇ ਸਾਮਾਨ ਨਾਲੋਂ ਵੀ ਵੱਧ ਸਾਮਾਨ ਮੌਜੂਦ ਹੈ। ਇਸ ਲਈ ਉਹ ਆਮ ਹੀ ਸੋਚਿਆ ਕਰਦਾ ਹੈ ਕਿ ਉਹ ਕਦੇ ਕਿਧਰੇ ਕੋਈ ਗੁਦਾਮ ਜਾਂ ਕੋਲਡ ਸਟੋਰੇਜ ਨਾ ਬਣ ਜਾਵੇ ਜਿੱਥੇ ਉਸਦੇ ਸਾਰੇ ਵਿਚਾਰ ਤੇ ਭਾਵਨਾਵਾਂ ਜੰਮ ਜਾਣ।

ਮੈਂ ਇਹ ਲੇਖ ਲਿਖ ਰਿਹਾ ਹਾਂ ਤੇ ਮੈਨੂੰ ਇਹ ਡਰ ਹੈ ਕਿ ਮੰਟੋ ਮੇਰੇ ਨਾਲ ਨਾਰਾਜ਼ ਹੋ ਜਾਵੇਗਾ। ਉਸਦੀ ਹਰ ਚੀਜ਼ ਬਰਦਾਸ਼ਤ ਕੀਤੀ ਜਾ ਸਕਦੀ ਹੈ ਪਰ ਨਾਰਾਜ਼ਗੀ ਨਹੀਂ ਝੱਲੀ ਜਾ ਸਕਦੀ। ਨਾਰਾਜ਼ ਹੋਣ 'ਤੇ ਉਹ ਸ਼ੈਤਾਨ ਬਣ ਜਾਂਦਾ ਹੈ ਕੁਝ ਮਿੰਟਾਂ ਲਈ। ਅਤੇ ਇਹ ਕੁਝ ਮਿੰਟ ਤੋਬਾ ਤੋਬਾ ਰੱਬ ਬਚਾਵੇ...

ਕਹਾਣੀ ਲਿਖਣ ਦੇ ਮਾਮਲੇ ਵਿਚ ਉਹ ਨਖਰੇ ਜ਼ਰੂਰ ਦਿਖਾਉਂਦਾ ਹੈ, ਪਰ ਉਸਦਾ ਹਮਜ਼ਾਦ ਹੋਣ ਕਰਕੇ, ਮੈਂ ਜਾਣਦਾ ਹਾਂ ਕਿ ਉਹ ਫਰਾਡ ਕਰ ਰਿਹਾ ਹੈ। ਉਸਨੇ ਇਕ ਵਾਰ ਖੁਦ ਲਿਖਿਆ ਸੀ ਕਿ ਉਸਦੀ ਜੇਬ ਵਿਚ ਅਣਗਿਣਤ ਕਹਾਣੀਆਂ ਪਈਆਂ ਹੁੰਦੀਆਂ ਹਨ। ਹਕੀਕਤ ਇਸਤੋਂ ਉਲਟ ਹੈ।

ਜਦ ਉਸਨੇ ਕਹਾਣੀ ਲਿਖਣੀ ਹੋਵੇਗੀ ਤਾਂ ਉਹ ਰਾਤ ਨੂੰ ਸੋਚੇਗਾ। ਉਸਦੀ ਸਮਝ ਵਿਚ ਕੁਝ ਨਹੀਂ ਆਵੇਗਾ। ਸਵੇਰੇ ਪੰਜ ਵਜੇ ਉੱਠੇਗਾ ਤੇ ਅਖਬਾਰਾਂ 'ਚੋਂ ਕਿਸੇ ਕਹਾਣੀ ਦਾ ਰਸ ਚੂਸਣ ਬਾਰੇ ਚਿਤਵੇਗਾ, ਪਰ ਉਸਨੂੰ ਨਾਕਾਮੀ ਹੋਵੇਗੀ। ਫੇਰ ਉਹ ਗ਼ੁਸਲਖਾਨੇ ਵਿਚ ਜਾਵੇਗਾ। ਉੱਥੇ ਉਹ ਆਪਣੇ ਖੌਰੂ ਪਾਉਂਦੇ ਸਿਰ ਨੂੰ ਠੰਢਾ ਕਰਨ ਦੀ ਕੋਸ਼ਿਸ਼ ਕਰੇਗਾ ਤਾਂ ਜੁ ਉਹ ਸੋਚਣ ਦੇ ਕਾਬਲ ਹੋ ਸਕੇ। ਪਰ ਨਾਕਾਮ ਰਹੇਗਾ। ਫੇਰ ਖਿਝਕੇ ਆਪਣੀ ਬੀਵੀ ਨਾਲ ਐਵੇਂ ਹੀ ਬਿਨਾਂ ਵਜਹ ਝਗੜਾ ਸ਼ੁਰੂ ਕਰ ਦੇਵੇਗਾ। ਏਥੇ ਵੀ ਨਾਕਾਮੀ ਹੋਵੇਗੀ ਤਾਂ ਉਹ ਪਾਨ ਲੈਣ ਚਲਿਆ ਜਾਵੇਗਾ। ਪਾਨ ਉਸਦੀ ਮੇਜ਼ ਉੱਤੇ ਪਿਆ ਰਹੇਗਾ, ਪਰ ਕਹਾਣੀ ਦਾ ਪਲਾਟ ਉਸਦੀ ਸਮਝ ਵਿਚ ਫਿਰ ਵੀ ਨਹੀਂ ਆਵੇਗਾ। ਅੰਤ ਵਿਚ ਉਹ ਥੱਕ ਹਾਰ ਕੇ ਕਲਮ ਜਾਂ ਪੈਨਸਿਲ ਹੱਥ ਵਿਚ ਲਏਗਾ। '786' ਲਿਖਕੇ ਪਹਿਲਾ ਫਿਕਰਾ ਜੋ ਉਸਦੇ ਜ਼ਿਹਨ ਵਿਚ ਆਵੇਗਾ, ਉਸਦੀ ਕਹਾਣੀ ਦਾ 'ਸ੍ਰੀਗਨੇਸ਼' ਕਰ ਦੇਵੇਗਾ। 'ਬਾਬੂ ਗੋਪੀਨਾਥ', ਟੋਭਾ ਟੇਕ ਸਿੰਘ', 'ਹਤਕ', 'ਮੰਮੀ', 'ਮੋਜ਼ੇਲ'- ਇਹ ਸਭ ਕਹਾਣੀਆਂ ਉਸਨੇ ਏਸੇ ਫਰਾਡ ਤਰੀਕੇ ਨਾਲ ਲਿਖੀਆਂ ਹਨ।

ਇਹ ਅਜੀਬ ਗੱਲ ਹੈ ਕਿ ਲੋਕ ਉਸਨੂੰ ਵੱਡਾ ਅਧਰਮੀ, ਅਸ਼ਲੀਲ ਵਿਅਕਤੀ ਸਮਝਦੇ ਹਨ ਅਤੇ ਮੇਰਾ ਵੀ ਖਿਆਲ ਹੈ ਕਿ ਉਹ ਕਿਸੇ ਹੱਦ ਤਕ ਇਸ ਕੋਟੀ ਵਿਚ ਆਉਂਦਾ ਹੈ। ਏਸੇ ਕਰਕੇ ਉਹ ਅਕਸਰ ਬਹੁਤ ਗੰਦੇ ਵਿਸ਼ਿਆਂ ਉੱਤੇ ਕਲਮ ਚੁੱਕਦਾ ਹੈ ਅਤੇ ਆਪਣੀ ਰਚਨਾ ਵਿਚ ਅਜਿਹੇ ਸ਼ਬਦਾਂ ਦਾ ਇਸਤੇਮਾਲ ਕਰਦਾ ਹੈ ਜਿੰਨ੍ਹਾਂ ਉੱਤੇ ਇਤਰਾਜ਼ ਦੀ ਗੁੰਜਾਇਸ਼ ਵੀ ਹੋ ਸਕਦੀ ਹੈ। ਲੇਕਿਨ ਮੈਂ ਜਾਣਦਾ ਹਾਂ ਕਿ ਜਦ ਵੀ ਉਸਨੇ ਕੋਈ ਲਿਖਤ ਲਿਖੀ, ਪਹਿਲੇ ਸਫੇ ਦੇ ਸਿਖਰ 'ਤੇ '786' ਜ਼ਰੂਰ ਸੀ ਜਿਸਦਾ ਮਤਲਬ ਹੈ 'ਬਿਸਮਿੱਲਾ' ਅਤੇ ਇਹ ਸ਼ਖਸ ਜੋ ਖੁਦਾ ਨੂੰ ਨਾ ਮੰਨਣ ਵਾਲਾ ਦਿਸਦਾ ਹੈ, ਕਾਗ਼ਜ਼ ਉੱਤੇ ਮੋਮਨ ਬਣ ਜਾਂਦਾ ਹੈ। ਪਰੰਤੂ ਉਹ ਕਾਗ਼ਜ਼ੀ ਮੰਟੋ ਹੈ ਜਿਸਨੂੰ ਤੁਸੀਂ

ਕਾਗ਼ਜ਼ੀ ਬਾਦਾਮ ਵਾਂਗ ਸਿਰਫ ਉਂਗਲਾਂ ਨਾਲ ਹੀ ਤੋੜ ਸਕਦੇ ਹੋ, ਵਰਨਾ ਉਹ ਲੋਹੇ ਦੇ ਹਥੌੜਿਆਂ ਨਾਲ ਵੀ ਟੁੱਟਣ ਵਾਲਾ ਆਦਮੀ ਨਹੀਂ।

ਹੁਣ ਮੈਂ ਮੰਟੋ ਦੀ ਸ਼ਖਸੀਅਤ ਵੱਲ ਆਉਂਦਾ ਹਾਂ ਜੋ ਕੁਝ ਹੀ ਸ਼ਬਦਾਂ ਵਿਚ ਬਿਆਨ ਕਰ ਦਿੰਦਾ ਹਾਂ ਉਹ ਚੋਰ ਹੈ, ਝੂਠਾ ਹੈ, ਵਿਸ਼ਵਾਸਘਾਤੀ ਤੇ ਭੀੜ ਇਕੱਠੀ ਕਰਨ ਵਾਲਾ ਹੈ।

ਉਸਨੇ ਆਪਣੀ ਬੀਵੀ ਦੀ ਗ਼ਫਲਤ ਦਾ ਲਾਹਾ ਲੈਂਦਿਆਂ ਕਈ-ਕਈ ਸੌ ਰੁਪਈਏ ਉਡਾਏ ਹਨ। ਏਧਰ ਅੱਠ ਸੌ ਲੈ ਕੇ ਗਿਆ ਅਤੇ ਚੋਰ ਅੱਖ ਨਾਲ ਦੇਖਦਾ ਰਿਹਾ ਕਿ ਬੀਵੀ ਨੇ ਪੈਸੇ ਰੱਖੇ ਕਿੱਥੇ ਹਨ। ਅਤੇ ਅਗਲੇ ਦਿਨ ਉਹਨਾਂ 'ਚੋਂ ਇਕ ਹਰਾ ਨੋਟ ਗ਼ਾਇਬ! ਉਸ ਵਿਚਾਰੀ ਨੂੰ ਜਦ ਆਪਣੇ ਉਸ ਨੁਕਸਾਨ ਦਾ ਪਤਾ ਚੱਲਿਆ ਤਾਂ ਉਸਨੇ ਨੌਕਰਾਂ ਨੂੰ ਝਿੜਕਣਾ ਝਾੜਨਾ ਸ਼ੁਰੂ ਕਰ ਦਿੱਤਾ।

ਉਂਝ ਤਾਂ ਮੰਟੋ ਬਾਰੇ ਮਸ਼ਹੂਰ ਹੈ ਕਿ ਉਹ ਸਾਫ-ਸਾਫ ਕਹਿਣ ਵਾਲਾ ਹੈ, ਪਰ ਮੈਂ ਇਸ ਨਾਲ ਸਹਿਮਤ ਹੋਣ ਲਈ ਤਿਆਰ ਨਹੀਂ। ਉਹ ਅੱਵਲ ਦਰਜੇ ਦਾ ਝੂਠਾ ਹੈ। ਸ਼ੁਰੂ-ਸ਼ੁਰੂ ਵਿਚ ਉਸਦਾ ਝੂਠ ਉਸਦੇ ਘਰ ਚਲ ਜਾਂਦਾ ਸੀ, ਇਸ ਕਰਕੇ ਕਿ ਉਸ ਵਿਚ ਮੰਟੋ ਦਾ ਇਕ ਵਿਸ਼ੇਸ਼ 'ਟੱਚ' ਹੁੰਦਾ ਸੀ, ਲੇਕਿਨ ਬਾਅਦ ਵਿਚ ਉਸਦੀ ਬੀਵੀ ਨੂੰ ਪਤਾ ਚਲ ਗਿਆ ਕਿ ਹੁਣ ਤਕ ਉਸਨੂੰ ਵਿਸ਼ੇਸ਼ ਗੱਲ ਦੇ ਬਾਰੇ ਵਿਚ ਜੋ ਕੁਝ ਕਿਹਾ ਜਾਂਦਾ ਸੀ, ਝੂਠ ਸੀ। ਮੰਟੋ ਝੂਠ ਖੂਬ ਖੁਲ੍ਹ ਕੇ ਬੋਲਦਾ ਹੈ, ਲੇਕਿਨ ਮੁਸੀਬਤ ਹੈ ਕਿ ਉਸਦੇ ਘਰਵਾਲੇ ਹੁਣ ਇਹ ਸਮਝਣ ਲੱਗੇ ਹਨ ਕਿ ਉਸਦੀ ਹਰ ਗੱਲ ਝੂਠੀ ਹੈ। ਉਸ ਤਿਲ ਦੇ ਵਾਂਗ ਜੋ ਕਿਸੇ ਔਰਤ ਨੇ ਸੁਰਮੇ ਨਾਲ ਆਪਣੀ ਗਲ੍ਹ 'ਤੇ ਬਣਾ ਰੱਖਿਆ ਹੋਵੇ।

ਉਹ ਅਨਪੜ੍ਹ ਹੈ ਇਸ ਪੱਖੋਂ ਕਿ ਉਸਨੇ ਕਦੇ ਮਾਰਕਸ ਦਾ ਅਧਿਐਨ ਨਹੀਂ ਕੀਤਾ। ਫਰਾਇਡ ਦੀ ਕੋਈ ਕਿਤਾਬ ਅੱਜ ਤਕ ਉਸਦੀ ਨਿਗਾਹ ਵਿਚੋਂ ਨਹੀਂ ਲੰਘੀ। ਹੀਗਲ ਦਾ ਉਹ ਸਿਰਫ ਨਾਉਂ ਜਾਣਦਾ ਹੈ। ਹੈਬਿਲ ਤੇ ਐਮਿਸ ਨੂੰ ਉਹ ਨਾਂ-ਮਾਤਰ ਜਾਣਦਾ ਹੈ। ਪਰ ਮਜ਼ੇ ਦੀ ਗੱਲ ਹੈ ਕਿ ਲੋਕ, ਮੇਰਾ ਮਤਲਬ ਹੈ ਆਲੋਚਕ ਇਹ ਕਹਿੰਦੇ ਹਨ ਕਿ ਉਹ ਇਹਨਾਂ ਸਾਰੇ ਚਿੰਤਕਾਂ ਤੋਂ ਪ੍ਰਭਾਵਤ ਹੈ। ਜਿੱਥੋਂ ਤਕ ਮੈਂ ਜਾਣਦਾ ਹਾਂ ਮੰਟੋ ਕਿਸੇ ਦੂਜੇ ਦੇ ਵਿਚਾਰਾਂ ਤੋਂ ਪ੍ਰਭਾਵਤ ਹੁੰਦਾ ਹੀ ਨਹੀਂ। ਉਹ ਸਮਝਦਾ ਹੈ ਕਿ ਸਮਝਾਉਣ ਵਾਲੇ ਸਭ ਚੁਗਦ ਹਨ। ਦੁਨੀਆਂ ਨੂੰ ਸਮਝਾਉਣ ਦੀ ਲੋੜ ਨਹੀਂ, ਉਸਨੂੰ ਖੁਦ ਸਮਝਣਾ ਚਾਹੀਦੈ।

ਖੁਦ ਨੂੰ ਸਮਝਾ-ਸਮਝਾ ਕੇ ਉਹ ਇਕ ਐਸੀ ਸਮਝ ਬਣ ਗਿਆ ਹੈ ਜੋ ਬੁੱਧੀ ਤੇ ਸਮਝ ਤੋਂ ਪਰੇ ਹੈ। ਅਕਸਰ ਉਹ ਅਜਿਹੀਆਂ ਊਟ-ਪਟਾਂਗ ਗੱਲਾਂ ਕਰਦਾ ਹੈ ਕਿ ਮੈਨੂੰ ਹਾਸਾ ਆ ਜਾਂਦਾ ਹੈ।

ਮੈਂ ਪੂਰੇ ਵਿਸ਼ਵਾਸ ਨਾਲ ਕਹਿ ਸਕਦਾ ਹਾਂ ਕਿ ਮੰਟੋ, ਜਿਸ ਉੱਤੇ ਅਸ਼ਲੀਲ ਲੇਖਣੀ ਦੇ ਮਾਮਲੇ ਵਿਚ ਕਈ ਮੁਕੱਦਮੇ ਚੱਲ ਚੁੱਕੇ ਹਨ, ਬਹੁਤ ਸ਼ਰੀਫ ਆਦਮੀ ਹੈ। ਪਰ ਮੈਂ ਇਹ ਵੀ ਕਹੇ ਬਿਨਾਂ ਨਹੀਂ ਰਹਿ ਸਕਦਾ ਕਿ ਉਹ ਇਕ ਅਜਿਹਾ ਪਾਇਦਾਨ ਹੈ ਜੋ ਖੁਦ ਨੂੰ ਝਾੜਦਾ-ਝੰਬਦਾ ਰਹਿੰਦਾ ਹੈ।

[ਅਨੁਵਾਦ: ਰਘਬੀਰ ਸਿੰਘ]

ਮੰਤਰ

ਸਆਦਤ ਹਸਨ ਮੰਟੋ

ਨੰਨ੍ਹਾ ਰਾਮ ਨੰਨ੍ਹਾ ਤਾਂ ਸੀ ਪਰ ਸ਼ਰਾਰਤਾਂ ਦੇ ਲਿਹਾਜ਼ ਨਾਲ ਬਹੁਤ ਵੱਡਾ ਸੀ। ਚਿਹਰੇ ਤੋਂ ਬੇਹੱਦ ਭੋਲਾ ਭਾਲਾ ਜਾਪਦਾ ਸੀ। ਕੋਈ ਖਤ ਜਾਂ ਨਕਸ਼ ਅਜਿਹਾ ਨਹੀਂ ਸੀ ਜਿਸਤੋਂ ਸ਼ੋਖੀ ਦਾ ਪਤਾ ਲਗਦਾ ਹੋਵੇ। ਉਸਦੇ ਸਰੀਰ ਦਾ ਹਰ ਅੰਗ ਭੱਦੇਪਨ ਦੀ ਹਾਲਤ ਤਕ ਮੋਟਾ ਸੀ। ਜਦੋਂ ਚਲਦਾ ਤਾਂ ਇਉਂ ਲਗਦਾ ਸੀ ਜਿਵੇਂ ਫੁੱਟਬਾਲ ਲੁੜ੍ਹਕ ਰਿਹਾ ਹੈ। ਉਮਰ ਮੁਸ਼ਕਲ ਨਾਲ ਅੱਠ ਵਰ੍ਹਿਆਂ ਦੀ ਹੋਵੇਗੀ ਮਗਰ ਅੰਤਾਂ ਦਾ ਜ਼ਹੀਨ ਤੇ ਚਲਾਕ ਸੀ। ਐਪਰ ਉਸਦੀ ਜ਼ਹਾਨਤ ਤੇ ਚਲਾਕੀ ਦਾ ਪਤਾ ਉਸਦੇ ਸਿਰਾਪਾ ਤੋਂ ਲਾਉਣਾ ਬਹੁਤ ਮੁਸ਼ਕਿਲ ਸੀ। ਮਿਸਟਰ ਰਾਮਾ ਸ਼ੰਕਰ ਅਚਾਰੀਆ ਐੱਮ.ਏ. ਐੱਲ.ਐੱਲ.ਬੀ. ਰਾਮ ਦੇ ਪਿਤਾ ਕਿਹਾ ਕਰਦੇ ਸਨ, "ਮੂੰਹ ਵਿਚ ਰਾਮ ਰਾਮ ਅਤੇ ਬਗ਼ਲ ਵਿਚ ਛੁਰੀ" ਵਾਲੀ ਮਿਸਾਲ ਇਸ ਰਾਮ ਲਈ ਹੀ ਬਣਾਈ ਗਈ ਹੈ।

ਰਾਮ ਦੇ ਮੂੰਹ ਤੋਂ ਰਾਮ ਰਾਮ ਤਾਂ ਕਿਸੇ ਨੇ ਸੁਣਿਆ ਨਹੀਂ ਸੀ। ਹਾਂ, ਉਸਦੀ ਬਗ਼ਲ ਵਿਚ ਛੁਰੀ ਦੀ ਥਾਂ ਇਕ ਛੋਟੀ ਜਿਹੀ ਛੜੀ ਜ਼ਰੂਰ ਹੁੰਦੀ ਸੀ, ਜਿਸ ਨਾਲ ਉਹ ਕਦੇ ਕਦੇ ਡਗਲਸ ਫੇਅਰਬੈਂਕਸ ਯਾਨੀ ਬਗ਼ਦਾਦੀ ਚੋਰ ਦੀ ਤਲਵਾਰਬਾਜ਼ੀ ਦੀ ਨਕਲ ਕਰਿਆ ਕਰਦਾ ਸੀ।

ਜਦੋਂ ਰਾਮ ਦੀ ਮਾਂ ਯਾਨੀ ਮਿਸਜ਼ ਰਾਮਾ ਸ਼ੰਕਰ ਅਚਾਰੀਆ ਉਸਨੂੰ ਕੰਨਾਂ ਤੋਂ ਫੜਕੇ ਉਸਦੇ ਬਾਪ ਦੇ ਸਾਹਮਣੇ ਲਿਆਈ ਤਾਂ ਉਹ ਬਿਲਕੁਲ ਖਾਮੋਸ਼ ਸੀ। ਅੱਖਾਂ ਖੁਸ਼ਕ ਸਨ। ਉਸਦਾ ਇਕ ਕੰਨ ਜੋ ਉਸਦੀ ਮਾਂ ਦੇ ਹੱਥ ਵਿਚ ਸੀ, ਦੂਜੇ ਕੰਨ ਨਾਲੋਂ ਵੱਡਾ ਜਾਪਦਾ ਸੀ। ਉਹ ਮੁਸਕਰਾ ਰਿਹਾ ਸੀ ਪਰ ਉਸਦੀ ਮੁਸਕਰਾਹਟ ਵਿਚ ਅੰਤਾਂ ਦਾ ਭੋਲਾਪਨ ਸੀ। ਉਸਦੀ ਮਾਂ ਦਾ ਚਿਹਰਾ ਗੁੱਸੇ ਨਾਲ ਲਾਲ ਪੀਲਾ ਹੋਇਆ ਪਿਆ ਸੀ। ਜਦਕਿ ਉਸਦੇ ਚਿਹਰੇ ਤੋਂ ਲਗਦਾ ਸੀ ਕਿ ਉਹ ਆਪਣੀ ਮਾਂ ਨਾਲ ਖੇਡ ਰਿਹਾ ਹੈ ਅਤੇ ਆਪਣੇ ਕੰਨ ਨੂੰ ਮਾਂ ਦੇ ਹੱਥ ਵਿਚ ਦੇ ਕੇ ਇਕ ਖਾਸ ਕਿਸਮ ਦਾ ਸੁਆਦ ਲੈ ਰਿਹਾ ਹੈ, ਜਿਸਨੂੰ ਉਹ ਦੂਜਿਆਂ ਅੱਗੇ ਜ਼ਾਹਰ ਨਹੀਂ ਕਰਨਾ ਚਾਹੁੰਦਾ।

ਜਦ ਰਾਮ ਮਿਸਟਰ ਸ਼ੰਕਰ ਆਚਾਰੀਆ ਦੇ ਸਾਹਮਣੇ ਲਿਆਂਦਾ ਗਿਆ ਤਾਂ ਉਹ ਆਰਾਮ ਕੁਰਸੀ ਉੱਤੇ ਨਿੱਠਕੇ ਬੈਠ ਗਏ ਕਿ ਇਸ ਨਾਲਾਇਕ ਦੇ ਕੰਨ ਖਿੱਚਣ। ਹਾਲਾਂਕਿ ਉਹ ਉਸਦੇ ਕੰਨ ਖਿੱਚ ਖਿੱਚ ਕੇ ਕਾਫੀ ਜ਼ਿਆਦਾ ਲੰਮੇ ਕਰ ਚੁੱਕੇ ਸਨ ਤੇ ਉਸਦੀਆਂ ਸ਼ਰਾਰਤਾਂ ਵਿਚ ਕੋਈ ਫਰਕ ਨਹੀਂ ਆਇਆ ਸੀ। ਉਹ ਅਦਾਲਤ ਵਿਚ ਕਾਨੂੰਨ ਦੇ ਜ਼ੋਰ ਨਾਲ ਬਹੁਤ ਕੁਝ ਕਰ ਲੈਂਦੇ ਸਨ। ਪਰ ਏਥੇ ਇਕ ਛੋਟੇ ਜਿਹੇ ਬੱਚੇ ਦੇ ਸਾਹਮਣੇ ਉਹਨਾਂ ਦੀ ਕੋਈ ਪੇਸ਼ ਨਹੀਂ ਚਲਦੀ ਸੀ।

ਇਕ ਵਾਰ ਮਿਸਟਰ ਰਾਮਾ ਸ਼ੰਕਰ ਅਚਾਰੀਆ ਨੇ ਕਿਸੇ ਸ਼ਰਾਰਤ ਉੱਤੇ ਉਸਨੂੰ ਪਰਮੇਸ਼ਰ ਦੇ ਨਾਉਂ ਨਾਲ ਡਰਾਉਣ ਦੀ ਕੋਸ਼ਿਸ਼ ਕੀਤੀ ਸੀ। ਉਹਨਾਂ ਨੇ ਕਿਹਾ ਸੀ, "ਦੇਖ ਰਾਮ ਤੂੰ ਚੰਗਾ ਮੁੰਡਾ ਬਣ ਜਾਹ, ਨਹੀਂ ਤਾਂ ਮੈਨੂੰ ਡਰ ਹੈ ਪਰਮੇਸ਼ਰ ਤੇਰੇ ਨਾਲ ਖਫਾ ਹੋ ਜਾਣਗੇ"।

ਰਾਮ ਨੇ ਜਵਾਬ ਦਿੱਤਾ, "ਤੁਸੀਂ ਵੀ ਤਾਂ ਖਫਾ ਹੁੰਦੇ ਹੀ ਹੋ ਤੇ ਮੈਂ ਤੁਹਾਨੂੰ ਮਨਾ ਲੈਂਦਾ ਹਾਂ"। ਅਤੇ ਫਿਰ ਥੋੜ੍ਹੀ ਦੇਰ ਸੋਚਣ ਬਾਅਦ ਉਸਨੇ ਪੁੱਛਿਆ ਸੀ, "ਬਾਪੂ ਜੀ, ਇਹ ਪਰਮੇਸ਼ਰ ਕੌਣ ਹਨ?"

ਮਿਸਟਰ ਸ਼ੰਕਰ ਅਚਾਰੀਆ ਨੇ ਉਸਨੂੰ ਸਮਝਾਉਣ ਲਈ ਜਵਾਬ ਦਿੱਤਾ ਸੀ, "ਭਗਵਾਨ, ਹੋਰ ਕੌਣ, ਸਾਡੇ ਸਭ ਤੋਂ ਵੱਡੇ"।

"ਇਸ ਮਕਾਨ ਜਿੱਡੇ"।

"ਇਸ ਤੋਂ ਵੀ ਵੱਡੇ। ਦੇਖ ਹੁਣ ਤੂੰ ਕੋਈ ਸ਼ਰਾਰਤ ਨਾ ਕਰੀਂ, ਨਹੀਂ ਤਾਂ ਉਹ ਤੈਨੂੰ ਮਾਰ ਸੁੱਟਣਗੇ"। ਮਿਸਟਰ ਸ਼ੰਕਰ ਅਚਾਰੀਆ ਨੇ ਆਪਣੇ ਬੇਟੇ ਨੂੰ ਭੈਅ ਭੀਤ ਕਰਨ ਲਈ ਪਰਮੇਸ਼ਰ ਨੂੰ

ਕੁਝ ਜ਼ਿਆਦਾ ਹੀ ਡਰਾਉਣੀ ਸ਼ਕਲ ਵਿਚ ਪੇਸ਼ ਕਰਨ ਪਿੱਛੋਂ ਇਹ ਖਿਆਲ ਕਰ ਲਿਆ ਸੀ ਕਿ ਹੁਣ ਰਾਮ ਸੁਧਰ ਜਾਵੇਗਾ, ਕੋਈ ਸ਼ਰਾਰਤ ਨਹੀਂ ਕਰੇਗਾ। ਐਪਰ ਰਾਮ ਨੇ, ਜੋ ਇਸ ਵਕਤ ਖਾਮੋਸ਼ ਬੈਠਾ ਸੀ ਤੇ ਆਪਣੇ ਜ਼ਿਹਨ ਦੀ ਤੱਕੜੀ ਵਿਚ ਪਰਮੇਸ਼ਰ ਨੂੰ ਤੋਲ ਰਿਹਾ ਸੀ, ਕੁਝ ਦੇਰ ਵਿਚਾਰ ਕਰਨ ਪਿੱਛੋਂ ਜਦ ਬੜੇ ਭੋਲੇਪਨ ਨਾਲ ਕਿਹਾ ਸੀ, "ਬਾਪੂ ਜੀ, ਤੁਸੀਂ ਮੈਨੂੰ ਪਰਮੇਸ਼ਰ ਦਿਖਾ ਦਿਉ", ਤਾਂ ਮਿਸਟਰ ਸ਼ੰਕਰ ਅਚਾਰੀਆ ਦੀ ਸਾਰੀ ਕਾਨੂੰਨਦਾਨੀ ਤੇ ਵਕਾਲਤ ਧਰੀ ਦੀ ਧਰੀ ਰਹਿ ਗਈ ਸੀ।

ਕਿਸੇ ਮੁਕੱਦਮੇ ਦਾ ਹਵਾਲਾ ਦੇਣਾ ਹੁੰਦਾ ਤਾਂ ਉਹ ਉਸਨੂੰ ਫਾਈਲ ਕੱਢਕੇ ਦਿਖਾ ਦਿੰਦੇ ਜਾਂ ਜੇ ਕੋਈ ਭਾਰਤੀ ਦੰਡਾਵਲੀ ਦੀ ਕਿਸੇ ਧਾਰਾ ਸੰਬੰਧੀ ਸਵਾਲ ਕਰਦਾ ਤਾਂ ਉਹ ਆਪਣੀ ਮੇਜ਼ ਤੋਂ ਉਹ ਮੋਟੀ ਕਿਤਾਬ ਚੁੱਕਕੇ ਖੋਲ੍ਹਣਾ ਸ਼ੁਰੂ ਕਰ ਦਿੰਦੇ ਜਿਸਦੀ ਜਿਲਦ 'ਤੇ ਉਹਨਾਂ ਦੇ ਇਸ ਮੁੰਡੇ ਨੇ ਚਾਕੂ ਨਾਲ ਬੇਲ ਬੂਟੇ ਬਣਾ ਰੱਖੇ ਸਨ। ਐਪਰ ਉਹ ਪਰਮੇਸ਼ਰ ਨੂੰ ਫੜਕੇ ਕਿੱਥੋਂ ਲਿਆਉਂਦੇ, ਜਿਸ ਦੇ ਬਾਰੇ ਉਹਨਾਂ ਨੂੰ ਖੁਦ ਵੀ ਪਤਾ ਨਹੀਂ ਸੀ ਕਿ ਉਹ ਕੀ ਹੈ, ਕਿੱਥੇ ਰਹਿੰਦਾ ਹੈ ਤੇ ਕੀ ਕਰਦਾ ਹੈ!

ਜਿਸ ਤਰ੍ਹਾਂ ਉਹਨਾਂ ਨੂੰ ਪਤਾ ਸੀ ਕਿ ਧਾਰਾ 329 ਚੋਰੀ ਦੇ ਮਾਮਲੇ ਵਿਚ ਲਾਗੂ ਹੁੰਦੀ ਹੈ, ਏਸੇ ਤਰ੍ਹਾਂ ਉਹਨਾਂ ਨੂੰ ਇਹ ਵੀ ਪਤਾ ਸੀ ਕਿ ਮਾਰਨ ਤੇ ਪੈਦਾ ਕਰਨ ਵਾਲੇ ਨੂੰ ਪਰਮੇਸ਼ਰ ਕਹਿੰਦੇ ਹਨ । ਅਤੇ ਜਿਸ ਤਰ੍ਹਾਂ ਉਹਨਾਂ ਨੂੰ ਇਹ ਪਤਾ ਨਹੀਂ ਸੀ ਕਿ ਉਹ ਜਿਸਦੇ ਕਾਨੂੰਨ ਬਣੇ ਹੋਏ ਹਨ, ਦੀ ਅਸਲੀਅਤ ਕੀ ਹੈ, ਠੀਕ ਏਸੇ ਤਰ੍ਹਾਂ ਉਹਨਾਂ ਨੂੰ ਪਰਮੇਸ਼ਰ ਦੀ ਅਸਲੀਅਤ ਦਾ ਪਤਾ ਨਹੀਂ ਸੀ। ਉਹ ਐੱਮ.ਏ. ਐੱਲ.ਐੱਲ.ਬੀ. ਤਾਂ ਸਨ ਪਰ ਇਹ ਡਿਗਰੀ ਉਹਨਾਂ ਨੇ ਅਜਿਹੀਆਂ ਉਲਝਣਾਂ ਵਿਚ ਫਸਣ ਲਈ ਨਹੀਂ ਸਗੋਂ ਦੌਲਤ ਕਮਾਉਣ ਲਈ ਹਾਸਲ ਕੀਤੀ ਸੀ। ਉਹ ਰਾਮ ਨੂੰ ਪਰਮੇਸ਼ਰ ਨਾ ਦਿਖਾ ਸਕੇ ਅਤੇ ਨਾ ਉਸਨੂੰ ਕੋਈ ਢੁਕਵਾਂ ਜਵਾਬ ਹੀ ਦੇ ਸਕੇ। ਏਸ ਲਈ ਕਿ ਇਹ ਸਵਾਲ ਹੀ ਕੁਝ ਇਸ ਤਰ੍ਹਾਂ ਅਚਾਨਕ ਤੌਰ 'ਤੇ ਕੀਤਾ ਗਿਆ ਸੀ ਕਿ ਉਹਨਾਂ ਦਾ ਦਿਮਾਗ਼ ਬਿਲਕੁਲ ਖਾਲੀ ਹੋ ਗਿਆ ਸੀ। ਉਹ ਸਿਰਫ ਏਹੀ ਕਹਿ ਸਕੇ ਸਨ, " ਜਾਹ ਰਾਮ, ਮੇਰਾ ਦਿਮਾਗ਼ ਨਾ ਚੱਟ. ਮੈਂ ਬਹੁਤ ਕੰਮ ਕਰਨਾ ਹੈ"।

ਇਸ ਸਮੇਂ ਉਹਨਾਂ ਨੇ ਕੰਮ ਸੱਚਮੁੱਚ ਬਹੁਤ ਕਰਨਾ ਸੀ ਪਰ ਉਹ ਆਪਣੀਆਂ ਪੁਰਾਣੀਆਂ ਹਾਰਾਂ ਨੂੰ ਭੁੱਲਕੇ ਝੱਟ ਹੀ ਇਸ ਮੁਕੱਦਮੇ ਦਾ ਫੈਸਲਾ ਕਰ ਦੇਣਾ ਚਾਹੁੰਦੇ ਸਨ।

ਉਹਨਾਂ ਨੇ ਰਾਮ ਵੱਲ ਕੈਰੀਆਂ ਨਿਗਾਹਾਂ ਨਾਲ ਦੇਖਕੇ ਆਪਣੀ ਧਰਮ ਪਤਨੀ ਨੂੰ ਕਿਹਾ, ਅੱਜ ਇਸ ਨੇ ਕਿਹੜੀ ਨਵੀਂ ਸ਼ਰਾਰਤ ਕੀਤੀ ਹੈ, ਮੈਨੂੰ ਛੇਤੀ ਦੱਸ, ਮੈਂ ਅੱਜ ਇਹਨੂ ਡਬਲ ਸਜ਼ਾ ਦੇਵਾਂਗਾ।

ਮਿਸਜ਼ ਅਚਾਰੀਆ ਨੇ ਰਾਮ ਦਾ ਕੰਨ ਛੱਡ ਦਿੱਤਾ ਤੇ ਕਿਹਾ, "ਏਸ ਮੋਟੇ ਨੇ ਤਾਂ ਜੀਣਾ ਦੁੱਭਰ ਕਰ ਰੱਖਿਆ ਹੈ, ਜਦੋਂ ਦੇਖੋ ਨੱਚਣਾ, ਟੱਪਣਾ, ਨਾ ਆਏ ਦੀ ਸ਼ਰਮ ਨਾ ਗਏ ਦਾ ਲਿਹਾਜ਼। ਸਵੇਰ ਤੋਂ ਮੈਨੂੰ ਸਤਾ ਰਿਹਾ ਹੈ, ਕਈ ਵਾਰ ਕੁਟਾਪਾ ਚਾੜ੍ਹ ਚੁੱਕੀ ਹਾਂ, ਪਰ ਇਹ ਆਪਣੀਆਂ ਸ਼ਰਾਰਤਾਂ ਤੋਂ ਬਾਜ਼ ਨਹੀਂ ਆਉਂਦਾ। ਰਸੋਈ ਵਿਚੋਂ ਦੋ ਕੱਚੇ ਟਮਾਟਰ ਚੁੱਕਕੇ ਖਾ ਗਿਆ ਹੈ, ਹੁਣ ਮੈਂ ਸਲਾਦ ਵਿਚ ਇਹਦਾ ਸਿਰ ਪਾਵਾਂ"।

ਇਹ ਸੁਣਕੇ ਮਿਸਟਰ ਰਾਮਾ ਸ਼ੰਕਰ ਨੂੰ ਇਕ ਧੱਕਾ ਜਿਹਾ ਲੱਗਿਆ। ਉਹ ਖਿਆਲ ਕਰ ਰਹੇ ਸਨ ਕਿ ਰਾਮ ਦੇ ਖਿਲਾਫ ਕੋਈ ਸੰਗੀਨ ਇਲਜ਼ਾਮ ਹੋਵੇਗਾ। ਪਰ ਇਹ ਸੁਣਕੇ ਕਿ ਉਸਨੇ ਰਸੋਈ ਵਿਚੋਂ ਸਿਰਫ ਦੋ ਕੱਚੇ ਟਮਾਟਰ ਚੁੱਕਕੇ ਖਾਧੇ ਹਨ, ਉਹਨਾਂ ਨੂੰ ਬਹੁਤ ਨਿਰਾਸਤਾ ਹੋਈ। ਰਾਮ ਨੂੰ ਝਿੜਕਣ-ਝਾੜਨ ਦੀ ਉਹਨਾਂ ਦੀ ਸਾਰੀ ਤਿਆਰੀ ਇਕਦਮ ਠੰਢੀ ਪੈ ਗਈ। ਉਹਨਾਂ ਨੂੰ ਇਉਂ ਮਹਿਸੂਸ ਹੋਇਆ ਕਿ ਉਹਨਾਂ ਦਾ ਸੀਨਾ ਇਕਦਮ ਖਾਲੀ ਹੋ ਗਿਆ ਹੈ ਜਿਵੇਂ ਇਕ ਵਾਰ

ਉਹਨਾਂ ਦੀ ਮੋਟਰ ਦੇ ਪਹੀਏ ਦੀ ਸਾਰੀ ਹਵਾ ਨਿਕਲ ਗਈ ਸੀ।

ਟਮਾਟਰ ਖਾਣਾ ਕੋਈ ਜੁਰਮ ਨਹੀਂ। ਇਸ ਤੋਂ ਬਿਨਾਂ ਮਿਸਟਰ ਸ਼ੰਕਰ ਅਚਾਰੀਆ ਦੇ ਇਕ ਮਿੱਤਰ ਨੇ, ਜੋ ਜਰਮਨੀ ਤੋਂ ਡਾਕਟਰੀ ਦੀ ਉੱਚੀ ਸਨਦ ਲੈ ਕੇ ਆਇਆ ਸੀ, ਉਹਨਾਂ ਨੂੰ ਕਿਹਾ ਸੀ ਕਿ ਆਪਣੇ ਬੱਚਿਆਂ ਨੂੰ ਖਾਣੇ ਵਿਚ ਕੱਚੇ ਟਮਾਟਰ ਜ਼ਰੂਰ ਦੇਆ ਕਰੋ, ਕਿਉਂਕਿ ਉਹਨਾਂ ਵਿਚ ਵਿਟਾਮਿਨ ਬਹੁਤ ਹੁੰਦੇ ਹਨ। ਪਰ ਹੁਣ ਕਿਉਂਜੁ ਉਹ ਰਾਮ ਦੀ ਝਾੜ-ਝੰਬ ਲਈ ਤਿਆਰ ਹੋ ਚੁੱਕੇ ਸਨ ਅਤੇ ਉਹਨਾਂ ਦੀ ਬੀਵੀ ਦੀ ਵੀ ਇਹੀ ਖੁਆਹਸ਼ ਸੀ, ਇਸ ਲਈ ਉਹਨਾਂ ਨੇ ਥੋੜ੍ਹੀ ਦੇਰ ਵਿਚਾਰਕੇ ਇਕ ਕਾਨੂੰਨੀ ਨੁਕਤਾ ਲੱਭਿਆ ਅਤੇ ਇਸ ਲੱਭਤ ਉੱਤੇ ਦਿਲ ਹੀ ਦਿਲ ਵਿਚ ਖੁਸ਼ ਹੋ ਕੇ ਆਪਣੇ ਬੇਟੇ ਨੂੰ ਕਿਹਾ, "ਮੇਰੇ ਨੇੜੇ ਆ, ਅਤੇ ਜੋ ਕੁਝ ਮੈਂ ਤੈਥੋਂ ਪੁੱਛਾਂ, ਸੱਚ ਸੱਚ ਦੱਸ"।

ਮਿਸਜ਼ ਰਾਮਾ ਸ਼ੰਕਰ ਅਚਾਰੀਆ ਚਲੀ ਗਈ ਅਤੇ ਰਾਮ ਚੁੱਪਚਾਪ ਆਪਣੇ ਬਾਪ ਦੇ ਸਾਹਮਣੇ ਖੜ੍ਹਾ ਹੋ ਗਿਆ। ਮਿਸਟਰ ਰਾਮਾ ਸ਼ੰਕਰ ਅਚਾਰੀਆ ਨੇ ਪੁੱਛਿਆ, "ਤੂੰ ਰਸੋਈ ਵਿਚੋਂ ਦੋ ਕੱਚੇ ਟਮਾਟਰ ਕੱਢਕੇ ਕਿਉਂ ਖਾਧੇ?"

ਰਾਮ ਨੇ ਜਵਾਬ ਦਿੱਤਾ, "ਦੋ ਕਿੱਥੇ ਸੀ, ਮਾਂ ਝੂਠ ਬੋਲਦੀ ਹੈ"।

"ਤੂੰ ਹੀ ਦੱਸ ਕਿੰਨੇ ਸੀ"।

"ਡੇਢ, ਇਕ ਅਤੇ ਅੱਧਾ", ਰਾਮ ਨੇ ਇਹ ਲਫਜ਼ ਉਂਗਲੀਆਂ ਨਾਲ਼ ਅੱਧੇ ਦਾ ਨਿਸ਼ਾਨ ਬਣਾ ਕੇ ਬੋਲੇ, "ਦੂਜੇ ਅੱਧੇ ਨਾਲ ਮਾਤਾ ਜੀ ਨੇ ਦੁਪਹਿਰ ਨੂੰ ਚਟਣੀ ਬਣਾਈ ਸੀ"।

"ਚਲੋ ਡੇਢ ਹੀ ਸਹੀ, ਪਰ ਤੂੰ ਇਹ ਉੱਥੋਂ ਚੁੱਕੇ ਕਿਉਂ"?

ਰਾਮ ਨੇ ਜਵਾਬ ਦਿੱਤਾ, "ਖਾਣ ਲਈ"।

"ਠੀਕ ਹੈ, ਪਰ ਤੂੰ ਚੋਰੀ ਕੀਤੀ", ਮਿਸਟਰ ਰਾਮਾ ਸ਼ੰਕਰ ਅਚਾਰੀਆ ਨੇ ਕਾਨੂੰਨੀ ਨੁਕਤਾ ਪੇਸ਼ ਕੀਤਾ।

"ਚੋਰੀ! ਬਾਪੂ ਜੀ ਮੈਂ ਚੋਰੀ ਨਹੀਂ ਕੀਤੀ, ਟਮਾਟਰ ਖਾਧੇ ਹਨ, ਇਹ ਚੋਰੀ ਕਿਵੇਂ ਹੋਈ", ਇਹ ਕਹਿੰਦਾ ਹੋਇਆ ਉਹ ਫਰਸ਼ 'ਤੇ ਬੈਠ ਗਿਆ ਅਤੇ ਗਹੁ ਨਾਲ ਆਪਣੇ ਪਿਉ ਵੱਲ ਦੇਖਣ ਲੱਗਿਆ।

"ਇਹ ਚੋਰੀ ਸੀ। ਦੂਜੇ ਦੀ ਚੀਜ਼ ਨੂੰ ਉਸਦੀ ਇਜਾਜ਼ਤ ਤੋਂ ਬਿਨਾਂ ਚੁੱਕ ਲੈਣਾ ਚੋਰੀ ਹੁੰਦੀ ਹੈ"। ਮਿਸਟਰ ਸ਼ੰਕਰ ਅਚਾਰੀਆ ਨੇ ਇਉਂ ਆਪਣੇ ਬੱਚੇ ਨੂੰ ਸਮਝਾਇਆ ਅਤੇ ਖਿਆਲ ਕੀਤਾ ਕਿ ਉਹ ਉਹਨਾਂ ਦਾ ਸਾਰ-ਤੱਤ ਚੰਗੀ ਤਰ੍ਹਾਂ ਸਮਝ ਗਿਆ ਹੈ। ਰਾਮ ਨੇ ਤੁਰੰਤ ਕਿਹਾ, "ਪਰ ਟਮਾਟਰ ਤਾਂ ਸਾਡੇ ਆਪਣੇ ਸਨ, ਮੇਰੀ ਮਾਤਾ ਜੀ ਦੇ"।

ਸ਼੍ਰੀਮਾਨ ਸ਼ੰਕਰ ਅਚਾਰੀਆ ਝੁੰਜਲਾ ਗਏ। ਫਿਰ ਵੀ ਉਹਨਾਂ ਝੱਟ ਆਪਣਾ ਮਤਲਬ ਸਮਝਾਉਣ ਦੀ ਕੋਸ਼ਿਸ਼ ਕੀਤੀ, "ਤੇਰੀ ਮਾਤਾ ਜੀ ਦੇ ਸਨ ਠੀਕ ਹੈ, ਪਰ ਉਹ ਤੇਰੇ ਤਾਂ ਨਹੀਂ ਨਾ ਹੋਏ। ਜੋ ਚੀਜ਼ ਉਹਨਾਂ ਦੀ ਹੈ ਉਹ ਤੇਰੀ ਕਿਵੇਂ ਹੋ ਸਕਦੀ ਹੈ? ਦੇਖ ਸਾਹਮਣੇ ਮੇਜ਼ 'ਤੇ ਤੇਰਾ ਖਿਡੌਣਾ ਪਿਆ ਹੈ, ਚੁੱਕ ਲਿਆ, ਮੈਂ ਤੈਨੂੰ ਚੰਗੀ ਤਰ੍ਹਾਂ ਸਮਝਾਉਂਦਾ ਹਾਂ"।

ਰਾਮ ਉੱਠਿਆ ਅਤੇ ਭੱਜਕੇ ਲੱਕੜੀ ਦਾ ਘੋੜਾ ਚੁੱਕ ਲਿਆਇਆ ਅਤੇ ਆਪਣੇ ਪਿਉ ਦੇ ਹੱਥ ਵਿਚ ਫੜਾ ਦਿੱਤਾ।

"ਇਹ ਲਉ"।

ਮਿਸਟਰ ਰਾਮਾ ਸ਼ੰਕਰ ਅਚਾਰੀਆ ਬੋਲੇ, "ਹਾਂ, ਤਾਂ ਦੇਖ, ਇਹ ਘੋੜਾ ਤੇਰਾ ਹੈ ਨਾ?"

"ਜੀ ਹਾਂ"।

"ਜੇ ਮੈਂ ਇਹਨੂੰ ਤੇਰੀ ਇਜਾਜ਼ਤ ਤੋਂ ਬਗ਼ੈਰ ਚੁੱਕਕੇ ਆਪਣੇ ਕੋਲ ਰੱਖ ਲਵਾਂ ਤਾਂ ਇਹ

ਚੋਰੀ ਹੋਵੇਗੀ"। ਮਿਸਟਰ ਰਾਮਾ ਸ਼ੰਕਰ ਨੇ ਹੋਰ ਵਿਆਖਿਆ ਕਰਦਿਆਂ ਕਿਹਾ, "ਅਤੇ ਮੈਂ ਚੋਰ"।

"ਨਹੀਂ ਪਿਤਾ ਜੀ, ਤੁਸੀਂ ਇਸਨੂੰ ਆਪਣੇ ਕੋਲ ਰੱਖ ਸਕਦੇ ਹੋ। ਮੈਂ ਤੁਹਾਨੂੰ ਚੋਰ ਨਹੀਂ ਕਹਾਂਗਾ। ਮੇਰੇ ਕੋਲ ਖੇਡਣ ਲਈ ਹਾਥੀ ਜੂ ਹੈ। ਕੀ ਤੁਸੀਂ ਹੁਣ ਤਕ ਦੇਖਿਆ ਨਹੀਂ। ਕਲ੍ਹ ਹੀ ਮੁਣਸ਼ੀ ਦਾਦਾ ਨੇ ਲੈ ਕੇ ਦਿੱਤਾ ਹੈ। ਰੁਕੋ, ਮੈਂ ਹੁਣੇ ਤੁਹਾਨੂੰ ਦਿਖਾਉਂਦਾ ਹਾਂ"। ਇਹ ਕਹਿ ਕੇ ਤਾੜੀਆਂ ਵਜਾਉਂਦਾ ਹੋਇਆ ਉਹ ਦੂਜੇ ਕਮਰੇ ਵਿਚ ਚਲਿਆ ਗਿਆ ਅਤੇ ਮਿਸਟਰ ਰਾਮਾ ਸ਼ੰਕਰ ਅਚਾਰੀਆ ਅੱਖਾਂ ਮਲਦੇ ਰਹਿ ਗਏ।

ਦੂਜੇ ਦਿਨ ਮਿਸਟਰ ਰਾਮਾ ਸ਼ੰਕਰ ਨੂੰ ਇਕ ਖਾਸ ਕੰਮ ਲਈ ਪੂਨੇ ਜਾਣਾ ਪਿਆ। ਉਹਨਾਂ ਦੀ ਵੱਡੀ ਭੈਣ ਓਥੇ ਰਹਿੰਦੀ ਸੀ। ਕਾਫੀ ਚਿਰ ਤੋਂ ਉਹ ਛੋਟੇ ਰਾਮ ਨੂੰ ਦੇਖਣ ਲਈ ਬੇਕਰਾਰ ਸੀ। ਇੰਝ ਇਕ ਪੰਥ ਦੋ ਕਾਜ਼ ਦੇ ਸਨਮੁਖ ਰਾਮਾ ਸ਼ੰਕਰ ਅਚਾਰੀਆ ਆਪਣੇ ਬੇਟੇ ਨੂੰ ਵੀ ਨਾਲ਼ ਲੈ ਗਏ। ਪਰ ਇਸ ਸ਼ਰਤ 'ਤੇ ਕਿ ਉਹ ਰਸਤੇ ਵਿਚ ਕੋਈ ਇੱਲਤ ਨਹੀਂ ਕਰੇਗਾ। ਨੰਨ੍ਹਾ ਰਾਮ ਇਸ ਸ਼ਰਤ ਉੱਤੇ ਪੋਰੀਬੰਦਰ ਦੇ ਸਟੇਸ਼ਨ ਤਕ ਹੀ ਕਾਇਮ ਰਹਿ ਸਕਿਆ। ਓਧਰ ਦੱਕਨ ਕੁਈਨ ਚੱਲੀ ਤੇ ਏਧਰ ਰਾਮ ਦੇ ਛੋਟੇ ਜਿਹੇ ਸੀਨੇ ਵਿਚ ਸ਼ਰਾਰਤਾਂ ਨੇ ਮਚਲਨਾ ਸ਼ੁਰੂ ਕਰ ਦਿੱਤਾ।

ਮਿਸਟਰ ਰਾਮਾ ਸ਼ੰਕਰ ਅਚਾਰੀਆ ਸੈਕੰਡ ਕਲਾਸ ਕੰਪਾਰਟਮੈਂਟ ਦੀ ਚੌੜੀ ਸੀਟ ਉੱਤੇ ਬੈਠੇ ਆਪਣੇ ਨਾਲ਼ ਵਾਲ਼ੇ ਮੁਸਾਫਰ ਦਾ ਅਖਬਾਰ ਪੜ੍ਹ ਰਹੇ ਸਨ। ਅਤੇ ਸੀਟ ਦੇ ਆਖਰੀ ਹਿੱਸੇ ਉੱਤੇ ਰਾਮ ਖਿੜਕੀ ਤੋਂ ਬਾਹਰ ਝਾਕ ਰਿਹਾ ਸੀ ਤੇ ਹਵਾ ਦਾ ਦਬਾਅ ਦੇਖਕੇ ਇਹ ਸੋਚ ਰਿਹਾ ਸੀ ਕਿ ਜੇ ਉਹ ਉਸਨੂੰ ਲੈ ਉੱਡੇ ਤਾਂ ਕਿੰਨਾ ਮਜ਼ਾ ਆਵੇ।

ਮਿਸਟਰ ਰਾਮਾ ਸ਼ੰਕਰ ਅਚਾਰੀਆ ਨੇ ਆਪਣੇ ਐਨਕ ਦੇ ਕੋਣਿਆਂ ਵਿਚੀਂ ਰਾਮ ਵੱਲ ਦੇਖਿਆ ਤੇ ਉਸਨੂੰ ਬਾਹੋਂ ਫੜਕੇ ਹੇਠਾਂ ਬੈਠਾ ਦਿੱਤਾ। "ਤੂੰ ਚੈਨ ਵੀ ਲੈਣ ਦੇਵੇਂਗਾ ਜਾਂ ਨਹੀਂ, ਆਰਾਮ ਨਾਲ਼ ਬਹਿ ਜਾ"। ਇਹ ਕਹਿੰਦਿਆਂ ਹੋਇਆਂ ਉਹਨਾਂ ਦੀ ਨਜ਼ਰ ਰਾਮ ਦੀ ਟੋਪੀ 'ਤੇ ਪਈ ਜੋ ਉਸਦੇ ਸਿਰ ਉੱਤੇ ਚਮਕ ਰਹੀ ਸੀ, "ਇਹਨੂੰ ਲਾਹ ਕੇ ਰੱਖ ਨਾਲਾਇਕ, ਹਵਾ ਇਹਨੂੰ ਉਡਾ ਕੇ ਲੈ ਜਾਵੇਗੀ"।

ਉਹਨਾਂ ਨੇ ਰਾਮ ਦੇ ਸਿਰ ਤੋਂ ਟੋਪੀ ਲਾਹ ਕੇ ਉਸਦੀ ਗੋਦ ਵਿਚ ਰੱਖ ਦਿੱਤੀ।

ਪਰ ਥੋੜ੍ਹੀ ਦੇਰ ਬਾਅਦ ਟੋਪੀ ਫੇਰ ਰਾਮ ਦੇ ਸਿਰ ਉੱਤੇ ਸੀ ਅਤੇ ਉਹ ਖਿੜਕੀ ਤੋਂ ਬਾਹਰ ਸਿਰ ਕੱਢੀ ਦੌੜਦੇ ਹੋਏ ਦਰਖਤਾਂ ਨੂੰ ਗਹੁ ਨਾਲ਼ ਦੇਖ ਰਿਹਾ ਸੀ। ਦਰਖਤਾਂ ਦੀ ਭੱਜ ਦੌੜ ਰਾਮ ਦੇ ਜ਼ਿਹਨ ਵਿਚ ਲੁਕਣਮੀਚੀ ਦੀ ਦਿਲਚਸਪ ਖੇਡ ਦਾ ਨਕਸ਼ਾ ਖਿੱਚ ਰਹੀ ਸੀ।

ਹਵਾ ਦੇ ਬੁੱਲੇ ਨਾਲ਼ ਅਖਬਾਰ ਦੂਹਰਾ ਹੋ ਗਿਆ ਅਤੇ ਮਿਸਟਰ ਰਾਮਾ ਸ਼ੰਕਰ ਅਚਾਰੀਆ ਨੇ ਆਪਣੇ ਬੇਟੇ ਦੇ ਸਿਰ ਨੂੰ ਫੇਰ ਖਿੜਕੀ ਤੋਂ ਬਾਹਰ ਦੇਖਿਆ। ਗ਼ੁੱਸੇ ਵਿਚ ਉਹਨਾਂ ਨੇ ਉਸਦੀ ਬਾਂਹ ਖਿੱਚਕੇ ਆਪਣੇ ਕੋਲ ਬੈਠਾਇਆ ਅਤੇ ਕਿਹਾ, "ਜੇ ਤੂੰ ਏਥੋਂ ਇਕ ਇੰਚ ਵੀ ਹਿੱਲਿਆ ਤਾਂ ਤੇਰੀ ਖੈਰ ਨਹੀਂ"। ਇਹ ਕਹਿ ਕੇ ਉਹਨਾਂ ਨੇ ਟੋਪੀ ਚੁੱਕਕੇ ਉਸਦੀਆਂ ਲੱਤਾਂ ਉੱਤੇ ਰੱਖ ਦਿੱਤੀ।

ਇਸ ਕੰਮ ਤੋਂ ਵਿਹਲੇ ਹੋ ਕੇ ਉਹਨਾਂ ਨੇ ਅਖਬਾਰ ਚੁੱਕਿਆ ਅਤੇ ਉਹ ਅਜੇ ਇਸ ਵਿਚੋਂ ਉਹ ਸਤਰਾਂ ਹੀ ਲੱਭ ਰਹੇ ਸਨ ਜਿੱਥੋਂ ਉਹਨਾਂ ਨੇ ਪੜ੍ਹਨਾ ਛੱਡਿਆ ਸੀ ਕਿ ਰਾਮ ਨੇ ਖਿੜਕੀ ਵੱਲ ਸਰਕ ਕੇ ਬਾਹਰ ਝਾਕਣਾ ਸ਼ੁਰੂ ਕਰ ਦਿੱਤਾ। ਟੋਪੀ ਉਹਦੇ ਸਿਰ ਉੱਤੇ ਸੀ। ਇਹ ਦੇਖਕੇ ਮਿਸਟਰ ਸ਼ੰਕਰ ਅਚਾਰੀਆ ਨੂੰ ਸਖਤ ਗ਼ੁੱਸਾ ਆਇਆ। ਉਹਨਾਂ ਦਾ ਹੱਥ ਭੁੱਖੀ ਇਲ੍ਹ ਵਾਂਗੂੰ ਟੋਪੀ ਵੱਲ ਵਧਿਆ ਤੇ ਪਲਕ ਝਲਕ ਵਿਚ ਉਹ ਉਹਨਾਂ ਦੀ ਸੀਟ ਦੇ ਹੇਠਾਂ ਸੀ। ਇਹ ਸਭ ਕੁਝ ਏਨੀ ਤੇਜ਼ੀ ਨਾਲ ਹੋਇਆ ਕਿ ਰਾਮ ਨੂੰ ਸਮਝਣ ਦਾ ਮੌਕਾ ਹੀ ਨਾ ਮਿਲ਼ਿਆ। ਮੁੜ ਕੇ ਉਸਨੇ ਆਪਣੇ ਬਾਪ

ਵੱਲ ਦੇਖਿਆ। ਐਪਰ ਉਹਨਾਂ ਦੇ ਹੱਥ ਖਾਲੀ ਨਜ਼ਰ ਆਏ। ਏਸੇ ਪਰੇਸ਼ਾਨੀ ਵਿਚ ਉਸਨੇ ਖਿੜਕੀ ਤੋਂ ਬਾਹਰ ਝਾਕ ਕੇ ਦੇਖਿਆ ਤਾਂ ਉਸਨੂੰ ਰੇਲ ਦੀ ਪਟੜੀ 'ਤੇ ਬਹੁਤ ਪਿਛਾਂਹ ਇਕ ਖਾਕੀ ਕਾਗ਼ਜ਼ ਦਾ ਟੁਕੜਾ ਉਡਦਾ ਨਜ਼ਰ ਆਇਆ। ਉਸਨੇ ਸਮਝਿਆ ਕਿ ਇਹ ਮੇਰੀ ਟੋਪੀ ਹੈ।

ਇਹ ਖਿਆਲ ਆਉਂਦਿਆਂ ਹੀ ਉਸਦੇ ਦਿਲ ਨੂੰ ਇਕ ਧੱਕਾ ਜਿਹਾ ਲੱਗਿਆ। ਪਿਉ ਵੱਲ ਭੈੜੀਆਂ ਜਿਹੀਆਂ ਨਿਗਾਹਾਂ ਨਾਲ ਦੇਖਦਿਆਂ ਹੋਇਆਂ ਉਸਨੇ ਕਿਹਾ, "ਬਾਪੂ ਮੇਰੀ ਟੋਪੀ"। ਮਿਸਟਰ ਸ਼ੰਕਰ ਅਚਾਰੀਆ ਖਾਮੋਸ਼ ਰਹੇ।

"ਹਾਇ ਮੇਰੀ ਟੋਪੀ", ਰਾਮ ਦੀ ਆਵਾਜ਼ ਉੱਚੀ ਹੋਈ।

ਮਿਸਟਰ ਰਾਮਾ ਸ਼ੰਕਰ ਅਚਾਰੀਆ ਕੁਝ ਨਾ ਬੋਲੇ।

ਰਾਮ ਨੇ ਰੋਂਦੀ ਆਵਾਜ਼ ਵਿਚ ਕਿਹਾ 'ਮੇਰੀ ਟੋਪੀ' ਅਤੇ ਆਪਣੇ ਪਿਉ ਦਾ ਹੱਥ ਫੜ ਲਿਆ।

ਮਿਸਟਰ ਰਾਮਾ ਸ਼ੰਕਰ ਅਚਾਰੀਆ ਨੇ ਉਸਦਾ ਹੱਥ ਝਟਕਕੇ ਕਿਹਾ, "ਡੇਗ ਦਿੱਤੀ ਹੋਵੇਗੀ ਤੈਂ, ਹੁਣ ਰੋਂਦਾ ਕਿਉਂ ਹੈਂ ?" ਇਸ 'ਤੇ ਰਾਮ ਦੀਆਂ ਅੱਖਾਂ ਵਿਚ ਦੋ ਮੋਟੇ ਮੋਟੇ ਹੰਝੂ ਤੈਰਨ ਲੱਗੇ।

"ਪਰ ਧੱਕਾ ਤਾਂ ਤੁਸੀਂ ਹੀ ਦਿੱਤਾ ਸੀ", ਉਸਨੇ ਏਨਾ ਕਿਹਾ ਤੇ ਰੋਣ ਲੱਗਿਆ।

ਮਿਸਟਰ ਰਾਮਾ ਸ਼ੰਕਰ ਨੇ ਰਤਾ ਝਾੜਿਆ ਤਾਂ ਰਾਮ ਨੇ ਹੋਰ ਜ਼ਿਆਦਾ ਰੋਣਾ ਸ਼ੁਰੂ ਕਰ ਦਿੱਤਾ। ਉਹਨਾਂ ਨੇ ਉਸਨੂੰ ਚੁੱਪ ਕਰਾਉਣ ਦੀ ਬਹੁਤ ਕੋਸ਼ਿਸ਼ ਕੀਤੀ ਪਰ ਕਾਮਯਾਬ ਨਾ ਹੋਏ। ਰਾਮ ਦਾ ਰੋਣਾ ਸਿਰਫ ਟੋਪੀ ਬੰਦ ਕਰਾ ਸਕਦੀ ਸੀ। ਇਸ ਲਈ ਰਾਮਾ ਸ਼ੰਕਰ ਅਚਾਰੀਆ ਨੇ ਥੱਕ ਹਾਰ ਕੇ ਉਸਨੂੰ ਕਿਹਾ, "ਟੋਪੀ ਵਾਪਸ ਆ ਜਾਵੇਗੀ ਪਰ ਸ਼ਰਤ ਇਹ ਹੈ ਕਿ ਤੂੰ ਉਸਨੂੰ ਪਹਿਨੇਂਗਾ ਨਹੀਂ!"

ਰਾਮ ਦੀਆਂ ਅੱਖਾਂ ਵਿਚੋਂ ਹੰਝੂ ਝੱਟਪੱਟ ਖੁਸ਼ਕ ਹੋ ਗਏ ਜਿਵੇਂ ਤਪੀ ਹੋਈ ਰੇਤ ਵਿਚ ਬਾਰਸ਼ ਦੇ ਕਤਰੇ ਜਜ਼ਬ ਹੋ ਜਾਣ। ਉਹ ਸਰਕ ਕੇ ਅੱਗੇ ਵਧ ਆਇਆ ਤੇ ਬੋਲਿਆ, "ਉਹ ਵਾਪਸ ਲੈ ਆਓ"।

ਮਿਸਟਰ ਰਾਮਾ ਸ਼ੰਕਰ ਅਚਾਰੀਆ ਨੇ ਕਿਹਾ, "ਇਉਂ ਥੋੜ੍ਹੀ ਵਾਪਸ ਆ ਜਾਵੇਗੀ, ਮੰਤਰ ਪੜ੍ਹਨਾ ਪਏਗਾ"।

ਕੰਪਾਰਟਮੈਂਟ ਵਿਚ ਸਭ ਮੁਸਾਫਰ ਬਾਪ ਬੇਟੇ ਦੀ ਗੱਲਬਾਤ ਸੁਣ ਰਹੇ ਸਨ।

"ਮੰਤਰ", ਇਹ ਕਹਿੰਦਿਆਂ ਹੋਇਆਂ ਰਾਮ ਨੂੰ ਤੁਰੰਤ ਉਹ ਕਿੱਸਾ ਯਾਦ ਆ ਗਿਆ ਜਿਸ ਵਿਚ ਇਕ ਮੁੰਡੇ ਨੇ ਮੰਤਰ ਰਾਹੀਂ ਦੂਜਿਆਂ ਦੀਆਂ ਚੀਜ਼ਾਂ ਗੁੰਮ ਕਰਨੀਆਂ ਸ਼ੁਰੂ ਕਰ ਦਿੱਤੀਆਂ ਸਨ।

"ਪੜ੍ਹੋ ਪਿਤਾ ਜੀ", ਇਹ ਕਹਿ ਕੇ ਉਹ ਗਹੁ ਨਾਲ਼ ਆਪਣੇ ਬਾਪ ਵੱਲ ਦੇਖਣ ਲੱਗਿਆ ਜਿਵੇਂ ਮੰਤਰ ਪੜ੍ਹਦੇ ਸਮੇਂ ਮਿਸਟਰ ਸ਼ੰਕਰ ਆਚਾਰੀਆ ਦੇ ਗੰਜੇ ਸਿਰ 'ਤੇ ਸਿੰਗ ਉੱਗ ਆਉਣਗੇ।

ਮਿਸਟਰ ਰਾਮਾ ਸ਼ੰਕਰ ਆਚਾਰੀਆ ਨੇ ਉਸ ਮੰਤਰ ਦੇ ਬੋਲ ਯਾਦ ਕਰਦਿਆਂ ਹੋਇਆਂ ਕਿਹਾ ਜੋ ਉਹਨਾਂ ਨੇ ਬਚਪਨ ਵਿਚ 'ਇੰਦਰ ਜਾਲ ਮੁਕੰਮਲ' ਤੋਂ ਜ਼ੁਬਾਨੀ ਯਾਦ ਕੀਤਾ ਸੀ, "ਤੂੰ ਫੇਰ ਸ਼ਰਾਰਤ ਤਾਂ ਨਹੀਂ ਕਰੇਂਗਾ?"

"ਨਹੀਂ ਬਾਪੂ ਜੀ", ਰਾਮ ਨੇ, ਜੋ ਮੰਤਰ ਦੀਆਂ ਗਹਿਰਾਈਆਂ ਵਿਚ ਡੁੱਬ ਰਿਹਾ ਸੀ, ਆਪਣੇ ਪਿਉ ਨਾਲ ਸ਼ਰਾਰਤ ਨਾ ਕਰਨ ਦਾ ਵਾਅਦਾ ਕਰ ਲਿਆ।

ਮਿਸਟਰ ਰਾਮਾ ਸ਼ੰਕਰ ਅਚਾਰੀਆ ਨੂੰ ਮੰਤਰ ਦੇ ਬੋਲ ਯਾਦ ਆ ਗਏ ਅਤੇ ਉਹਨਾਂ ਨੇ

ਦਿਲ ਹੀ ਦਿਲ ਵਿਚ ਆਪਣੇ ਚੇਤੇ ਦੀ ਦਾਦ ਦੇ ਕੇ ਆਪਣੇ ਮੁੰਡੇ ਨੂੰ ਕਿਹਾ, "ਲੈ ਹੁਣ ਤੂੰ ਅੱਖਾਂ ਬੰਦ ਕਰ ਲੈ"।

ਰਾਮ ਨੇ ਅੱਖਾਂ ਬੰਦ ਕਰ ਲਈਆਂ ਅਤੇ ਮਿਸਟਰ ਰਾਮਾ ਸ਼ੰਕਰ ਅਚਾਰੀਆ ਨੇ ਮੰਤਰ ਪੜ੍ਹਨਾ ਸ਼ੁਰੂ ਕੀਤਾ।

"ਓਮ ਨਮਾ ਕਾਮੇਸ਼ਵਰੀ ਮਦ ਮਦੀਸ਼ ਓਤਮਾ ਦੇ ਭਰੀਂਗ ਪਰਾ ਸਵਾਹ" ਮਿਸਟਰ ਰਾਮਾ ਸ਼ੰਕਰ ਅਚਾਰੀਆ ਦਾ ਇਕ ਹੱਥ ਸੀਟ ਦੇ ਹੇਠਾਂ ਗਿਆ ਅਤੇ 'ਸਵਾਹ' ਦੇ ਨਾਲ ਹੀ ਰਾਮ ਦੀ ਟੋਪੀ ਉਸਦੇ ਗੁਦਗੁਦੇ ਪੱਟਾਂ 'ਤੇ ਆ ਡਿੱਗੀ।

ਰਾਮ ਨੇ ਅੱਖਾਂ ਖੋਲ੍ਹ ਦਿੱਤੀਆਂ। ਟੋਪੀ ਉਸਦੀ ਚਪਟੀ ਨੱਕ ਦੇ ਸਾਹਮਣੇ ਪਈ ਸੀ ਅਤੇ ਮਿਸਟਰ ਰਾਮਾ ਸ਼ੰਕਰ ਅਚਾਰੀਆ ਦੀ ਤਿੱਖੀ ਨੱਕ ਐਨਕ ਦੀ ਸੁਨਹਿਰੀ ਪਕੜ ਹੇਠਾਂ ਥਰਥਰਾ ਰਹੀ ਸੀ। ਅਦਾਲਤ ਵਿਚ ਮੁਕੱਦਮਾ ਜਿੱਤਣ ਪਿੱਛੋਂ ਉਹਨਾਂ ਦੀ ਇਹੋ ਜਿਹੀ ਹਾਲਤ ਹੋਇਆ ਕਰਦੀ ਸੀ।

"ਟੋਪੀ ਆ ਗਈ", ਰਾਮ ਨੇ ਸਿਰਫ ਏਨਾ ਕਿਹਾ ਤੇ ਚੁੱਪ ਕਰ ਗਿਆ। ਮਿਸਟਰ ਸ਼ੰਕਰ ਅਚਾਰੀਆ ਰਾਮ ਨੂੰ ਖਾਮੋਸ਼ ਬੈਠਣ ਦਾ ਹੁਕਮ ਦੇ ਕੇ ਅਖਬਾਰ ਪੜ੍ਹਨ ਵਿਚ ਰੁੱਝ ਗਏ। ਇਕ ਖਬਰ ਚੋਖੀ ਦਿਲਚਸਪ ਅਤੇ ਅਖਬਾਰੀ ਜ਼ੁਬਾਨ ਵਿਚ ਬੇਹੱਦ ਸਨਸਨੀਖੇਜ਼ ਸੀ। ਇਸ ਲਈ ਉਹ ਮੰਤਰ ਵਗੈਰਾ ਸਭ ਕੁਝ ਭੁੱਲ ਕੇ ਉਸ ਵਿਚ ਗੁਆਚ ਗਏ। ਦੱਕਣ ਕੁਈਨ ਬਿਜਲੀ ਦੇ ਪਰਾਂ 'ਤੇ ਪੂਰੀ ਤੇਜ਼ੀ ਨਾਲ ਉਡ ਰਹੀ ਸੀ। ਉਸਦੇ ਫੌਲਾਦੀ ਪਹੀਆਂ ਦੀ ਇਕਸਾਰ ਗੜਗੜਾਹਟ ਅਖਬਾਰ ਦੀ ਸਨਸਨੀ ਪੈਦਾ ਕਰਨ ਵਾਲੀ ਖਬਰ ਦੀ ਹਰ ਸਤਰ ਨੂੰ ਗੂੜ੍ਹੀ ਕਰ ਰਹੀ ਸੀ। ਮਿਸਟਰ ਸ਼ੰਕਰ ਅਚਾਰੀਆ ਇਹ ਸਤਰ ਪੜ੍ਹ ਰਹੇ ਸਨ:

"ਅਦਾਲਤ ਵਿਚ ਸੰਨਾਟਾ ਪਸਰਿਆ ਹੋਇਆ ਸੀ। ਸਿਰਫ ਟਾਈਪਰਾਈਟਰ ਦੀ ਟਿਕ ਟਿਕ ਸੁਣਾਈ ਦਿੰਦੀ ਸੀ। ਮੁਲਜ਼ਮ ਇਕਦਮ ਚੀਕਿਆ- ਬਾਪੂ ਜੀ!....."

ਐਨ ਉਸ ਵਕਤ ਰਾਮ ਨੇ ਆਪਣੇ ਬਾਪ ਨੂੰ ਜ਼ੋਰ ਦੀ ਆਵਾਜ਼ ਮਾਰੀ- "ਬਾਪੂ ਜੀ"। ਅਤੇ ਮਿਸਟਰ ਰਾਮਾ ਸ਼ੰਕਰ ਅਚਾਰੀਆ ਨੂੰ ਇਉਂ ਜਾਪਿਆ ਜਿਵੇਂ ਨਿਗਾਹ ਹੇਠਲੀ ਸਤਰ ਦੇ ਆਖਰੀ ਲਫਜ਼ ਕਾਗ਼ਜ਼ 'ਚੋਂ ਉੱਛਲ ਪਏ ਹਨ।

ਰਾਮ ਦੇ ਥਰਥਰਾਉਂਦੇ ਬੁਲ੍ਹ ਦੱਸ ਰਹੇ ਸਨ ਕਿ ਉਹ ਕੁਝ ਕਹਿਣਾ ਚਾਹੁੰਦਾ ਹੈ।

ਮਿਸਟਰ ਰਾਮਾ ਸ਼ੰਕਰ ਅਚਾਰੀਆ ਨੇ ਜ਼ਰਾ ਤੇਜ਼ੀ ਨਾਲ ਕਿਹਾ, "ਕੀ ਹੈ?" ਅਤੇ ਐਨਕ ਦੇ ਇਕ ਕੋਣਿਉਂ ਟੋਪੀ ਨੂੰ ਸੀਟ ਉੱਤੇ ਪਿਆ ਦੇਖਕੇ ਆਪਣੀ ਤਸੱਲੀ ਕਰ ਲਈ।

ਰਾਮ ਅੱਗੇ ਸਰਕ ਆਇਆ ਅਤੇ ਕਹਿਣ ਲੱਗਿਆ, "ਬਾਪੂ ਜੀ ਉਹੀ ਮੰਤਰ ਪੜ੍ਹੋ!"

"ਕਿਉਂ?" ਇਹ ਕਹਿੰਦਿਆਂ ਹੋਇਆਂ ਮਿਸਟਰ ਰਾਮਾ ਸ਼ੰਕਰ ਅਚਾਰੀਆ ਨੇ ਰਾਮ ਦੀ ਟੋਪੀ ਵੱਲ ਗਹੁ ਨਾਲ ਦੇਖਿਆ ਜੋ ਸੀਟ ਦੇ ਖੂੰਜੇ ਵਿਚ ਪਈ ਸੀ।

"ਤੁਹਾਡੇ ਕਾਗ਼ਜ਼ ਜੋ ਏਥੇ ਪਏ ਸੀ, ਮੈਂ ਬਾਹਰ ਸੁੱਟ ਦਿੱਤੇ ਹਨ"।

ਰਾਮ ਨੇ ਇਸ ਤੋਂ ਅੱਗੇ ਕੁਝ ਹੋਰ ਵੀ ਕਿਹਾ ਪਰ ਮਿਸਟਰ ਰਾਮਾ ਸ਼ੰਕਰ ਅਚਾਰੀਆ ਦੀਆਂ ਅੱਖਾਂ ਅੱਗੇ ਹਨੇਰਾ ਜਿਹਾ ਪਸਰ ਗਿਆ। ਬਿਜਲੀ ਵਰਗੀ ਤੇਜ਼ੀ ਨਾਲ ਉੱਠਕੇ ਉਹਨਾਂ ਨੇ ਖਿੜਕੀ ਤੋਂ ਬਾਹਰ ਝਾਕ ਕੇ ਦੇਖਿਆ। ਐਪਰ ਰੇਲ ਦੀ ਪਟੜੀ ਦੇ ਨਾਲ ਤਤਲੀਆਂ ਵਾਂਗ ਫੜਫੜਾਉਂਦੇ ਕਾਗ਼ਜ਼ ਦੇ ਪੁਰਜ਼ਿਆਂ ਤੋਂ ਬਿਨਾਂ ਹੋਰ ਕੁਝ ਨਜ਼ਰ ਨਾ ਆਇਆ।

"ਤੈਂ ਉਹ ਕਾਗ਼ਜ਼ ਸੁੱਟ ਦਿੱਤੇ ਜੋ ਏਥੇ ਪਏ ਸੀ?" ਉਹਨਾਂ ਨੇ ਆਪਣੇ ਸੱਜੇ ਹੱਥ ਨਾਲ਼ ਸੀਟ ਵੱਲ ਇਸ਼ਾਰਾ ਕਰਦਿਆਂ ਕਿਹਾ।

ਰਾਮ ਨੇ ਪੁਸ਼ਟੀ ਵਿਚ ਸਿਰ ਹਿਲਾ ਦਿੱਤਾ। 'ਤੁਸੀਂ ਉਹੀ ਮੰਤਰ ਪੜ੍ਹੋ ਨਾ!"

ਮਿਸਟਰ ਰਾਮਾ ਸ਼ੰਕਰ ਅਚਾਰੀਆ ਨੂੰ ਅਜਿਹਾ ਕੋਈ ਮੰਤਰ ਯਾਦ ਨਹੀਂ ਸੀ ਜੋ ਸੱਚਮੁੱਚ ਗੁਆਚੀਆਂ ਚੀਜ਼ਾਂ ਨੂੰ ਵਾਪਸ ਲਿਆ ਸਕੇ। ਉਹ ਸਖਤ ਪਰੇਸ਼ਾਨ ਸਨ। ਉਹ ਕਾਗ਼ਜ਼ ਜੋ ਉਹਨਾਂ ਦੇ ਬੇਟੇ ਨੇ ਸੁੱਟ ਦਿੱਤੇ ਸਨ, ਇਕ ਨਵੇਂ ਮੁਕੱਦਮੇ ਦੀ ਮਿਸਲ ਸੀ ਜਿਸ ਵਿਚ ਚਾਲੀ ਹਜ਼ਾਰ ਦੇ ਮੁੱਲ ਦੇ ਕਾਨੂੰਨੀ ਕਾਗ਼ਜ਼ ਪਏ ਸਨ। ਮਿਸਟਰ ਰਾਮਾ ਸ਼ੰਕਰ ਐੱਮ.ਏ. ਐੱਲ.ਐੱਲ.ਬੀ ਦੀ ਬਾਜ਼ੀ ਉਹਨਾਂ ਦੀ ਆਪਣੀ ਚਾਲ ਨਾਲ਼ ਹੀ ਮਾਤ ਹੋ ਗਈ ਸੀ। ਇਕ ਪਲ ਲਈ ਅੰਦਰੇ ਅੰਦਰ ਉਹਨਾਂ ਦੇ ਕਾਨੂੰਨੀ ਦਿਮਾਗ਼ ਵਿਚ ਕਾਗ਼ਜ਼ਾਂ ਬਾਰੇ ਸੈਂਕੜੇ ਵਿਚਾਰ ਆਏ। ਸਪਸ਼ਟ ਹੈ ਮਿਸਟਰ ਰਾਮਾ ਸ਼ੰਕਰ ਅਚਾਰੀਆ ਦੇ ਮੁਅੱਕਲ ਦਾ ਨੁਕਸਾਨ ਉਹਨਾਂ ਦਾ ਆਪਣਾ ਨੁਕਸਾਨ ਸੀ, ਮਗਰ ਹੁਣ ਉਹ ਕਰ ਕੀ ਸਕਦੇ ਸਨ। ਸਿਰਫ ਇਹ ਕਿ ਅਗਲੇ ਸਟੇਸ਼ਨ 'ਤੇ ਉੱਤਰਕੇ ਰੇਲ ਦੀ ਪਟੜੀ ਦੇ ਨਾਲ ਨਾਲ ਚੱਲਣਾ ਸ਼ੁਰੂ ਕਰ ਦੇਣ ਅਤੇ ਦਸ ਪੰਦਰਾਂ ਮੀਲ ਤਕ ਇਹਨਾਂ ਕਾਗ਼ਜ਼ਾਂ ਦੀ ਭਾਲ਼ ਵਿਚ ਮਾਰੇ ਮਾਰੇ ਫਿਰਦੇ ਰਹਿਣ। ਮਿਲਣ ਨਾ ਮਿਲਣ ਉਹਨਾਂ ਦੀ ਕਿਸਮਤ।

ਇਕ ਪਲ ਵਿਚ ਸੈਂਕੜੇ ਗੱਲਾਂ ਸੋਚਣ ਮਗਰੋਂ ਆਖਰ ਉਹਨਾਂ ਨੇ ਆਪਣੇ ਦਿਲ ਨਾਲ ਫੈਸਲਾ ਕਰ ਲਿਆ ਕਿ ਜੇ ਭਾਲਣ 'ਤੇ ਕਾਗ਼ਜ਼ ਨਾ ਮਿਲੇ ਤਾਂ ਮੁਅੱਕਲ ਦੇ ਸਾਹਮਣੇ ਇਕ ਵਾਢਿਉਂ ਇਨਕਾਰ ਕਰ ਦੇਣਗੇ ਕਿ ਉਸ ਨੇ ਉਹਨਾਂ ਨੂੰ ਕਾਗ਼ਜ਼ ਦਿੱਤੇ ਸਨ। ਇਖਲਾਕੀ ਤੇ ਕਾਨੂੰਨੀ ਤੌਰ 'ਤੇ ਇਹ ਸਰਾਸਰ ਨਾਜਾਇਜ਼ ਸੀ ਪਰ ਇਸ ਤੋਂ ਬਿਨਾਂ ਹੋਰ ਹੋ ਵੀ ਕੀ ਸਕਦਾ ਸੀ!

ਇਸ ਤਸੱਲੀਬਖਸ਼ ਖਿਆਲ ਦੇ ਬਾਵਜੂਦ ਮਿਸਟਰ ਰਾਮਾ ਸ਼ੰਕਰ ਅਚਾਰੀਆ ਦੇ ਹਲਕ ਵਿਚ ਤਲਖੀ ਜਿਹੀ ਪੈਦਾ ਹੋ ਰਹੀ ਸੀ। ਇਕਦਮ ਉਹਨਾਂ ਦੇ ਦਿਲ ਵਿਚ ਆਇਆ ਕਿ ਕਾਗ਼ਜ਼ਾਂ ਵਾਂਗ ਉਹ ਰਾਮ ਨੂੰ ਵੀ ਚੁੱਕਕੇ ਗੱਡੀ ਤੋਂ ਬਾਹਰ ਸੁੱਟ ਦੇਣ। ਪਰ ਇਸ ਖੁਆਹਸ਼ ਨੂੰ ਸੀਨੇ ਵਿਚ ਦਬਾ ਕੇ ਉਹਨਾਂ ਨੇ ਉਸ ਵੱਲ ਦੇਖਿਆ।

ਰਾਮ ਦੇ ਬੁਲ੍ਹਾਂ ਉੱਤੇ ਇਕ ਅਜੀਬ ਕਿਸਮ ਦਾ ਖੇੜਾ ਪਸਰ ਰਿਹਾ ਸੀ।

ਉਸਨੇ ਹੌਲੀ ਜਿਹੀ ਕਿਹਾ, "ਬਾਪੂ ਜੀ ਮੰਤਰ ਪੜ੍ਹੋ"।

"ਆਰਾਮ ਨਾਲ ਬਹਿ ਜਾ, ਨਹੀਂ ਤਾਂ ਯਾਦ ਰੱਖ ਸੰਘੀ ਨੱਪ ਦੇਵਾਂਗਾ", ਮਿਸਟਰ ਰਾਮਾ ਸ਼ੰਕਰ ਅਚਾਰੀਆ ਝੁੰਜਲਾ ਗਏ। ਉਸ ਮੁਸਾਫਰ ਦੇ ਲਬਾਂ ਉੱਤੇ ਜੋ ਬਾਪ ਬੇਟੇ ਦੀ ਗੱਲਬਾਤ ਸੁਣ ਰਿਹਾ ਸੀ, ਇਕ ਅਰਥ ਭਰਪੂਰ ਮੁਸਕਰਾਹਟ ਨੱਚ ਰਹੀ ਸੀ।

ਰਾਮ ਅਗਾਂਹ ਸਰਕ ਆਇਆ। "ਬਾਪੂ ਜੀ ਤੁਸੀਂ ਅੱਖਾਂ ਬੰਦ ਕਰ ਲਉ, ਮੈਂ ਮੰਤਰ ਪੜ੍ਹਦਾ ਹਾਂ"।

ਮਿਸਟਰ ਰਾਮਾ ਸ਼ੰਕਰ ਅਚਾਰੀਆ ਨੇ ਅੱਖਾਂ ਬੰਦ ਨਾ ਕੀਤੀਆਂ ਪਰ ਰਾਮ ਨੇ ਮੰਤਰ ਪੜ੍ਹਨਾ ਸ਼ੁਰੂ ਕਰ ਦਿੱਤਾ। "ਊਂਗ ਮਿਆਂਗ ਸ਼ਿਆਂਗ , ਲਦਮਗਾ...ਫਰੋਦਮਾ...ਸਵਾਹਾ" ਅਤੇ 'ਸਵਾਹਾ' ਦੇ ਨਾਲ ਹੀ ਮਿਸਟਰ ਰਾਮਾ ਸ਼ੰਕਰ ਅਚਾਰੀਆ ਦੇ ਮਾਸਲ ਪੱਟਾਂ 'ਤੇ ਕਾਗ਼ਜ਼ਾ ਦਾ ਇਕ ਪੁਲੰਦਾ ਆ ਡਿੱਗਿਆ।

ਉਹਨਾਂ ਦੀ ਨੱਕ ਐਨਕ ਦੀ ਸੁਨਹਿਰੀ ਗਰਿਫਤ ਹੇਠਾਂ ਜ਼ੋਰ ਨਾਲ ਥਰਥਰਾਈ।

ਰਾਮ ਦੇ ਚਪਟੇ ਨੱਕ ਦੀਆਂ ਗੋਲ਼ ਤੇ ਲਾਲ ਲਾਲ ਨਾਸਾਂ ਵੀ ਥਰਥਰਾ ਰਹੀਆਂ ਸਨ।

[ਅਨੁਵਾਦ: ਰਘਬੀਰ ਸਿੰਘ]

ਗਰਮ ਹਵਾ ਦਾ ਬੁੱਲਾ

ਮੇਜਰ ਮਾਂਗਟ

"ਬੇਟਾ ਜੇ ਤੈਨੂੰ ਸਾਈਕਾਲੋਜੀ ਚੰਗੀ ਲੱਗਦੀ ਹੈ ਤਾਂ ਉਹ ਲੈ ਲਾ...। ਜ਼ਰੂਰੀ ਤਾਂ ਨਹੀਂ, ਬਈ ਹਰ ਬੱਚਾ ਕੰਪਿਊਟਰ ਇੰਜਨੀਅਰ ਹੀ ਬਣੇ, ਜਾਂ ਬਿਜ਼ਨਸ ਐਂਡ ਮਨੇਜਮੈਂਟ ਵਿਚ ਹੀ ਜਾਵੇ", ਗੋਵਿੰਦਰ ਨੇ ਆਪਣੀ ਬੇਟੀ ਤਨੂ ਨੂੰ ਕਿਹਾ।

"ਠੀਕ ਹੈ ਡੈਡ। ਮਿਸਜ਼ ਹੈਨਸਨ ਕਹਿ ਰਹੀ ਸੀ ਕਿ ਤੂੰ ਏਸੇ ਫੀਲਡ 'ਚ ਕੰਮ ਕਰ। ਤੇ ਮੇਰਾ ਵਿਸ਼ਾ ਹੈ 'ਇਕੀਵੀਂ ਸਦੀ ਵਿਚ ਮਰਦਾਂ ਦੀ ਔਰਤਾਂ ਪ੍ਰਤੀ ਮਾਨਸਿਕਤਾ।'

ਇਹ ਸੁਣਕੇ ਗੋਵਿੰਦਰ ਸੁੰਨ ਹੋ ਗਿਆ, ਕਿ ਕਿਤੇ ਉਸਦੀ ਬੇਟੀ 'ਤੇ ਘਰ ਦੇ ਮਾਹੌਲ ਦਾ ਜਾਂ ਉਸਦੇ ਵਰਤਾਅ ਦਾ ਤਾਂ ਕੋਈ ਮਾੜਾ ਪ੍ਰਭਾਵ ਨਹੀਂ। ਪਰ ਉਸ ਨੇ ਤਾਂ ਕਦੀ ਕੋਈ ਫਰਕ ਹੀ ਨਹੀਂ ਸੀ ਕੀਤਾ। ਤੇ ਨਾ ਹੀ ਉਸਦੀ ਘਰਵਾਲੀ ਪੈਮ ਨੇ। ਹੋਰ ਵੀ ਕਦੇ ਕੋਈ ਊਚ ਨੀਚ ਨਹੀਂ ਸੀ ਹੋਈ। ਸਗੋਂ ਲੋਕ ਤਾਂ ਉਹਨਾਂ ਦੇ ਪਰਿਵਾਰ ਦੀਆਂ ਉਦਾਹਰਨਾਂ ਦੇ ਕੇ ਗੱਲ ਕਰਦੇ, ਕਿ ਜੇ ਕੁੜੀ ਪਾਲਣੀ ਹੋਵੇ ਤਾਂ ਕੋਈ ਏਦਾਂ ਪਾਲੇ। ਫੇਰ ਉਸਦੀ ਬੱਚੀ ਨੇ ਇਸੇ ਵਿਸ਼ੇ 'ਤੇ ਸਟੱਡੀ ਕਰਨ ਦੀ ਕਿਉਂ ਸੋਚੀ ਸੀ? ਉਹ ਚਿੰਤਤ ਹੋਇਆ।

ਉਸਦੀ ਬੇਟੀ ਤਨੂ ਦਾ 'ਯੂਨੀਵਰਸਿਟੀ ਆਫ ਟੋਰਾਂਟੋ' ਵਿਚ ਦੂਸਰਾ ਸਾਲ ਸੀ। ਹਾਈ ਸਕੂਲ ਤੋਂ ਹੀ ਉਸ ਨੂੰ ਸਾਈਕਾਲੋਜੀ ਬਹੁਤ ਪਸੰਦ ਸੀ। ਇਸੇ ਸੰਬੰਧੀ ਕਲਾਸ ਵਿਚ ਕਈ ਪ੍ਰੋਜੈਕਟ ਵੀ ਮਿਲਦੇ ਰਹੇ। ਕਦੀ ਉਹ ਚਾਈਲਡ ਲੇਬਰ ਦਾ ਸੰਤਾਪ ਹੰਢਾ ਰਹੇ ਬੱਚਿਆਂ ਦੀ ਮਾਨਸਿਕਤਾ 'ਤੇ ਗੱਲ ਕਰਦੀ ਅਤੇ ਕਦੀ ਬੀਆਂ ਪੁੱਤਰਾਂ ਵੱਲੋਂ ਅਬਿਊਜ਼ ਹੋ ਰਹੇ ਮਾਪਿਆਂ ਜਾਂ ਸੀਨੀਅਰਜ਼ ਦੀ ਮਾਨਸਿਕਤਾ 'ਤੇ। ਪਰ ਆਹ ਹੁਣ ਮਰਦਾਂ ਦੀ ਮਾਨਸਿਕਤਾ ਵਾਲਾ ਵਿਸ਼ਾ ਉਸ ਨੇ ਨਵਾਂ ਹੀ ਚੁਣ ਲਿਆ ਸੀ। ਪਰ ਇਸਦੀ ਸਟੱਡੀ ਕਿੱਥੇ ਤੇ ਕਿਵੇਂ ਹੋਣੀ ਸੀ। ਗੋਵਿੰਦਰ ਨੇ ਜਾਨਣਾ ਚਾਹਿਆ।

"ਬੇਟੇ ਤੂੰ ਤਾਂ ਪਿਛਲੇ ਸਾਲ ਕਹਿੰਦੀ ਸੀ ਕਿ ਮੈਂ ਅਗਲੇ ਸਮੈਸਟਰ ਇੰਗਲੈਂਡ ਦੀ ਯੂਨੀਵਰਸਿਟੀ ਆਸਟਨ ਜਾਣਾ ਹੈ, ਯੋਰਪ ਦੀ ਸਟੱਡੀ ਲਈ। ਕੀ ਤੂੰ ਸਟੂਡੈਂਟ ਐਕਸਚੇਂਜ ਪ੍ਰੋਗਰਾਮ ਅਧੀਨ ਇਸੇ ਵਿਸ਼ੇ 'ਤੇ ਕੰਮ ਕਰਨ ਦੀ ਗੱਲ ਕਰਦੀ ਸੀ?"

"ਨੋ ਨੋ ਡੈਡ, ਮਿਸਜ਼ ਹੈਨਸਨ ਕਹਿੰਦੀ ਹੈ ਤੂੰ ਇੰਡੀਆ ਨੂੰ ਚੁਜ਼ ਕਰ। ਯੂਨੀਵਰਸਿਟੀ ਐਕਸਚੇਂਜ ਪ੍ਰੋਗਰਾਮ ਅਧੀਨ ਤੂੰ ਓਥੇ ਵੀ ਜਾ ਸਕਦੀ ਏਂ। ਤੇ ਮੈਂ ਉਸ ਨੂੰ ਯੈਸ ਕਹਿ ਆਈ ਹਾਂ"।

"ਹੈਨਸਨ ਮੈਮ ਕਹਿ ਰਹੀ ਸੀ ਕਿ ਥਰਡ ਵਰਲਡ ਦੇਸ਼ਾਂ ਵਿਚ ਅਜੇ ਵੀ ਮਰਦਾਂ ਵੱਲੋਂ ਔਰਤਾਂ ਨਾਲ ਬਹੁਤ ਵਿਤਕਰਾ ਕੀਤਾ ਜਾਂਦਾ ਹੈ। ਇਕ ਮਾਂ ਬੱਚੇ ਜੰਮਦੀ ਹੈ, ਪਾਲ਼ਦੀ ਹੈ, ਤੇ ਘਰ ਦਾ ਸਾਰਾ ਕੰਮ ਵੀ ਕਰਦੀ ਹੈ, ਪਰ ਆਮਦਨ ਦਾ ਸਾਰਾ ਪੈਸਾ ਸਿਰਫ ਮਰਦ ਸੰਭਾਲਦਾ ਹੈ"।

"ਸਾਡੇ ਡਿਪਾਰਟਮੈਂਟ ਦਾ ਹੈੱਡ ਮਿਸਟਰ ਡੈਕਸਟਰ ਕਹਿੰਦਾ ਸੀ, ਭਾਰਤ ਅਤੇ ਚੀਨ ਦੋ ਅਜਿਹੇ ਮੁਲਕ ਨੇ ਜਿੱਥੇ ਔਰਤਾਂ ਤੇ ਮਰਦਾਂ ਦੇ ਅਨੁਪਾਤ ਵਿਚ ਵੀ ਬਹੁਤ ਵੱਡਾ ਫਰਕ ਹੈ। ਕੁੜੀਆਂ ਨੂੰ ਜੰਮਣ ਤੋਂ ਪਹਿਲਾਂ ਹੀ ਮਾਰਨ ਦਾ ਰੁਝਾਨ, ਸਗੋਂ ਹੋਰ ਵੀ ਵਧ ਰਿਹਾ ਏ। ਉਸ ਨੇ ਹਿਸਟਰੀ ਦੀ ਵੀ ਸਟੱਡੀ ਕੀਤੀ ਸੀ, ਤੇ ਦੱਸਦਾ ਸੀ ਕਿ ਇਹ ਕੁੜੀਆਂ ਮਾਰਨ ਦੀ ਟਰੈਡੀਸ਼ਨ ਉੱਥੇ ਸਦੀਆਂ ਤੋਂ ਚਲੀ ਆ ਰਹੀ ਹੈ। ਇਸਦੇ ਪਿੱਛੇ ਕੀ ਮਾਨਸਿਕਤਾ ਹੋ ਸਕਦੀ ਹੈ? ਮੈਂ ਇਹ ਹੀ ਜਾਨਣਾ ਚਾਹੁੰਦੀ ਹਾਂ। ਮੈਂ ਦਿੱਲੀ ਦੀ ਨਹਿਰੂ ਯੂਨੀਵਰਸਿਟੀ 'ਚ ਜਾਵਾਂਗੀ। ਮੈਂ ਕਿਤੇ ਵੀ ਰਹਿ ਕੇ ਕੰਮ ਕਰ ਸਕਦੀ ਹਾਂ। ਤੇ ਮੈਂ ਚੁਣਿਆ ਹੈ ਪੰਜਾਬ ਨੂੰ," ਤਨੂੰ ਇਕੋ ਸਾਹੇ ਕਹਿ ਗਈ।

"ਚਲੋ ਠੀਕ ਹੈ ਬੇਟਾ, ਉੱਥੇ ਆਪਣੇ ਰਿਸ਼ਤੇਦਾਰ ਵੀ ਨੇ, ਵਾਕਿਫ ਦੋਸਤ ਮਿੱਤਰ ਵੀ ਨੇ। ਤੂੰ ਉਨ੍ਹਾਂ ਨਾਲ ਵੀ ਗੱਲਾਂ ਕਰ ਸਕਦੀ ਏਂ। ਸਵਾਲ ਪੁੱਛ ਸਕਦੀ ਏਂ। ਸਭ ਤੇਰੀ ਮੱਦਦ ਕਰਨਗੇ। ਪਰ ਇਕ ਗੱਲ ਹੋਰ ਪੁੱਛਾਂ? ਪਹਿਲਾਂ ਤਾਂ ਤੂੰ ਇੰਡੀਆ ਕਦੇ ਜਾਣਾ ਨਹੀਂ ਸੀ ਚਾਹੁੰਦੀ,

ਹੁਣ ਤੂੰ ਉਸੇ ਹੀ ਕੰਟਰੀ ਨੂੰ ਸਟੱਡੀ ਲਈ ਕਿਉਂ ਚੁਣ ਲਿਆ? ਕੀ ਤੂੰ ਉੱਥੇ ਰਹਿ ਵੀ ਲਵੇਂਗੀ?"

"ਡੈਡ ਆਈ ਲਾਈਕ ਚੈਲੰਜਡ ਜੌਬਜ਼...। ਤੁਸੀਂ ਪਹਿਲੇ ਇਕ ਦੋ ਮਹੀਨੇ ਮੇਰੇ ਨਾਲ ਚੱਲਿਉ। ਫੇਰ ਮੈਂ ਆਪੇ ਐਡਜਸਟ ਕਰ ਜਾਵਾਂਗੀ"।

"ਠੀਕ ਹੈ ਬੇਟੇ। ਓਥੇ ਪਿੰਡ ਆਪਣਾ ਘਰ ਹੈ। ਪਰਿਵਾਰ ਹੈ। ਫੇਰ ਤੂੰ ਆਪਣੀ ਮਾਸੀ ਕੋਲ ਵੀ ਰਹਿ ਸਕਦੀ ਏਂ"।

ਤਨੂ ਦੀ ਮੰਮੀ ਪੈਮ, ਵੀ ਇਸ ਫੈਸਲੇ ਨਾਲ ਖੁਸ਼ ਸੀ। ਉਸ ਨੂੰ ਅੰਦਰੂਨੀ ਖੁਸ਼ੀ ਏਸ ਗੱਲ ਦੀ ਵੀ ਸੀ ਕਿ ਸ਼ਾਇਦ ਉੱਥੋਂ ਤਨੂ ਨੂੰ ਸ਼ਾਦੀ ਲਈ ਕੋਈ ਇੰਡੀਅਨ ਮੁੰਡਾ ਹੀ ਲੱਭ ਪਵੇ। ਪੈਮ ਦੇ ਸਿਰ 'ਤੇ ਇਹ ਤਲਵਾਰ ਹਮੇਸ਼ਾ ਲਟਕਦੀ ਰਹਿੰਦੀ ਸੀ ਕਿ ਕਿਤੇ ਉਨ੍ਹਾਂ ਦੀ ਇਕਲੌਤੀ ਧੀ ਕਿਸੇ ਹੋਰ ਕਮਿਊਨਟੀ ਵਿਚ ਵਿਆਹ ਕਰਵਾਉਣ ਦੀ ਨਾ ਜ਼ਿੱਦ ਕਰਨ ਲੱਗ ਪਵੇ। ਹੁਣ ਉਹ ਹਰ ਗੱਲ 'ਚ ਆਪਣੀ ਬੇਟੀ ਦਾ ਸਾਥ ਦੇ ਰਹੀ ਸੀ।

ਫੇਰ ਕਿੰਨੇ ਹੀ ਦਿਨ ਗੋਵਿੰਦਰ ਸੋਚਾਂ ਵਿਚ ਡੁੱਬਿਆ ਰਿਹਾ। ਉਹ ਮਨ ਹੀ ਮਨ ਸਕੀਮਾਂ ਬਣਾਉਂਦਾ ਰਹਿੰਦਾ ਕਿ ਬੇਟੀ ਨੂੰ ਲੈ ਕੇ ਕਿੱਥੇ ਕਿੱਥੇ ਜਾਵੇਗਾ ਤੇ ਕਿੰਨ੍ਹਾਂ ਕਿੰਨ੍ਹਾਂ ਲੋਕਾਂ ਨੂੰ ਮਿਲਾਵੇਗਾ। ਉਸ ਨੂੰ ਅਜੇ ਵੀ ਇੰਡੀਆ ਵਿਚ ਬਹੁਤ ਸਾਰੇ ਲੋਕ ਜਾਣਦੇ ਸਨ। ਉਸਦਾ ਇਕ ਲੇਖਕ ਮਿੱਤਰ ਵੀ ਸੀ, ਜਿਸ ਦੀ ਯੂਨੀਵਰਸਿਟੀਆਂ ਵਿਚ ਵੀ ਬਹੁਤ ਜਾਣ ਪਛਾਣ ਸੀ। ਉਸ ਦੀ ਵੀ ਮੱਦਦ ਲਈ ਜਾ ਸਕਦੀ ਸੀ।

ਗੋਵਿੰਦਰ ਚਾਹੁੰਦਾ ਸੀ ਕਿ ਉਸ ਦੀ ਬੇਟੀ ਇਹ ਰੀਸਰਚ ਕਰਕੇ ਟੌਪ ਸਾਈਕੋਲੋਜਿਸਟ ਬਣ ਜਾਵੇ। ਉਸ ਦਾ ਮਕਸਦ ਤਨੂ ਦੀ ਜ਼ਿੰਦਗੀ ਬਣਾਉਣਾ ਸੀ। ਤੇ ਫੇਰ ਉਨ੍ਹਾਂ ਭਾਰਤ ਜਾਣ ਦੀ ਤਿਆਰੀ ਆਰੰਭ ਦਿੱਤੀ।

0 0 0

ਸਤੰਬਰ ਦਾ ਮਹੀਨਾ ਸ਼ੁਰੂ ਹੁੰਦੇ ਹੀ ਵਿਦਿਆਰਥੀ ਯੂਨੀਵਰਸਿਟੀਆਂ ਨੂੰ ਪਰਤ ਗਏ। ਤਨਵੀਰ ਵੀ ਆਪਣਾ ਪੇਪਰ ਵਰਕ ਸਬਮਿਟ ਕਰਵਾਉਣ ਤੇ ਅਸਾਈਨਮੈਂਟ ਲੈਣ ਯੂਨੀਵਰਸਿਟੀ ਗਈ। ਉਹ ਆਪਣੇ ਅਧਿਆਪਕਾਂ ਨੂੰ ਮਿਲੀ। ਬਹੁਤ ਸਾਰੇ ਸੁਝਾਅ ਵੀ ਮਿਲੇ। ਆਪਣੇ ਪ੍ਰੋਫੈਸਰਾਂ ਦੀ ਰਹਿਨੁਮਾਈ ਸਦਕਾ ਹੀ ਉਸ ਨੇ ਇਹ ਪ੍ਰੋਜੈਕਟ ਪੂਰਾ ਕਰਨਾ ਸੀ। ਮਿਸਜ਼ ਹੈਨਸਨ ਵਾਰ ਵਾਰ ਆਖ ਰਹੀ ਸੀ, "ਤਨੂ ਆਪਣਾ ਖਿਆਲ ਰੱਖਣਾ। ਘੱਟੋ ਘੱਟ ਤੂੰ ਦਸ ਸਰਵੇ ਸਬਮਿੱਟ ਕਰਵਾਉਣੇ ਹੋਣਗੇ। ਸਾਰਾ ਕੰਮ ਨਾਲ ਦੀ ਨਾਲ ਈਮੇਲ ਕਰਦੀ ਰਹੀਂ"। ਉਸਨੇ ਰੀਸਰਚ ਵਰਕ ਲਈ ਕੁਝ ਵੈੱਬ-ਸਾਈਟਸ ਵੀ ਦਿੱਤੀਆਂ। ਤੇ ਸਾਰੇ ਪ੍ਰੋਜੈਕਟ ਦਾ ਵੇਰਵਾ ਵੀ ਕਿ ਕਿਵੇਂ ਉਸ ਨੇ ਹਰ ਏਜ ਗਰੁੱਪ ਦੀ ਮਾਨਸਿਕਤਾ ਨੂੰ ਟਟੋਲਣਾ ਹੈ। ਸਭ ਤੋਂ ਪਹਿਲਾਂ ਉਸਨੇ ਆਪਣੇ ਗਰੈਂਡ ਪੇਰੈਂਟਸ ਨੂੰ ਹੀ ਇੰਟਰਵਿਊ ਕਰਨਾ ਸੀ।

ਫੇਰ ਜਾਣ ਦੇ ਦਿਨ ਨੇੜੇ ਆਉਣ ਲੱਗੇ। ਤਨਵੀਰ ਨੇ ਆਪਣਾ ਸਮਾਨ ਪੈਕ ਕਰਨਾ ਸ਼ੁਰੂ ਕਰ ਦਿੱਤਾ। ਲੈਪਟੌਪ, ਮਾਈਕਰੋ ਟੇਪਰਿਕਾਰਡਰ, ਹਾਈ ਡੈਫੀਨੀਸ਼ਨ ਵੀਡੀਉ ਕੈਮਰਾ ਤੇ ਡਿਜੀਟਲ ਸਟਿੱਲ ਕੈਮਰਾ। ਇਹਨੀਂ ਦਿਨੀਂ ਉਹ ਭਾਰਤੀ ਫਿਲਮਾਂ ਦੇਖਦੀ ਤੇ ਤਰ੍ਹਾਂ ਤਰ੍ਹਾਂ ਦੇ ਸਵਾਲ ਪੁੱਛਦੀ ਰਹਿੰਦੀ। ਉਹ ਆਪਣੇ ਆਪ ਨੂੰ ਭਾਰਤੀ ਸੱਭਿਆਚਾਰ ਅਨੁਸਾਰ ਢਾਲ ਰਹੀ ਸੀ। ਉਸਦੀ ਮੌਮ ਨੇ ਉਸ ਨੂੰ ਬਹੁਤ ਸਾਰੀਆਂ ਹਦਾਇਤਾਂ ਦਿੱਤੀਆਂ, ਜੋ ਉਹ ਆਪਣੇ ਆਈ ਪੈਡ 'ਤੇ ਨੋਟ ਕਰੀ ਜਾ ਰਹੀ ਸੀ। ਫੇਰ ਪੈਮ ਨੇ ਉਸ ਨੂੰ ਫੈਮਲੀ ਡਾਕਟਰ ਦੀ ਸਲਾਹ ਨਾਲ ਬਹੁਤ ਸਾਰੀਆਂ ਦਵਾਈਆਂ ਲਿਆ ਦਿੱਤੀਆਂ ਤਾ ਕਿ ਤੁਰ ਜਾ ਕੇ ਬਿਮਾਰ ਨਾ ਹੋ ਜਾਵੇ। ਉਸ ਨੂੰ ਜ਼ਿਆਦਾ ਫਿਕਰ ਮਲੇਰੀਏ ਤੇ ਹੈਜ਼ੇ ਦਾ ਸੀ। ਤੇ ਦਵਾਈਆਂ ਦਾ ਭਰਿਆ ਬੈਗ ਵੀ ਉਸ ਨੇ ਆਪਣੇ ਅਟੈਚੀ ਵਿਚ ਪਾ ਲਿਆ।

ਪੈਮ ਉਸ ਨੂੰ ਦੱਸ ਰਹੀ ਸੀ ਕਿ 'ਉੱਥੇ ਇਹਨੀਂ ਦਿਨੀਂ ਮੱਛਰ ਬਹੁਤ ਹੋਵੇਗਾ।

ਬਿਜਲੀ ਦੇ ਕੱਟ ਵੀ ਆਮ ਹੀ ਲੱਗਣਗੇ। ਨਾਲੇ ਏਥੇ ਤਾਂ ਤੂੰ ਸਪਾਈਡਰ ਦੇਖ ਕੇ ਚੀਕਾਂ ਮਾਰਨ ਲੱਗ ਪੈਂਦੀ ਏਂ। ਉੱਥੇ ਕੰਧਾਂ 'ਤੇ ਕਿਰਲੀਆਂ, ਮੱਖੀਆਂ, ਭਮੱਕੜ ਤੇ ਫਰੋਂਗਜ਼ ਬਗੈਰਾ ਵੀ ਆਮ ਹੀ ਹੋਣਗੇ। ਇਹ ਸਭ ਕਾਸੇ ਲਈ ਤੈਨੂੰ ਮੈਂਟਲੀ ਪਰਪੇਅਰ ਹੋਕੇ ਜਾਣਾ ਪਵੇਗਾ'।

ਫੇਰ ਉਹ ਸਮਝਾਉਣ ਲੱਗਦੀ "ਉਥੇ ਸ਼ੌਰਟਸ ਨਾ ਪਾਈਂ, ਲੋਕ ਚੰਗਾ ਨੀ ਸਮਝਦੇ। ਹਾਫ ਪੈਂਟ ਵੀ ਨੀ ਪਾਉਣੀ। ਕਿਸੇ ਮੁੰਡੇ ਨਾਲ ਬਾਹਰ ਨਹੀਂ ਜਾਣਾ। ਰਾਤ ਪੈਣ ਤੋਂ ਪਹਿਲਾਂ ਪਹਿਲਾਂ ਆਪਣੀ ਰਿਹਾਇਸ਼ 'ਤੇ ਆਉਣਾ ਹੈ"।

ਤਾਂ ਤਨੂ ਅਚਾਨਕ ਹੀ ਸਵਾਲ ਦਾਗ ਦਿੰਦੀ, "ਮੰਮਾ ਕੀ ਇਹ ਪਾਬੰਦੀਆਂ ਓਥੇ ਮੁੰਡਿਆਂ 'ਤੇ ਵੀ ਨੇ?" ਜਦੋਂ ਪੈਮ ਨੋ ਕਹਿੰਦੀ, ਤਾਂ ਉਹ ਸੋਚਦੀ 'ਪ੍ਰੋਜੈਕਟ ਤਾਂ ਮੇਰਾ ਏਥੋਂ ਹੀ ਸ਼ੁਰੂ ਹੋ ਗਿਆ ਏ। ਹੁਣ ਮੈਂ ਜਾ ਕੇ ਸਟੱਡੀ ਕਰਾਂਗੀ ਕਿ ਇਹ ਪਾਬੰਦੀਆਂ ਸਿਰਫ ਕੁੜੀਆਂ 'ਤੇ ਹੀ ਕਿਉਂ ਨੇ? ਤੇ ਇਹ ਫਰਕ ਕਿਸ ਨੇ ਪਾਇਆ ਹੈ? ਤੇ ਕਿਉਂ ਪਾਇਆ?'

ਗੋਵਿੰਦਰ ਤੇ ਪੈਮ ਨੇ ਕੁੜੀਆਂ ਮੁੰਡਿਆਂ ਵਿਚ ਕਦੇ ਕੋਈ ਫਰਕ ਨਹੀਂ ਸੀ ਰੱਖਿਆ। ਫੇਰ ਵੀ ਸਮਾਜ ਵਿਚ ਕੁਝ ਰੀਤੀ ਰਿਵਾਜ ਤੇ ਗੱਲਾਂ ਅਜਿਹੀਆਂ ਸਨ, ਜਿਨ੍ਹਾਂ ਸੰਬੰਧੀ ਉਹ ਸਵਾਲ ਕਰਨ ਲੱਗ ਪੈਂਦੀ। ਅਖੇ 'ਤੁਸੀਂ ਮੇਰੀ ਲੋਹੜੀ ਮਨਾਈ ਸੀ? ਇੰਡੀਅਨ ਲੋਕ ਮੁੰਡਾ ਜੰਮੇ 'ਤੇ ਹੀ ਕਿਉਂ ਲੱਡੂ ਵੰਡਦੇ ਨੇ? ਕੁੜੀ ਜੰਮੀ 'ਤੇ ਕਿਉਂ ਨਹੀਂ?' ਪਰ ਪੈਮ ਕੋਲ ਉਸਦੇ ਅਜਿਹੇ ਸਵਾਲਾਂ ਦਾ ਕੋਈ ਸੰਤੋਖ ਜਨਕ ਉੱਤਰ ਨਾ ਹੁੰਦਾ। ਕਈ ਵਾਰ ਤਾਂ ਉਹ ਖਿਝ ਕੇ ਤਨੂ ਨੂੰ ਕਹਿੰਦੀ, "ਕੀ ਇਹ ਬੇਹੂਦਾ ਜਿਹੇ ਸਵਾਲ ਪੁੱਛਣ ਲੱਗ ਜਾਨੀ ਏਂ"।

ਫੇਰ ਕਦੇ ਕਦੇ ਪੈਮ ਆਪ ਹੀ ਦੱਸਣ ਲੱਗ ਪੈਂਦੀ, "ਤੇਰੀ ਕਿਸਮਤ ਚੰਗੀ ਆ, ਤੂੰ ਕਨੇਡਾ ਜੰਮੀਂ ਏਂ...। ਸਾਡੇ ਟੈਮ ਤਾਂ ਨਾ ਕੁੜੀਆਂ ਨੂੰ ਪੜ੍ਹਨ ਦੀ ਖੁੱਲ੍ਹ ਸੀ, ਨਾ ਖਾਣ ਪਹਿਨਣ ਦੀ। ਹੁਣ ਤਾਂ ਇੰਡੀਆ ਵੀ ਬਹੁਤ ਬਦਲ ਗਿਆ ਏ, ਪਰ ਅਜੇ ਕਨੇਡਾ ਜਿੰਨਾ ਨਹੀਂ। ਕੁੜੀਆਂ ਓਥੇ ਅਜੇ ਵੀ ਰਾਤ ਬਰਾਤੇ ਇਕੱਲੀਆਂ ਬਾਹਰ, ਆਪਣੀ ਮਰਜ਼ੀ ਨਾਲ ਨਹੀਂ ਜਾ ਸਕਦੀਆਂ, ਪਰ ਮੁੰਡੇ ਜੋ ਮਰਜ਼ੀ ਕਰ ਸਕਦੇ ਨੇ। ਜੇ ਮੁੰਡੇ ਗਰਲ ਫਰੈਂਡ ਰੱਖਣ ਤਾਂ ਕੋਈ ਗੱਲ ਨਹੀਂ, ਪਰ ਜੇ ਕੁੜੀ ਤੋਂ ਕਿਸੇ ਮੁੰਡੇ ਨੂੰ ਫਰੈਂਡ ਬਣਾਉਣ ਦੀ ਗ਼ਲਤੀ ਹੋ ਜਾਵੇ ਤਾਂ ਲੋਕ ਅਜੇ ਵੀ ਉਸ ਨੂੰ ਚੰਗੀ ਨਜ਼ਰ ਨਾਲ ਨਹੀਂ ਦੇਖਦੇ। ਦੇਖ ਮੇਰਾ ਪੁੱਤ ਇਨ੍ਹਾਂ ਸਾਰੀਆਂ ਗੱਲਾਂ ਦਾ ਧਿਆਨ ਰੱਖੀਂ"।

ਤਨੂ ਨੂੰ ਸਮਝੌਤੀਆਂ ਦੇਣ ਦੇ ਨਾਲ ਨਾਲ ਸਾਰੇ ਉਸ ਦੀ ਤਿਆਰੀ ਵਿਚ ਵੀ ਜੁਟ ਗਏ। ਕਦੇ ਪੈਮ ਉਸ ਨਾਲ ਅਸਹਿਮਤ ਹੁੰਦੀ ਤੇ ਕਦੇ ਤਨੂ ਪੈਮ ਨਾਲ। ਪਰ ਉਸਦੇ ਪ੍ਰੋਜੈਕਟ ਨਾਲ ਸਾਰੇ ਸਹਿਮਤ ਸਨ, ਜੋ ਉਸ ਨੂੰ ਯੂਨੀਵਰਸਿਟੀ ਨੇ ਖੋਜ ਕਾਰਜ ਲਈ ਸੌਂਪਿਆ ਸੀ। ਏਸੇ ਅਧੀਨ ਭਾਰਤੀ ਲੋਕਾਂ ਦੀ ਮਾਨਸਿਕਤਾ ਨੂੰ ਡੂੰਘੀਆਂ ਤਹਿਆਂ ਤਕ ਸਮਝ ਕੇ ਉਸ ਨੇ ਕੰਨਿਆ ਭਰੂਣ ਹੱਤਿਆ, ਔਰਤਾਂ ਪ੍ਰਤੀ ਵਧਦੀ ਜਾ ਰਹੀ ਹਿੰਸਾ, ਜਾਂ ਹੋ ਰਹੇ ਲਿੰਗ ਵਿਤਕਰੇ 'ਤੇ ਕੰਮ ਕਰਨਾ ਸੀ, ਜੋ ਹੁਣ ਕੈਨੇਡਾ ਵਿਚ ਵੀ ਪੈਰ ਪਸਾਰ ਰਹੇ ਸਨ।

ਤੇ ਇਸੇ ਸੰਬੰਧੀ 'ਟੋਰਾਂਟੋ ਸਟਾਰ' ਅਖਬਾਰ ਲੜੀਵਾਰ ਲਿਖ ਰਿਹਾ ਸੀ। ਨਵੇਂ ਅੰਕੜਿਆਂ ਅਨੁਸਾਰ ਭਾਰਤੀ ਕਮਿਊਨਟੀ ਵਿਚ ਮੁੰਡਿਆਂ ਦੇ ਮੁਕਾਬਲੇ ਕੁੜੀਆਂ ਦੀ ਅਨੁਪਾਤ ਖ਼ਤਰਨਾਕ ਹੱਦ ਤਕ ਡਿੱਗ ਚੁੱਕੀ ਸੀ। ਔਰਤਾਂ ਦੇ ਕਤਲਾਂ ਵਿਚ ਵਾਧਾ ਹੋਇਆ ਸੀ। ਸਰਕਾਰ ਬਹੁਤ ਫਿਕਰਮੰਦ ਸੀ। ਉਸ ਨੇ ਯੂਨੀਵਰਸਿਟੀਆਂ ਨੂੰ ਚੋਖੀ ਫੰਡਿੰਗ ਦਿੰਦਿਆਂ ਇਸ ਵਿਸ਼ੇ 'ਤੇ ਖੋਜ ਕਾਰਜ ਕਰਵਾਉਣ ਦੀ ਹਿਦਾਇਤ ਦਿੱਤੀ ਸੀ। ਤਨੂ ਦਾ ਇਹ ਪ੍ਰੋਜੈਕਟ ਵੀ ਉਸੇ ਅਧੀਨ ਸੀ। ਜਿਸ ਕਰਕੇ ਉਹ ਭਾਰਤ ਜਾ ਰਹੀ ਸੀ।

0 0 0

ਆਖਿਰ ਉਹ ਦਿਨ ਵੀ ਆ ਗਿਆ ਜਦੋਂ ਤਨੂ ਤੇ ਉਸਦਾ ਡੈਡ ਜਹਾਜ਼ ਵਿਚ ਬੈਠੇ ਭਾਰਤ ਨੂੰ ਜਾ ਰਹੇ ਸਨ। ਰਸਤੇ ਵਿਚ ਗੋਵਿੰਦਰ ਆਪਣੀ ਬੇਟੀ ਨੂੰ ਸਮਝਾਉਂਦਾ ਜਾ ਰਿਹਾ ਸੀ, ਕਿ

ਸਿੱਖ ਧਰਮ ਵਿਚ ਔਰਤਾਂ ਨੂੰ ਬਰਾਬਰ ਦਾ ਦਰਜਾ ਦਿੱਤਾ ਗਿਆ ਹੈ। ਉਸਨੇ ਇਹ ਵੀ ਦੱਸਿਆ ਕਿ ਕਿਵੇਂ ਗੁਰੂ ਨਾਨਕ ਦੇਵ ਜੀ ਨੇ 'ਸੋ ਕਿਉਂ ਮੰਦਾ ਆਖੀਐ' ਕਹਿ ਕੇ ਸਦੀਆਂ ਪਹਿਲਾਂ ਔਰਤ ਦੇ ਹੱਕ ਵਿਚ ਆਵਾਜ਼ ਉਠਾਈ ਸੀ।

ਫੇਰ ਉਹਨਾਂ ਦਾ ਜਹਾਜ਼ ਗੁਰੂ ਕੀ ਨਗਰੀ ਅਮ੍ਰਿਤਸਰ ਨੂੰ ਛੋਹਿਆ। ਮਿਥੇ ਪ੍ਰੋਗਰਾਮ ਅਨੁਸਾਰ, ਉਨ੍ਹਾਂ ਸਭ ਤੋਂ ਪਹਿਲਾਂ ਦਰਬਾਰ ਸਾਹਿਬ ਮੱਥਾ ਟੇਕ ਕੇ, ਫੇਰ ਅੱਗੇ ਜਾਣਾ ਸੀ। ਉਨ੍ਹਾਂ ਦੇ ਕਦਮ ਕੁਝ ਸਮੇਂ ਬਾਅਦ ਹੀ ਦਰਬਾਰ ਸਾਹਿਬ ਦੀ ਪਰਿਕਰਮਾ ਕਰ ਰਹੇ ਸਨ। ਗੋਵਿੰਦਰ ਅਕਾਲ ਤਖਤ ਸਾਹਿਬ ਦੀ ਇਤਿਹਾਸਕ ਮਹੱਤਤਾ ਦੱਸ ਰਿਹਾ ਸੀ ਪਰ ਤਨੂ ਪੁੱਛ ਰਹੀ ਸੀ ਕਿ 'ਸਿੱਖ ਧਰਮ ਵਿਚ ਹੁਣ ਤਕ ਕਿੰਨੀਆਂ ਕੁ ਔਰਤਾਂ ਅਕਾਲ ਤਖਤ ਸਾਹਿਬ ਦੀਆਂ ਜੱਥੇਦਾਰ ਬਣੀਆਂ ਨੇ?'

ਪਰ ਜਦੋਂ ਉਸ ਨੂੰ ਇਹ ਵੀ ਪਤਾ ਲੱਗਾ ਕਿ ਔਰਤਾਂ ਨੂੰ ਤਾਂ ਦਰਬਾਰ ਸਾਹਿਬ ਵਿਚ ਅਜੇ ਕੀਰਤਨ ਕਰਨ ਦੀ ਵੀ ਆਗਿਆ ਨਹੀਂ ਹੈ ਤਾਂ ਉਹ ਬੇਹੱਦ ਪ੍ਰੇਸ਼ਾਨ ਹੋ ਗਈ। ਗੋਵਿੰਦਰ ਕੋਲ ਭਾਵੇਂ ਉਸਦੇ ਇਨ੍ਹਾਂ ਪ੍ਰਸ਼ਨਾਂ ਦਾ ਕੋਈ ਉੱਤਰ ਨਹੀਂ ਸੀ। ਪਰ ਫੇਰ ਵੀ ਉਹ ਤਨੂ ਨੂੰ ਕਈ ਗੱਲਾਂ ਸਮਝਾਉਂਦਾ ਰਿਹਾ।

ਤਨੂ ਨੇ ਪੁੱਛਿਆ, "ਤਾਂ ਫੇਰ ਰੱਬ ਦਾ ਕਨਸੈਪਟ ਵੀ ਮਰਦਾਂ ਨੇ ਹੀ ਪੈਦਾ ਕੀਤਾ ਹੋਊ? ਤਾਂ ਹੀ ਤਾਂ ਰੱਬ ਮੇਲ ਹੈ। ਜੋ ਔਰਤ ਬੱਚੇ ਨੂੰ ਜਨਮ ਦਿੰਦੀ ਹੈ ਉਹ ਵੀ ਤਾਂ ਰੱਬ ਸਮਾਨ ਹੈ? ਫੇਰ ਰੱਬ ਫੀ-ਮੇਲ ਕਿਉਂ ਨਹੀਂ ਸਿਰਜਿਆ ਗਿਆ? ਬੰਦੇ ਨੇ ਆਦਿ ਕਾਲ ਤੋਂ ਹੀ ਪਾਵਰ ਆਪਣੇ ਹੱਥ ਕਿਉਂ ਰੱਖੀ ਹੈ"?

"ਹਾਂ ਬੇਟੀ ਪਰਨਾਲਾ ਅਜੇ ਵੀ ਉੱਥੇ ਦਾ ਉੱਥੇ ਹੀ ਹੈ," ਗੋਵਿੰਦਰ ਬੋਲਿਆ।

ਤਨੂ ਦੀਆਂ ਐਕਸਰੇ ਨਜ਼ਰਾਂ ਬਾਹਰ ਸਾਰਾ ਕੁਝ ਤਾੜ ਰਹੀਆਂ ਸਨ। ਗੋਵਿੰਦਰ ਉਸ ਦੀਆਂ ਗੱਲਾਂ ਦੇ ਸਰਦੇ ਬਣਦੇ ਉੱਤਰ ਵੀ ਦਈ ਜਾ ਰਿਹਾ ਸੀ। ਪਰ ਉਸ ਨੂੰ ਆਪ ਨੂੰ ਵੀ ਕਈ ਗੱਲਾਂ ਦਾ ਬੜੀ ਸ਼ਿੱਦਤ ਨਾਲ ਅਹਿਸਾਸ ਹੋ ਰਿਹਾ ਸੀ, ਜੋ ਉਸ ਨੇ ਪਹਿਲਾਂ ਕਦੀ ਨਹੀਂ ਸਨ ਸੋਚੀਆਂ। ਹੌਲੀ ਹੌਲੀ ਉਨ੍ਹਾਂ ਦੀ ਟੈਕਸੀ ਪਿੰਡ ਵੱਲ ਨੂੰ ਵਧ ਰਹੀ ਸੀ। ਜਿੱਥੇ ਜਾ ਕੇ ਗੱਲਬਾਤ ਦਾ ਇਕ ਨਵਾਂ ਅਧਿਆਏ ਸ਼ੁਰੂ ਹੋਣਾ ਸੀ।

0 0 0

ਇਸ ਘਰ ਵਿਚ ਰਹਿੰਦਿਆਂ ਤਨੂ ਨੂੰ ਬਹੁਤ ਕੁਝ ਅਜੀਬ ਜਿਹਾ ਲੱਗ ਰਿਹਾ ਸੀ। ਉਸਦਾ ਦਾਦਾ ਅਰਜਣ ਸਿੰਘ ਔਰਤ ਦੀ ਗ਼ੁਲਾਮੀ ਨੂੰ ਸਗੋਂ ਮਾਣ ਨਾਲ ਵੇਖਦਾ ਸੀ। ਉਸ ਅਨੁਸਾਰ ਔਰਤ ਦਾ ਚੁੱਪ ਰਹਿਣਾ, ਮਰਦ ਦੀ ਕਿਸੇ ਗੱਲ ਵਿਚ ਦਖਲ ਨਾ ਦੇਣਾ ਤੇ ਪਰਦੇ ਅੰਦਰ ਰਹਿਣਾ ਹੀ ਉਸਦੇ ਗੁਣ ਨੇ। ਜਿਸ ਨੂੰ ਤਨੂ ਔਗਣ ਸਮਝਦੀ ਸੀ। ਉਸ ਲਈ ਸੰਸਾਰ ਬਦਲ ਗਿਆ ਜਾਪਿਆ। ਸਾਰਾ ਕੁਝ ਉਲਟ ਪੁਲਟ ਸੀ। ਉਹ ਜਿਵੇਂ ਹੁਣ ਮੱਧ-ਕਾਲ ਵਿਚ ਜੀਅ ਰਹੀ ਹੋਵੇ। ਇਸ ਘਰ ਵਿਚ ਵੀ ਔਰਤ ਦੀ ਤਾਂ ਕੋਈ ਇੱਛਾ ਹੀ ਨਹੀਂ ਸੀ ਤੇ ਸਾਰੇ ਫੈਸਲੇ ਮਰਦ ਹੀ ਕਰਦੇ ਸਨ।

ਇਕ ਦਿਨ ਤਨੂ ਨੇ ਆਪਣੇ ਦਾਦਾ ਅਰਜਣ ਸਿੰਘ ਨੂੰ ਪੁੱਛਿਆ, "ਗਰੈਂਡ ਪਾ ਕੀ ਸੱਚ ਮੁੱਚ ਪਹਿਲਾਂ ਲੋਕ ਕੁੜੀਆਂ ਨੂੰ ਮਾਰ ਦਿੰਦੇ ਸੀ? ਹਾਓ ਇਟਜ਼ ਪੌਸੀਬਲ....?"

"ਹਾਂ ਪੁੱਤਰਾ, ਉਦੋਂ ਇਹ ਹੀ ਰਿਵਾਜ ਸੀ। ਜੰਮਦੀ ਕੁੜੀ ਦੇ ਮੂੰਹ ਵਿਚ ਅੱਕ ਦੇ ਦੁੱਧ ਦਾ ਫੰਬਾ ਪਾ ਕੇ ਕਹਿੰਦੇ ਤੀ, 'ਗੁੜ ਖਾਈਂ ਪੂਣੀ ਕੱਤੀਂ, ਆਪ ਨਾ ਆਈਂ ਵੀਰਾ ਘੱਤੀਂ"।

"ਗਰੈਂਡ ਪਾ ਉਹ ਅਜਿਹਾ ਕਿਉਂ ਕਰਦੇ ਸੀ?"

"ਧੀਏ ਮੁਗ਼ਲਾਂ ਦੇ ਹਮਲੇ ਹੁੰਦੇ ਰਹਿੰਦੇ ਸੀ। ਤੇ ਹਮਲਾਵਰ ਮੁਟਿਆਰਾਂ ਕੁੜੀਆਂ ਨੂੰ ਚੱਕ ਕੇ ਲੈ ਜਾਂਦੇ ਤੀ। ਉਨ੍ਹਾਂ ਦੀ ਇੱਜ਼ਤ ਨੂੰ ਖੇਹ ਖਰਾਬ ਕਰਕੇ ਫੇਰ ਟਕੇ ਟਕੇ ਨੂੰ ਵੇਚ ਦਿੱਤੀਆਂ ਜਾਂਦੀਆਂ ਤੀ। ਰਾਜੇ ਮਹਾਰਾਜੇ ਵੀ ਇਹ ਹੀ ਕੰਮ ਕਰਦੇ ਤੀ। ਲੋਕ ਸੋਚਦੇ ਤੇ ਕਿ ਸਾਰੀ ਉਮਰ ਤਿਲ ਤਿਲ ਕਰਕੇ ਮਰੂਗੀ, ਉਸ ਮਰਨ ਨਾਲੋਂ ਤਾਂ ਇਹ ਚੰਗਾ ਏ"।

ਤਨੂ ਸੁਣ ਸੁਣ ਕੇ ਪਰੇਸ਼ਾਨ ਹੋ ਜਾਂਦੀ, "ਕਿਹੋ ਜਿਹੇ ਲੋਕ ਹੋਣਗੇ ਉਹ...ਆਪਣੀਆਂ ਹੀ ਧੀਆਂ ਦਾ ਕਤਲ ਕਰਨ ਵਾਲੇ"।

ਤਨੂ ਨੇ ਆਉਣ ਸਾਰ ਘਰ ਵਿਚ ਦੋ ਅੰਗਰੇਜ਼ੀ ਦੇ ਅਖ਼ਬਾਰ ਲੁਆ ਲਏ। ਜਿਨ੍ਹਾਂ ਵਿਚੋਂ ਕੁਝ ਖ਼ਬਰਾਂ ਉਸ ਨੂੰ ਮੱਧ-ਕਾਲ ਵਿਚ ਲੈ ਜਾਂਦੀਆਂ। ਕੁੜੀਆਂ ਨੂੰ ਕੁੱਖਾਂ ਵਿਚ ਮਾਰ ਦੇਣ ਵਾਲੀਆਂ ਖ਼ਬਰਾਂ ਵੀ ਹਰ ਰੋਜ਼ ਹੀ ਹੁੰਦੀਆਂ। ਇਸਦੇ ਨਾਲ ਨਾਲ ਦਾਜ ਦੀ ਬਲੀ ਚੜ੍ਹਨ ਵਾਲੀਆਂ ਵੀ ਹੁੰਦੀਆਂ।

ਜਦੋਂ ਉਸਨੇ ਆਪਣੀ ਦਾਦੀ ਗੁਲਾਬ ਕੌਰ ਨੂੰ ਇਨ੍ਹਾਂ ਖ਼ਬਰਾਂ ਬਾਰੇ ਪੁੱਛਿਆ ਤਾਂ ਉਹ ਕਹਿਣ ਲੱਗੀ, "ਕੁੜੇ ਧੀਆਂ ਨੂੰ ਵਿਆਹੁਣਾ ਕਿਹੜਾ ਸੌਖੈ... ਜੈ ਖਾਣੇ ਲੋਕਾਂ ਨੇ ਐਡੇ ਐਡੇ ਮੂੰਹ ਅੱਡੇ ਹੋਏ ਨੇ। ਏਥੇ ਗੁਜ਼ਾਰਾ ਮਸਾਂ ਚੱਲਦੈ। ਇਹਨਾਂ ਨੂੰ ਐਨਾ ਦਾਜ ਅਗਲਾ ਕਿੱਥੋਂ ਦੇ ਦੂ? ਨਹੀਂ ਦਿੰਦੇ ਤਾਂ ਅੱਗੋਂ ਸਹੁਰੇ ਤੰਗ ਕਰਦੇ ਨੇ। ਕਈ ਤਾਂ ਜੈ ਖਾਣੇ ਦੇ ਮਾਰ ਵੀ ਦਿੰਦੇ ਨੇ। ਮਾੜੀ ਕਿਸਮਤ ਵਿਚਾਰੀਆਂ ਕੁੜੀਆਂ ਦੀ। ਗ਼ਰੀਬ ਬੰਦਾ ਤਾਂ ਕੁੜੀ ਦਾ ਵਿਆਹ ਵੀ ਨੀ ਕਰ ਸਕਦਾ। ਸ਼ੈਂਤ ਤਾਂ ਹੀ ਭਾਈ ਅਗਲੇ ਐਂ ਕਰਦੇ ਹੋਣੇ ਨੇ"।

ਤਨੂ ਦਾਦੀ ਦੀਆਂ ਗੱਲਾਂ ਸੁਣ ਕੇ ਹੋਰ ਵੀ ਉਦਾਸ ਹੋ ਗਈ ਸੀ। ਜਦੋਂ ਰਾਤ ਨੂੰ ਸੌਂਦੀ ਤਾਂ ਮਰਨ ਵਾਲੀਆਂ ਕੁੜੀਆਂ ਦੇ ਸੁਪਨੇ ਆਉਂਦੇ ਅਤੇ ਚੀਕਾਂ ਸੁਣਾਈ ਦਿੰਦੀਆਂ। ਉਸਦੀ ਸੋਚਣੀ ਵਿਚ ਦਾਜ ਦੀ ਬਲੀ ਚੜ੍ਹਨ ਵਾਲੀਆਂ ਝੁਰਮਟ ਬਣਾ ਕੇ ਬੈਠ ਜਾਂਦੀਆਂ। ਹੁਣ ਉਸ ਨੂੰ ਜੋ ਕੁਝ ਵੀ ਪਤਾ ਲੱਗਦਾ ਉਹ ਕੰਪਿਊਟਰ ਵਿਚ ਪਾਈ ਜਾਂਦੀ। ਤੇ ਰਿਸਰਚ ਆਰਟੀਕਲ ਤਿਆਰ ਕਰਕੇ ਮਿਸਜ਼ ਹੈਨਸਨ ਨੂੰ ਈ ਮੇਲ ਵੀ ਕਰੀ ਜਾਂਦੀ।

ਮਿਸਜ਼ ਹੈਨਸਨ ਨੂੰ ਇਨ੍ਹਾਂ ਗੱਲਾਂ ਦਾ ਯਕੀਨ ਹੀ ਨਾ ਆਉਂਦਾ। ਉਹ ਵਾਰ ਵਾਰ ਪੁੱਛਦੀ, "ਕੋਈ ਸਮਾਜ ਐਨਾ ਜ਼ਾਲਮ ਭਲਾ ਕਿਵੇਂ ਹੋ ਸਕਦਾ ਹੈ?" ਇਕ ਦਿਨ ਮਿਸਟਰ ਸਕੌਟ ਨੇ ਉਸਦਾ ਰਿਸਰਚ ਵਰਕ ਦੇਖ ਕੇ ਲਿਖਿਆ ਕਿ "ਹੁਣ ਮੈਨੂੰ ਥੋੜ੍ਹਾ ਥੋੜ੍ਹਾ ਸਮਝ ਆ ਰਿਹਾ ਹੈ ਕਿ ਲੋਕ ਇਕ ਮੈਂਟਲ ਬੀਹੇਵੀਅਰ ਕਿਉਂ ਨਾਲ ਲੈ ਕੇ ਆਉਂਦੇ ਨੇ। ਉਨ੍ਹਾਂ ਦੀ ਸਿਟੀਜ਼ਨਸ਼ਿਪ ਬਦਲ ਜਾਂਦੀ ਹੈ, ਪਾਸਪੋਰਟ ਬਦਲ ਜਾਂਦੇ ਨੇ, ਪਰ ਉਹ ਨਹੀਂ ਬਦਲਦੇ। ਜਿਸ ਦੇ ਨਤੀਜੇ ਹੁਣ ਅਮਰੀਕਾ ਕੈਨੇਡਾ ਵਿਚ ਵੀ ਸਾਹਮਣੇ ਆ ਰਹੇ ਨੇ"।

ਤਨੂ ਹੁਣ ਸਾਰੇ ਰੀਤੀ ਰਿਵਾਜਾਂ ਨੂੰ ਤੇ ਮੰਨਤ ਮਨੌਤਾਂ ਨੂੰ ਡੂੰਘਾਈ ਨਾਲ ਸਮਝਣ ਦੀ ਕੋਸ਼ਿਸ਼ ਕਰ ਰਹੀ ਸੀ। ਪਿੰਡ ਵਿਚ ਦਸਵੀਂ ਵਾਲੇ ਦਿਨ ਲੋਕ ਸ਼ਹੀਦਾਂ ਦੀਆਂ ਮਟੀਆਂ 'ਤੇ ਮੱਥਾ ਟੇਕਣ ਜਾਂਦੇ। ਉਸ ਤੋਂ ਕੁਝ ਹੀ ਵਿੱਥ 'ਤੇ ਇਕ ਝਿੜੀ ਜਿਹੀ ਵਿੱਚ, ਪਿੰਡ ਦੀਆਂ ਸਤੀਆਂ ਵੀ ਸਨ। ਕੁਝ ਦਿਨ ਤਿਉਹਾਰਾਂ 'ਤੇ ਲੋਕ ਉੱਥੇ ਵੀ ਮੱਥਾ ਟੇਕਦੇ ਤੇ ਮੰਨਤ ਮਨੌਤਾਂ ਕਰਦੇ। ਖਾਸ ਕਰਕੇ ਵਿਆਹ ਸ਼ਾਦੀ ਵੇਲੇ ਮੱਥਾ ਟੇਕ ਕੇ ਲੋਕ ਅਸ਼ੀਰਵਾਦ ਲੈਣ ਜਾਂਦੇ। ਇਕ ਦਿਨ ਗੋਵਿੰਦਰ ਤਨੂ ਨੂੰ ਦੱਸ ਰਿਹਾ ਸੀ, "ਇਹ ਨਵ ਵਿਆਹੀਆਂ ਉਹ ਔਰਤਾਂ ਸਨ ਜਿਨ੍ਹਾਂ ਨੂੰ ਪਤੀ ਦੀ ਮੌਤ ਤੋਂ ਬਾਅਦ ਉਨ੍ਹਾਂ ਦੀ ਬਲਦੀ ਚਿਖਾ ਵਿਚ ਜੀਂਦਿਆਂ ਹੀ ਸਾੜ ਦਿੱਤਾ ਗਿਆ ਸੀ"।

" ਓ ਮਾਈ ਗੌਡ, ਕਿਵੇਂ ਕੋਈ ਜੀਂਦੇ ਬੰਦੇ ਨੂੰ ਜਲਾ ਸਕਦਾ ਹੈ? ਇਹ ਤਾਂ ਗ਼ੈਰ ਮਨੁੱਖੀ ਹੈ। ਨਿਰੀ ਹੈਵਾਨੀਅਤ..। ਕਿਵੇਂ ਝੱਲੀ ਹੋਊ ਉਨ੍ਹਾਂ ਔਰਤਾਂ ਨੇ ਐਨੀ ਪੀੜ? ਇਹ ਕਿਧਰਲੇ ਸੰਸਕਾਰ ਨੇ?"

ਉਸ ਨੂੰ ਲੱਗ ਹੀ ਨਹੀਂ ਸੀ ਰਿਹਾ ਕਿ ਇਹ ਗੁਰੂਆਂ ਪੀਰਾਂ ਦੀ ਧਰਤੀ ਹੈ। ਜਿਵੇਂ ਉਹ ਕਿਸੇ ਕਤਲਗਾਹ ਵਿਚ ਘੁੰਮ ਰਹੀ ਹੋਵੇ। ਉਸ ਨੂੰ ਉਸ ਵਕਤ ਦੇ ਲੋਕਾਂ 'ਤੇ ਸ਼ਰਮ ਆਈ ਜੋ ਇਸ ਅਣਮਨੁੱਖੀ ਕਹਿਰ ਨੂੰ ਚੁੱਪ-ਚਾਪ ਵੇਖਦੇ ਰਹੇ।ਮਨ ਦੀ ਇਸ ਪੀੜ ਦੇ ਸਾਹਮਣੇ ਤਾਂ ਉਸ ਨੂੰ ਮੱਖੀਆਂ ਮੱਛਰਾਂ ਦੇ ਲੜਨ ਦੀ ਪੀੜ ਕੁਝ ਵੀ ਨਹੀਂ ਸੀ ਜਾਪ ਰਹੀ।

ਤਨੂ ਨੇ ਮਹਿਸੂਸ ਕੀਤਾ ਕਿ ਕੁੜੀਆਂ ਤਾਂ ਹੁਣ ਵੀ ਉਸੇ ਤਰ੍ਹਾਂ ਪੰਜਾਬ ਵਿਚ ਮਾਰੀਆਂ ਜਾ ਰਹੀਆਂ ਸਨ। ਉਦੋਂ ਜੰਮਦੀਆਂ ਨੂੰ ਮਾਰ ਦਿੰਦੇ ਸੀ ਤੇ ਹੁਣ ਜੰਮਣ ਹੀ ਨਹੀਂ ਦਿੰਦੇ ਸਨ। ਜੇ ਸਰੀਰਕ ਨਹੀਂ ਤਾਂ ਮਾਨਸਿਕ ਤੌਰ 'ਤੇ ਮਾਰ ਦਿੱਤੀਆਂ ਜਾਦੀਆਂ।

"ਹਰ ਪਾਸੇ ਹਨੇਰਾ ਹੀ ਹਨੇਰਾ ਹੈ। ਡੈਡ ਮੈਨੂੰ ਤਾਂ ਰੋਸ਼ਨੀ ਦੀ ਕੋਈ ਵੀ ਕਿਰਨ ਦਿਖਾਈ ਨਹੀਂ ਦਿੰਦੀ? ਕਿੱਥੇ ਨੇ ਵੇਦ ਗਰੰਥ ਤੇ ਕਿੱਥੇ ਹੈ ਤਰੱਕੀ? ਹੋਰ ਤਾਂ ਹੋਰ ਇਸ ਜ਼ੁਲਮ ਦੇ ਖਿਲਾਫ ਆਵਾਜ਼ ਉਠਾਉਣ ਵਾਲਾ ਵੀ ਕੋਈ ਨਹੀਂ..."।

ਗੋਵਿੰਦਰ ਨਿਮੋਝੂਣਾ ਜਿਹਾ ਹੋ ਜਾਂਦਾ। ਤੇ ਆਖਦਾ, "ਹਾਂ ਬੇਟੇ ਇਹ ਇਕ ਕਲਚਰਲ ਨਿਘਾਰ ਹੈ। ਏਸੇ ਕਰਕੇ ਤਾਂ ਲੋਕ ਏਥੋਂ ਬਾਹਰਲੇ ਮੁਲਕਾਂ ਨੂੰ ਦੌੜ ਰਹੇ ਨੇ। ਆਪਣੇ ਬੱਚਿਆਂ ਦੇ ਸੁਨਹਿਰੇ ਭਵਿੱਖ ਲਈ। ਏਥੇ ਮਨੁੱਖੀ ਅਧਿਕਾਰਾਂ ਦੀ ਕਦਰ ਹੀ ਨਹੀਂ ਕੀਤੀ ਜਾਂਦੀ। ਏਸੇ ਕਰਕੇ ਤਾਂ ਉਧਰ ਜੰਮੇ ਪਲੇ ਬੱਚੇ ਜੇ ਭਾਰਤ ਇਕ ਗੇੜਾ ਮਾਰ ਜਾਣ ਤਾਂ ਏਧਰ ਨੂੰ ਮੂੰਹ ਨਹੀਂ ਕਰਦੇ। ਤਾਂ ਹੀ ਤਾਂ ਮੈਨੂੰ ਤੇਰੇ ਫੈਸਲੇ 'ਤੇ ਵੀ ਹੈਰਾਨੀ ਹੋਈ ਸੀ।"

" ਡੈਡ ਹੁਣ ਮੈਨੂੰ ਸਮਝ ਆਉਣ ਲੱਗਿਆ ਹੈ ਕਿ ਭਾਰਤੀ ਲੋਕ ਕੁੜੀ ਜੰਮਣ 'ਤੇ ਲੱਡੂ ਬਰਫੀ ਕਿਉਂ ਨਹੀਂ ਫੇਰਦੇ ਤੇ ਮੁੰਡਾ ਜੰਮਣ 'ਤੇ ਕਿਉਂ ਪਾਰਟੀਆਂ ਚੱਲਦੀਆਂ ਨੇ ਤੇ ਲੋਹੜੀਆਂ ਮਨਾਈਆਂ ਜਾਂਦੀਆਂ ਨੇ। ਦਿਸ ਇਜ਼ ਏ ਜੈਂਡਰ ਡਿਸਕਰਿਮੀਨੇਸ਼ਨ," ਤਨੂੰ ਬੋਲੀ ਤੇ ਫੇਰ ਉਸਨੇ ਅਗਲਾ ਸਵਾਲ ਕੱਢ ਮਾਰਿਆ: "ਡੈਡ ਜੋ ਤੁਹਾਡੀਆਂ ਦੋ ਭੈਣਾਂ ਸਨ, ਆਈ ਮੀਨ ਭੂ ਜੀ ਹੋਰੀਂ, ਕੀ ਦਾਦਾ ਜੀ ਨੇ ਉਨ੍ਹਾਂ ਨੂੰ ਆਪਣੀ ਪ੍ਰਾਪਰਟੀ ਦਾ ਹਿੱਸਾ ਦਿੱਤਾ ਸੀ? ਜੇ ਨਹੀਂ ਤਾਂ ਕੀ ਤੁਸੀਂ ਉਸ ਵਕਤ ਆਪਣੀਆਂ ਭੈਣਾਂ ਦੇ ਹੱਕ ਵਿਚ ਕੋਈ ਸਟੈਂਡ ਲਿਆ ਸੀ"?

ਹੁਣ ਗੋਵਿੰਦਰ ਚੁੱਪ ਸੀ। ਉਸ ਨੇ ਸਿਰਫ ਏਨਾ ਹੀ ਕਿਹਾ, "ਹਾਂ ਬੇਟੇ, ਕਾਨੂੰਨ ਤਾਂ ਹੈ ਕਿ ਧੀਆਂ ਨੂੰ ਵੀ ਪੁੱਤਰਾਂ ਦੇ ਬਰਾਬਰ ਹਿੱਸਾ ਮਿਲਣਾ ਚਾਹੀਦਾ ਹੈ, ਪਰ ਸਮਾਜ ਦਿੰਦਾ ਨਹੀਂ। ਸਗੋਂ ਸਮਾਜ ਤਾਂ ਆਪਣਾ ਹੱਕ ਮੰਗਣ ਵਾਲੀ ਔਰਤ ਨਾਲ ਬੋਲਣਾ ਵਰਤਣਾ ਹੀ ਛੱਡ ਦਿੰਦਾ ਹੈ। ਰਿਸ਼ਤੇ ਸਿਰਫ ਪੈਸੇ ਤੇ ਲਾਲਚ ਦੇ ਹੀ ਹਨ। ਤੇ ਮੈਂ ਵੀ ਉਸੇ ਸਮਾਜ ਦਾ ਹਿੱਸਾ ਹਾਂ"।

"ਤਨੂ ਪੁੱਤਰ ਮੈਂ ਕੈਨੇਡਾ ਜਾ ਕੇ ਇਹ ਗੱਲਾਂ ਬਹੁਤ ਮਹਿਸੂਸ ਕੀਤੀਆਂ ਨੇ ਤੇ ਆਪਣੇ ਆਪ ਨਾਲ ਵਾਅਦਾ ਕੀਤਾ ਸੀ ਕਿ ਮੈਂ ਆਪਣੇ ਬੱਚਿਆਂ ਨਾਲ ਅਜਿਹਾ ਨਹੀਂ ਕਰਾਂਗਾ। ਭਾਵੇਂ ਮੁੰਡੇ ਹੋਣ ਜਾਂ ਕੁੜੀਆਂ, ਸਭ ਨੂੰ ਬਰਾਬਰ ਰੱਖਾਂਗਾ। ਹੁਣ ਤੂੰ ਤਾਂ ਸਾਡੀ ਇਕਲੌਤੀ ਧੀ ਏਂ। ਪਰ ਇਕੱਲਾ ਬੰਦਾ ਤਾਂ ਸਾਰਾ ਸਮਾਜ ਨਹੀਂ ਬਦਲ ਸਕਦਾ। ਮੈਂ ਜੇ ਹੁਣ ਤੈਨੂੰ ਇੰਡੀਆ ਲਈ ਤੁਰਿਆ ਫਿਰਦਾ ਹਾਂ ਤਾਂ ਏਸੇ ਸੋਚ ਕਰਕੇ ਕਿ ਜੋ ਮੈਂ ਨਹੀਂ ਕਰ ਸਕਿਆ, ਮੇਰੀ ਬੱਚੀ ਕਰ ਸਕੇ। ਇਸੇ ਵਿਤਕਰੇ ਨਾਲ ਟੱਕਰ ਲੈਣ ਲਈ ਹੀ ਤਾਂ ਮੈਂ ਤੈਨੂੰ ਸਹਿਯੋਗ ਦੇ ਰਿਹਾ ਹਾਂ"।

"ਓ ਬੈਂਕਸ ਡੈਡ, ਦਿਸਜ਼ ਆਲਸੋ ਬਿੱਗ ਥਿੰਗ। ਤੁਹਾਡੀ ਸਹਿਮਤੀ ਬਗ਼ੈਰ ਇਹ ਪ੍ਰੋਜੈਕਟ ਪੂਰਾ ਕਰਨ ਬਾਰੇ ਤਾਂ ਮੈਂ ਸੋਚ ਵੀ ਨਹੀਂ ਸੀ ਸਕਦੀ"।

"ਪਰ ਡੈਡ ਹੁਣ ਤਾਂ ਹਮਲਾਵਰ ਨਹੀਂ ਆਉਂਦੇ ਤੇ ਨਾ ਰਾਜੇ ਮਹਾਰਾਜੇ ਕੁੜੀਆਂ ਚੁੱਕ ਕੇ ਲਿਜਾਂਦੇ ਨੇ। ਦਾਜ ਦੇ ਖਿਲਾਫ ਵੀ ਕਾਨੂੰਨ ਬਣੇ ਹੋਏ ਨੇ। ਹੁਣ ਅਜਿਹਾ ਕਿਉਂ ਹੋ ਰਿਹਾ ਹੈ? ਇਸ ਦੇ ਪਿੱਛੇ ਕੀ ਲੌਜਕ ਹੈ? ਮੈਂ ਦੂਸਰੀ ਸਾਈਡ ਵੀ ਦੇਖਣਾ ਚਾਹੰਦੀ ਹਾਂ ਜਿਸ ਨੂੰ ਤੁਸੀਂ ਪ੍ਰੋਗਰੈੱਸਿਵ ਲੋਕ ਕਹਿੰਦੇ ਹੋ। ਇਜ਼ ਇਟ ਪੌਸੀਬਲ ਕਿ ਆਪਾਂ ਉਨ੍ਹਾਂ ਨਾਲ ਵੀ ਕੋਈ ਮੀਟਿੰਗਜ਼ ਅਰੇਂਜ ਕਰ ਸਕੀਏ?"

"ਓ ਸ਼ੋਅਰ, ਵ੍ਹਾਈ ਨੌਟ...। ਮੇਰਾ ਇਕ ਰਾਈਟਰ ਦੋਸਤ ਹੈ ਗੁਰਦੀਸ਼ ਸਾਗਰ, ਮੈਂ ਹੁਣੇ ਉਸ ਨੂੰ ਫੋਨ ਕਰ ਦਿੰਦਾ ਹਾਂ। ਉਹ ਜਰੂਰ ਆਪਾਂ ਨੂੰ ਅਜਿਹੇ ਲੋਕਾਂ ਨਾਲ ਮਿਲਵਾ ਦੇਣਗੇ"।

ਗੋਵਿੰਦਰ ਨੇ ਜਦੋਂ ਗੁਰਦੀਸ਼ ਸਾਗਰ ਨੂੰ ਫੋਨ ਕੀਤਾ ਤਾਂ ਉਸਦਾ ਕਹਿਣਾ ਸੀ, "ਅਸੀਂ ਹਰ ਵਰ੍ਹੇ ਹਿੱਲ ਸਟੇਸ਼ਨ 'ਤੇ ਇਕ ਸਮਾਗਮ ਕਰਵਾਉਂਦੇ ਹਾਂ। ਆਹ ਤਾਂ ਚੰਗਾ ਹੋਇਆ ਤੁਸੀਂ ਮੈਨੂੰ ਫੋਨ ਕਰ ਲਿਆ। ਇਸ ਵਾਰ ਇਹ ਸਮਾਗਮ ਚੰਬੇ ਵਿਚ ਹੈ, ਤਿੰਨ ਅਕਤੂਬਰ ਨੂੰ। ਓਥੇ ਇਹ ਵਿਸ਼ਾ ਵੀ ਰੱਖ ਲੈਂਦੇ ਹਾਂ। ਕਹਾਣੀਆਂ ਤੇ ਕਵਿਤਾਵਾਂ ਵੀ ਇਸੇ ਵਿਸ਼ੇ 'ਤੇ ਲਿਆਉਣ ਲਈ ਆਖ ਦਿੰਦੇ ਹਾਂ। ਤੂੰ ਬੇਟੀ ਨੂੰ ਨਾਲ ਲੈ ਆਉਣਾ"। ਗੋਵਿੰਦਰ ਨੇ ਝੱਟ ਹਾਮੀ ਭਰ ਦਿੱਤੀ, ਤੇ ਤਨੂੰ ਵੀ ਖੁਸ਼ ਹੋ ਗਈ।

000

ਹਿਮਾਚਲ ਪ੍ਰਦੇਸ਼ ਦੀ ਇਕ ਖੂਬਸੂਰਤ ਵਾਦੀ। ਇਸ ਵਿਚ ਬਣਾਇਆ ਇਕ ਧਨਾਡ ਦਾ ਗੈੱਸਟ ਹਾਊਸ। ਨਾਲ ਹੀ ਬਣਿਆ ਹੋਇਆ ਖੂਬਸੂਰਤ ਬਾਗ਼ ਤੇ ਸੈਂਕੜੇ ਕਿਸਮ ਦੇ ਫੁੱਲ। ਏਥੇ ਬਹੁਤ ਸਾਰੇ ਲੋਕ ਛੁੱਟੀਆਂ ਕੱਟਣ ਵੀ ਆਉਦੇ ਨੇ। ਇਕ ਸੁੰਦਰ ਤੇ ਇਕਾਂਤ ਜਗ੍ਹਾ। ਝਰਨੇ ਡਿੱਗਦੇ ਨੇ ਅਤੇ ਪਹਾੜੀ ਨਦੀਆਂ ਦਾ ਸੰਗੀਤ ਵੀ ਵੇਖਣ ਤੇ ਸੁਣਨ ਨੂੰ ਮਿਲਦਾ ਹੈ। ਸਾਹਿਤਕਾਰਾਂ ਲਈ ਤਾਂ ਨਿਰਾ ਸਵਰਗ ਸਮਾਨ।

ਇਸ ਗੈੱਸਟ ਹਾਊਸ ਜਾਂ ਹੋਟਲ ਦੇ ਪੰਦਰਾਂ ਕਮਰੇ, ਡਾਈਨਿੰਗ ਲੌਂਜ ਅਤੇ ਕਾਨਫਰੰਸ ਹਾਲ। ਇਸਦਾ ਮਾਲਕ ਪ੍ਰਭਜੋਤ ਸਿੰਘ ਗਿੱਲ ਕਦੇ ਆਪ ਵੀ ਕਵਿਤਾ ਅਤੇ ਕਹਾਣੀ ਲਿਖਦਾ ਸੀ। ਕਾਲਿਜ ਦੇ ਦਿਨਾਂ ਵਿਚ। ਜਿਸ ਲਈ ਲਿਖਦਾ ਸੀ ਉਸ ਨਾਲ ਵਿਆਹ ਨਾ ਹੋ ਸਕਿਆ। ਉਹ ਨਾ ਰਹੀ, ਤਾਂ ਲਿਖਣਾ ਵੀ ਛੱਡ ਦਿੱਤਾ। ਬੱਸ ਸਾਲ ਵਿਚ ਉਸਦੀ ਯਾਦ ਤਾਜ਼ਾ ਕਰ ਲੈਂਦਾ ਸੀ। ਲੁਧਿਆਣੇ ਵਿਚ ਉਨ੍ਹਾਂ ਦੀਆਂ ਫੈਕਟਰੀਆਂ ਨੇ ਪਰ ਉਹ ਹੋਟਲ ਇੰਡਸਟਰੀ 'ਚ ਕੰਮ ਕਰਨਾ ਪਸੰਦ ਕਰਦਾ ਸੀ। ਚੰਬੇ ਵਾਲਾ ਇਹ ਹੋਟਲ ਵੀ ਉਸਦੀ ਆਪਣੀ ਨਿਗਰਾਨੀ ਹੇਠ ਸੀ। ਜਿੱਥੇ ਹਰ ਸਾਲ ਉਹ ਇਕ ਸਾਹਿਤਕ ਸਮਾਗਮ ਜ਼ਰੂਰ ਕਰਵਾਉਂਦਾ ਸੀ।

ਏਥੇ ਇਕੱਲੇ ਸਮਾਗਮ ਹੀ ਨਾ ਹੁੰਦੇ, ਲੇਖਕਾਂ ਨਾਲ ਖੁੱਲ੍ਹੀਆਂ ਗੱਲਾਂ, ਲਤੀਫੇ ਤੇ ਦਾਰੂ ਦੀ ਮਹਿਫਲ ਇਹ ਸਭ ਕੁਝ ਵੀ ਚੱਲਦਾ ਸੀ। ਜਿਸ ਨਾਲ ਮਿਸਟਰ ਗਿੱਲ ਨੂੰ ਮਾਨਸਿਕ ਸਕੂਨ ਮਿਲਦਾ। ਇਸ ਕਰਕੇ ਸਾਰਾ ਖਰਚਾ ਵੀ ਉਹ ਆਪ ਹੀ ਕਰਦਾ ਸੀ। ਜਿਸ ਨੂੰ ਉਹ ਦਸਵੰਧ ਕੱਢਣਾ ਆਖਦਾ। ਉਸਦੀ ਇਹ ਵੀ ਇੱਛਾ ਹੁੰਦੀ ਕਿ ਇਸ ਸਾਹਿਤਕ ਮੇਲੇ ਵਿਚ ਔਰਤ ਲੇਖਕਾਵਾਂ ਵੱਧ ਤੋਂ ਵੱਧ ਸ਼ਾਮਲ ਹੋਣ। ਪ੍ਰਬੰਧਕ ਮਿਸਟਰ ਗਿੱਲ ਦੀ ਖੁਸ਼ੀ ਨੂੰ ਮੁੱਖ ਰੱਖਦੇ ਹੋਏ ਵੱਧ ਤੋਂ ਵੱਧ ਕਵਿੱਤਰੀਆਂ ਤੇ ਕਹਾਣੀਕਾਰ ਔਰਤਾਂ ਨੂੰ ਨਾਲ ਲੈ ਕੇ ਜਾਂਦੇ ਸਨ।

ਇਹ ਸਮਾਗਮ ਦਾ ਦਿਨ ਸੀ। ਪ੍ਰਭਜੋਤ ਆਪਣੇ ਆਪ ਨੂੰ ਮਹਿਫਲ ਦਾ ਬਾਦਸ਼ਾਹ ਸਮਝਦਾ ਹੋਇਆ ਏਧਰ ਉਧਰ ਘੁੰਮ ਰਿਹਾ ਸੀ। ਇਕ ਲੇਖਕ ਉਸਦੀ ਲੋੜੋਂ ਵੱਧ ਚਾਪਲੂਸੀ ਕਰਦਾ ਗੋਵਿੰਦਰ ਨੂੰ ਭੋਰਾ ਵੀ ਚੰਗਾ ਨਾ ਲੱਗਿਆ। ਤਨੂ ਸਾਰਾ ਕੁਝ ਦੇਖਦੀ ਤੇ ਪਰਖਦੀ ਪਤਾ ਨਹੀਂ ਕਿਹੜੇ ਨੋਟ ਲਈ ਜਾ ਰਹੀ ਸੀ। ਲੇਖਕ ਔਰਤਾਂ ਨੂੰ ਦਿੱਤਾ ਜਾ ਰਿਹਾ ਸਪੈਸ਼ਲ ਵਰਤਾਅ, ਉਨ੍ਹਾਂ ਨੂੰ ਸਗੋਂ ਵਿਚਾਰੀਆਂ ਜਿਹੀਆਂ ਬਣਾ ਰਿਹਾ ਸੀ। ਜਿਵੇਂ ਉਹ ਕੋਈ ਤਰਸ ਦੀਆਂ ਪਾਤਰ ਜਿਹੀਆਂ ਹੋਣ। ਮਰਦ ਔਰਤ ਦੀ ਬਰਾਬਰੀ ਤਾਂ ਏਥੇ ਵੀ ਨਹੀਂ ਸੀ।

ਸਮਾਗਮ ਬਾਕਾਇਦਾ ਸ਼ੁਰੂ ਹੋ ਗਿਆ। 'ਨਾਰੀਵਾਦ - ਸੀਮਾਵਾਂ ਤੇ ਸੰਭਾਵਨਾਵਾਂ' ਅੱਜ ਦਾ ਮੁੱਖ ਵਿਸ਼ਾ ਸੀ। ਇਕ ਲੇਖਕ, ਜੋ ਆਪਣੇ ਆਪ ਨੂੰ ਸੁਖਨ ਸਿਰਤਾਜ ਦੱਸ ਰਿਹਾ ਸੀ, ਬਾਕੀਆਂ ਨੂੰ ਅਹਿਸਾਸ ਕਰਵਾ ਰਿਹਾ ਸੀ ਕਿ ਇਸ ਵਿਸ਼ੇ 'ਤੇ ਉਸ ਤੋਂ ਵੱਧ ਕੋਈ ਹੋਰ ਜਾਣ ਹੀ ਨਹੀਂ ਸਕਦਾ। ਉਸ ਨੇ ਸ਼ੁਰੂਆਤੀ ਭਾਸ਼ਨ ਵਿਚ ਵੈਦਿਕ ਕਾਲ ਤੋਂ ਔਰਤਾਂ ਨਾਲ ਹੋ ਰਹੇ ਵਿਤਕਰੇ ਦੀ ਲੰਬੀ ਚੌੜੀ ਭੂਮਿਕਾ ਬੰਨ੍ਹੀ। ਜਿਸ ਵਿਚ ਅਹੱਲਿਆ ਨੂੰ ਪੱਥਰ ਬਣਨ ਦਾ ਸਰਾਪ, ਸਰੂਪ ਨਖਾ ਦਾ ਨੱਕ ਵੱਢਣਾ, ਸੀਤਾ ਦਾ ਅਪਹਰਣ ਤੇ ਫੇਰ ਰਾਮ ਵੱਲੋਂ ਘਰੋਂ ਕੱਢਣਾ। ਕਦੇ ਉਹ ਦਰੋਪਤੀ ਦੇ ਚੀਰਹਰਨ ਦੀ ਗੱਲ ਕਰਦਾ ਤੇ ਕਦੀ ਸੀਤਾ ਦੀ ਅਗਨ ਪਰੀਖਿਆ ਦੀ ਅਤੇ ਅੰਤ ਉੱਪਰ ਸਾਰੀਆਂ ਗੱਲਾਂ ਨੂੰ ਲਿਆ ਕੇ ਅੱਜੋਕੀ ਭਰੂਣ ਹੱਤਿਆ ਨਾਲ ਜੋੜ ਦਿੰਦਾ। ਮੰਚ ਦਾ ਤਾਂ ਉਹ ਵਾਕਿਆ ਹੀ ਧਨੀ ਸੀ ਤੇ ਸ਼ਬਦਾਂ ਨੂੰ ਵੀ ਹਥਿਆਰ ਵਾਂਗ ਵਰਤ ਰਿਹਾ ਸੀ।

ਤਨੂ ਪੁੱਛ ਰਹੀ ਸੀ ਕਿ 'ਅੱਜੋਕੀ ਸਥਿਤੀ ਸੰਬੰਧੀ ਮੈਂ ਇਨ੍ਹਾਂ ਲੋਕਾਂ ਦੇ ਵਿਚਾਰ ਹੀ ਜਾਨਣਾ ਨਹੀਂ ਚਾਹੁੰਦੀ ਸਗੋਂ ਇਨ੍ਹਾਂ ਦੀ 'ਰੀਅਲ ਲਾਈਫ' ਨੂੰ ਵੇਖਣਾ ਚਾਹੁੰਦੀ ਹਾਂ, ਤਾਂ ਜੁ ਮੈਨੂੰ ਪਤਾ ਲੱਗ ਸਕੇ ਕਿ ਇਹ ਲੋਕ ਜੋ ਗੱਲਾਂ ਸਟੇਜਾਂ 'ਤੇ ਜਾਂ ਸਾਹਿਤ ਵਿਚ ਕਰਦੇ ਨੇ, ਕੀ ਖੁਦ ਵੀ ਉਨ੍ਹਾਂ ਨੂੰ ਜੀਂਦੇ ਨੇ'। ਗੋਵਿੰਦਰ ਨੇ ਕਿਹਾ ਕਿ ਇਸ ਸਮਾਗਮ ਤੋਂ ਬਾਅਦ ਉਹ ਉਸ ਨੂੰ ਉਨ੍ਹਾਂ ਲੋਕਾਂ ਦੇ ਘਰ ਵੀ ਲੈ ਚੱਲੇਗਾ।

ਫੇਰ ਅਗਲੇ ਦੌਰ ਵਿਚ ਔਰਤਾਂ ਸੰਬੰਧੀ ਕਵਿਤਾਵਾਂ ਅਤੇ ਕਹਾਣੀਆਂ ਦਾ ਸਿਲਸਲਾ

ਆਰੰਭ ਹੋਇਆ। ਜਿਨ੍ਹਾਂ ਵਿਚ ਹਰ ਕੋਈ ਇਹ ਮੁੱਦਾ ਚੁੱਕ ਰਿਹਾ ਸੀ ਕਿ ਔਰਤਾਂ ਨੂੰ ਵੀ ਮਰਦਾਂ ਦੇ ਬਰਾਬਰ ਹੱਕ ਮਿਲਣੇ ਚਾਹੀਦੇ ਨੇ। ਪਰ ਜਦੋਂ ਬਹਿਸ ਹੋਈ ਤਾਂ ਕੁਝ ਲੇਖਕਾਵਾਂ ਨੂੰ ਬਿਨਾਂ ਵਜ੍ਹਾ ਹੀ ਅਸਮਾਨ 'ਤੇ ਚੜ੍ਹਾ ਦਿੱਤਾ ਗਿਆ ਅਤੇ ਕੁਝ ਨੂੰ ਪਟਕਾ ਕੇ ਧਰਤੀ 'ਤੇ ਮਾਰਿਆ ਗਿਆ। ਇਸ ਪਿੱਛੇ ਪਤਾ ਨਹੀਂ ਕੀ ਰਾਜਨੀਤੀ ਸੀ। ਤਨੂ ਨੂੰ ਸਮਝ ਨਾ ਲੱਗੀ।

ਉਹ ਲੇਖਿਕਾ ਜਿਸ ਨੇ ਇਹ ਮੁੱਦਾ ਉਠਾਇਆ ਸੀ ਕਿ ਹਰ ਔਰਤ ਨੂੰ ਆਪਣੀ ਮਰਜ਼ੀ ਨਾਲ ਜਿਸਮਾਨੀ ਸੰਬੰਧ ਬਣਾਉਣ ਦੀ ਆਜ਼ਾਦੀ ਹੋਣੀ ਚਾਹੀਦੀ ਹੈ ਤੇ ਉਸਦੀ ਕਹਾਣੀ ਵਿਚਲੀ ਭਾਸ਼ਾ ਵੀ ਬੇਹੱਦ ਅਸ਼ਲੀਲ ਸੀ, ਉਸ ਨੂੰ ਬੋਲਡ ਲੇਖਿਕਾ ਕਹਿ ਕਹਿ ਕੇ ਸਲਾਹਿਆ ਜਾ ਰਿਹਾ ਸੀ ਤੇ ਮਰਦਾਂ ਦਾ ਮੇਲਾ ਉਸੇ ਦੇ ਅੱਗੇ ਪਿੱਛੇ ਘੁੰਮ ਰਿਹਾ ਸੀ। ਇਕ ਔਰਤ ਤਾਂ ਇਹ ਵੀ ਆਖ ਰਹੀ ਸੀ ਕਿ ਸਾਡੇ ਵਰਗੀਆਂ ਨੂੰ ਏਥੇ ਕੌਣ ਪੁੱਛਦਾ ਹੈ। ਤਨੂ ਸੋਚ ਰਹੀ ਸੀ ਕਿ ਇਹ ਸਭ ਕੁਝ ਕੀ ਹੋ ਰਿਹਾ ਹੈ?

ਫੇਰ ਉਸ ਸ਼ਾਮ ਸ਼ਰਾਬ ਦੀ ਮਹਿਫਲ ਚੱਲੀ। ਔਰਤਾਂ ਆਪਣਾ ਝੁੰਡ ਬਣਾ ਕੇ ਦੂਰ ਬਹਿ ਗਈਆਂ। ਮਰਦ ਸੋਚਦੇ ਹੋਣਗੇ ਕਿ ਏਥੇ ਔਰਤਾਂ ਦਾ ਕੀ ਕੰਮ...? ਕੀ ਔਰਤਾਂ ਵੀ ਇਸ ਤਰ੍ਹਾਂ ਬੈਠ ਕੇ ਬੀਅਰ ਜਾਂ ਵਿਸਕੀ ਪੀ ਸਕਦੀਆਂ ਨੇ ਤੇ ਮਰਦਾਂ ਦਾ ਝੁੰਡ ਸੋਫੀ ਹੀ ਜਾ ਕੇ ਪਰੇ ਬੈਠ ਜਾਵੇ? ਨਹੀਂ ਕਦੀ ਵੀ ਨਹੀ। ਬਹੁਤ ਵੱਡਾ ਫਰਕ ਸੀ ਮਰਦ ਤੇ ਔਰਤ ਵਿਚਕਾਰ।

ਤਨੂ ਏਥੇ ਬੋਰ ਹੋ ਰਹੀ ਸੀ। ਪਰ ਮਰਦਾਂ ਦੇ ਠਹਾਕੇ ਗੂੰਜ ਰਹੇ ਸਨ। ਸ਼ਾਇਦ ਅਸ਼ਲੀਲ ਚੁਟਕਲਿਆਂ ਦਾ ਦੌਰ ਚੱਲ ਰਿਹਾ ਸੀ। ਕੁਝ ਲੇਖਕ ਹਵਾ ਪਿਆਜ਼ੀ ਹੋ ਕੇ ਇਕ ਦੋ ਲੇਖਕਾਵਾਂ ਦੁਆਲੇ ਮੰਡਰਾ ਰਹੇ ਸਨ। ਜੋ ਜਲਦੀ ਹੀ ਹੋਟਲ ਮਾਲਕ ਦੀ ਗੱਡੀ 'ਚ ਬੈਠਕੇ ਹਿੱਲ ਸੀਨ ਦੇਖਣ ਚਲੀਆਂ ਗਈਆਂ ਸਨ।

ਚੰਬੇ ਵਾਲੇ ਸਮਾਗਮ ਤੋਂ ਬਾਅਦ ਉਹ ਵਾਪਸ ਆਪਣੇ ਪਿੰਡ ਆ ਗਏ। ਗੋਵਿੰਦਰ ਦੇ ਕੈਨੇਡਾ ਵਾਪਸ ਜਾਣ ਦਾ ਸਮਾਂ ਵੀ ਨੇੜੇ ਆ ਰਿਹਾ ਸੀ। ਪਰ ਤਨੂ ਅਜੇ ਆਪਣੇ ਡੈਡ ਨੂੰ ਲੈ ਕੇ ਹੋਰ ਜਾਨਣਾ ਚਾਹੁੰਦੀ ਸੀ। ਹੁਣ ਉਸਦਾ ਅਗਲਾ ਕੰਮ ਇਹ ਸੀ ਕਿ ਜਿਹੜੇ ਲੋਕ ਚੰਬੇ ਵਾਲੇ ਸਮਾਗਮ 'ਤੇ ਔਰਤਾਂ ਦੇ ਹੱਕ ਵਿਚ ਭਾਸ਼ਨ ਦਿੰਦੇ ਸੀ, ਉਨ੍ਹਾਂ ਦੇ ਘਰਾਂ 'ਚ ਜਾ ਕੇ ਉਨ੍ਹਾਂ ਦੀਆਂ ਔਰਤਾਂ ਦੀ ਦਸ਼ਾ ਦੇਖੇ। ਕੀ ਉਹ ਖੁਦ ਉਨ੍ਹਾਂ ਨੂੰ ਬਰਾਬਰੀ ਦਾ ਦਰਜਾ ਦਿੰਦੇ ਵੀ ਹਨ? ਜਾਂ ਸਿਰਫ ਗੱਲਾਂ ਹੀ ਨੇ।

ਸਭ ਤੋਂ ਪਹਿਲਾਂ ਉਹ ਇਕ ਕਹਾਣੀ ਲੇਖਕ ਦੇ ਘਰ ਗਏ, ਜੋ ਚੰਬੇ ਵਾਲੇ ਸਮਾਗਮ ਵਿਚ ਬਹੁਤ ਜ਼ੋਰ ਸ਼ੋਰ ਨਾਲ ਬੋਲਦਾ ਸੀ। ਉਸ ਨੇ ਆਪਣੀਆਂ ਹੀ ਕਹਾਣੀਆਂ ਦੀਆਂ ਬਹੁਤ ਸਾਰੀਆਂ ਉਦਾਹਰਨਾਂ ਵੀ ਦਿੱਤੀਆਂ ਸਨ। ਜਦੋਂ ਉਸ ਨੂੰ ਪਤਾ ਲੱਗਾ ਸੀ ਕਿ ਕੈਨੇਡਾ ਤੋਂ ਯੂਨੀਵਰਸਿਟੀ ਦੀ ਇਕ ਵਿਦਿਆਰਥਣ ਔਰਤਾਂ 'ਤੇ ਖੋਜ ਕਰਨ ਲਈ ਭਾਰਤ ਆਈ ਹੋਈ ਹੈ ਤਾਂ ਉਹ ਬਹੁਤ ਬੋਲਿਆ ਸੀ ਕਿ 'ਜੀ-20 ਮੁਲਕਾਂ ਵਿਚ ਭਾਰਤ ਔਰਤਾਂ ਪ੍ਰਤੀ ਸਭ ਤੋ ਵੱਧ ਵਿਤਕਰਾ ਕਰਨ ਵਾਲਾ ਮੁਲਕ ਹੈ। ਏਸੇ ਲਈ ਇਹ ਮੁੱਦਾ ਏਨਾ ਗਰਮਾਇਆ ਹੋਇਆ ਹੈ'।

ਉਸ ਨੇ ਕਿਹਾ ਕਿ ਉਹ ਤਾਂ ਪਹਿਲਾਂ ਹੀ ਆਪਣੀਆਂ ਰਚਨਾਵਾਂ ਰਾਹੀਂ ਔਰਤਾਂ ਦੇ ਹੱਕ 'ਚ ਗੱਲ ਕਰ ਰਿਹਾ ਹੈ। ਫੇਰ ਉਸਨੇ ਤਨੂ ਨੂੰ ਆਪਣੀਆਂ ਕਿਤਾਬਾਂ ਤੇ ਕਹਾਣੀਆਂ ਦੇ ਨਾਂ ਨੋਟ ਕਰਵਾਉਂਦਆਂ ਆਖਿਆ ਸੀ ਕਿ ਉਹ ਇਹ ਵੀ ਆਪਣੇ ਖੋਜ਼ ਪੱਤਰ ਵਿਚ ਦਰਜ ਕਰੇ। ਤਨੂ ਨੇ ਮਹਿਸੂਸ ਕੀਤਾ ਕਿ ਉਹ ਔਰਤਾਂ ਦੇ ਦਰਦ ਨਾਲੋਂ ਆਪਣੀ ਪ੍ਰਸਿੱਧੀ ਲਈ ਵੱਧ ਤਰਲੋ ਮੱਛੀ ਹੋ ਰਿਹਾ ਸੀ।

ਉਨ੍ਹਾਂ ਦੀਆਂ ਕਾਫੀ ਸਾਰੀਆਂ ਗੱਲਾਂ ਹੋਈਆਂ ਪਰ ਉਸ ਲੇਖਕ ਦੀ ਸੂਈ ਤਾਂ ਇਸ ਗੱਲ 'ਤੇ ਅੜੀ ਹੋਈ ਸੀ ਕਿ 'ਮੇਰੀ ਕੁੜੀ ਨੂੰ ਕੋਈ ਕੈਨੇਡਾ ਜਾਣ ਦਾ ਤਰੀਕਾ ਦੱਸੋ,' ਜਿਸ ਲਈ ਉਹ ਕੁਝ ਵੀ ਕਰਨ ਨੂੰ ਤਿਆਰ ਸੀ। ਦੂਸਰੀ ਗੱਲ ਜੋ ਤਨੂ ਨੂੰ ਬਹੁਤ ਚੁਭੀ ਕਿ ਉਹ ਨਿੱਕੀ ਨਿੱਕੀ ਗੱਲ 'ਤੇ ਘਰ ਵਾਲੀ ਨੂੰ ਸੋਫੇ 'ਤੇ ਬੈਠੇ ਹੀ ਹੁਕਮ ਚਾੜ੍ਹੀ ਜਾ ਰਿਹਾ ਸੀ, ਕਦੇ ਆਹ ਲਿਆਉ ਤੇ ਕਦੇ ਔਹ ਬਣਾਉ। ਆਪ ਤਾਂ ਉਹ ਪਾਣੀ ਦਾ ਗਿਲਾਸ ਵੀ ਪਤਨੀ ਤੋਂ ਮੰਗਵਾ ਕੇ ਪੀਂਦਾ ਸੀ। ਫੇਰ ਉਸ ਨੂੰ

ਗਿਲਾਸ ਚੁੱਕਣ ਲਈ ਵੀ ਹਾਕਾਂ ਮਾਰ ਰਿਹਾ ਸੀ।

ਤਨੂ ਨੇ ਪੁੱਛਿਆ ਸੀ, "ਅੰਕਲ ਤਸੀਂ ਪੜ੍ਹਾਉਣ ਤੋਂ ਇਲਾਵਾ ਘਰ ਦਾ ਹੋਰ ਕੋਈ ਕੰਮ ਵੀ ਕਰਵਾ ਦਿੰਦੇ ਹੋ, ਜਿਵੇਂ ਖਾਣਾ ਬਣਾਉਣਾ, ਸਫਾਈ ਕਰਨੀ, ਬਰਤਣ ਧੋਣੇ, ਕੱਪੜੇ ਧੋਣੇ ਤੇ ਹੋਰ ਨਿੱਕੇ ਮੋਟੇ ਕੰਮ।" ਉਹ ਤਨੂ ਦੇ ਸਵਾਲ 'ਤੇ ਹੱਸਦਾ ਬੋਲਿਆ, "ਬਾਹਰਲੇ ਨਿਆਣੇ ਵੀ ਵਿਚਾਰੇ ਬਹੁਤੇ ਭੋਲੇ ਜਿਹੇ ਹੀ ਹੁੰਦੇ ਨੇ"। ਉਸ ਦੇ ਕਹਿਣ ਦਾ ਮਤਲਬ ਸੀ ਕਿ 'ਕੁੜੀ ਨੂੰ ਐਨੀ ਵੀ ਅਕਲ ਨਹੀਂ ਕਿ ਇਹ ਮਰਦਾਂ ਦੇ ਕਰਨ ਵਾਲੇ ਕੰਮ ਨਹੀਂ"। ਤਨੂ ਲਈ ਬਰਾਬਰਤਾ ਤਾਂ ਕਿਤੇ ਵੀ ਦਿਖਾਈ ਨਹੀਂ ਸੀ ਦਿੱਤੀ। ਪਰ ਗੱਲਾਂ ਬਹੁਤ ਸਨ।

ਤਨੂ ਆਪਣੇ ਡੈਡ ਨਾਲ ਜਿੰਨੇ ਵੀ ਲੋਕਾਂ ਦੇ ਘਰ ਗਈ, ਉਸਨੇ ਮਹਿਸੂਸ ਕੀਤਾ ਕਿ ਕੁੜੀਆਂ ਨੂੰ ਆਪਣੀ ਮਰਜ਼ੀ ਅਨੁਸਾਰ ਕਿਤੇ ਵੀ ਇਕੱਲਿਆਂ ਜਾਣ ਦੀ ਆਗਿਆ ਨਹੀਂ ਸੀ। ਪਰ ਮੁੰਡੇ ਜਦੋਂ ਜੀਅ ਚਾਹੇ ਆਪਣੀ ਮਰਜ਼ੀ ਨਾਲ ਕਿਤੇ ਵੀ ਜਾ ਸਕਦੇ ਸਨ। ਹੋਰ ਤਾਂ ਹੋਰ ਕੁੜੀਆਂ ਤਾਂ ਆਪਣੀ ਮਰਜ਼ੀ ਨਾਲ ਕੁਝ ਖਾ ਪੀ ਵੀ ਨਹੀਂ ਸਨ ਸਕਦੀਆਂ। ਜੇ ਕੋਈ ਕੁੜੀ ਆਜ਼ਾਦ ਸੀ ਤਾਂ ਉਸ ਨੂੰ ਬਦਚਲਣ ਸਮਝਿਆ ਜਾ ਰਿਹਾ ਸੀ। ਕੁੜੀਆਂ ਨੂੰ ਕਿਸੇ ਦੂਸਰੀ ਜਾਤ ਬਰਾਦਰੀ ਵਿਚੋਂ ਜੀਵਨ ਸਾਥੀ ਚੁਣਨ ਦੀ ਵੀ ਖੁੱਲ੍ਹ ਨਹੀਂ ਸੀ। ਅਗਰ ਕੋਈ ਕੁੜੀ ਆਪਣੇ ਖਿਆਲਾਂ ਅਨੁਸਾਰ ਜਾਂ ਮਰਜ਼ੀ ਅਨੁਸਾਰ ਜੀਣ ਦਾ ਫੈਸਲਾ ਲੈ ਲੈਂਦੀ ਤਾਂ ਉਸ ਦਾ ਕਤਲ ਵੀ ਕੀਤਾ ਜਾ ਸਕਦਾ ਸੀ।

ਪੰਜਾਬ ਵਿਚ ਗਰਮੀ ਬਹੁਤ ਹੋਣ ਕਰਕੇ ਜਦੋਂ ਤਨੂ ਹਾਫ ਪੈਂਟਾਂ ਪਹਿਨਦੀ ਜਾਂ ਸ਼ੌਰਟਸ ਪਾਉਂਦੀ ਤਾਂ ਬਹੁਤੇ ਰਿਸ਼ਤੇਦਾਰਾਂ ਤੇ ਸਕੇ ਸੰਬੰਧੀਆਂ ਨੂੰ ਚੰਗਾ ਨਾ ਲੱਗਦਾ। ਉਹ ਗੋਵਿੰਦਰ ਨੂੰ ਸੁਣਾ ਵੀ ਦਿੰਦੇ, "ਠੀਕ ਹੈ ਕੁੜੀ ਕੈਨੇਡਾ ਦੀ ਜੰਮ ਪਲ ਆ, ਪਰ ਢੰਗ ਸਿਰ ਦੇ ਕੱਪੜੇ ਤਾਂ ਪਹਿਨਣੇ ਚਾਹੀਦੇ ਨੇ"।

ਤਨੂ ਨੇ ਆਪਣੇ ਪਾਪਾ ਨੂੰ ਕਈ ਵਾਰ ਕਿਹਾ, "ਇਟਜ਼ ਨੱਨ ਆਫ ਦੇਅਰ ਬਿਜ਼ਨਸ," ਪਰ ਅੱਖਾਂ ਨਾਲ ਔਰਤਾਂ ਦਾ ਚੀਰਹਰਨ ਕਰਨ ਵਾਲੇ ਅਕਸਰ ਗੱਲਾਂ ਦੇ ਮਖੌਟੇ ਪਹਿਨ ਲੈਂਦੇ। ਤਨੂ ਨੇ ਦੇਖਿਆ ਕਿ ਲੋਕ ਦੂਜਿਆਂ ਦੀ, ਖਾਸ ਕਰਕੇ ਔਰਤਾਂ ਜਾਂ ਕੁੜੀਆਂ ਦੀ ਜ਼ਿੰਦਗੀ ਵਿਚ ਖਾਹ-ਮ-ਖਾਹ ਟੰਗ ਅੜਾਉਂਦੇ ਰਹਿੰਦੇ ਕਿ ਉਹ ਕੀ ਖਾਂਦੀਆ ਨੇ ਤੇ ਕੀ ਪਹਿਨਦੀਆਂ ਨੇ। ਕਿਸ ਨੂੰ ਮਿਲਦੀਆਂ ਨੇ ਤੇ ਕਿਉਂ?

ਉਸ ਨੇ ਤਾਂ ਅਜੇ ਏਥੇ ਤਿੰਨ ਮਹੀਨੇ ਪੂਰੇ ਕਰਨੇ ਸਨ ਪਰ ਉਸ ਨੂੰ ਇਹ ਤਿੰਨ ਹਫਤੇ ਕੱਢਣੇ ਮੁਸ਼ਕਲ ਹੋ ਗਏ ਸਨ। ਉਸਨੇ ਆਪਣੇ ਡੈਡ ਦੇ ਜਾਣ ਤੋਂ ਬਾਅਦ ਇਕੱਲੀ ਨੇ ਰਹਿਣਾ ਸੀ। ਪਰ ਏਥੇ ਤਾਂ 'ਸੈਲਫ' ਦਾ ਮਤਲਬ ਹੀ ਕੋਈ ਨਹੀਂ ਸੀ।

ਗੁਰਦੀਸ਼ ਸਾਗਰ ਕੋਲ ਜਿਸ ਰਾਤ ਉਹ ਰਹੇ ਤਾਂ ਉਸਦੇ ਹੋਰ ਕਈ ਦੋਸਤ ਵੀ ਬੁਲਾਏ ਗਏ ਸਨ। ਖੂਬ ਗਲਾਸੀਆਂ ਖੜਕੀਆਂ। ਪਰ ਇਸ ਮਹਿਫਲ ਵਿਚ ਕੋਈ ਵੀ ਔਰਤ ਨਹੀਂ ਸੀ। ਮਰਦ ਫੇਰ ਕਹਿ ਰਹੇ ਸਨ, 'ਬੰਦਿਆਂ 'ਚ ਔਰਤਾਂ ਦਾ ਕੀ ਕੰਮ? ਜਦੋਂ ਉਨ੍ਹਾਂ ਨੇ ਖਾਣਾ ਨੀ ਪੀਣਾ ਨੀ"।

ਪਰ ਜਦੋਂ ਤਨੂ ਨੇ ਪੁੱਛਿਆ, "ਅੰਕਲ ਜੇ ਕੋਈ ਔਰਤ ਆਪਣੀ ਮਰਜ਼ੀ ਨਾਲ ਪੀਣਾ ਚਾਹੇ ਫੇਰ?" ਸਾਗਰ ਬੋਲਿਆ "ਇਹ ਕਿਵੇਂ ਹੋ ਸਕਦਾ ਹੈ?" ਤਨੂ ਨੇ ਪੁੱਛਿਆ, "ਤੁਹਾਡੀ ਵਾਈਫ ਜਾਂ ਬੇਟੀ ਹੋਰ ਕੋਈ ਡਰਿੰਕ ਨਹੀਂ ਕਰਦਾ? ਕੀ ਕੋਈ ਪਾਬੰਦੀ ਹੈ?" ਤਾਂ ਸਾਗਰ ਨੇ ਸਿਰ ਮਾਰ ਕੇ ਕਿਹਾ ਸੀ "ਪਾਗ਼ਲ ਕੁੜੀ...।" ਤਨੂ ਨੇ ਮਹਿਸੂਸ ਕੀਤਾ ਕਿ ਇਹ ਲੇਖਕ ਵੀ ਆਮ ਮਰਦਾਂ ਵਰਗਾ ਹੀ ਮਰਦ ਸੀ। ਤੇ ਉਸ ਦੇ ਘਰ ਦਾ ਮਾਹੌਲ ਵੀ ਬਾਕੀ ਸਮਾਜ ਵਾਂਗ ਮਰਦ ਪ੍ਰਧਾਨਤਾ ਵਾਲਾ ਹੀ ਸੀ।

ਉਸ ਰਾਤ ਨਸ਼ੇ ਦੀ ਲੋਰ ਵਿਚ ਗੁਰਦੀਸ਼ ਸਾਗਰ ਤਾਂ ਇਹ ਵੀ ਕਹਿ ਗਿਆ, "ਗੋਵਿੰਦਰ ਜੀ ਛੱਡੋ ਵਾਧੂ ਗੱਲਾਂ, ਮੈਂ ਤਾਂ ਤੁਹਾਡੇ ਨਾਲ ਸਗੋਂ ਇਕ ਹੋਰ ਗੱਲ ਕਰਨ ਨੂੰ ਮੀਟਿੰਗ ਰੱਖੀ ਸੀ। ਮੇਰਾ ਬੇਟਾ ਕੈਨੇਡਾ ਜਾਣਾ ਚਾਹੁੰਦਾ ਹੈ, ਤੁਸੀਂ ਤਨੂ ਨੂੰ ਕਹਿ ਕੇ ਉਸਦੇ ਪੇਪਰ ਭਰਵਾ ਦਵੋ। ਅਸਲ ਵਿਆਹ ਬੇਸ਼ੱਕ ਨਾ ਕਰਿਉ। ਪੇਪਰ ਮੈਰਿਜ ਹੀ ਕਰ ਲਵਾਂਗੇ। ਅਸੀਂ ਵੀ ਕੈਨੇਡਾ ਦੇਖ ਲਵਾਂਗੇ"।

ਉਧਰ ਪ੍ਰੋ: ਗੁਰਦੀਸ਼ ਸਾਗਰ ਦੀ ਪਤਨੀ ਦਵਿੰਦਰ ਵੀ ਤਨੂ ਨੂੰ ਆਨੀਂ ਬਹਾਨੀਂ ਆਪਣੇ ਬੇਟੇ ਨਾਲ ਰਿਸ਼ਤਾ ਗੰਢਣ ਲਈ ਆਖਦੀ ਰਹੀ। ਤਨੂ ਨੇ ਕਿਹਾ ਸੀ, "ਅੰਟੀ ਜਦੋਂ ਮੈਂ ਥੋਡੇ ਬੇਟੇ ਨੂੰ ਜਾਣਦੀ ਹੀ ਨਹੀਂ ਤੇ ਕਦੇ ਮਿਲੀ ਵੀ ਨਹੀਂ ਤਾਂ ਕਿਵੇਂ ਸੋਚ ਲਵਾਂ?" ਦਵਿੰਦਰ ਦਾ ਕਹਿਣਾ ਸੀ, "ਮੈਂ ਕਿਹੜਾ ਥੋਡੇ ਅੰਕਲ ਨੂੰ ਮਿਲੀ ਸੀ ਤੇ ਨਾ ਹੀ ਪਹਿਲਾਂ ਜਾਣਦੀ ਸੀ, ਇਹ ਤਾਂ ਵਾਧੂ ਦੀਆਂ ਗੱਲਾਂ ਨੇ। ਕੀ ਅਸੀਂ ਹੁਣ ਇਕੱਠੇ ਨੀ ਰਹਿੰਦੇ?" ਪਰ ਤਨੂ ਦਾ ਕਹਿਣਾ ਸੀ ਕਿ ਇਹ ਉਸ ਤੋਂ ਨਹੀਂ ਹੋ ਸਕਦਾ। ਪਰ ਉਹ ਸਮਝ ਹੀ ਨਹੀਂ ਸੀ ਰਹੇ।

ਇਕ ਦਿਨ ਪ੍ਰੋ: ਸਾਗਰ ਦੀਆਂ ਕੁੜੀਆਂ ਉਸ ਨੂੰ ਕਾਲਿਜ ਘੁਮਾਉਣ ਲੈ ਗਈਆਂ। ਉਸ ਨੇ ਦੇਖਿਆ, ਹਰ ਕੁੜੀ ਦੇ ਕਿਸੇ ਮੁੰਡੇ ਨਾਲ ਸੰਬੰਧ ਸਨ, ਪਰ ਘਰ ਜਾ ਕੇ ਕਹਿਣ ਜਾਂ ਉਸ ਨਾਲ ਵਿਆਹ ਕਰਵਾਉਣ ਦੀ ਉਨ੍ਹਾਂ ਵਿਚ ਹਿੰਮਤ ਨਹੀਂ ਸੀ। ਕੁੜੀਆਂ ਨੇ ਦੱਸਿਆ ਕਿ ਜੀਵਨ ਸਾਥੀ ਚੁਣਨ ਦਾ ਤਾਂ ਉਨ੍ਹਾਂ ਨੂੰ ਕੋਈ ਹੱਕ ਨਹੀਂ ਹੈ। ਕਈਆਂ ਨੇ ਕਿਹਾ ਕਿ, 'ਪਾਪਾ ਇਸ ਮਾਮਲੇ 'ਚ ਬਹੁਤ ਸਖਤ ਨੇ'।

ਉੱਥੋਂ ਵੀ ਉਹ ਨਿਰਾਸ ਪਰਤ ਆਈ। ਹੁਣ ਉਸ ਨੂੰ ਨੀਂਦ ਨਹੀਂ ਸੀ ਆਉਂਦੀ। ਉਹ ਹਮੇਸ਼ਾ ਉਨ੍ਹਾਂ ਕੁੜੀਆਂ ਬਾਰੇ ਸੋਚਦੀ ਰਹਿੰਦੀ ਜਿਨ੍ਹਾਂ ਨੂੰ ਜੰਮਦੀਆਂ ਹੀ ਮਾਰ ਦਿੱਤਾ ਗਿਆ ਸੀ। ਉਹ ਇੰਟਰਨੈੱਟ 'ਤੇ ਜਾਂ ਪੁਸਤਕਾਂ ਦੀ ਸਹਾਇਤਾ ਨਾਲ ਇਸ ਬੁਰਾਈ ਦੀਆਂ ਜੜਾਂ ਤਕ ਪਹੁੰਚਣ ਦੀ ਕੋਸ਼ਿਸ਼ ਕਰਦੀ ਰਹੀ। ਕਿਸੇ ਨੇ ਉਸ ਨੂੰ ਮਨੂ ਸਿਮ੍ਰਤੀ ਪੜ੍ਹਨ ਲਈ ਕਿਹਾ ਜਿਸ ਤੋਂ ਇਹ ਸਮੱਸਿਆ ਸ਼ੁਰੂ ਹੋਈ ਸੀ। ਉਸੇ ਵਿਚ ਔਰਤ ਨੂੰ ਦਾਸੀ ਬਣਾ ਕੇ ਰੱਖਣ ਅਤੇ ਪਤੀ ਨੂੰ ਪਰਮੇਸ਼ਰ ਸਮਝਣ ਦੀ ਮੱਤ ਦਿੱਤੀ ਗਈ ਸੀ। ਉਸ ਵਿਚ ਤਾਂ ਇਹ ਵੀ ਕਿਹਾ ਗਿਆ ਸੀ ਕਿ ਔਰਤ ਨੂੰ ਤੇ ਸ਼ੂਦਰ ਨੂੰ ਗਿਆਨ ਪ੍ਰਾਪਤ ਕਰਨ ਦਾ ਹੀ ਹੱਕ ਨਹੀਂ।

ਹੁਣ ਕਦੇ ਉਸ ਨੂੰ ਦਾਜ ਦੀ ਬਲੀ ਚੜ੍ਹ ਗਈਆਂ ਔਰਤਾਂ ਸਤਾਉਣ ਲੱਗਦੀਆਂ ਤੇ ਕਦੇ ਉਹ ਆਪ ਮੁਹਾਰੇ ਹੀ ਪਿੰਡ ਦੀਆਂ ਸਤੀਆਂ ਵੱਲ ਨੂੰ ਤੁਰ ਪੈਂਦੀ। ਉਨ੍ਹਾਂ ਦੀਆਂ ਮਮਟੀਆਂ ਨਾਲ ਗੱਲਾਂ ਕਰਦੀ। ਉਸ ਨੂੰ ਪੰਜਾਬ ਵਿਚ ਡਿੱਗ ਰਹੇ ਮਾਦਾ ਲਿੰਗ ਅਨੁਪਾਤ ਦੀ ਸਮਝ ਆਉਣ ਲੱਗਦੀ।

ਗੋਵਿੰਦਰ ਨੇ ਤਨੂ ਦਾ ਬਦਲ ਰਿਹਾ ਵਿਵਹਾਰ ਨੋਟ ਕੀਤਾ। ਲੋਕਾਂ ਕਿਹਾ, 'ਇਹ ਝੱਲੀ ਕੁੜੀ ਇਉਂ ਸੋਚ ਸੋਚ ਕੇ ਤਾਂ ਪਾਗ਼ਲ ਹੋ ਜਾਵੇਗੀ'। ਜਦੋਂ ਤਨੂ ਨੂੰ ਭੁੱਖ ਲੱਗਣੋਂ ਵੀ ਹਟ ਗਈ ਤਾਂ ਗੋਵਿੰਦਰ ਨੇ ਆਪਣੀ ਪਤਨੀ ਪੈਮ ਨੂੰ ਫੋਨ ਕੀਤਾ ਕਿ "ਤਨੂ ਤਾਂ ਬਹੁਤ ਸਟਰੈੱਸ ਲੈ ਰਹੀ ਹੈ। ਚੱਜ ਨਾਲ ਖਾਂਦੀ ਪੀਂਦੀ ਵੀ ਨਹੀ। ਇਸ ਤਰ੍ਹਾਂ ਤਾਂ ਉਹ ਬਿਮਾਰ ਹੋ ਜਾਵੇਗੀ। ਕਿਵੇਂ ਰਹੇਗੀ ਉਹ ਏਥੇ? ਮੈਂ ਉਸ ਨੂੰ ਨਾਲ਼ ਹੀ ਵਾਪਸ ਲੈ ਆਉਂਦਾ ਹਾਂ"।

ਫਿਰ ਇਹ ਗੱਲ ਗੋਵਿੰਦਰ ਨੇ ਤਨੂ ਨਾਲ ਵੀ ਕੀਤੀ ਕਿ ਉਹ ਵਾਪਸ ਕੈਨੇਡਾ ਜਾਣ ਦੀ ਤਿਆਰੀ ਕਰੇ ਅਤੇ ਛੱਡੇ ਪਰੇ ਇਸ ਪ੍ਰੋਜੈਕਟ ਨੂੰ।

ਪਰ ਤਨੂ ਭੜਕ ਪਈ, "ਡੈਡ ਦੇਅਰਜ਼ ਆਲਸੋ ਮੈਨ ਡੌਮੀਨੇਸ਼ਨ। ਇਹ ਫੈਸਲਾ ਤੁਹਾਡਾ ਹੈ ਮੇਰਾ ਨਹੀਂ। ਮੈਂ ਜਿਸ ਸਬਜੈਕਟ 'ਤੇ ਸਟੱਡੀ ਕਰਨ ਆਈ ਹਾਂ, ਕੰਪਲੀਟ ਕਰਕੇ ਹੀ ਮੁੜਾਂਗੀ"।

ਗੋਵਿੰਦਰ ਧੀ ਦੀ ਦ੍ਰਿੜਤਾ ਦੇਖ ਕੇ ਹੈਰਾਨ ਰਹਿ ਗਿਆ। ਉਸ ਨੂੰ ਕੈਨੇਡਾ ਦੇ ਸ਼ੁਰੂਆਤੀ ਦਿਨ ਯਾਦ ਆਏ ਜਦੋਂ ਉਹ ਸੰਘਰਸ਼ ਦੇ ਦਿਨਾਂ ਵਿਚ ਕੈਲਗਰੀ ਰਿਹਾ ਕਰਦੇ ਸਨ। ਜਿੱਥੇ ਲੰਬੀ ਤੇ ਅਕਾਊ ਬਰਫਬਾਰੀ ਤੋਂ ਬਾਅਦ ਗਰਮ ਹਵਾ ਦੇ ਬੁੱਲੇ ਜਦੋਂ ਜੰਮੀ ਹੋਈ ਬਰਫ ਨੂੰ ਪਿਘਲਾ ਜਾਂਦੇ ਤਾਂ ਕਿੰਨਾ ਚੰਗਾ ਲੱਗਦਾ। ਲੋਕ ਇਸ ਗਰਮ ਹਵਾ ਨੂੰ 'ਸ਼ਨੁੱਕ' ਕਹਿੰਦੇ। ਉਸ ਨੂੰ ਤਨੂ ਵੀ ਗਰਮ ਹਵਾ ਦਾ ਇਕ ਅਜਿਹਾ ਹੀ ਬੁੱਲਾ ਜਾਪੀ।

[57 Morton Way, Brampton, Ont. Canada L6Y 2R6]

ਕਾਕਰੋਚ

ਗੁਰਸੇਵਕ ਸਿੰਘ ਪ੍ਰੀਤ

'ਈ... ਈ... ਈ..।'

ਭਵਾਨੀ ਦੀ ਚੀਕ ਸੁਣ ਕੇ ਆਰਤੀ ਕਰ ਰਿਹਾ ਪਵਨ ਆਪਣੀਆਂ ਮੋਟੇ ਸ਼ੀਸ਼ੇ ਦੀਆਂ ਐਨਕਾਂ ਸਾਂਭਦਾ ਰਸੋਈ ਵੱਲ ਭੱਜਿਆ। ਉਸਨੂੰ ਲੱਗਿਆ ਕਿ ਭਵਾਨੀ ਰਸੋਈ ਦੇ ਸੰਗਮਰਮਰੀ ਫਰਸ਼ ਤੋਂ ਤਿਲਕ ਕੇ ਡਿੱਗ ਗਈ ਹੋਣੀ ਆ। ਉਸਦੀ ਲੱਤ ਜਾਂ ਬਾਂਹ ਟੁੱਟ ਗਈ ਹੋਊ । ਉਹ ਹੁਣ ਪੀੜ ਨਾਲ ਤੜਪਦੀ ਪਈ ਹੋਣੀ ਆਂ। ' ਸੰਗਮਰਮਰੀ ਫਰਸ਼ਾਂ ਦਾ ਵੀ ਯੱਭ ਈ ਆ... ਪਰ ਟੈਅਰ ਵੀ ਆ... ਮੋਟੀ ਨੂੰ ਚੁੱਕ ਕੇ ਹਸਪਤਾਲ ਕਿਵੇਂ ਲਿਜਾਊਂ ? ... ਉੱਤੋਂ ਕੰਮ 'ਤੇ ਜਾਣ ਦਾ ਟਾਇਮ ਹੋਇਆ ਪਿਆ। ਝੋਨੇ ਦਾ ਸੀਜ਼ਨ ਆ... ਮਿੰਟ ਦੀ ਵਿਹਲ ਨੀ.. ਭਵਾਨੀ ਨੂੰ ਵੀ ਛੁੱਟੀ ਕਰਨੀ ਪਊ... ਮਾਲਕਣ ਨੇ ਘਰੇ ਕਿੱਟੀ ਪਾਰਟੀ ਰੱਖੀ ਆ... ਇਲਾਜ 'ਤੇ ਪਤਾ ਨਹੀਂ ਕਿੰਨੇ ਪੈਸੇ ਲੱਗਣਗੇ... ਦੋ ਕੁ ਹਜ਼ਾਰ ਤਾਂ ਘਰੇ ਹੈਗਾ... ਅੱਠ ਕੁ ਬੈਂਕ 'ਚ ਹੋਊ... ਪਤਾ ਨਹੀਂ ਕਿਵੇਂ ਸਰੂ ... ਰਾਮ... ਰਾਮ... ਰਾਮ...।' ਦਸ ਕਦਮਾਂ ਦੀ ਦੂਰੀ ਪਾਰ ਕਰਦਿਆਂ ਪਵਨ ਦਾ ਮੁਨੀਮੀ ਦਿਮਾਗ਼ ਸੈਂਕੜੇ ਜੋੜ ਘਟਾਓ ਕਰ ਗਿਆ।

ਉਹ ਜਦੋਂ ਰਸੋਈ ਵਿਚ ਪਹੁੰਚਿਆ ਤਾਂ ਹੈਰਾਨ ਰਹਿ ਗਿਆ। ਭਵਾਨੀ ਸਿੱਧੀ ਖੜ੍ਹੀ ਸੀ। ਖੇਤ ਵਿਚ ਗੱਡੇ ਡਰਨੇ ਵਾਂਗੂੰ। ਉਸਦੇ ਦੋਵੇਂ ਹੱਥ ਆਤਮ ਸਪਰਪਨ ਦੀ ਮੁਦਰਾ 'ਚ 'ਤਾਹਾਂ ਨੂੰ ਚੁੱਕੇ ਹੋਏ ਸੀ। ਅੱਖਾਂ ਟੱਡੀਆਂ ਹੋਈਆਂ। ਮੂੰਹ ਖੁੱਲ੍ਹਾ। ਉਸਦਾ ਰਾਜਸਥਾਨੀ ਚੋਲੀ ਤੇ ਪੇਟੀਕੋਟ ਵਿਚਾਲੇ ਖਮੀਰੇ ਆਟੇ ਵਾਂਗੂੰ ਫੁੱਲਿਆ ਹੋਇਆ ਢਿੱਡ ਲੁਹਾਰ ਦੀ ਧੌਂਕਣੀ ਵਾਂਗ ਹਿੱਲ ਰਿਹਾ ਸੀ। ਫੂੰ ਫਾਂ... ਫੂੰ ਫਾਂ... ਗਲ਼ੇ 'ਚ ਪਾਇਆ ਮੰਗਲ ਸੂਤਰ ਗਿੱਠ ਗਿੱਠ ਉਪਰ ਹੇਠਾਂ ਹੋ ਰਿਹਾ ਸੀ।

ਪਵਨ ਦੇ ਸਾਹ 'ਚ ਸਾਹ ਆਇਆ।

'ਭਵਾਨੀ ਦੀ ਲੱਤ ਬਾਂਹ ਤਾਂ ਕੋਈ ਨਹੀਂ ਟੁੱਟੀ। ਭਾਂਡਾ - ਟੀਂਡਾ ਵੀ ਕੋਈ ਟੁੱਟਿਆ ਨਹੀਂ ਵਿਖਦਾ। ਫੇਰ ਇਹ ਸ਼ੈਂਕ ਵੱਲ ਮੂੰਹ ਕਰਕੇ ਕਿਉਂ ਖੜ੍ਹੀ ਆ, ਯੋਗਾ ਕਰਨ ਵਾਲਿਆਂ ਵਾਂਗੂੰ ... ਕਿਤੇ ਬਰਫ ਪਾਣੀ ਤਾਂ ਨਹੀਂ ਖੇਡਦੀ? ਲੱਗ ਗਿਆ ਪਤਾ... ਮੈਨੂੰ ਬੁੱਧੂ ਬਣਾਉਂਦੀ ਆ... ਬਾਗੜਨੀ ਜਿਹੀ... ਸ਼ੈਲਰ 'ਚ ਵੀ ਸਾਰੇ ਮੇਰੇ ਨਾਲ ਇਹੋ ਜਿਹੀਆਂ ਸ਼ਰਾਰਤਾਂ ਕਰਦੇ ਨੇ। ਮੈਂ ਤਾਂ ਕਦੇ ਕਿਸੇ ਨਾਲ ਨਹੀਂ ਕੀਤੀ... ਹੁਣ ਇਹ ਵੀ...।' ਪਵਨ ਨੇ ਸਥਿਤੀ ਦਾ ਜਾਇਜ਼ਾ ਲੈਂਦਿਆਂ ਅੰਦਰੋ ਅੰਦਰੀ ਤਬਸਰਾ ਕੀਤਾ।

'ਏ ਭਵਾਨੀ... ਕਿਆ ਹੂਆ,' ਪਵਨ ਨੇ ਭਵਾਨੀ ਦੀ ਬਾਂਹ ਨੂੰ ਆਪਣੇ ਸੱਜੇ ਹੱਥ ਦੀ ਪਹਿਲੀ ਉਂਗਲ ਨਾਲ ਹਲਕਾ ਜਿਹਾ ਛੂਹ ਕੇ ਪੁੱਛਿਆ। ਉਹ ਉਸਦੀ ਐਕਟਿੰਗ ਤੋਂ ਪ੍ਰਭਾਵਤ ਨਾ ਹੋਣ ਦਾ ਵਿਖਾਵਾ ਵੀ ਕਰ ਰਿਹਾ ਸੀ ਤੇ ਕਿਸੇ ਖਤਰੇ ਦੀ ਹਾਲਤ 'ਚ ਉਸਦੇ ਬਚਾਅ ਦਾ ਵੀ।

'ਈ.....ਈ.... ਈ.....।' ਭਵਾਨੀ ਨੇ ਇਕ ਵਾਰ ਫਿਰ ਲੰਬੀ ਚੀਕ ਮਾਰੀ ਤੇ ਪਵਨ ਨੂੰ ਚਿੰਬੜ ਗਈ।

ਉਸਦਾ ਮੋਟਾ ਢਿੱਡ ਵੱਡੇ ਸਾਰੇ ਬੁਲਬੁਲੇ ਵਾਂਗ ਪਵਨ ਦੇ ਆਲੇ ਦੁਆਲੇ ਫੈਲ ਗਿਆ। ਜਿਵੇਂ ਪੋਲੀ ਰਜਾਈ ਸਾਹ ਲੈ ਰਹੀ ਹੋਵੇ। ਬੋਝ ਤੇ ਗੁਦਗੁਦੇ ਮਾਸ 'ਚ ਮੂੰਹ ਖੁੱਭਣ ਕਰਕੇ ਪਵਨ ਨੂੰ ਆਪਣਾ ਸਾਹ ਘੁਟਦਾ ਲੱਗਿਆ। ਉਸਨੇ ਭਵਾਨੀ ਨੂੰ ਆਪਣੇ ਤੋਂ ਪਰ੍ਹਾਂ ਕਰਨ ਦੀ ਵਿਅਰਥ ਕੋਸ਼ਿਸ਼ ਕੀਤੀ ਕਿ ਐਨੇ 'ਚ ਭਵਾਨੀ ਨੇ ਆਪਣੇ ਭਾਰ ਸਿਰ ਖੜ੍ਹੇ ਹੁੰਦਿਆਂ ਆਪਣੀਆਂ ਪਲਕਾਂ ਤੇਜ਼ ਤੇਜ਼ ਝਪਕੀਆਂ ਤੇ ਇਕ ਉਂਗਲ ਸ਼ੈਂਕ ਵੱਲ ਕਰਦਿਆਂ ਕਿਹਾ, ' ਬਠੇ ਬਠੇ...।'

ਉਹ ਬੁਰੀ ਤਰ੍ਹਾਂ ਡਰੀ ਹੋਈ ਸੀ।

'ਓ ਬਠੇ ਬਠੇ ਕੀ ਲਾਈ ਆ... ਕੀ ਆ ਓਥੇ ?' ਪਵਨ ਕੁਝ ਨਹੀਂ ਸਮਝਿਆ। ਉਸਨੂੰ ਥੋੜ੍ਹਾ ਕੁ ਗੁੱਸਾ ਵੀ ਚੜ੍ਹ ਗਿਆ ਸੀ।

'ਬਠੇ ... ਬਠੇ... ਕ... ਕ... ਕਾਕਰੋਚ... ਸੇ।'

'ਕਾਕਰੋਚ... ਕਾਕਰੋਚ ਕਿੱਥੋਂ ਆ ਗਿਆ ?... ਤੇ ਫੇਰ ਕੀ ਆ... ਕਾਕਰੋਚ ਈ ਆ ਕਿਤੇ ਸ਼ੇਰ ਤਾਂ ਨੀਂ।' ਪਵਨ ਰਸੋਈ 'ਚ ਕਾਕਰੋਚ ਆਉਣ ਅਤੇ ਉਸ ਕਾਕਰੋਚ ਤੋਂ ਭਵਾਨੀ ਦੇ ਡਰਨ, ਦੋਵੇਂ ਅਸੰਭਵ ਗੱਲਾਂ ਕਰਕੇ ਹੋਰ ਹੈਰਾਨ ਹੋ ਗਿਆ।

ਪਵਨ ਨੇ ਭਵਾਨੀ ਨੂੰ ਪਾਸੇ ਕਰਕੇ ਸ਼ੈਂਕ 'ਚ ਵੇਖਿਆ ਤਾਂ ਉੱਥੇ ਇਕ ਗੂਹੜੇ ਕਿਰਮਚੀ ਰੰਗ ਦਾ ਵੱਡਾ ਸਾਰਾ ਕਾਕਰੋਚ ਆਪਣੀਆਂ ਵੱਡੀਆਂ-ਵੱਡੀਆਂ ਮੁੱਛਾਂ ਨੂੰ ਆਸੇ-ਪਾਸੇ ਹਿਲਾ ਕੇ ਹੌਲ਼ੀ-ਹੌਲ਼ੀ ਭਾਂਡਿਆਂ 'ਚ ਤੁਰਿਆ ਫਿਰਦਾ ਸੀ। ਜਿਵੇਂ ਫੂਡ ਸਪਲਾਈ ਇੰਸਪੈਕਟਰ ਸ਼ੈਲਰ 'ਚ ਲੱਗੇ ਝੋਨੇ ਦੀਆਂ ਬੋਰੀਆਂ ਗਿਣਨ ਦਾ ਵਿਖਾਵਾ ਕਰਦਾ ਹੋਇਆ ਰੈਕਾਂ 'ਚ ਗੇੜਾ ਕੱਢਕੇ ਆਪਣਾ ਰੇਟ ਵਧਾਉਂਦਾ ਹੋਵੇ। ਕਾਕਰੋਚ ਦੀਆਂ ਕਾਲ਼ੀਆਂ ਤੇ ਮੋਟੀਆਂ ਅੱਖਾਂ ਤੋਂ ਡਰ ਲੱਗਦਾ ਸੀ। ਪਵਨ ਨੇ ਐਨਕ ਠੀਕ ਕਰਕੇ ਗਹੁ ਨਾਲ ਵੇਖਿਆ। ਕਾਕਰੋਚ ਦੀ ਇਕ ਲੱਤ ਟੁੱਟੀ ਹੋਈ ਸੀ। ਮੁੱਛ ਦਾ ਇਕ ਪਾਸੇ ਦਾ ਵਾਲ ਵੀ ਛੋਟਾ ਸੀ। ਖੰਭ ਵੀ ਪਾਸੇ ਨੂੰ ਉਲਰੇ ਹੋਏ ਸਨ। ਇਸੇ ਕਰਕੇ ਉਹ ਬਹੁਤੀ ਫੁਰਤੀ ਨਹੀਂ ਸੀ ਵਰਤ ਰਿਹਾ।

'ਹੂੰ... ਕੋਈ ਗੱਲ ਨਹੀਂ ... ਜ਼ਖਮੀ ਆ ਵਿਚਾਰਾ... ਆਪਾਂ ਕੱਢਕੇ ਬਾਹਰ ਮਾਰਦੇ ਆਂ... ਤੂੰ ਬਹੁਕਰ ਲਿਆ... ਨਹੀਂ, ਡੰਡਾ... ਚੱਲ ਛੱਡ.. ਪਾਣੀ ਦੀ ਬਾਲਟੀ ਭਰ ਕੇ ਉੱਤੇ ਪਾ ਦਿੰਨੇ ਆਂ... ਮਾਰਨਾ ਕਾਹਨੂੰ ਆ... ।' ਪਵਨ ਨੇ ਕਈ ਤਰ੍ਹਾਂ ਦੀਆਂ ਸਕੀਮਾਂ ਵਰਤੀਆਂ ਤੇ ਅਖੀਰ ਕਾਕਰੋਚ ਨੂੰ ਸ਼ੈਂਕ 'ਚੋਂ ਕੱਢ ਕੇ ਗਲੀ 'ਚ ਸੁੱਟ ਦਿੱਤਾ।

ਗਲੀ 'ਚ ਵਲ-ਵਲੇਂਵੇ ਖਾ ਕੇ ਤੁਰਿਆ ਜਾਂਦੇ ਕਾਕਰੋਚ ਨੂੰ ਉਹ ਚਾਹੁੰਦਾ ਹੋਇਆ ਵੀ ਮਾਰ ਨਹੀਂ ਸੀ ਸਕਿਆ।

'ਰਾਮ ਦਾ ਜੀਅ ਆ, ਕਾਹਨੂੰ ਮਾਰਨਾ ਵਿਚਾਰੇ ਨੂੰ।'

ਕਿਸੇ ਗੱਡੀ ਮੋਟਰ ਹੇਠ ਨਾ ਆ ਜਾਵੇ, ਸੋਚ ਕੇ ਉਸਨੇ ਗਲੀ ਦੇ ਵਿਚਕਾਰ ਤੁਰੇ ਜਾਂਦੇ ਕਾਕਰੋਚ ਨੂੰ ਬਹੁਕਰ ਨਾਲ ਕੰਧ ਵੱਲ ਸੁੱਟਿਆ ਤਾਂ ਬੁੜ੍ਹਕ ਕੇ ਡਿੱਗਿਆ ਕਾਕਰੋਚ ਪੁੱਠਾ ਹੋ ਕੇ ਲੱਤਾਂ ਮਾਰਨ ਲੱਗ ਪਿਆ ਤੇ ਮਾਰਦਾ ਰਿਹਾ... ਮਾਰਦਾ ਰਿਹਾ। ਉਸ ਕੋਲੋਂ ਸਿੱਧਾ ਨਹੀਂ ਸੀ ਹੋਇਆ ਜਾ ਰਿਹਾ। ਕੁਝ ਸਮਾਂ ਜਕਾ ਤਕੀ 'ਚ ਖੜੇ ਪਵਨ ਨੇ, 'ਚੱਲ ਹੋਊ ਆਪੇ...', ਕਹਿ ਕੇ ਬੂਹਾ ਬੰਦ ਕਰਦਿਆਂ ਜੇਤੂ ਅੰਦਾਜ਼ 'ਚ ਭਵਾਨੀ ਵੱਲ ਵੇਖਿਆ। ਜਿਵੇਂ ਕਹਿ ਰਿਹਾ ਹੋਵੇ ਮਾੜਚੂ ਆਂ ਤਾਂ ਕੀ ਹੋਇਆ... ਮਰਦ ਆਂ, ਕਾਕਰੋਚ ਚਲਾ ਕੇ ਮਾਰਿਆ ਨਾ ਗਲੀ 'ਚ... ਤੂੰ ਤਾਂ ਖਾ-ਖਾ ਕੇ ਦਾਲ ਬਾਟੀ ਬਾਣੀਆਂ ਦੀ ਵਹੀ ਵਾਂਗੂੰ ਫੁਲੀ ਜਾਂਦੀ ਆਂ...।

ਪਵਨ ਨੇ ਰਸੋਈ 'ਚ ਆ ਕੇ ਸ਼ੈਂਕ ਨੂੰ ਮੁੜ ਵੇਖਿਆ। ਉੱਥੇ ਹੋਰ ਕੋਈ ਕਾਕਰੋਚ ਨਾ ਵਿਖਿਆ। ਉਸਨੇ ਰਸੋਈ ਦੇ ਬਾਹਰ ਕੁਰਸੀ 'ਤੇ ਬੈਠੀ ਭਵਾਨੀ ਨੂੰ ਹਲੂਣਦਿਆਂ ਰੋਟੀ ਪਕਾਉਣ ਲਈ ਕਿਹਾ। ਪਰ ਭਵਾਨੀ ਨੇ ਦੋਹੇਂ ਮੋਢੇ ਚੜ੍ਹਾ ਕੇ ਰਸੋਈ 'ਚ ਵੜਨ ਤੋਂ ਨਾਂਹ ਕਰ ਦਿੱਤੀ।

ਇਸ ਭਜਾ ਨੱਸੀ 'ਚ ਪਵਨ ਸ਼ੈਲਰ ਜਾਣ ਤੋਂ ਲੇਟ ਹੋ ਗਿਆ, ਤੇ ਉੱਤੋਂ ਰੋਟੀ ਵੀ ਨਾ ਮਿਲੀ।

ਪੰਜ ਕੁ ਫੁੱਟ ਕੱਦ, ਅੱਖਾਂ 'ਤੇ ਮੋਟੀਆਂ ਐਨਕਾਂ, ਹਰ ਵੇਲੇ ਹੱਸਣ ਦੀ ਮੁਦਰਾ ਵਾਲਾ ਮੂੰਹ, ਹੇਠਾਂ ਨੂੰ ਵਾਹੇ ਵਾਲ਼ ਤੇ ਮਾੜਚੂ ਜਿਹੇ ਸਰੀਰ ਉਪਰ ਲੰਬੀਆਂ ਬਾਹਾਂ ਵਾਲਾ ਕੁੜਤਾ ਤੇ ਖੁੱਲ੍ਹਾ ਪਜਾਮਾ ਪਾ ਕੇ ਰੱਖਣ ਵਾਲਾ ਪਵਨ ਇਕ ਸਾਊ ਆਦਮੀ ਹੈ। ਸ਼ਹਿਰ 'ਚ ਜੰਮਿਆ ਪਲਿਆ ਹੋਣ ਦੇ ਬਾਵਜੂਦ ਉਹ ਬਹੁਤੇ ਸ਼ਹਿਰੀਆਂ ਵਾਂਗ ਕਮੀਨਗੀ ਦੀ ਹੱਦ ਤਕ ਚਲਾਕ ਨਹੀਂ ਸਗੋਂ ਸਿਆਣੀ ਤੇ ਸਾਫ ਗੱਲ ਕਰਨ ਵਾਲਾ ਬੰਦਾ ਸੀ। ਪਰ ਉਸਦੀ ਸਿੱਧੀ ਗੱਲ ਸੁਣਕੇ ਵੀ ਲੋਕ ਅਕਸਰ ਹੱਸ ਪੈਂਦੇ ਹਨ। ਇਸ ਕਰਕੇ ਉਹ ਖਿਝਿਆ ਰਹਿੰਦਾ... ਪਰ ਇਹ ਖਿਝ ਗੁੱਸੇ ਜਾਂ ਨਫਰਤ ਵਾਲੀ ਨਹੀਂ। ਅਸਲ 'ਚ ਲੋਕਾਂ ਨੂੰ ਉਸਦੀ ਗੱਲ ਕਰਕੇ ਨਹੀਂ ਸ਼ਕਲ ਕਰਕੇ ਹਾਸਾ ਜ਼ਿਆਦਾ ਆਉਂਦਾ।

ਪਵਨ ਨੂੰ ਹਰ ਗੱਲ ਦੀ ਤੈਹ ਤਕ ਜਾਣ ਦੀ ਆਦਤ, ਬਾਊਆਂ ਵੱਲੋਂ ਦਿੱਤਾ ਪੁਰਾਣਾ ਵੈਸਪਾ ਸਕੂਟਰ, ਨੋਕੀਆ ਦਾ 1100 ਮੋਬਾਇਲ ਜਿਸਦੇ ਨੰਬਰ ਘਸ ਕੇ ਦਿਖਣੋ ਹਟ ਗਏ ਹਨ ਅਤੇ ਹਾੜ੍ਹ - ਸਿਆਲ਼ ਪਾਈਆਂ ਗਾਂਧੀ ਮਾਰਕਾ ਚਮੜੇ ਦੀਆਂ ਚੱਪਲਾਂ ਪਵਨ ਦੇ ਸਰੀਰ ਦਾ ਹਿੱਸਾ ਹਨ।

ਪਹਿਲਾਂ ਉਹ ਸੁਰਿੰਦਰ ਬਾਂਸਲ ਦੀ ਆੜ੍ਹਤ 'ਤੇ ਅਸਾਮੀਆਂ ਨੂੰ ਪਾਣੀ ਪਿਆਉਂਦਾ ਸੀ, ਫਿਰ ਹੌਲੀ ਹੌਲੀ ਮੁਨੀਮ ਬਣ ਗਿਆ। ਫਿਰ ਜਦੋਂ ਸੁਰਿੰਦਰ ਨੇ ਸ਼ੈਲਰ ਬਣਾਇਆ ਤਾਂ ਉਸਨੂੰ ਸ਼ੈਲਰ ਦਾ ਕੰਮ ਕਾਰ ਸੰਭਾਲ ਦਿੱਤਾ। ਹੁਣ ਉਹ ਕਈ ਸਾਲਾਂ ਤੋਂ ਸ਼ੈਲਰ 'ਚ ਮੁਨੀਮ ਤੋਂ ਲੈ ਕੇ ਮੈਨੇਜਰੀ ਤਕ ਸਾਰਾ ਕੰਮ ਵੇਖਦਾ। ਕਦੇ ਇਕ ਪੈਸੇ ਦੀ ਹੇਰਾਫੇਰੀ ਨਹੀਂ ਕੀਤੀ। ਬਾਊ ਉਸਤੇ ਅੰਨ੍ਹਾ ਵਿਸ਼ਵਾਸ ਕਰਦੇ ਨੇ। ਕੁੱਲ ਮਿਲਾ ਕੇ ਪਵਨ ਇਕ ਸ਼ਰੀਫ ਆਦਮੀ ਹੈ।

ਸਾਰੇ ਹੀ ਜਾਣਦੇ ਨੇ ਕਿ ਆਮ ਤੌਰ 'ਤੇ ਉਨ੍ਹਾਂ ਲੋਕਾਂ ਨੂੰ ਸ਼ਰੀਫ ਕਿਹਾ ਜਾਂਦਾ ਹੈ ਜਿਹੜੇ ਘਰੋਂ ਕੰਮ 'ਤੇ ਅਤੇ ਕੰਮ ਤੋਂ ਘਰੇ ਜਾਂਦੇ ਨੇ। ਪਵਨ ਵੀ ਇਨ੍ਹਾਂ ਸ਼ਰੀਫ ਲੋਕਾਂ 'ਚੋਂ ਇਕ ਕੁਝ ਵਧੇਰੇ ਹੀ ਸ਼ਰੀਫ ਆਦਮੀ ਸੀ।

ਤੇ ਭਵਾਨੀ, ਪਵਨ ਦੀ ਪਤਨੀ, ਜੋ ਰਾਜਸਥਾਨ ਦੀ ਆ, ਵੀ ਇਸ ਸ਼ਰੀਫ ਸਮਾਜ ਦੀ ਇਕ ਆਦਰਸ਼ ਨਾਰੀ ਹੈ, ਜਿਹੜੀ ਮੂੰਹ ਬੰਦ ਕਰਕੇ ਜਿਉਣ ਅਤੇ ਰੱਜ ਕੇ ਖਾਣ ਅਤੇ ਦੂਜਿਆਂ 'ਤੇ ਆਪਣੀ ਟੌਅਰ ਦਾ ਰੋਹਬ ਪਾਉਣ ਦੇ ਆਹਰ 'ਚ ਲੱਗੀ ਰਹਿੰਦੀ ਹੈ।

ਪਵਨ ਦੇ ਆੜ੍ਹਤੀਏ ਸੁਰਿੰਦਰ ਬਾਂਸਲ ਦਾ ਰਾਜਸਥਾਨ ਦੇ ਸ਼ਹਿਰ ਕੋਟਾ ਵਿਖੇ ਸੰਗਮਰਮਰੀ ਪੱਥਰ ਦਾ ਕਾਰੋਬਾਰ ਹੈ। ਉਹ ਪੱਥਰਾਂ ਦੀਆਂ ਖਾਣਾਂ ਮੁੱਲ ਲੈ ਲੈਂਦਾ ਹੈ। ਫੇਰ ਪੱਥਰ ਘੜ ਸੰਵਾਰ ਕੇ ਸੰਗਮਰਮਰੀ ਸਿੱਲਾਂ ਬਣਾ ਕੇ ਪੰਜਾਬ 'ਚ ਵੇਚ ਦਿੰਦਾ ਹੈ। ਇਹ ਕਈ ਗੁਣਾਂ ਮੁਨਾਫੇ ਵਾਲਾ ਕੰਮ ਹੈ। ਪਰ ਪਿਛਲੇ ਕੁਝ ਸਮੇਂ ਤੋਂ ਪੱਥਰਾਂ ਦਾ ਕਾਰੋਬਾਰ ਕੁਝ ਢਿੱਲਾ ਪਿਆ ਤਾਂ ਉਸਨੇ ਕੋਟੇ 'ਚ ਹੀ ਇਕ ਕੋਚਿੰਗ ਸੈਂਟਰ ਖੋਲ੍ਹ ਲਿਆ। ਪੱਥਰਾਂ ਦੀ ਮੰਡੀ ਦੇ ਨਾਲ ਹੁਣ ਕੋਟਾ ਮੈਡੀਕਲ ਤੇ ਨਾਨ ਮੈਡੀਕਲ ਵਿਦਿਆਰਥੀਆਂ ਲਈ ਭਾਰਤ ਦੀ ਵੱਡੀ ਕੋਚਿੰਗ ਮੰਡੀ ਬਣ ਗਿਆ ਹੈ। ਆਲੀਸ਼ਾਨ ਤੇ ਫਾਈਵ ਸਟਾਰੀ ਕੋਚਿੰਗ ਸੈਂਟਰ ਹਰ ਅਮੀਰ ਆਦਮੀ ਲਈ ਆਪਣੇ ਧੀਆਂ ਪੁੱਤਾਂ ਨੂੰ ਵੱਡੀਆਂ ਕਮਾਊ ਮਸ਼ੀਨਾਂ ਬਣਾਉਣ ਦੀ ਸੁਪਨਗਾਹ ਬਣ ਗਿਆ ਹੈ।

ਸੁਰਿੰਦਰ ਨੇ ਕੋਚਿੰਗ ਸੈਂਟਰ ਦੇ ਨਾਲ ਹੀ 'ਘਰੇਲੂ ਮਹਿਮਾਨਖਾਨਾ' ਵੀ ਬਣਾ ਲਿਆ ਹੈ। ਉਸਦਾ ਨਾਮ ਹੈ 'ਪੰਜਾਬ ਪੀਜੀ'। ਬਹੁਤ ਖੂਬਸੂਰਤ, ਸਾਰਾ ਏ ਸੀ। ਵੈਸੇ ਤਾਂ ਪੰਜਾਬੀ ਵਿਰਸੇ 'ਚ ਮਹਿਮਾਨ ਨੂੰ ਰੱਬ ਦਾ ਰੂਪ ਮੰਨਿਆ ਗਿਆ ਹੈ, ਪਰ ਵਪਾਰੀ ਪੰਜਾਬੀਆਂ ਨੇ ਹੁਣ ਮਹਿਮਾਨ ਕੋਲੋਂ ਵੀ ਮੁੱਲ ਲੈਣਾ ਸਿੱਖ ਲਿਆ ਹੈ। ਵੱਡੇ ਘਰਾਂ ਦੇ ਬੱਚੇ ਹੀ ਪੜ੍ਹਦੇ ਨੇ ਕੋਟਾ ਦੇ ਕੋਚਿੰਗ ਸੈਂਟਰਾਂ 'ਚ। ਦਸਵੀਂ ਤੋਂ ਬਾਅਦ +2 ਤਕ ਦੋ ਸਾਲਾਂ ਦੇ ਵੱਖ-ਵੱਖ ਕੋਰਸਾਂ ਦਾ ਉੱਕਾ-ਪੁੱਕਾ ਦੋ ਤੋਂ ਪੰਜ ਲੱਖ ਰੁਪਏ ਤਕ ਦਾ ਪੈਕਜ। ਬੱਚੇ ਪੜ੍ਹਦੇ ਨੇ ਕੋਟਾ ਦੇ ਕੋਚਿੰਗ ਸੈਂਟਰਾਂ 'ਚ ਪਰ ਉਨ੍ਹਾਂ ਦੇ ਨਾਮ ਪੰਜਾਬ ਦੇ ਸਰਕਾਰੀ, ਗ਼ੈਰ ਸਰਕਾਰੀ ਸਕੂਲਾਂ 'ਚ ਬੋਲਦੇ ਨੇ। ਬਿਨਾਂ ਪੜ੍ਹਾਏ ਮਿਲਦੀਆਂ ਫੀਸਾਂ ਤੇ ਫਿਰ ਚੋਖੇ ਨੰਬਰ ਲੈ ਕੇ ਸਕੂਲ ਦੀ ਬਣਾਉਂਦੇ ਟੌਅਰ ਕਾਰਨ 'ਕੋਟਾ ਸਟੂਡੈਂਟਾਂ' 'ਤੇ ਸਕੂਲ ਲਾਜ਼ਮੀ ਆਉਣ ਦੀ ਕੋਈ ਪਾਬੰਦੀ ਨਹੀਂ। ਹਾਜ਼ਰੀ ਤਾਂ ਉਨ੍ਹਾਂ ਬੱਚਿਆਂ ਦੀ ਲਗਦੀ ਸੀ ਜਿਹਨਾਂ ਨੂੰ ਮਾਂ ਪਿਓ ਦਿਹਾੜੀ ਵਾਸਤੇ ਆਪਣੇ ਨਾਲ ਘੜੀਸਦੇ ਤੇ ਉਧਰ ਮਾਸਟਰ ਸਕੂਲ ਨਾ ਆਉਣ 'ਤੇ ਘੂਰਦੇ ਨੇ। ਬਾਂਸਲ ਦਾ ਕੋਚਿੰਗ ਸੈਂਟਰ ਤੇ ਪੀਜੀ ਸਾਲ ਦਾ ਅੱਠ - ਦਸ ਕ੍ਰੋੜ ਦਾ ਬਿਜਨੈਸ ਕਰ ਲੈਂਦਾ ਹੈ। ਸਾਰੇ ਖਰਚੇ ਕੱਢ ਕੇ ਵੀ ਪੰਜ ਕ੍ਰੋੜ ਤੋਂ ਉਤੇ ਬਚ ਜਾਂਦੇ ਹਨ। ਪੀਜੀ ਦੇ ਨਾਲ ਹੀ ਸੁਰਿੰਦਰ ਨੇ ਆਪਣੇ ਲਈ ਇਕ ਆਲੀਸ਼ਾਨ ਗੈਸਟ ਹਾਊਸ ਬਣਾਇਆ ਹੋਇਆ ਹੈ। ਇੱਥੇ ਉਹ ਆਪਣੇ ਯਾਰਾਂ ਬੇਲੀਆਂ ਤੇ ਅਫਸਰਾਂ ਨਾਲ ਤਫਰੀਹ ਕਰਨ ਲਈ ਦਸੀਂ ਪੰਦਰੀਂ ਦਿਨੀ ਗੇੜਾ ਮਾਰਦਾ ਰਹਿੰਦਾ ਹੈ। ਪੰਜਾਬ 'ਚ ਸਰਕਾਰ ਵੱਲੋਂ ਅੰਮ੍ਰਿਤਸਰ, ਚੰਡੀਗੜ੍ਹ,

ਸਾਹਨੇਵਾਲ ਬਣਾਏ ਹਵਾਈ ਅੱਡੇ ਅਜਿਹੇ ਵਪਾਰੀਆਂ ਲਈ ਬਹੁਤ ਸਹਾਈ ਸਿੱਧ ਹੋ ਰਹੇ ਸਨ। ਦਿਨੇ ਪੰਜਾਬ ਦਾ ਕਾਰੋਬਾਰ ਵੇਖਦੇ, ਰਾਤ ਨੂੰ ਤਫਰੀਹ ਕਰਨ ਕੋਟੇ ਪਹੁੰਚ ਜਾਂਦੇ। ਪੈਸੇ ਨੇ ਦੂਰੀਆਂ ਖਤਮ ਕਰ ਦਿੱਤੀਆਂ ਸਨ। ਉਹ ਸਰਕਾਰ ਦੀਆਂ ਵਿਕਾਸ ਗਤੀਵਿਧੀਆਂ ਦੇ ਸੋਹਲੇ ਗਾਉਂਦੇ 'ਪੀਟਰ ਸਕਾਟ' ਤੇ 'ਟੀਚਰਜ਼ ਵਿਸਕੀ' ਦੇ ਪੈੱਗ ਲਾਉਂਦੇ ਹਨ। ਤੇ ਉਸੇ ਪੰਜਾਬ ਦੇ ਕੈਂਸਰ ਮਾਰੇ ਲੋਕ ਅਜੇ ਵੀ ਤੂੜੀ ਵਾਂਗ ਲੱਦੀ ਰੇਲ 'ਚ ਠੰਡੀਆਂ ਰੋਟੀਆਂ 'ਚ ਅਚਾਰ ਦੀਆਂ ਫਾੜੀਆਂ ਤੁੰਨੀ ਤੇ ਹੱਥ 'ਚ ਦੂਸ਼ਿਤ ਪਾਣੀ ਦੀਆਂ ਕੈਨੀਆਂ ਲਈ ਸਾਰੀ ਰਾਤ ਜਾਗ ਕੇ ਬੀਕਾਨੇਰ ਦੇ ਕੈਂਸਰ ਹਸਪਤਾਲਾਂ 'ਚ ਪੁੱਜਦੇ ਨੇ।

ਖੈਰ, ਆਪਾਂ ਗੱਲ ਕਰ ਰਹੇ ਸੀ ਕੋਟਾ ਵਿਚਲੇ ਬਾਂਸਲ ਦੇ 'ਪੰਜਾਬ ਪੀਜੀ' ਦੀ। ਇਸ ਪੀਜੀ ਦੇ ਨਾਲ ਹੀ ਜੁੜੀ ਹੈ ਭਵਾਨੀ ਦੇ ਬਚਪਨ ਦੀ ਗਾਥਾ ਤੇ ਅੱਗੋਂ ਪਵਨ ਦੀ ਰਸੋਈ 'ਚ ਪਹੁੰਚ ਕੇ ਕਾਕਰੋਚਾਂ ਨਾਲ ਦੋ-ਚਾਰ ਹੋਣ ਦੀ ਗੱਲ।

ਬਾਂਸਲ ਦੇ ਕੋਟਾ ਵਿਚਲੇ ਗੈੱਸਟ ਹਾਊਸ 'ਚ ਰੋਟੀ ਪਾਣੀ ਲਈ ਭਵਾਨੀ ਦੀ ਵੱਡੀ ਭੈਣ ਦੁਰਗਾ ਕੰਮ ਕਰਦੀ ਸੀ। ਦੋਵੇਂ ਭੈਣਾਂ ਗੈੱਸਟ ਹਾਊਸ ਦੇ ਕੁਆਟਰ 'ਚ ਹੀ ਰਹਿੰਦੀਆਂ ਸਨ। ਉਨ੍ਹਾਂ ਦਾ ਦੂਰ ਦੀ ਰਿਸ਼ਤੇਦਾਰੀ 'ਚੋਂ ਚਾਚਾ ਲਗਦਾ ਧਨੀਆ ਵੀ ਉੱਥੇ ਰਹਿੰਦਾ ਸੀ। ਜਦੋਂ ਸੁਰਿੰਦਰ ਬਾਂਸਲ ਜਾਂ ਉਸਦਾ ਕੋਈ ਯਾਰ ਬੇਲੀ ਗੈਸਟ ਹਾਊਸ 'ਚ ਹੁੰਦਾ ਤਾਂ ਦੁਰਗਾ ਦੇਰ ਰਾਤ ਤਕ ਰੋਟੀ ਪਾਣੀ ਪਕਾਉਂਦੀ ਤੇ ਖਵਾਉਂਦੀ ਰਹਿੰਦੀ। ਉਨ੍ਹਾਂ ਦੀ ਮਾਂ ਬਚਪਨ 'ਚ ਉਨ੍ਹਾਂ ਨੂੰ ਛੱਡ ਕੇ ਕਿਸੇ ਟੂਰਿਸਟ ਨਾਲ ਚਲੀ ਗਈ ਸੀ। ਪਿਓ ਨੇ ਹੀ ਪਾਲ਼ੀਆਂ ਸਨ। ਪਰ ਹੁਣ ਪਿਓ ਵੀ ਦੁਨੀਆਂ ਹੀ ਛੱਡ ਕੇ ਤੁਰ ਗਿਆ ਸੀ। ਇਕ ਰਾਤ ਚੰਗੀ ਭਲੀ ਦੁਰਗਾ ਬਾਂਸਲ ਅਤੇ ਉਸਦੇ ਯਾਰਾਂ ਬੇਲੀਆਂ ਨੂੰ ਰਾਤ ਦੀ ਰੋਟੀ ਖਵਾਉਣ ਲਈ ਗੈੱਸਟ ਹਾਊਸ 'ਚ ਰੁਕੀ ਹੋਈ ਸੀ ਕਿ ਅਚਾਨਕ ਹੋਏ ਪੇਟ ਦਰਦ ਨਾਲ ਮਰ ਗਈ। ਇਸ ਗੱਲ ਦਾ ਪਤਾ ਭਵਾਨੀ ਨੂੰ ਉਸਦੇ ਚਾਚਾ ਰਾਹੀਂ ਲੱਗਿਆ ਸੀ। ਪਰ ਜਦੋਂ ਤਕ ਇਹ ਮੁੱਦਾ ਗੈੱਸਟ ਹਾਊਸ ਦੀ ਚਾਰ ਦੀਵਾਰੀ 'ਚੋਂ ਬਾਹਰ ਨਿਕਲਦਾ ਤੇ ਅਖਬਾਰਾਂ ਤੇ ਟੈਲੀਵੀਜ਼ਨ ਦੀ ਸੁਰਖੀ ਬਣਦਾ ਉਸਤੋਂ ਪਹਿਲਾਂ ਹੀ ਸਾਂਭ ਲਿਆ ਗਿਆ। ਸੁਰਿੰਦਰ ਬਾਂਸਲ ਨੇ ਪੰਜਾਬ ਸਰਕਾਰ ਦੇ ਵਿਕਾਸ ਦਾ ਫਾਇਦਾ ਉਠਾਉਂਦਿਆਂ ਰਾਤੋ ਰਾਤ ਹਵਾਈ ਜਹਾਜ਼ 'ਤੇ ਆਪਣੀ ਘਰਵਾਲੀ ਰਮਾ ਨੂੰ ਕੋਟੇ ਸੱਦ ਲਿਆ। ਪਵਨ ਵੀ ਉਸ ਨਾਲ ਸੀ। ਸੁਰਿੰਦਰ ਨੇ ਰਮਾ ਨੂੰ ਸਾਰੀ ਗੱਲ ਸਮਝਾਈ। ਕ੍ਰੋੜਾਂ ਦਾ ਕਾਰੋਬਾਰ ਹੁਣ ਭਵਾਨੀ ਦੇ ਦੋ ਬੋਲਾਂ 'ਤੇ ਹੀ ਟਿਕਿਆ ਸੀ। ਤੇ ਇਹ ਬੋਲ ਰਮਾ ਸੰਭਾਲ ਸਕਦੀ ਸੀ। ਰਮਾ ਨੇ ਕੁਝ ਪਲ ਅੱਖਾਂ ਕੱਢੀਆਂ, ਪਹਿਲਾਂ ਅੱਖਾਂ ਦਾ ਰੰਗ ਲਾਲ ਹੋਇਆ, ਫਿਰ ਉਨ੍ਹਾਂ 'ਚ ਪਾਣੀ ਆ ਗਿਆ। ਪਾਣੀ ਨਾਲ ਗੁੱਸਾ ਧੋਤਾ ਗਿਆ ਅਤੇ ਗੁੱਸੇ ਵਾਲਾ ਲਾਲ ਰੰਗ ਦੁੱਖ ਵਾਲੇ ਲਾਲ ਰੰਗ 'ਚ ਬਦਲ ਗਿਆ। ਫਿਰ ਉਹ ਖਾਮੋਸ਼ ਹੋ ਗਈ। ਪੰਪਰਾਵਾਦੀ ਸਤੀ ਸਵਿਤਰੀ ਭਾਰਤੀ ਨਾਰੀ ਰਮਾ ਨੇ ਭਵਾਨੀ ਨੂੰ ਆਪਣੀ ਗੋਦ 'ਚ ਲਿਆ, ਪਿਆਰ ਕੀਤਾ ਤੇ ਆਪਣੀ ਧੀ ਬਣਾ ਲਿਆ!

ਰਮਾ ਨੇ ਹੀ ਆਪਣੇ ਨਾਲ ਗਏ ਪਵਨ ਨਾਲ ਭਵਾਨੀ ਦਾ ਉਸੇ ਵੇਲੇ ਲਗਨ ਪੜ੍ਹਾ ਦਿੱਤਾ। ਭਵਾਨੀ ਦੀ ਮਰੀ ਹੋਈ ਭੈਣ ਦੁਰਗਾ ਦੀ ਫੋਟੋ ਦੀ ਥਾਂ ਭਵਾਨੀ ਦੇ ਲਗਨ ਵਾਲੀ ਫੋਟੋ ਅਖਬਾਰਾਂ ਦੀ ਮੁੱਖ ਸੁਰਖੀ ਬਣ ਗਈ; 'ਪੰਜਾਬ ਪੀਜੀ ਕੇ ਮਾਲਕ ਸੇਠ ਸੁਰਿੰਦਰ ਬਾਂਸਲ ਨੇ ਬੇ ਸਹਾਰਾ ਭਵਾਨੀ ਕੋ ਦੀਆ ਸਹਾਰਾ ਸ਼ਾਦੀ ਪਰ ਲਾਖੋਂ ਖਰਚੇ'। ਭਵਾਨੀ ਦੇ ਸਾਰੇ ਰਿਸ਼ਤੇਦਾਰ ਸੱਦੇ ਗਏ। ਗ਼ਰੀਬ ਰਿਸ਼ਤੇਦਾਰਾਂ ਨੂੰ ਮਹਿੰਗੇ ਤੋਹਫੇ ਦਿੱਤੇ ਗਏ। ਸਾਰੇ ਰਿਸ਼ਤੇਦਾਰਾਂ ਨੇ ਸੁਰਿੰਦਰ ਵੱਲੋਂ ਕੀਤੇ ਪਰਉਪਕਾਰ ਬਦਲੇ ਉਸਦੇ ਪੈਰੀਂ ਹੱਥ ਲਾਏ। ਪੰਜਾਬ ਤੇ ਪੰਜਾਬੀਆਂ ਦੀ ਜੈ ਜੈ ਕਾਰ ਕੀਤੀ। ਇਹ ਫੋਟੋ ਵੀ ਅਖਬਾਰਾਂ ਦੇ ਪਹਿਲੇ ਕਾਲਮ 'ਚ ਲੱਗੀ। ਟੀਵੀ ਚੈਨਲਾਂ ਨੇ ਲਾਈਵ ਪ੍ਰਸਾਰਨ ਕਰਕੇ ਪੰਜਾਬੀਅਤ ਦੇ ਝੰਡੇ ਗੱਡੇ। ਸ਼ਹਿਰ ਦੇ ਵੱਡੇ - ਵੱਡੇ ਸਮਾਜ ਸੇਵਕ, ਪੱਤਰਕਾਰ, ਕੋਚਿੰਗ ਸੈਂਟਰਾਂ ਦੇ ਮਾਲਕ ਤੇ ਵਿਦਿਆਰਥੀ ਸੱਦੇ ਗਏ। ਇਕ ਦਿਨ ਦੇ ਭੋਜ 'ਤੇ ਦਸ ਲੱਖ ਰੁਪਏ ਖਰਚੇ ਗਏ। ਸੁਰਿੰਦਰ ਲਈ ਇਹ ਸੌਦਾ ਬਹੁਤ ਸਸਤਾ ਸੀ। ਪਵਨ ਤੇ ਭਵਾਨੀ ਬਿਨਾਂ ਕੁਝ

ਸਮਝੇ ਸੁਪਨਮਈ ਹੋਏ ਪਏ ਸਨ। ਕਦੇ ਉਹ ਸੇਠ ਸੁਰਿੰਦਰ ਬਾਂਸਲ ਤੇ ਰਮਾ ਨੂੰ ਨਤਮਸਤਕ ਹੁੰਦੇ ਤੇ ਕਦੇ ਰਾਮ ਜੀ ਨੂੰ। ਭਵਾਨੀ ਦਾ ਕੰਨਿਆ ਦਾਨ ਸੁਰਿੰਦਰ ਬਾਂਸਲ ਨੇ ਕੀਤਾ ਤੇ ਪਵਨ ਵੱਲੋਂ ਸ਼ਗਨ ਰਮਾ ਨੇ ਪਾਇਆ। ਪਵਨ ਤੇ ਭਵਾਨੀ ਦੀ ਸੁਹਾਗਰਾਤ ਲਈ ਜੈਪੁਰ ਦਾ ਇਕ ਹੋਟਲ ਬੁੱਕ ਕੀਤਾ ਗਿਆ। ਅਖਬਾਰਾਂ ਨੇ ਇਹ ਖ਼ਬਰ ਵੀ ਡੱਬੀ 'ਚ ਲਾਈ। ਪਵਨ ਤੇ ਭਵਾਨੀ ਸੁਹਾਗਰਾਤ ਦੇ ਅਗਲੇ ਹੀ ਦਿਨ ਲਾਲ ਪੱਥਰ ਦੇ ਸ਼ਹਿਰ ਜੈਪਰ ਤੋਂ ਪੰਜਾਬ ਦੀ ਹਰੀ ਭਰੀ ਤੇ ਖੁਸ਼ਹਾਲ ਧਰਤੀ 'ਤੇ ਪਹੁੰਚ ਗਏ। ਮੁੜ ਭਵਾਨੀ ਰਾਜਸਥਾਨ ਨਹੀਂ ਗਈ। ਸੁਣਿਆ ਇਕ ਦੋ ਸਿਰ-ਫਿਰੇ ਪੱਤਰਕਾਰ ਦੁਰਗਾ ਦਾ ਸਿਵਾ ਫੋਲਦੇ ਫਿਰਦੇ ਸਨ। ਉਹ ਗੈੱਸਟ ਹਾਊਸ ਦੀਆਂ ਦਰੀਆਂ ਖੇਸਾਂ 'ਚੋਂ ਵੀ ਸੁੰਘਕ ਸੁੰਘਕ ਲੈਂਦੇ ਰਹੇ ਪਰ ਉਨ੍ਹਾਂ ਨੂੰ ਨਾ ਤਾਂ ਭਵਾਨੀ ਮਿਲੀ ਤੇ ਨਾ ਭਵਾਨੀ ਦੇ ਕਿਸੇ ਰਿਸ਼ਤੇਦਾਰ ਨੇ ਕੋਈ ਸ਼ਕਾਇਤ ਕੀਤੀ। ਸਗੋਂ ਰਿਸ਼ਤੇਦਾਰ ਤਾਂ ਸੇਠ ਸੁਰਿੰਦਰ ਬਾਂਸਲ ਵੱਲੋਂ ਦਿੱਤੇ ਤੋਹਫੇ ਦਿਖਾ ਕੇ ਉਸਨੂੰ ਫਰਿਸ਼ਤਾ ਦੱਸ ਰਹੇ ਸੀ।

ਰਮਾ ਨੇ ਪਵਨ ਤੇ ਭਵਾਨੀ ਨੂੰ ਰਹਿਣ ਲਈ ਆਪਣਾ ਪੁਰਾਣਾ ਖਾਲੀ ਪਿਆ ਘਰ ਦੇ ਦਿੱਤਾ। ਪਵਨ ਪਹਿਲਾਂ ਆਪਣੇ ਮਾਂ ਪਿਓ ਵਾਲੇ ਖਸਤਾ ਜਿਹੇ ਘਰ 'ਚ ਰਹਿੰਦਾ ਸੀ। ਉਸਦੇ ਮਾਂ ਪਿਓ ਮਰਿਆਂ ਨੂੰ ਕਾਫੀ ਸਮਾਂ ਹੋ ਗਿਆ ਸੀ। ਰਮਾਂ ਨੇ ਪਵਨ ਨੂੰ ਪਿੱਤਰੀ ਘਰ ਨੂੰ ਢਾਹ ਕੇ ਨਵਾਂ ਬਣਾਉਣ ਲਈ ਦੋ ਲੱਖ ਰੁਪਈਆ ਦੇ ਦਿੱਤਾ। ਭਵਾਨੀ, ਰਮਾ ਮੈਡਮ ਦੇ ਨਿੱਜੀ ਕੰਮ-ਕਾਰ ਕਰਦੀ। ਪਾਰਟੀਆਂ 'ਤੇ ਨਾਲ ਜਾਂਦੀ ਮਾਲਕਣ ਦਾ ਬੈਗ ਤੇ ਕੱਪੜੇ ਸਾਂਭੀ ਰੱਖਦੀ। ਘਰੇ ਰਸੋਈ ਦਾ ਕੰਮ-ਕਾਰ ਕਰਦੀ। ਭਵਾਨੀ ਥੋੜ੍ਹੀ ਸਿੱਧਰੀ ਸੀ। ਜੋ ਕੰਮ ਕਿਹਾ ਜਾਂਦਾ ਉਹ ਕਰ ਲੈਂਦੀ। ਪਰ ਉਸਦੇ ਰਾਜਸਥਾਨੀ ਕੜੇ, ਘੁੰਗਰੂ, ਗਜਰੇ, ਬਿੱਛੂ, ਬੋਰਲਾ, ਤੜਾਗੀ ਤੇ ਸ਼ੋਖ ਰੰਗਾਂ ਦੇ ਕੱਪੜੇ ਰਮਾਂ ਨੂੰ ਚੰਗੇ ਲਗਦੇ। ਭਵਾਨੀ, ਸੁਰਿੰਦਰ ਬਾਂਸਲ ਦੇ ਮੱਥੇ ਨਾ ਲੱਗੇ, ਰਮਾ ਨੇ ਅਜਿਹਾ ਪ੍ਰਬੰਧ ਕਰ ਦਿੱਤਾ ਸੀ।

ਪਵਨ ਦੇ ਨਾਲ ਦੇ ਕਾਮੇ ਅਕਸਰ ਵਿਹਲੇ ਵੇਲੇ ਗੀਤ ਗਾਉਂਦੇ, 'ਪਹਿਲਾਂ ਪਵਨ ਨੂੰ ਮਿਲਿਆ ਵੇਸਪਾ ਸਕੂਟਰ, ਫੇਰ ਮਿਲੀ ਘਰਵਾਲੀ - ਦੋਵੇਂ ਹੀ ਨੇ ਧੱਕਾ ਸਟਾਰਟ, ਸਰਵਿਸ ਭਾਲਣ ਬਾਹਲੀ - ਅਸੀਂ ਅਜੇ ਵੀ ਛੜੇ ਫਿਰਦੇ, ਸਾਨੂੰ ਵੀ ਲਿਆਦੇ ਪਵਨ ਸਿਆਂ ਰਾਜਸਥਾਨੀ ਸਾਲੀ।' ਆਪਣੇ ਆਪ ਨੂੰ ਛੜਾ ਕਹਿਣ ਵਾਲਿਆ 'ਚ ਬਹੁਤੇ ਕਈ ਕਈ ਜਵਾਕਾਂ ਦੇ ਪਿਓ ਸਨ। ਪਵਨ ਆਪਣੇ ਵਿਸ਼ੇਸ਼ ਅੰਦਾਜ਼ 'ਚ ਗੱਲ੍ਹਾਂ ਫੁਲਾ ਕੇ ਤੇ ਬੁੱਲ੍ਹ ਬਾਹਰ ਕੱਢਕੇ ਆਪਣਾ ਗੁੱਸਾ ਵਿਖਾਉਂਦਾ ਅਤੇ ਨਸੀਹਤ ਦਿੰਦਾ ਕਿ ਵਿਆਹ ਕਰਾਉਣਾ ਤਾਂ ਆਪੋ ਆਪਣੇ ਮਾਪਿਆਂ ਜਾਂ ਸੇਠਾਂ ਨੂੰ ਕਹੋ। ਉਹ ਗੀਤ ਵਿਚਲੀ ਰਮਜ਼ ਨਹੀਂ ਸੀ ਸਮਝਦਾ।

ਪਵਨ ਤੇ ਭਵਾਨੀ ਦੇ ਵਿਆਹ ਨੂੰ ਸਾਲ ਤੋਂ ਉੱਤੇ ਹੋ ਗਿਆ। ਭਵਾਨੀ ਦਾ ਕੋਈ ਰਿਸ਼ਤੇਦਾਰ ਉਨ੍ਹਾਂ ਕੋਲ ਨਹੀਂ ਆਇਆ। ਉਸਦੀ ਇੱਛਾ ਸੀ ਕਿ ਆਪਣਾ ਬਹੁਤ ਸੋਹਣਾ ਘਰ ਬਣਾ ਕੇ ਆਪਣੇ ਰਿਸ਼ਤੇਦਾਰਾਂ ਨੂੰ ਸੱਦੇਗੀ।

ਉਧਰ ਹੁਣ ਕਾਕਰੋਚ ਪਵਨ ਦੀ ਖੋਜ ਦਾ ਵਿਸ਼ਾ ਬਣ ਗਿਆ। ਉਸਨੂੰ ਅਜੇ ਖੋਜ ਕਾਰਜ ਸ਼ੁਰੂ ਕੀਤਿਆਂ ਦੋ ਦਿਨ ਹੀ ਹੋਏ ਸੀ ਕਿ ਇਕ ਰਾਤ ਨੂੰ ਰਸੋਈ ਵਿਚੋਂ ਭਵਾਨੀ ਦੀ ਚੀਕ ਫਿਰ ਸੁਣਾਈ ਦਿੱਤੀ।

'ਡਿੱਗੀ ਤਾਂ ਨਹੀਂ ਹੋਣੀ। ਕਾਕਰੋਚ ਵੀ ਨਹੀਂ ਆ ਸਕਦਾ। ਫੇਰ...।'

ਟੀ ਵੀ ਮੂਹਰੇ ਬੈਠਾ ਡਿਸਕਵਰੀ ਚੈਨਲ 'ਤੇ ਕੀਟ ਪਤੰਗਿਆਂ ਬਾਰੇ ਫਿਲਮ ਵੇਖ ਰਿਹਾ ਪਵਨ ਜਦੋਂ ਰਸੋਈ 'ਚ ਗਿਆ ਤਾਂ ਭਵਾਨੀ ਨਾ ਤਾਂ ਡਰਨੇ ਵਾਗੂੰ ਸਿੱਧੀ ਖੜ੍ਹੀ ਸੀ ਤੇ ਨਾ ਹੀ ਚੀਕ ਮਾਰਕੇ ਉਸਨੂੰ ਚਿੰਬੜੀ। ਸਗੋਂ ਉਹ ਝਾੜੂ ਨੂੰ ਜ਼ੋਰ - ਜ਼ੋਰ ਦੀ ਫਰਸ਼ 'ਤੇ ਮਾਰ ਰਹੀ ਸੀ। ਨਾਲ ਹੀ ਬਾਗੜੀ 'ਚ ਚੀਕਾਂ ਵਰਗੀਆਂ ਗਾਹਲਾਂ ਕੱਢ ਰਹੀ ਸੀ ਜਿਹੜੀਆਂ ਪਵਨ ਨੇ ਪਹਿਲਾਂ ਨਹੀਂ ਸੀ ਸੁਣੀਆਂ। ਫਰਸ਼ 'ਤੇ ਇਕ ਛੋਟਾ ਜਿਹਾ ਕਾਕਰੋਚ ਭੱਜਿਆ ਫਿਰਦਾ ਸੀ।

ਪਵਨ ਦੇ ਨਿਰੀਖਣ ਅਨੁਸਾਰ ਇਹ ਛੋਟਾ ਮੈਲੇ ਚਿੱਟੇ ਜਿਹੇ ਰੰਗ ਦਾ ਕਾਕਰੋਚ ਸੀ। ਬੜਾ ਮਾਸੂਮ ਜਿਹਾ। ਪਰ ਭੱਜਦਾ ਬਹੁਤ ਤੇਜ਼ ਸੀ। ਇਹ ਕਾਕਰੋਚ ਦਾ ਬੱਚਾ ਹੋਊ ਜਾਂ ਛੋਟੀ ਨਸਲ ਦਾ ਵੱਡਾ। ਭਵਾਨੀ ਝਾੜੂ ਮਾਰਦੀ ਤਾਂ ਕਾਕਰੋਚ ਉਸਦੀ ਮਾਰ ਤੋਂ ਪਰ੍ਹਾਂ ਜਾ ਚੁੱਕਿਆ ਹੁੰਦਾ। ਉਸਦਾ ਗੁੱਸਾ ਹੋਰ ਵਧ ਜਾਂਦਾ। ਅਖੀਰ ਅੰਨ੍ਹੇ ਵਾਹ ਝਾੜੂ ਮਾਰਦੀ ਭਵਾਨੀ ਨੇ ਕਾਕਰੋਚ ਮਾਰ ਹੀ ਦਿੱਤਾ।

'ਕੋਈ ਠਾ ਕੋ ਨੀ ਯਾਅ ਕਾਕਰਾਚ ਕਠਾਂ ਸੇ ਆਨ ਲਾਗਰੇ... ਅਭੀ ਥਾ ਕੁਝ ਕਰੋ ਕੇ...।' ਟੀ ਸ਼ਰਟ ਤੇ ਪਜਾਮੀ 'ਚ ਫਸੀ ਖੜ੍ਹੀ ਭਵਾਨੀ ਕਸਰਤ ਕਰਕੇ ਹਟੇ ਭਲਵਾਨ ਵਾਂਗ ਵੱਖੀਆਂ 'ਤੇ ਹੱਥ ਰੱਖ ਕੇ ਗੁੱਸੇ ਨਾਲ ਪਵਨ ਵੱਲ ਵੇਖ ਰਹੀ ਸੀ। ਫੇਰ ਉਸ ਨੇ ਝਾੜੂ ਪੁੱਠੇ ਪਏ ਕਾਕਰੋਚ ਦੀ ਮ੍ਰਿਤਕ ਦੇਹ 'ਤੇ ਸੁੱਟ ਦਿੱਤਾ।

'ਇਬ ਉਠਾਓ ਇਸ ਮਰਦੂਦ ਕੋ ... ਫੈਂਕ ਆਓ ਗੰਦ ਨੇ ...।'

'ਕਾਹਨੂੰ ਮਾਰਤਾ ਵਿਚਾਰਾ... ਨਿੱਕਾ ਜਿਹਾ... ਐਵੀਂ...।'

'ਨਾ ਮਾਰੂੰ ਤੋਂ ਇੰਗੀ ਆਰਤੀ ਉਤਾਰੂੰ ਕੇ... ਮੈਂ ਥਨੇ ਕਹਿਨ ਲਾਗਰੀ ਊਂ ਕਿ ਕੁਸ਼ ਕੁਝ ਕਰੋ ਥੋ... ਇਭੀ ਤੋ ਘਰ ਮੋਂ ਮਾਤਾ ਕਾ ਜਾਗਰਨ ਬੀ ਕੋ ਨੀ ਕਰਾਇਓ...।'

'ਹਾਂ ਮੈਂ ਤੋ ਪਹਿਲੇ ਈ ਕਰੀ ਜਾਂਦਾ ਪ੍ਰਬੰਧ ਇੰਨ੍ਹਾਂ ਦਾ... ਤੂੰ ਇਹ ਦੱਸ ਬਈ ਇਹ ਕਿਹੜੇ ਪਾਸਿਓਂ ਆਇਆ ਸੀ... ਉਪਰ ਸੇ ਜਾਂ ਹੇਠਾਂ ਸੇ...।'

'ਮੈਂ ਕੌਣ ਸੀ ਬਿੰਗੀ ਮੂਵੀ ਬਣਾਨ ਲਾਗਰੀ ਕੇ ਕਠੂ ਸੇ ਆਇਓ ਕਠੂ ਨਾ ਆਇਓ... ਮੰਨੇ ਕੇ ਠਾਅ... ਆ ਤਾਂ ਮਾਰੇ ਪਾਗਿਆਂ ਮੇਂ ਪੜਿਓ ਥੋ... ਕੇ ਫਜ਼ੂਲ ਬਾਤਾਂ ਕਰਨ ਲਾਗਰਿਆ... ਥੇ ਕਰੋ ਕੁਝ ਜੀ... ਨਈਂ ਤੋਂ ਮੈਂ ਰਸੋਈ ਮੈਂ ਕੋ ਨਾ ਘੁਸੂੰ..।' ਭਵਾਨੀ ਪੱਲੇਦਾਰਾਂ ਦੇ ਫੂਡ ਸਪਲਾਈ ਦਫਤਰ ਮੂਹਰੇ ਰੋਸ ਮੁਜ਼ਾਹਰਾ ਕਰਨ ਵਾਂਗ ਰਸੋਈ ਦੇ ਬਾਰ 'ਚ ਅੜੀ ਖੜ੍ਹੀ ਸੀ।

ਪਵਨ ਸਾਰੀ ਰਾਤ ਕਾਕਰੋਚਾਂ ਦੀ ਗਿਣਤੀ ਮਿਣਤੀ ਕਰਦਾ ਰਿਹਾ ਤੇ ਅਖੀਰ ਇਸ ਸਿੱਟੇ 'ਤੇ ਪਹੁੰਚਿਆ ਕਿ ਇਹ ਰਸੋਈ 'ਚ ਕਰਵਾਏ 'ਵੁੱਡ ਵਰਕ' ਦੀਆਂ ਖੱਲਾਂ ਖੁੰਜਿਆਂ 'ਚ ਹੀ ਰਹਿੰਦੇ ਹੋਣਗੇ। ਫਿੱਕੀ ਹਰੀ ਤੇ ਗੂਹੜੇ ਭੂਰੇ ਰੰਗ ਦੇ ਕੰਬੀਨੇਸ਼ਨ ਵਾਲੀ ਸਨਮਾਈਕਾ ਅਤੇ ਸ਼ੀਸ਼ੇ ਵਾਲੀਆਂ ਬਾਰੀਆਂ ਵਾਲਾ 'ਵੁੱਡ ਵਰਕ' ਉਸਨੇ ਬਹੁਤ ਸ਼ੌਂਕ ਨਾਲ ਕਰਵਾਇਆ ਸੀ। ਸੁਰਿੰਦਰ ਬਾਊ ਦੀ ਨਵੀਂ ਕੋਠੀ 'ਚ ਬਣੀ ਰਸੋਈ ਦਾ ਹੂਬਹੂ ਡਿਜ਼ਾਇਨ ਲਾਹਿਆ ਸੀ ਪਰ ਖਰਚਾ ਉਸਤੋਂ ਕਈ ਗੁਣਾਂ ਘੱਟ ਕੀਤਾ ਸੀ। ਬਲੈਕ ਮਾਰਬਲ ਦੀ ਸਲੈਬ, ਸਟੀਲ ਦਾ ਸ਼ੈਂਕ, ਕੋਟਾ ਸਟੋਨ ਦਾ ਫਰਸ਼ ਤੇ 'ਭਾਰਤ' ਦੀਆਂ ਪਿੱਤਲ ਦੀਆਂ ਟੂਟੀਆਂ ਤੇ 'ਗਲੈਕਸੀ' ਦੀ ਅਸੈਸਰੀ ਸਾਰਾ ਕੁਝ ਲਾ ਕੇ ਉਸਦਾ ਇਕੱਲੀ ਰਸੋਈ 'ਤੇ ਹੀ ਲੱਖ ਰੁਪਈਆ ਖਰਚ ਆਇਆ ਸੀ। ਜਗ੍ਹਾ ਜ਼ਰੂਰ ਬਾਊਆਂ ਦੀ ਰਸੋਈ ਨਾਲੋਂ ਘੱਟ ਸੀ, ਪਰ ਦੋ ਜੀਆਂ ਦੇ ਪਰਿਵਾਰ ਲਈ ਵਾਧੂ ਸੀ। ਦੋ ਲੱਖ ਤਾਂ ਬਾਊਆਂ ਨੇ ਦਿੱਤਾ ਸੀ। ਬਾਕੀ ਉਸਨੇ ਆਪਣੀ ਜਮ੍ਹਾਂ ਪੂੰਜੀ ਸਾਰੀ ਖਰਚ ਕਰਕੇ ਸ਼ਾਨਦਾਰ ਘਰ ਬਣਾ ਲਿਆ ਸੀ। ਇਹ ਪਵਨ ਤੇ ਭਵਾਨੀ ਦਾ ਸਾਂਝਾ ਸੁਪਨਾ ਸੀ। ਇਸੇ ਸੁਪਨੇ ਨੂੰ ਪੂਰਾ ਕਰਨ ਲਈ ਉਨ੍ਹਾਂ ਅਜੇ ਤਕ ਕੋਈ ਬੱਚਾ ਵੀ ਪੈਦਾ ਨਹੀਂ ਸੀ ਕੀਤਾ, ਜਾਂ ਸ਼ਾਇਦ ਆਪੇ ਹੀ ਹੋਇਆ ਨਹੀਂ ਸੀ। ਪਰ ਉਹ ਖੁਸ਼ ਸਨ। ਹੁਣ ਉਹ ਇਕ ਸ਼ਾਨਦਾਰ ਜਗਰਾਤਾ ਤੇ ਪਾਰਟੀ ਕਰਨਾ ਚਾਹੁੰਦੇ ਸੀ। ਆਪਣੇ ਸਾਰੇ ਰਿਸ਼ਤੇਦਾਰਾਂ ਨੂੰ ਸੱਦ ਕੇ ਆਪਣਾ ਘਰ ਵਿਖਾਕੇ ਉਨ੍ਹਾਂ 'ਤੇ ਆਪਣਾ ਰੋਹਬ ਪਾਉਣ ਲਈ ਉਹ ਤਰਲੋ ਮੱਛੀ ਹੋ ਰਹੇ ਸਨ।

ਪਰ ਇਸ ਦੌਰਾਨ ਕਾਕਰੋਚਾਂ ਦੀ ਦਖਲ-ਅੰਦਾਜ਼ੀ ਹੋਣਾ ਸਿਰਫ ਭੈੜੀ ਹੀ ਨਹੀਂ ਖਤਰਨਾਕ ਵੀ ਸੀ। ਜਿਵੇਂ ਸਟੋਰ ਕੀਤੀ ਕਣਕ ਨੂੰ ਸੁਸਰੀ ਲੱਗ ਗਈ ਹੋਵੇ ਜਾਂ ਮੀਂਹ ਦੇ ਪਾਣੀ 'ਚ ਭਿੱਜਣ ਨਾਲ ਝੋਨੇ ਦਾ ਰੰਗ ਬਦਰੰਗ ਹੋ ਗਿਆ ਹੋਵੇ।

ਸੁਬਹ ਉਠਦੇ ਹੀ ਪਵਨ ਨੇ ਲੱਕੜ ਵਾਲੇ ਦਰਸ਼ਨ ਮਿਸਤਰੀ ਨੂੰ ਫੋਨ ਕੀਤਾ। ਕਾਕਰੋਚਾਂ ਬਾਰੇ ਦੱਸਿਆ। ਵਾਰ ਵਾਰ ਛੇਤੀ ਆਉਣ ਲਈ ਕਹੀ ਗਿਆ। ਅੱਧੇ ਕੁ ਘੰਟੇ ਬਾਅਦ ਦਰਸ਼ਨ ਮਿਸਤਰੀ ਆਪਣੇ ਸੰਦ ਸਮਾਨ ਵਾਲੀ ਪੇਟੀ ਸਾਇਕਲ ਦੇ ਮਗਰ ਲੱਦੀ ਆ ਗਿਆ। ਜਦੋਂ ਉਸਨੇ ਇਕ-ਦੋ ਪੇਚ ਖੋਹਲ ਕੇ ਕੱਪ ਬੋਰਡ ਦੇ ਪਿਛਲੇ ਪਾਸਿਓਂ ਲੱਕੜ ਨੂੰ ਥੋੜ੍ਹਾ ਜਿਹਾ ਹਿਲਾਇਆ ਤਾਂ ਕਈ ਕਾਕਰੋਚ ਥੱਲੇ ਡਿੱਗ ਪਏ। ਪਵਨ ਤੇ ਭਵਾਨੀ ਦੇ ਚਿਹਰੇ ਦਾ ਰੰਗ ਚਿੱਟਾ ਪੈ ਗਿਆ। ਉਹ ਰੋਣ ਹਾਕੇ ਹੋ ਗਏ। ਉਧਰ ਦਰਸ਼ਨ ਮਿਸਤਰੀ ਨੇ ਆਪਣਾ ਆਪ੍ਰੇਸ਼ਨ ਹੋਰ ਤੇਜ਼ ਕਰ ਦਿੱਤਾ। ਅੱਗੇ ਤੋਂ ਅੱਗੇ ਨੱਟ ਖੋਲ੍ਹਦੇ ਤੇ ਗੱਟੀਆਂ ਪੁੱਟਦੇ ਨੇ ਦੁਪਹਿਰ ਤਕ ਸਾਰੇ ਕੱਪ ਬੋਰਡ ਤੇ ਬਾਰੀਆਂ ਲਾਹ ਦਿੱਤੀਆਂ। ਕਈ ਥਾਂਵਾਂ ਤੋਂ ਸਨਮਾਇਕਾ ਟੁੱਟ ਗਈ। ਪਲਾਈ ਬੋਰਡ ਦਾ ਤਾਂ ਜਵਾਂ ਹੀ ਸੱਤਿਆ ਨਾਸ ਹੋ ਗਿਆ। ਕੰਧ ਨਾਲ ਲੱਗੇ ਬੋਰਡ ਨੂੰ ਕਾਕਰੋਚਾਂ ਨੇ ਖਾ ਲਿਆ ਸੀ।

'ਬਾਊ ਜੀ, ਜੇ ਇਕ ਦੋ ਦਿਨ ਹੋਰ ਨਾ ਲਾਹੁੰਦੇ ਤਾਂ ਇਹ ਬਾਰੀਆਂ ਆਪੇ ਡਿੱਗ ਜਾਣੀਆਂ ਸੀ... ਸ਼ੀਸ਼ਾ ਟੁੱਟ ਕੇ ਜ਼ਿਆਦਾ ਨੁਕਸਾਨ ਹੋਣਾ ਸੀ... ਭੈਣ ਜੀ ਤਾਂ ਰਸੋਈ 'ਚ ਈ ਹੁੰਦੇ ਆ... ਥਾਂ ਕੁ ਥਾਂ ਲੱਗਦੀ ਤਾਂ ਹੋਰ ਈ... ਚਲੋ ਬੱਚਤ ਹੋ ਗਈ... ਐਨੂੰ ਹੁਣ ਆਪਾਂ ਪਹਿਲਾਂ ਤਾਂ ਮੁਰੰਮਤ ਕਰੀਏ... ਨਾਲੇ ਕੀੜੇ ਮਾਰ ਦਵਾਈ ਮਾਰ ਕੇ ... ਪਾਣੀ ਤੋਂ ਬਚਾਅ ਕੇ ਰੱਖਿਆ ਕਰੋ ਭੈਣ ਜੀ... ਇਹ ਕਾਕਰੋਚ ਤਾਂ ਮੇਰੇ ਸਾਲੇ, ਸਾਬਣ, ਚਮੜੇ ਦੇ ਬੂਟ ਵੀ ਨਹੀਂ ਛੱਡਦਾ... ਹੋਰ ਤਾਂ ਕੀ ਛੱਡਣਾ... ਮਾੜੀ ਮੋਟੀ ਦਵਾਈ ਨੀਂ ਇਨ੍ਹਾਂ 'ਤੇ ਅਸਰ ਕਰਦੀ... ਅੱਗੇ ਤਾਂ ਗੰਦੇ ਥਾਂ ਹੁੰਦੇ ਸੀ, ਹੁਣ ਤਾਂ ਕੰਜਰ ਪੂਜਾ ਆਲੇ ਕਮਰਿਆਂ 'ਚ ਵੀ ਵੜੇ ਫਿਰਦੇ ਨੇ... ਬੜਾ ਲਹੂ ਪੀਤਾ... ਲੱਖਾਂ ਰੁਪਈਆ ਮਿੰਟ 'ਚ ਈ ਮਿੱਟੀ ਕਰ ਦਿੰਦੇ ਆ ਜੀ... ਸਾਡਾ ਤਾਂ ਨਿੱਤ ਦਾ ਵਾਹ।' ਦਰਸ਼ਨ ਕੰਮ ਵੀ ਕਰੀ ਜਾਂਦਾ ਸੀ ਤੇ ਅਫਸੋਸ ਵੀ। ਨਾਲੋ-ਨਾਲ਼ ਅਗਲੇ ਕੰਮ ਦੀ ਵਿਉਂਤ ਵੀ ਕਰ ਰਿਹਾ ਸੀ।

ਦਰਸ਼ਨ ਤੇ ਉਸਦੇ ਸ਼ਗਿਰਦ ਨੇ ਪਲਾਈ ਬੋਰਡ 'ਚ ਖੁੱਡਾਂ ਬਣਾਈ ਬੈਠੇ ਤੇ ਕੰਧਾਂ ਦੀਆਂ ਤ੍ਰੇੜਾਂ 'ਚ ਫਸੇ ਕਾਕਰੋਚਾਂ 'ਤੇ ਦਵਾਈ ਦਾ ਸਪ੍ਰੇਅ ਕਰਕੇ ਮਾਰ ਦਿੱਤੇ। ਰਸੋਈ 'ਚ ਥਾਂ - ਥਾਂ ਕਾਕਰੋਚਾਂ ਦੀਆਂ 'ਲਾਸ਼ਾਂ' ਪਈਆਂ ਸਨ। ਪੁੱਠੇ ਪਏ ਕਾਕਰੋਚਾਂ ਦੇ ਚੌਰਸ ਪਲਾਸ ਵਰਗੇ ਮੂੰਹ ਸਾਫ ਵਿਖਾਈ ਦਿੰਦੇ। ਪਵਨ ਕਾਕਰੋਚਾਂ ਨੂੰ ਮਾਰਨ ਤੋਂ ਰੋਕਣਾ ਚਾਹੁੰਦਾ ਵੀ ਰੋਕ ਨਹੀਂ ਸੀ ਸਕਿਆ। ਉਹ ਸਿੱਲ ਪੱਥਰ ਬਣ ਗਿਆ ਸੀ। ਉਸਨੇ ਇਸ ਪਾਪ ਤੋਂ ਮੁਕਤੀ ਲਈ ਰਾਮ ਜੀ ਨੂੰ ਬੇਨਤੀ ਕੀਤੀ। ਰਾਤ ਨੂੰ ਡਰ ਨਾ ਆਵੇ ਹਨੂਮਾਨ ਚਲੀਸਾ ਪੜ੍ਹਿਆ।

ਸਾਰੇ ਘਰ 'ਚ ਖਿਲਾਰਾ ਪੈ ਗਿਆ। ਖਿਧਰੇ ਕਾਕਰੋਚਾਂ ਦੀ ਖਾਧੀ ਹੋਈ ਲੱਕੜ ਦਾ ਚੂਰਾ ਪਿਆ ਸੀ। ਖਿਧਰੇ ਕਿੱਲ ਕਾਬਲੇ, ਫੱਟੀਆਂ, ਸਨਮਾਇਕਾ ਦੇ ਟੁੱਕੜੇ, ਸਲੈਬਾਂ, ਭਾਂਡੇ ਤੇ ਹੋਰ ਨਿਕ-ਸੁਕ। ਭਵਾਨੀ ਨੇ ਬੜੇ ਚਾਅ ਨਾਲ ਰਸੋਈ ਦੀ ਇਕ ਬਾਰੀ ਨੂੰ ਕੱਚ ਦੀ ਕਟਿੰਗ ਕਰਵਾਕੇ ਗਨੇਸ਼ ਜੀ ਦੀ ਮੂਰਤੀ ਵਾਲਾ ਦਰਵਾਜ਼ਾ ਲਵਾਇਆ ਸੀ। ਸ਼ੀਸ਼ੇ ਦੀ ਇਸ ਅਲਮਾਰੀ 'ਚ ਤ੍ਰੇੜ ਆਉਣ ਕਾਰਣ ਗਨੇਸ਼ ਜੀ ਦੀ ਮੂਰਤੀ ਵੱਖ ਹੋ ਗਈ ਸੀ ਤੇ ਉਨ੍ਹਾਂ ਦੀ ਸਵਾਰੀ ਚੂਹਾ ਵੱਖ। ਹੁਣ ਇੰਨ੍ਹਾਂ ਦੇ ਉੱਤੇ ਥੱਲੇ ਲੱਕੜਾਂ ਦਾ ਢੇਰ ਲੱਗਿਆ ਪਿਆ ਸੀ। ਜਗਮਗ ਕਰਦੀ ਰਸੋਈ ਉਜੜੀ ਪਈ ਸੀ। ਜਿਵੇਂ ਕਿਸੇ ਘੁੱਗ ਵਸਦੇ ਸ਼ਹਿਰ ਨੂੰ ਟੈਂਕਾਂ ਨਾਲ ਹਮਲਾ ਕਰਕੇ ਤਬਾਹ ਕੀਤਾ ਹੋਵੇ। ਭਵਾਨੀ ਸਾਰਾ ਦਿਨ ਰੋਂਦੀ ਰਹੀ। ਨਾ ਸਵੇਰ ਦਾ ਨਾਸ਼ਤਾ ਬਣਾਇਆ ਤੇ ਨਾ ਰਾਤ ਦੀ ਰੋਟੀ। ਦਵਾਈ ਦੇ ਮੁਸ਼ਕ ਕਰਕੇ ਰਸੋਈ ਤਾਂ ਕੀ ਘਰ 'ਚ ਵੜਨਾ ਔਖਾ ਹੋ ਗਿਆ ਸੀ। ਅਖੀਰ ਦੋ ਤਿੰਨ ਦਿਨਾਂ 'ਚ ਪਵਨ ਤੇ ਭਵਾਨੀ ਨੇ ਰਸੋਈ ਨੂੰ ਮੁੜ ਤੋਂ ਤਿਆਰ ਕਰ ਲਿਆ। ਪਰ ਟੁੱਟੀ ਫੁੱਟੀ ਰਸੋਈ ਨੇ ਉਨ੍ਹਾਂ ਦੀ ਜ਼ਿੰਦਗੀ ਨੂੰ ਲੀਹ ਤੋਂ ਲਾਹ ਦਿੱਤਾ ਸੀ। ਅਜੇ ਤਾਂ ਉਨ੍ਹਾਂ ਜਗਰਾਤਾ ਕਰਾਉਣਾ ਸੀ। ਘਰ 'ਤੇ ਆਏ ਖਰਚੇ ਦਾ ਹਿਸਾਬ - ਕਿਤਾਬ ਮੁਕੰਮਲ ਹੁੰਦਿਆਂ ਹੀ ਅਗਲਾ ਕੰਮ ਜਗਰਾਤੇ ਦਾ ਸੀ। ਗ਼ਰੀਬ ਘਰ ਤੋਂ ਆਈ ਭਵਾਨੀ ਆਪਣੇ ਰਿਸ਼ਤੇਦਾਰਾਂ ਨੂੰ ਸੱਦ ਕੇ ਆਪਣੀ ਟੌਅਰ ਬਣਾਉਣ ਦੀਆਂ ਵਿਉਂਤਾਂ ਘੜੀ ਬੈਠੀ ਸੀ। ਵਿਆਹ ਤੋਂ ਬਾਅਦ ਇਹ ਉਨ੍ਹਾਂ ਦੀ ਪਹਿਲੀ

ਖੁਸ਼ੀ ਸੀ। ਪਰ ਕਾਕਰੋਚਾਂ ਨੇ ਸਭ ਕਾਸੇ 'ਤੇ ਪਾਣੀ ਫੇਰ ਦਿੱਤਾ।

ਪਵਨ ਹੁਣ ਸ਼ੈਲਰ 'ਚ ਝੋਨੇ ਦੀ ਛੰਡਾਈ, ਲਿਫਟਿੰਗ, ਸਪੈਸ਼ਲ ਤੇ ਸਪਲਾਈ ਦੀ ਬਜਾਏ ਕਾਕਰੋਚਾਂ ਬਾਰੇ ਜਾਣਕਾਰੀ ਜ਼ਿਆਦਾ ਇਕੱਠੀ ਕਰਦਾ। ਸ਼ੈਲਰ ਵਿਚ ਤਾਂ ਕਾਕਰੋਚਾਂ, ਟਿੱਡੀਆਂ, ਮੱਛਰਾਂ, ਚੂਹਿਆਂ, ਸੁਸਰੀਆਂ ਤੇ ਕੀੜਿਆਂ ਦੀ ਭਰਮਾਰ ਸੀ। ਪਰ ਉਸਦਾ ਨਿਸ਼ਾਨਾ ਸਿਰਫ ਕਾਕਰੋਚ ਸਨ। ਉਸਨੇ ਸ਼ੈਲਰ ਦੀਆਂ ਫਲੱਸ਼ਾਂ ਤੇ ਖੱਲਾਂ ਖੂੰਜਾਂ 'ਚ ਕਈ ਥਾਂਈਂ ਕਾਕਰੋਚ ਵੇਖੇ। ਉਹ ਕਈ ਰੰਗਾਂ ਰੂਪਾਂ ਦੇ ਸਨ। ਉਹ ਸ਼ੈਲਰ ਦੇ ਚੌਂਕੀਦਾਰ ਜ਼ੈਲੇ ਨਾਲ ਜਾਣਕਾਰੀ ਸਾਂਝੀ ਕਰਦਾ ਹੋਇਆ ਉਸਨੂੰ ਦੱਸਦਾ ਕਿ ਧਰਤੀ ਉੱਤੇ ਕੋਈ ਵੀ ਜੀਵ ਜੰਤੂ ਅਜਿਹਾ ਨਹੀਂ ਜਿਸਨੂੰ ਪ੍ਰਮਾਣੂ ਬੰਬ ਤੋਂ ਖਤਰਾ ਨਾ ਹੋਵੇ, ਪਰ ਕਾਕਰੋਚ 'ਤੇ ਤਾਂ ਪ੍ਰਮਾਣੂ ਬੰਬ ਦਾ ਵੀ ਅਸਰ ਨਹੀਂ। ਇਹ ਕੀੜਾ ਤਾਂ 35 ਕ੍ਰੋੜ ਸਾਲ ਪੁਰਾਣਾ ਹੈ। ਇਨ੍ਹਾਂ ਨੂੰ ਤਾਂ ਜ਼ਹਿਰ ਵੀ ਨਹੀਂ ਮਾਰ ਸਕਦੀ। ਇਹ ਤਪਦੇ ਰੇਗਿਸਤਾਨ ਤੇ ਠੰਡੇ ਬਰਫੀਲੇ ਪਹਾੜਾਂ 'ਚ ਵੀ ਪਾਇਆ ਜਾਂਦਾ ਹੈ। ਇਸਦੀਆਂ ਕਰੀਬ 35 ਹਜ਼ਾਰ ਪ੍ਰਜਾਤੀਆਂ ਹਨ। ਹੋਰ ਤਾਂ ਹੋਰ ਸਿਰ ਵੱਢਿਆਂ ਵੀ ਇਹ ਕਈ ਹਫ਼ਤਿਆਂ ਤਕ ਜਿਉਂਦਾ ਰਹਿ ਸਕਦਾ ਹੈ। ਇਹ ਗੰਦਗੀ ਤੋਂ ਲੈ ਕੇ ਮੇਵਿਆਂ ਤਕ ਸਭ ਕੁਝ ਚਟਮ ਕਰ ਜਾਂਦਾ ਹੈ, ਫਿਰ ਮਰੇ ਕਿਵੇਂ। ਜੇ ਕਿਤੇ ਫਸ ਜੇ ਤਾਂ ਛੇ ਮਹੀਨਿਆਂ ਤਕ ਬਿਨਾਂ ਪਾਣੀ ਤੋਂ ਵੀ ਰਹਿ ਸਕਦਾ ਹੈ ਤੇ ਫਿਰ ਹੋਰ ਦੋ ਮਹੀਨੇ ਸਿਰਫ ਪਾਣੀ ਪੀ ਕੇ ਹੀ ਰਹਿ ਸਕਦਾ ਹੈ, ਫਿਰ ਦੱਸੋ ਮਰੂ ਕਿਵੇਂ। ਵਿਗਿਆਨੀ ਕਹਿੰਦੇ ਨੇ ਇਹ ਬਿਨਾਂ ਰੁਕੇ ਕਈ ਮੀਲ ਦੌੜ ਸਕਦਾ ਹੈ ਤੇ ਧਰਤੀ ਦੇ ਪ੍ਰਕੋਪ ਸਹਿਣ ਦੀ ਤਾਕਤ ਬੰਦੇ ਨਾਲੋਂ ਸੌ ਗੁਣਾ ਜ਼ਿਆਦਾ ਹੈ। ਬਸ ਜੇ ਮਾਰਨਾ ਹੋਵੇ ਤਾਂ ਉਪਰੋਂ ਨਹੀਂ ਹੇਠਾਂ ਦੀ ਮਾਰੋ। ਕਾਕਰੋਚ ਮਾਰਕਾ ਚਾਕ ਦੀਆਂ ਲੀਕਾਂ ਧਰਤੀ 'ਤੇ ਵਾਹ ਦਿਓ, ਜਦੋਂ ਲੰਘੂ ਤਾਂ ਫੱਟ ਮਰਜੂ। ਚੌਂਕੀਦਾਰ ਪਹਿਲਾਂ ਤਾਂ ਗੰਭੀਰ ਹੋ ਕੇ ਉਸਦੀ ਗੱਲ ਸੁਣਦਾ, ਫਿਰ ਚੁੱਪ ਕਰ ਛੱਡਦਾ। ਸਭ ਤੋਂ ਛੋਟਾ ਮੁਲਾਜ਼ਮ ਹੋਣ ਕਰਕੇ ਉਸ ਨੂੰ ਪਵਨ ਦਾ ਮਜ਼ਾਕ ਉਡਾਉਣ ਦਾ ਹੀਆ ਨਹੀਂ ਸੀ ਪੈਂਦਾ। ਇਸ ਲਈ ਜਦੋਂ ਪਵਨ ਨੂੰ ਕੋਈ ਨਵੀਂ ਗੱਲ ਪਤਾ ਲੱਗਦੀ ਤਾਂ ਉਹ ਸਿਰਫ ਜ਼ੈਲੇ ਨੂੰ ਹੀ ਦੱਸਦਾ।

ਪਵਨ ਕਾਕਰੋਚ ਮਾਰਨ ਵਾਲਾ ਚਾਕ ਲੈ ਆਇਆ... ਸਾਰੇ ਘਰ 'ਚ ਲਕੀਰਾਂ ਮਾਰ ਦਿੱਤੀਆਂ।

ਪਰ ਰਸੋਈ ਦੀ ਹੋ ਚੁੱਕੀ ਦੁਰਦਸ਼ਾ ਦੀਆਂ ਲਕੀਰਾਂ ਉਸਦੇ ਮਨ ਤੋਂ ਨਾ ਮਿਟੀਆਂ। ਉਧਰ ਸ਼ੈਲਰ ਵਾਲੇ ਅੱਡ ਝਹੇੜਾਂ ਕਰਦੇ ਸਨ... ਕਹਿੰਦੇ ਪਵਨ ਪੁੱਤਰ ਜਦੋਂ ਸ਼ੈਲਰ 'ਤੇ ਆ ਜਾਂਦਾ ਤਾਂ ਮਗਰੋਂ ਘਰ 'ਚ ਮੋਟੇ - ਮੋਟੇ ਕਾਕਰੋਚ ਤੇ ਭਵਾਨੀ ਭਾਬੀ ਇਕੱਲੇ ਹੁੰਦੇ ਨੇ, ਪਤਾ ਨੀਂ ਬਈ ਕੀ ਕਰਦੇ ਹੋਣਗੇ...। ਪਵਨ ਆਪਣੇ ਅੰਦਾਜ਼ 'ਚ ਬੁੱਲ੍ਹ ਬਾਹਰ ਨੂੰ ਕੱਢਕੇ ਤੇ ਗੱਲ੍ਹਾਂ ਫੁਲਾਕੇ ਗੁੱਸਾ ਵਿਖਾਉਂਦਾ... ਬੋਲਦਾ ਕੁਝ ਨਾ।

ਅਖੀਰ ਪਵਨ ਨੇ ਮੁੜ ਤੋਂ ਹਿੰਮਤ ਇਕੱਠੀ ਕੀਤੀ। ਦਰਸ਼ਨ ਮਿਸਤਰੀ ਨੂੰ ਸੱਦਿਆ ਤੇ ਰਸੋਈ ਦੀ ਮੁਰੰਮਤ ਦਾ ਖਰਚਾ ਪੁੱਛਿਆ। ਤਜਰਬੇਕਾਰ ਦਰਸ਼ਨ ਨੇ ਰਸੋਈ ਤੋਂ ਪਹਿਲਾਂ ਘਰ ਦੇ ਹੋਰ ਕਮਰਿਆਂ 'ਚ ਬਣੇ ਲੱਕੜ ਦੇ ਕੱਪਬੋਰਡ ਤੇ ਚੁਗਾਠਾਂ ਆਦਿ ਦੀ ਪੜਤਾਲ ਕਰਨ ਦਾ ਸੁਝਾਅ ਦਿੱਤਾ ਤਾਂ ਕਿ ਕੋਈ ਹੋਰ ਨੁਕਸਾਨ ਹੋਇਆ ਹੋਵੇ ਤਾਂ ਇਕੋ ਵਾਰ ਸਾਰਾ ਹਿਸਾਬ ਕਿਤਾਬ ਲੱਗ ਸਕੇ। ਉਸਨੇ ਹਾਮੀ ਭਰ ਦਿੱਤੀ। ਅਗਲੇ ਕਈ ਦਿਨ ਘਰ 'ਚ ਤੇਸਾ - ਆਰੀ ਤੇ ਕਦੇ ਕਦੇ ਹਥੌੜਾ-ਛੈਣੀ ਵੀ ਚੱਲਦਾ ਰਿਹਾ ਤੇ ਨਵੀ ਕੁਝ ਮੁਰੰਮਤ ਵਾਲਾ ਨਿਕਲ ਆਇਆ। ਜੋੜ ਘਟਾਓ ਕਰਕੇ ਦਰਸ਼ਨ ਨੇ ਡੇਢ ਲੱਖ ਦਾ ਖਰਚਾ ਦੱਸਿਆ।

ਪਵਨ ਨੇ ਹਿਸਾਬ ਲਾਇਆ ਬਾਊਆਂ ਤੋਂ ਪਹਿਲਾਂ ਹੀ ਬਥੇਰੇ ਐਡਵਾਂਸ ਲਏ ਨੇ। ਹੋਰ ਮੰਗੇ ਤਾਂ ਸਿਵਾਏ ਮਖੌਲ ਦੇ ਕੁਝ ਨਹੀਂ ਮਿਲਣਾ। ਉਸਨੂੰ ਕਰਜ਼ੇ ਤੋਂ ਡਾਢੀ ਨਫਰਤ ਸੀ ਪਰ ਮਜਬੂਰੀ 'ਚ ਇਹੀ ਰਾਹ ਸੁੱਝਿਆ। ਬੈਂਕਾਂ ਨਾਲ ਉਨ੍ਹਾਂ ਦਾ ਨਿੱਤ ਦਾ ਲੱਖਾਂ ਦਾ ਲੈਣ-ਦੇਣ ਆ।

ਔਖੇ ਸੌਖੇ ਕਿਸ਼ਤਾਂ ਮੋੜੀ ਜਾਊ। ਐਵੇਂ ਕਿਸੇ ਦਾ ਅਹਿਸਾਨ ਕਿਉਂ ਕਰਾਉਣਾ।

ਅਗਲੇ ਦਿਨ ਉਹ ਬੈਂਕ ਮੈਨੇਜਰ ਨੂੰ ਮਿਲਿਆ। ਉਸਨੇ ਅੱਗੇ ਫੀਲਡ ਅਫਸਰ ਨਾਲ ਗੱਲ ਕਰਨ ਲਈ ਕਿਹਾ। ਫੀਲਡ ਅਫਸਰ ਨੇ ਉਸਨੂੰ ਕਰਜ਼ੇ ਦੇ ਕਈ ਫਾਰਮੂਲੇ ਦੱਸੇ ਜਿੰਨ੍ਹਾਂ 'ਚੋਂ ਉਸਨੂੰ ਕਾਰ ਲੋਨ ਸੌਖਾ ਲੱਗਿਆ। ਪੁਰਾਣੀ ਕਾਰ ਵਾਸਤੇ ਡੇਢ ਲੱਖ ਰੁਪਈਆ ਮਿਲ ਸਕਦਾ ਸੀ। ਫੀਲਡ ਅਫਸਰ ਨੇ ਇਹ ਵੀ ਦੱਸ ਦਿੱਤਾ ਕਿ ਸੁਰਿੰਦਰ ਬਾਊ ਦੀ ਇਕ ਕਾਰ ਉਹ ਆਪਣੇ ਨਾਮ ਕਰਵਾ ਕੇ ਉਸਦੀ ਫੋਟੋ ਕਾਪੀ ਬੈਂਕ ਨੂੰ ਵਿਖਾ ਦੇਵੇ, ਹੋਰ ਕੋਈ ਖਰਚਾ ਵੀ ਨਹੀਂ ਆਉਣਾ। ਬਿਨਾਂ ਕਾਰ ਖਰੀਦੇ ਪੈਸੇ ਆਪਣੇ ਕੰਮ ਵਾਸਤੇ ਵਰਤ ਲਵੇ। ਬੱਸ ਇਸ ਵਾਸਤੇ ਇਕ ਡਰਾਇਵਰੀ ਲਾਇਸੰਸ ਦੀ ਲੋੜ ਹੈ। ਡਰਾਇਵਰੀ ਲਾਇਸੰਸ ਹੋਊ ਤਾਂ ਹੀ ਕਾਰ ਚਲਾਵੇਗਾ ਨਾ। ਫਾਰਮੈਲਟੀ ਆ। ਸਾਰੇ ਲੋੜੀਂਦੇ ਕਾਗਜ਼ ਲਿਖ ਕੇ ਬੈਂਕ 'ਚੋਂ ਨਿਕਲੇ ਪਵਨ ਦੇ ਚਿਹਰੇ 'ਤੇ ਕਈ ਦਿਨਾਂ ਦੀ ਛਾਈ ਉਦਾਸੀ ਕਾਫੀ ਘਟ ਗਈ ਸੀ। ਉਸਨੇ ਫੋਨ ਕਰਕੇ ਭਵਾਨੀ ਨੂੰ ਵੀ ਸਾਰੀ ਸਕੀਮ ਦੱਸ ਦਿੱਤੀ।

ਡਰਾਇਵਰੀ ਲਾਇਸੰਸ ਬਣਿਆ ਨਹੀਂ ਕਿ ਕਰਜ਼ਾ ਮਿਲਿਆ ਨਹੀਂ... ਤੇ ਫੇਰ ਰਸੋਈ ਜਗਮਗ ਕੀਤੀ ਨਹੀਂ...। ਪਵਨ ਰਾਤ ਨੂੰ ਗੁਣ ਗੁਣਾ ਕੇ ਭਵਾਨੀ ਨੂੰ ਸਾਰੀ ਕਹਾਣੀ ਸੁਣਾ ਰਿਹਾ ਸੀ। ਭਵਾਨੀ ਵੀ ਖੁਸ਼ੀ ਭਰਿਆ ਰਾਜਸਥਾਨੀ ਗੀਤ ਗੁਣ ਗੁਣਾ ਰਹੀ ਸੀ। ਦਿਨ ਚੜ੍ਹਦੇ ਹੀ ਪਵਨ ਜ਼ਿਲ੍ਹਾ ਟਰਾਂਸਪੋਰਟ ਅਫਸਰ ਦੇ ਦਫਤਰ ਪਹੁੰਚ ਗਿਆ। ਉਹ ਸਾਹਜਰੇ ਹੀ ਲਾਇਸੰਸ ਦੀ ਅਰਜ਼ੀ ਡੀ ਟੀ ਓ ਦਫਤਰ ਜਮ੍ਹਾਂ ਕਰਵਾ ਕੇ ਸ਼ੈਲਰ 'ਤੇ ਜਾਣਾ ਚਾਹੁੰਦਾ ਸੀ। ਸਪੈਸ਼ਲ ਲੱਗੀ ਹੋਣ ਕਰਕੇ ਸ਼ੈਲਰ ਦਾ ਕੰਮ ਬਹੁਤ ਵਧਿਆ ਹੋਇਆ ਸੀ। ਉਸਨੇ ਦਫਤਰ ਦੇ ਬਾਹਰ ਬੈਠੇ ਟਾਇਪ ਵਾਲਿਆਂ ਤੋਂ ਕਾਗਜ਼ ਭਰਵਾ ਲਏ ਤੇ ਦਫਤਰ ਦਾ ਪਤਾ ਪੁੱਛ ਕੇ ਉਧਰ ਨੂੰ ਤੁਰ ਪਿਆ। ਮਈ ਦਾ ਮਹੀਨਾ... ਵਰ੍ਹਦੀ ਅੱਗ... ਤੇ ਅੱਗੋਂ ਦਫਤਰ ਦੀ ਖਿੜਕੀ ਸਿੱਧੀ ਸੂਰਜ ਦੇਵਤਾ ਵੱਲ। ਨੇੜੇ ਤੇੜੇ ਕੋਈ ਦਰਖਤ ਵੀ ਹੈਨੀ। ਸ਼ਾਇਦ ਡਰਾਇਵਰੀ ਕਰਨ ਵਾਲਿਆਂ ਦਾ ਕੋਈ ਇਮਤਿਹਾਨ ਲੈਣ ਲਈ ਹੀ ਖਿੜਕੀ ਵਿਸ਼ੇਸ਼ ਸਥਾਨ 'ਤੇ ਬਣਾਈ ਸੀ। ਜਿਵੇਂ ਗਰਮ ਗਰਮ ਕੜਾਹ ਮੂੰਹ 'ਚ ਪਾਉਣ ਤੋਂ ਬਾਅਦ ਆਦਮੀ ਨਾ ਬਾਹਰ ਸਿੱਟ ਸਕਦਾ ਨਾ ਅੰਦਰ ਲੰਘਾ ਸਕਦਾ। ਸਿਵਾਏ ਛੜੱਪੇ ਮਾਰਨ ਦੇ। ਵਾਰੀ ਖੁੱਸਣ ਦੇ ਡਰੋਂ ਲੋਕ ਧੁੱਪ 'ਚ ਸਿਰਾਂ ਉਪਰ ਕਾਗਜ਼ਾਂ ਦੀ ਛਾਂ ਕਰੀ ਖੜੇ ਸਨ। ਪਵਨ ਵੀ ਖੜ੍ਹ ਗਿਆ। ਦਸ ਵਜੇ ਤਕ ਦਫਤਰ ਕੋਈ ਬਾਊ ਨਹੀਂ ਆਇਆ। ਹੋਰ ਵੀ ਕਈ ਆਦਮੀ ਬਾਊ ਦੀ ਭਾਲ 'ਚ ਉਦਾਸੇ ਜਿਹੇ ਫਿਰਦੇ ਸਨ। ਫਿਰ ਇਕ ਮੋਟਾ ਜਿਹਾ ਆਦਮੀ ਨਵਾਂ ਹੀਰੋ ਹਾਂਡਾ ਮੋਟਰ ਸਾਇਕਲ ਖੜ੍ਹਾ ਕਰਕੇ ਦਫਤਰ ਵੱਲ ਆਇਆ। ਉਸ ਨੇ ਜਦੋਂ ਦਫਤਰ ਦਾ ਜਿੰਦਰਾ ਖੋਲ੍ਹਿਆ ਤਾਂ ਪਵਨ ਦੇ ਸਾਹ 'ਚ ਸਾਹ ਆਇਆ। ਸਾਰੇ ਉਸਦੇ ਦੁਆਲੇ ਹੋ ਗਏ। ਉਹ ਇਕ ਕੁਰਸੀ 'ਤੇ ਬੈਠ ਕੇ ਲੋਕਾਂ ਦੇ ਕਾਗਜ਼ ਵੇਖ ਕੇ ਉਨ੍ਹਾਂ ਦੇ ਹੱਲ ਦੱਸਣ ਲੱਗਿਆ। ਪਵਨ ਦੇ ਕਾਗਜ਼ ਵੇਖ ਕੇ ਉਸਨੇ ਤਿੰਨ ਨੰਬਰ ਖਿੜਕੀ 'ਤੇ ਜਾਣ ਲਈ ਕਿਹਾ। ਪਵਨ ਨੇ ਮਿੰਨਤ ਕਰਦਿਆਂ ਕਿਹਾ ਬਾਊ ਜੀ ਤੁਸੀਂ ਕਾਗਜ਼ ਫੜ ਲਓ... ਉਸਨੇ ਅੱਗੋਂ ਘੜੇ ਜਿੱਡਾ ਸਿਰ ਹਿਲਾ ਦਿੱਤਾ। ਬਾਅਦ 'ਚ ਉੱਥੇ ਖੜ੍ਹੇ ਆਦਮੀਆਂ ਤੋਂ ਪਵਨ ਨੂੰ ਪਤਾ ਲੱਗਿਆ ਕਿ ਇਹ ਕਲਰਕ ਨਹੀਂ ਸਗੋਂ ਡੀ ਟੀ ਓ ਦਾ ਚਪੜਾਸੀ ਹੈ। ਡੀ ਟੀ ਓ ਤੋਂ ਇਕ ਕਾਗਜ਼ 'ਤੇ ਦਸਖਤ ਕਰਾਉਣ ਦੇ ਪੰਜ ਸੱਤ ਸੌ ਰੁਪਈਆ ਲੈਂਦਾ। ਕੰਮ ਦੇ ਹਿਸਾਬ ਨਾਲ ਵੱਟਾ ਪਾਉਂਦਾ। ਕਲਰਕ ਵੀ ਇਸੇ ਨੂੰ ਕਾਗਜ਼ ਫੜਾਉਂਦੇ ਨੇ ਡੀ ਟੀ ਓ ਤੋਂ ਦਸਤਖਤ ਕਰਾਉਣ ਲਈ। ਡੀ ਟੀ ਓ ਦੇ ਸ਼ਾਰੇ ਖਰਚੇ ਤੇ ਲੈਣ ਦੇਣ ਇਹੀ ਕਰਦੈ। ਸਰਕਾਰੀ ਡਾਕ ਲਿਆਉਣ ਤੇ ਲਿਜਾਣ ਲਈ ਤਾਂ ਅੱਗੇ ਇਸਨੇ ਦੋ ਤਿੰਨ ਮੁੰਡੇ ਰੱਖੇ ਹੋਏ ਨੇ। ਪਵਨ ਦਾ ਹੈਰਾਨੀ ਨਾਲ ਮੂੰਹ ਅੱਡਿਆ ਪਿਆ ਸੀ। ਉਸਨੂੰ ਲੱਗਿਆ ਕਿ ਫੂਡ ਸਪਲਾਈ ਇੰਸਪੈਕਟਰ ਤਾਂ ਡੀ ਟੀ ਓ ਦੇ ਚਪੜਾਸੀ ਮੂਹਰੇ ਐਵੇਂ ਈ ਆ... ਜਿਵੇਂ ਵੱਡੇ ਕਾਕਰੋਚ ਦੇ ਮੂਹਰੇ ਸੁਸਰੀ।

'ਸ਼ੈਲਰ 'ਚੋਂ ਫੋਨ ਆਈ ਜਾਂਦੇ ਨੇ। ਕੀ ਕਰਾਂ.. .।'

ਬਾਰਾਂ ਵੱਜਣ ਵਾਲੇ ਹੋ ਗਏ। ਐਨੇ 'ਚ ਰੌਲਾ ਪੈ ਗਿਆ... ਲਾਇਸੰਸਾਂ ਵਾਲੇ ਬਾਊ ਜੀ

ਆ ਗਏ ... ਆ ਗਏ ... ਭੀੜ ਤਿੰਨ ਨੰਬਰ ਖਿੜਕੀ ਮੂਹਰੇ ਇਕੱਠੀ ਹੋ ਗਈ... ਧੱਕਮ ਧੱਕਾ ਸ਼ੁਰੂ ਹੋ ਗਿਆ... ਕੋਈ ਫੋਨ ਬਾਊ ਦੇ ਕੰਨ ਨੂੰ ਲਾਉਂਦਾ... ਕੋਈ ਸਾਲ ਭਰ ਦੇ ਵਾਅਦੇ ਯਾਦ ਕਰਾਉਂਦਾ... ਕੋਈ ਡਰਾਇਵਰੀ ਦੀ ਨੌਕਰੀ ਦਾ ਵਾਸਤਾ ਦਿੰਦਾ... ਕੋਈ ਹੱਥ ਜੋੜਦਾ... ਤੇ ਕੋਈ...।

ਪਵਨ ਨੂੰ ਲੱਗਿਆ ਕਿ ਉਸਦੀ ਸਮੱਸਿਆ ਤਾਂ ਬਹੁਤ ਛੋਟੀ ਆ... ਉਹ ਤਾਂ ਅੱਜ ਪਹਿਲੇ ਦਿਨ ਹੀ ਆਇਆ...ਐਥੇ ਤਾਂ ਸਾਲ ਸਾਲ ਵਾਲੇ ਫਿਰਦੇ ਨੇ... ਪਹਿਲਾਂ ਦੂਜਿਆਂ ਨੂੰ ਕੰਮ ਕਰਵਾ ਲੈਣ ਦੇਵੇ, ਆਪ ਬਾਅਦ 'ਚ ਕਰਵਾ ਲਵੇਗਾ।

ਦੋ - ਚਾਰ ਕਾਗਜ਼ਾਂ 'ਤੇ ਦਸਤਖਤ ਕਰਕੇ... ਦੋ ਵਾਰ ਪਾਣੀ ਤੇ ਇਕ ਵਾਰ ਚਾਹ ਪੀਣ ਤੋਂ ਬਾਅਦ ਬਾਊ ਜੀ ਲੰਚ ਟਾਈਮ ਕਹਿ ਕੇ ਉਠ ਗਏ...। ਇਕ ਆਦਮੀ ਨੇ ਬਾਰੀ ਨੂੰ ਧੱਕਾ ਮਾਰ ਕੇ ਖੋਲ੍ਹਦਿਆਂ ਕਿਹਾ ਕਿ ਪਹਿਲਾਂ ਤਾਂ ਲੇਟ ਆਇਆਂ ਤੇ ਹੁਣ ਰੋਟੀ ਖਾਣ ਦੀ ਕਾਹਲ ਹੋ ਗਈ... ਅਸੀਂ ਸਵੇਰ ਦੇ ਖੜ੍ਹੇ ਸੁੱਕਗੇ ... ਸਾਡਾ ਕੰਮ ਕਰਕੇ ਜਾਹ...।

ਬਾਊ ਨੇ ਮੁਸਕਰਾਉਂਦਿਆਂ ਕਿਹਾ 'ਸਰਦਾਰ ਜੀ ਜੇ ਆਉਣ 'ਚ ਦੇਰੀ ਹੋ ਗਈ ਤਾਂ ਰੋਟੀ ਖਾਣ 'ਚ ਤਾਂ ਨਾ ਕਰੀਏ... ਯਾਰ ਕੋਈ ਕੰਮ ਤਾਂ ਟਾਇਮ ਸਿਰ ਕਰ ਲੈਣ ਦਿਆ ਕਰੋ... ਜਾਓ ਜਾਓ ਤੁਸੀਂ ਵੀ ਛੋਲੇ ਭਟੂਰੇ ਖਾ ਆਓ... ਕੰਟੀਨ ਵਾਲਾ ਬਹੁਤ ਸਵਾਦ ਬਣਾਉਂਦਾ... ਜਾਓ ਜਾਓ ... ਐਵੇਂ ਨਾ ਸਿਰ ਖਾਓ... ਜਾਓ ਛੋਲੇ ਭਟੂਰੇ ਖਾਓ...।' ਬਿਨਾਂ ਗੁੱਸੇ ਜਾਂ ਖਿਝ ਦੇ ਉਸਨੇ ਇਸ਼ਾਰਾ ਕੀਤਾ... ਡੀ ਟੀ ਓ ਦੇ ਮੋਟੇ ਗੰਨਮੈਨਾਂ ਨੇ ਠਾਹ ਦੇਣੇ ਖਿੜਕੀ ਬੰਦ ਕਰ ਦਿੱਤੀ। ਮੁੜ ਕਿਸੇ ਦੀ ਖਿੜਕੀ ਖੜਕਾਉਣ ਦੀ ਜੁਰਅੱਤ ਨਾ ਹੋਈ।

ਰੋਟੀ ਖਾਣ ਗਿਆ ਬਾਊ ਵਾਪਸ ਨਾ ਮੁੜਿਆ। ਘੜੇ ਵਰਗੇ ਸਿਰ ਵਾਲੇ ਚਪੜਾਸੀ ਤੋਂ ਪੁੱਛਿਆ ਤਾਂ ਕਹਿੰਦਾ,'ਮੀਟਿੰਗ 'ਤੇ ਗਏ ਨੇ... ਭਲਕੇ ਕੋਰਟ ਐਵੀਡੈਂਸ ਆ... ਪਰਸੋਂ ਸ਼ਨੀਵਾਰ ਤੇ ਫਿਰ ਐਤਵਾਰ ਦੀ ਛੁੱਟੀ... ਅਗਲਾ ਹਫਤਾ ਮੁੱਖ ਮੰਤਰੀ ਦੇ ਸੰਗਤ ਦਰਸ਼ਨਾਂ ਦਾ ਵਾ... ਤੁਸੀਂ ਅਗਲੇ ਤੋਂ ਅਗਲੇ ਸੋਮਵਾਰ ਆਇਓ... ਨਹੀਂ ਤਾਂ ਬਾਹਰ ਸੁੱਖੀ ਹੋਰੀਂ ਬੈਠੇ ਨੇ ਟਾਈਪ ਵਾਲੇ, ਉਨ੍ਹਾਂ ਨਾਲ ਗੱਲ ਕਰ ਲੋ... ਐਂਵੀਂ ਗੇੜੇ ਮਾਰੋਂਗੇ... ਅੱਜ ਕੱਲ ਟੈਮ ਕੀਹਦੇ ਕੋਲ ਆ ...।' ਕਹਾਣੇ ਜਿਹੇ ਪਾਉਂਦਾ ਚਪੜਾਸੀ ਵੀ ਆਪਣੇ ਮੋਟਰ ਸਾਇਕਲ ਨੂੰ ਕਿੱਕ ਮਾਰ ਕੇ ਤੁਰਦਾ ਬਣਿਆ।

ਲੋਕ ਅਜੇ ਵੀ ਅੱਖਾਂ ਦੁਆਲੇ ਹੱਥਾਂ ਦੀ ਵਾੜ ਕਰਕੇ ਬਾਰੀਆਂ ਦੇ ਸ਼ੀਸ਼ਿਆਂ ਥਾਂਈਂ ਅੰਦਰ ਝਾਕੀ ਜਾਂਦੇ ਸੀ। ਕੁਝ ਦੂਰ ਖੜ੍ਹੇ ਰੁੱਖਾਂ ਦੀ ਛਾਂ ਥੱਲੇ ਇੱਟਾਂ ਦੇ ਪੀਹੜੇ ਬਣਾ ਕੇ ਬੈਠ ਗਏ। ਪਵਨ ਕੁਝ ਦੇਰ ਉੱਥੇ ਖੜ੍ਹਾ ਪੈਰ ਜਿਹੇ ਮਲਦਾ ਰਿਹਾ। ਉਸਨੂੰ ਲੱਗਿਆ ਸੀ ਜਿਵੇਂ ਗੰਦ-ਮੰਦ ਖਾ ਕੇ ਰੱਜੇ ਹੋਏ ਕਾਕਰੋਚ ਆਪਣੀਆਂ ਖੁੱਡਾਂ ਵੱਲ ਭੱਜ ਗਏ ਹੋਣ। ਅਖੀਰ ਉਹ ਵੀ ਸਿਰ ਝਟਕਦਾ ਘਰ ਨੂੰ ਮੁੜ ਆਇਆ।

ਪਵਨ ਦਫਤਰੀ ਕੰਮ ਕਰਾਉਣ ਗਿੱਝਿਆ ਹੋਇਆ ਸੀ। ਸ਼ੈਲਰ ਦੇ ਕੰਮਾਂ ਲਈ ਰੋਜ਼ ਕਿਸੇ ਨਾ ਕਿਸੇ ਦਫਤਰ ਜਾਣਾ ਪੈਂਦਾ ਸੀ। ਬਾਊਆਂ ਦੀ ਘੀਸ ਘੀਸ ਕਰਨ ਦੀ ਆਦਤ ਤੋਂ ਉਹ ਵਾਕਿਫ ਸੀ। ਸੋਮਵਾਰ ਨੂੰ ਉਹ ਜ਼ਿਲ੍ਹਾ ਟਰਾਂਸਪੋਰਟ ਅਫਸਰ ਦੇ ਦਫਤਰ ਪਹੁੰਚ ਗਿਆ। ਪਰ ਉੱਥੇ ਉਹੀ ਹਾਲ। ਅਖੀਰ ਕਈ ਦਿਨਾਂ ਦੀ ਭੱਜ ਨੱਸ ਤੋਂ ਬਾਅਦ ਜਦੋਂ ਉਸਨੇ ਆਪਣੀ ਫਾਇਲ ਬਾਊ ਹੱਥ ਫੜਾਈ ਤਾਂ ਬਾਊ ਨੇ ਦੂਰ ਸੱਜੇ ਪਾਸੇ ਦੀ ਇਕ ਪਿਸਤਾ ਰੰਗੀ ਖੂਬਸੂਰਤ ਇਮਾਰਤ ਵੱਲ ਉਂਗਲੀ ਕਰਕੇ ਕਿਹਾ, 'ਹੁਣ ਲਾਇਸੰਸ ਉੱਥੇ ਸੁਵਿਧਾ ਸੈਂਟਰ 'ਚ ਬਣਦੇ ਨੇ, ਉੱਥੇ ਜਾਓ ਗੋਲ ਗੱਪਾ ਜੀ... ਸਰਕਾਰ ਨੇ ਸਾਡੀਆਂ ਬੇੜੀਆਂ 'ਚ ਵੱਟੇ ਪਾ ਤੇ... ਪਹਿਲਾਂ ਅਸੀਂ ਚਾਰ ਪੈਸੇ ਲੈਂਦੇ ਸੀ ਤਾਂ ਉਹ ਰਿਸ਼ਵਤ ਵੱਜਦੀ ਸੀ... ਪਰ ਹੁਣ ਸਰਕਾਰ ਨੇ ਸਰਕਾਰੀ ਰਿਸ਼ਵਤ ਫਿਕਸ ਕਰ 'ਤੀ... ਹਰ ਕੰਮ ਦੀ ਫੀਸ ਲਈ ਜਾਂਦੀ ਆ... ਸਾਡੇ ਕੋਲੋਂ ਤਾਂ ਕੋਈ ਬਚ ਜਾਂਦਾ ਸੀ ਪਰ ਉੱਥੋਂ ਕਿਸੇ ਨੀਂ ਬਚਣਾ... ਭੁੱਖੇ ਮਾਰਤਾ... ਜਾਓ ਜਾਓ ਬਾਬਾ ਜੀ ... ਸੁਵਿਧਾ ਸੈਂਟਰ ਦੀ ਹਵਾ ਲਓ

ਠੰਡੀ ਠੰਡੀ...।' ਪਵਨ ਨੂੰ ਡੀ ਟੀ ਓ ਦਫਤਰ ਦਾ ਬਾਬੂ ਗਲੀ ਵਿਚ ਚੂਈ ਪਰਨੇ ਪਏ ਕਾਕਰੋਚ ਵਰਗਾ ਲੱਗਿਆ ਜਿਹੜਾ ਸਿੱਧਾ ਹੋਣ ਲਈ ਲੱਤਾਂ ਮਾਰੀ ਜਾਂਦਾ ਸੀ ਪਰ ਉਸਦੀ ਕੋਈ ਪੇਸ਼ ਨਹੀਂ ਜਾਂਦੀ। ਉਸ ਬਾਬੂ ਵੱਲ ਝਾਕਦਾ ਉਸਦੀ ਉਂਗਲ ਦੀ ਸੇਧ ਤੁਰ ਪਿਆ।

ਪਵਨ ਦੇ ਨਾਲ ਹੋਰ ਵੀ ਕਈ ਆਦਮੀ ਉਧਰ ਨੂੰ ਭੱਜੇ ਜਾ ਰਹੇ ਸਨ। ਸੁਵਿਧਾ ਸੈਂਟਰ ਦੀ ਖੂਬਸੂਰਤ ਸ਼ੀਸ਼ਿਆਂ ਵਾਲੀ ਇਮਾਰਤ ਤੇ ਅੰਦਰ ਏ ਸੀ ਦੀ ਠੰਡੀ ਹਵਾ ਨੇ ਇਕ ਵਾਰ ਤਾਂ ਉਸਨੂੰ ਨਜ਼ਾਰਾ ਲਿਆ ਦਿੱਤਾ। ਨਵੇਂ ਬਣੇ 'ਮੋਲ' ਵਰਗਾ ਮਾਹੌਲ ਸੀ। ਨਿੱਕੀਆਂ ਨਿੱਕੀਆਂ ਡੱਬੀਆਂ ਵਰਗੇ ਖੂਬਸੂਰਤ ਕਾਊਂਟਰਾਂ 'ਚ ਬੈਠੇ ਟਾਈਆਂ ਵਾਲੇ ਚੁਸਤ ਦਰੁਸਤ ਮੁੰਡੇ ਕੁੜੀਆਂ, ਹਰ ਕਾਊਂਟਰ 'ਤੇ ਔਲ ਸੀ ਡੀ - ਕੰਪਿਊਟਰ, ਕਾਊਂਟਰ ਦੇ ਹਰ ਸ਼ੀਸ਼ੇ 'ਤੇ ਕੀਤੇ ਜਾਣ ਵਾਲੇ ਕੰਮ ਦਾ ਵੇਰਵਾ। ਸਟੀਲ ਦੀਆਂ ਚਮਕਦਾਰ ਕੁਰਸੀਆਂ, ਠੰਡੀ ਹਵਾ। ਲੋਕ ਲਾਇਨਾਂ 'ਚ ਲੱਗੇ ਖੜ੍ਹੇ ਸੀ ਜਿਵੇਂ ਬਾਹਰਲੇ ਮੁਲਕ 'ਚ ਖੜ੍ਹਦੇ ਨੇ। ਕੋਈ ਖੜਕਾ ਨਹੀਂ, ਕੋਈ ਰੌਲਾ ਨਹੀਂ, ਲੋਕ ਹੌਲੀ ਹੌਲੀ ਬੋਲ ਰਹੇ ਨੇ... ਵਾਤਾਵਰਣ ਦਾ ਅਸਰ ਸੀ ਜਾਂ ਆਧੁਨਿਕਤਾ ਦਾ ਜਾਂ ਠੰਡੀ ਹਵਾ ਦਾ ਜਾਂ ਫਿਰ ਡਰੀ ਹੋਈ ਮਜਬੂਰੀ ਦਾ... ਉਸਨੂੰ ਲੱਗਿਆ ਇਹ ਸਰਕਾਰੀ ਦਫਤਰ ਨਹੀਂ ਸਕੂਲ ਵਾਲੇ ਸਾਇੰਸ ਮਾਸਟਰ ਚੌਪੜੇ ਦਾ ਪੀਰੀਅਡ ਆ ਜਿੱਥੇ ਸਾਰੇ ਬੱਚੇ ਸਾਹ ਰੋਕ ਕੇ ਬੈਠਦੇ ਸਨ, ਉਸਦੇ ਪੰਜ ਕਿਲੋ ਭਾਰੇ ਮੁੱਕੇ ਦੀ ਮਾਰ ਤੋਂ ਡਰਦੇ ਹੋਏ.. ਜਾਂ ਫੇਰ ਏਅਰਪੋਰਟ ਆ ਜਿੱਥੇ ਬਾਹਰ ਜਾਣ ਵਾਲੇ ਸਾਹ ਰੋਕ ਕੇ ਜਹਾਜ਼ ਉਡੀਕਦੇ ਨੇ...। ਮੁੜ੍ਹਕੇ ਨਾਲ ਗੜੁੱਚ ਕਪੜਿਆਂ ਦੇ ਠੰਡੇ ਹੋਣ ਕਾਰਣ ਇਕ ਵਾਰ ਤਾਂ ਉਸਨੂੰ ਕਾਂਬਾ ਛਿੜ ਗਿਆ। ਆਪਣੀਆਂ ਮੋਟੀਆਂ ਐਨਕਾਂ ਨੂੰ ਥਾਂ ਸਿਰ ਕਰਦਿਆਂ ਉਸਨੇ ਕਾਊਂਟਰਾਂ 'ਤੇ ਲੱਗੀਆਂ ਨੀਲੇ ਰੰਗ ਦੀਆਂ ਪੱਟੀਆਂ 'ਤੇ ਛਪੇ ਚਿੱਟੇ ਅੱਖਰਾਂ ਨੂੰ ਪੜ੍ਹਨਾ ਸ਼ੁਰੂ ਕਰ ਦਿੱਤਾ।

ਸੁਵਿਧਾ ਸੈਂਟਰ ਰੂਪੀ ਹਵਾ ਮਹਿਲ 'ਚ ਤੈਰਦਾ ਉਹ ਪੁੱਛ ਗਿੱਛ ਵਾਲੇ ਕਾਊਂਟਰ 'ਤੇ ਚਲਾ ਗਿਆ। ਉਸਨੇ ਡਰਾਇਵਰੀ ਲਾਇਸੰਸ ਬਣਾਉਣ ਦੀ ਗੱਲ ਕੀਤੀ ਤਾਂ ਸੋਹਣੀ ਜਿਹੀ ਕੁੜੀ ਨੇ ਇਕ ਨੰਬਰ ਕਾਊਂਟਰ ਤੋਂ ਫਾਇਲ ਲੈਣ ਵਾਸਤੇ ਕਿਹਾ। ਕਾਊਂਟਰ 'ਤੇ ਸੌ ਕੁ ਬੰਦੇ ਦੀ ਲੰਬੀ ਲਾਇਨ ਲੱਗੀ ਹੋਈ ਸੀ। ਪਰ ਸ਼ੁਕਰ ਸੀ ਕਿ ਠੰਡੀ ਹਵਾ ਹੋਣ ਕਰਕੇ ਕੀੜੀ ਦੀ ਤੋਰ ਤੁਰਦਿਆਂ ਵੀ ਉਸਨੂੰ ਕੋਈ ਤਕਲੀਫ ਨਾ ਹੋਈ। ਇਕ ਨੰਬਰ ਵਾਲੀ ਕੁੜੀ ਨੇ ਦੋ ਕਾਗਜ਼ਾਂ ਵਾਲੀ ਫਾਇਲ ਦੇ ਪੰਜਾਹ ਰੁਪਏ ਮੰਗੇ ਤਾਂ ਉਸਨੂੰ ਪਹਿਲਾ ਝਟਕਾ ਲੱਗਿਆ।

'ਭੈਣ ਜੀ ਮੈਂ ਇਕ ਹੀ ਫਾਇਲ ਲੈਣੀ ਆ...।'

'ਯੈਸ ਸਰ, ਆਈ ਟੈੱਲ ਯੂ ਸਿੰਗਲ ਫਾਈਲ ਪਰਾਈਸ, ਪਲੀਜ਼ ... ਪੰਜਾਹ ਰੁਪਏ...।' ਕੁੜੀ ਦੀ ਮਿੱਠੀ ਅੰਗਰੇਜ਼ੀ 'ਚ ਪੰਜਾਬੀ ਦੀ ਗਾਹਲ ਜਿੰਨ੍ਹੀ ਕੜਵਾਹਟ ਸੀ।

'ਮੈਡਮ, ਬਾਹਰੋਂ ਤਾਂ ਮੈਂ ਦਸ ਰੁਪਈਆਂ 'ਚ ਲਿਆਇਆਂ ਸੀ ਇਹ ਸਾਰਾ ਕੁਝ... ਅਜੇ ਥੋੜ੍ਹੇ ਦਿਨ ਈ ਹੋਏ ਆ... ਇਹ ਕਾਗਜ਼ ਨੀਂ ਕੰਮ ਦਿੰਦੇ...।'

'ਤੁਸੀਂ ਲਾਇਨ 'ਚੋਂ ਪਾਸੇ ਹੋ ਜੋ... ਮਗਰਲਿਆਂ ਨੂੰ ਆਉਣ ਦਿਓ... ਇਹ ਜਿਹੜੀ ਏ ਸੀ ਦੀ ਹਵਾ ਤੇ ਗੱਦੇ ਦਾਰ ਕੁਰਸੀਆਂ ਰੱਖੀਆਂ ਨੇ, ਇਹ ਪੈਸੇ ਇਨ੍ਹਾਂ ਫਾਇਲਾਂ 'ਚੋਂ ਹੀ ਨਿਕਲਣੇ ਨੇ... ਆ ਜਾਂਦੇ ਨੇ... ਨੈਕਸਟ...।'

'ਅੱਛਾ ਜੀ ਦੇ ਦਿਓ ... ਇਕ ਫਾਇਲ ਡਰਾਇਵਰੀ ਲਾਇਸੰਸ ਦੀ...।' ਪਵਨ ਦੇ ਮੂੰਹੋਂ ਮਸੀਂ ਨਿਕਲਿਆ।

ਇਹ ਕੁੜੀ ਆ ਕਿ ਕਾਕਰੋਚ।

ਉਸਨੂੰ ਹੁਣ ਠੰਡੀ ਹਵਾ 'ਚ ਘੁਟਣ ਮਹਿਸੂਸ ਹੋ ਰਹੀ ਸੀ ਤੇ ਸੋਹਣੀ ਜਿਹੀ ਕੁੜੀ ਵੀ ਡੀ ਟੀ ਓ ਦੇ ਸੜੇ ਜਿਹੇ ਕਲਰਕ ਵਰਗੀ ਲੱਗੀ।

ਫਾਇਲ ਲੈਣ ਤੋਂ ਬਾਅਦ ਉਹ ਫਿਰ ਪੁੱਛ-ਗਿੱਛ ਕਾਊਂਟਰ 'ਤੇ ਆਇਆ। ਕੁੜੀ ਨੇ

ਡਰਾਇਵਰੀ ਲਾਇਸੰਸ ਵਾਸਤੇ ਰਾਸ਼ਨ ਕਾਰਡ, ਸਕੂਲ ਸਰਟੀਫਿਕੇਟ, ਮੈਡੀਕਲ ਸਰਟੀਫਿਕੇਟ, ਬਲੱਡ ਗਰੁੱਪ ਦੀ ਰਿਪੋਰਟ ਤੇ ਫੋਟੋਆਂ ਲਿਆਉਣ ਲਈ ਦੱਸ ਕੇ ਉਸਨੂੰ ਤੋਰ ਦਿੱਤਾ।

ਹਫਤਾ ਭਰ ਫਿਰ ਸ਼ੈਲਰ ਦੇ ਕੰਮਾਂ 'ਚ ਉਲਝਿਆ ਰਹਿਣ ਤੋਂ ਬਾਅਦ ਫਾਇਲ ਮੁਕੰਮਲ ਕਰਕੇ ਜਦੋਂ ਪਵਨ ਸੁਵਿਧਾ ਸੈਂਟਰ ਦੇ ਪੁੱਛ-ਗਿੱਛ ਕਾਊਂਟਰ 'ਤੇ ਪੁੱਜਿਆ ਤਾਂ ਕੁੜੀ ਨੇ ਉਸਨੂੰ ਅੱਖਾਂ ਦੇ ਡਾਕਟਰ ਕੋਲੋਂ ਖਾਸ ਮੈਡੀਕਲ ਕਰਾਉਣ ਦਾ ਕਹਿ ਕੇ ਪੁੱਠੇ ਪੈਰੀਂ ਮੋੜ ਦਿੱਤਾ। ਅਖੇ ਤੇਰੇ ਤਾਂ ਐਨਕਾਂ ਬਹੁਤ ਮੋਟੀਆਂ ਲੱਗੀਆਂ ਨੇ, ਪਤਾ ਨੀਂ ਵਿਖਦਾ ਵੀ ਆ ਕਿ ਨਹੀਂ।

ਫਿਰ ਪੰਜ ਸੱਤ ਦਿਨਾਂ ਬਾਅਦ ਅੱਖਾਂ ਦਾ ਖਾਸ ਮੈਡੀਕਲ ਕਰਵਾ ਕੇ ਉਹ ਪੁੱਛ-ਗਿੱਛ ਕਾਊਂਟਰ 'ਤੇ ਪੁੱਜਿਆ। ਉਸਦੀ ਫਾਇਲ ਬਿਨਾਂ ਚੈੱਕ ਕੀਤਿਆਂ ਹੀ ਕੁੜੀ ਨੇ ਉਸਦੇ ਹੱਥ ਇਕ ਟੋਕਨ ਨੰਬਰ ਦੇ ਕੇ ਅੱਠ ਨੰਬਰ ਖਿੜਕੀ ਵੱਲ ਤੋਰ ਦਿੱਤਾ। ਜਦੋਂ ਉਹ ਟੋਕਨ ਵੱਲ ਝਾਕਿਆ ਤਾਂ ਉਸਦਾ ਨੰਬਰ 65 ਸੀ। ਪਤਾ ਲੱਗਿਆ ਕਿ ਵਾਰੀ ਤਿੰਨ ਵਜੇ ਤੋਂ ਬਾਅਦ ਆਊਗੀ। ਉਸਨੇ ਊਂਘੇ ਬੈਠਣ ਨਾਲੋਂ ਸ਼ੈਲਰ ਜਾ ਕੇ ਕੋਈ ਕੰਮ ਕਰਨਾ ਚੰਗਾ ਸਮਝਿਆ। ਦੋ ਵਜੇ ਸ਼ੈਲਰ ਤੋਂ ਸੁਵਿਧਾ ਸੈਂਟਰ ਵੱਲ ਚੱਲਿਆ ਤਾਂ ਰਾਹ 'ਚ ਫਾਟਕ ਬੰਦ ਸੀ। ਉਹ ਖੁੱਲ੍ਹਿਆ ਤਾਂ ਅੱਗੇ ਟਰੈਫਿਕ ਵਾਲਿਆਂ ਉਸਦਾ ਚਲਾਨ ਕਰ ਦਿੱਤਾ। ਕਹਿੰਦੇ ਬਿਨਾਂ ਲਾਇਸੰਸ ਤੋਂ ਸਕੂਟਰ ਭਜਾਈ ਫਿਰਦੈਂ। ਉਹ ਖੱਜਲ ਖੁਆਰ ਹੁੰਦਾ ਚਾਰ ਵਜੇ ਦਫਤਰ ਪੁੱਜਿਆ ਤਾਂ ਉਸਦਾ 65 ਨੰਬਰ ਲੰਘ ਚੁੱਕਿਆ ਸੀ। ਉਸਨੇ ਕਾਊਂਟਰ ਵਾਲੇ ਦੀਆਂ ਬਥੇਰੀਆਂ ਮਿੰਨਤਾਂ ਕੀਤੀਆਂ, ਉਸ ਇਕ ਨਹੀਂ ਮੰਨੀ। ਕਹਿੰਦਾ ਕੰਪਿਊਟਰ ਵਾਰੀ ਸਿਰ ਹੀ ਕੰਮ ਕਰਦਾ, ਨਾ ਪਹਿਲਾਂ ਨਾ ਬਾਅਦ 'ਚ।

ਹੁਣ ਪਵਨ ਲਈ ਸੁਵਿਧਾ ਸੈਂਟਰ ਓਪਰਾ ਨਹੀਂ ਸੀ। ਹਫਤੇ ਕੁ ਬਾਅਦ ਉਹ ਫਿਰ ਸੁਵਿਧਾ ਸੈਂਟਰ 'ਚ ਪੁੱਜਿਆ, ਨਵਾਂ ਟੋਕਨ ਲਿਆ, ਲਾਇਨ 'ਚ ਲੱਗਿਆ ਪਰ ਜਦੋਂ ਵਾਰੀ ਆਈ ਤਾਂ ਕਾਊਂਟਰ ਵਾਲੇ ਮੁੰਡੇ ਨੇ ਫਾਇਲ ਮੋੜ ਦਿੱਤੀ... ਕਹਿੰਦਾ ਤੁਹਾਡੇ ਨਜ਼ਰ ਦੀਆਂ ਐਨਕਾਂ ਲੱਗੀਆਂ... ਸਰਕਾਰੀ ਹਸਪਤਾਲ ਦੇ ਅੱਖਾਂ ਦੇ ਡਾਕਟਰ ਤੋਂ ਰਿਪੋਰਟ ਲੈ ਕੇ ਆਓ... ।

'ਰਿਪੋਰਟ ਲੱਗੀ ਆ... ਪਟਿਆਲੇ ਵਾਲੇ ਅੱਖਾਂ ਦੇ ਡਾਕਟਰ ਦੀ...।'

'ਬਾਊ ਜੀ ਸਰਕਾਰੀ ਹਸਪਤਾਲ 'ਚੋਂ ਕਰਵਾ ਕੇ ਲਿਆਓ... ਪ੍ਰਾਈਵੇਟ ਡਾਕਟਰ ਤਾਂ ਪੈਸੇ ਲੈ ਕੇ ਮੋਹਰ ਠੋਕ ਦਿੰਦੇ ਨੇ... ਇਹ ਨਹੀਂ ਚੱਲਦੀ... ਤੁਹਾਡਾ ਖਾਸ ਮੈਡੀਕਲ ਹੋਣਾ...।' ਮੁੰਡੇ ਨੇ ਕੰਪਿਊਟਰ 'ਤੇ ਟਿਪ ਟਿਪ ਕਰਦਿਆਂ ਕਿਹਾ।

ਮਿੰਨ ਮਿੰਨ ਕਰਦੇ ਪਵਨ ਦੀ ਠੰਡੀ ਹਵਾ ਵਾਲੇ ਕਮਰੇ 'ਚ ਕਿਸੇ ਗੱਲ ਨਾ ਸੁਣੀ।

ਫਿਰ ਡਾਕਟਰਾਂ ਦੇ ਚੱਕਰ...। ਅਖੀਰ ਉਸਨੂੰ ਕਿਸੇ ਸਿਆਣੇ ਨੇ ਮੱਤ ਦਿੱਤੀ ਬਾਊ ਕਿਉਂ ਭਕਾਈ ਕਰੀ ਜਾਨੈ... ਸੁਵਿਧਾ ਸੈਂਟਰ ਦੇ ਬਾਹਰ ਬਥੇਰੇ ਏਜੰਟ ਬੈਠੇ ਨੇ ... ਉਨ੍ਹਾਂ ਦੀ ਸੁਵਿਧਾ ਲੈ... ਫੜਾ ਦੇ ਕਿਸੇ ਨੂੰ ਫਾਇਲ ... ਆਪੇ ਮੁਕੰਮਲ ਕਰਾ ਦੂ ... ਉੱਤੇ ਲਾ ਦੂ ਨਿਸ਼ਾਨੀ... ਫੇਰ ਨੀਂ ਕੋਈ ਮੋੜਦਾ...।

ਅਖੀਰ ਛੇ ਮਹੀਨਿਆਂ ਦੀ ਭਕਾਈ ਤੋਂ ਬਾਅਦ ਬੱਤੀ ਸੌ ਸੱਠ ਰੁਪਈਏ ਖਰਚ ਕਰਕੇ ਉਸਦੇ ਹੱਥ ਡਰਾਇਵਰੀ ਲਾਇਸੰਸ ਆਇਆ ਸੀ। ਪਰ ਏ ਟੀ ਐਮ ਕਾਰਡ ਵਰਗੇ ਲਾਇਸੰਸ 'ਤੇ ਆਪਣੀ ਗੋਲ ਗੱਪੇ ਵਰਗੀ ਫੋਟੋ ਵੇਖ ਕੇ ਉਸਨੂੰ ਸਭ ਕੁਝ ਭੁੱਲ ਗਿਆ।

ਰਾਤ ਨੂੰ ਪਵਨ ਨੇ ਦੁਖ ਗੁਣਾਉਂਦਿਆਂ ਭਵਾਨੀ ਨੂੰ ਠੰਡੀ ਖੀਰ ਬਣਾਉਣ ਲਈ ਕਿਹਾ। ਕਹਿੰਦਾ ਲਾਇਸੰਸ ਬਣ ਗਿਆ ਹੁਣ ਲੋਨ ਲੈ ਕੇ ਤੇਰੀ ਰਸੋਈ ਫੇਰ ਚਮਕਾ ਦੇਣੀ ਆ... ਤੇ ਫੇਰ ਨਾਲ ਦੀ ਨਾਲ ਜਗਰਾਤਾ... ਜੈ ਮਾਤਾ ਦੀ... ਕਰਦੇ ਬੇੜਾ ਪਾਰ ਸ਼ੇਰਾਂ ਵਾਲੀਏ... ਲਿਆਈਏ ਤੇਰਾ ਦਰਬਾਰ... ਸ਼ੇਰਾਂ ਵਾਲੀਏ...। ਉਹ ਲੋਰ 'ਚ ਆਇਆ ਤਾੜੀਆਂ ਮਾਰ ਕੇ ਝੂਮ ਰਿਹਾ ਸੀ। ਭਵਾਨੀ ਵੀ ਉਸਦਾ ਸਾਥ ਦੇ ਰਹੀ ਸੀ।

ਅਗਲੇ ਦਿਨ ਪਵਨ ਬੈਂਕ ਗਿਆ ਤੇ ਫੀਲਡ ਅਫਸਰ ਨੂੰ ਲਾਇਸੰਸ ਵਿਖਾਇਆ ਤਾਂ ਉਸਨੇ ਕੁਝ ਕਾਗਜ਼ਾਂ 'ਤੇ ਦਸਤਖਤ ਕਰਾਉਂਦਿਆਂ ਮਕਾਨ ਦੀ ਰਜਿਸਟਰੀ ਦੇਣ ਲਈ ਕਿਹਾ।

'ਉਹ ਤਾਂ ਜੀ ਘਰ ਪਈ ਆ...।'

'ਚੁੱਕ ਲਿਆ ਫੇਰ... ਉਸਨੂੰ ਹੁਣ ਅਸੀਂ ਸਾਂਭ ਕੇ ਰੱਖਾਂਗੇ ਬੱਚੂ ਜੀ...।'

'ਹੁਣੇ ਆਇਆ ਜੀ...।' ਕਹਿਕੇ ਪਵਨ ਘਰ ਆਇਆ ਤੇ ਮਕਾਨ ਦੀ ਰਜਿਸਟਰੀ ਲੈ ਕੇ ਬੈਂਕ ਪਹੁੰਚ ਗਿਆ।

'ਪਵਨ ਸਿਆਂ... ਤੈਨੂੰ ਤਾਂ ਹੀ ਮੁੰਡੇ ਛੇੜਦੇ ਰਹਿੰਦੇ ਆ... ਓ ਪਤੰਦਰਾ ਰਜਿਸਟਰੀ ਤਾਂ ਅਜੇ ਤਕ ਕੰਵਾਰੀਓ ਲਈ ਫਿਰਦੈਂ ... ਐਹਦੀ ਘੁੰਡ ਚੁਕਾਈ ਤਾ ਕਰਾ... ਉਹ ਭਾਈ ਇਹਦਾ ਇੰਤਕਾਲ ਕਰਵਾ ਪਟਵਾਰੀ ਤੋਂ, ਫੇਰ ਈ ਬਣੂ ਕੋਈ ਗੱਲ... ਅਜੇ ਤਾਂ ਇਹ ਤੇਰੇ ਬਾਪੂ ਦੇ ਨਾਂ ਈ ਬੋਲਦੀ ਆ, ਹੁਣ ਤਾਂ ਐਹਦੀ ਕਿਸੇ ਕਾਣੀ ਕੌਡੀ ਨੀਂ ਦੇਣੀ... ਜਾ ਮੇਰਾ ਸ਼ੇਰ...।' ਪਵਨ ਨੂੰ ਲੱਗਿਆ ਬਾਬੂ ਕਾਕਰੋਚ ਵਾਂਗ ਹੌਲੀ ਹੌਲੀ ਉਸਦੀ ਰਜਿਸਟਰੀ ਨੂੰ ਚਟਮ ਕਰ ਰਿਹਾ ਹੋਵੇ। ਉਸਨੇ ਕਾਹਲੀ ਨਾਲ ਬਾਬੂ ਦੇ ਹੱਥੋਂ ਰਜਿਸਟਰੀ ਖੋਂਹਦਿਆਂ ਕਿਹਾ, 'ਅੱਛਾ ਜੀ... ਪਟਵਾਰੀ ਕੋਲੋਂ ਜਾ ਕੇ ਐਹਦਾ ਇੰਤਕਾਲ ਕਰਾ ਕੇ ਮੈਂ ਹੁਣੇ ਆਇਆ... ਅੱਜ ਲੋਨ ਫਾਈਨਲ ਕਰਨਾ ਜੀ... ਅੱਗੇ ਈ ਬੜਾ ਲੇਟ ਹੋ ਗਿਆ ... ਘਰਦੇ ਔਖੇ ਹੁੰਦੇ ਨੇ... ਨਾਲੇ ਬਾਊ...।'

ਪਵਨ ਕਾਹਲੀ 'ਚ ਬੈਂਕ 'ਚੋਂ ਨਿਕਲਿਆ ਤੇ ਵੇਸਪਾ ਪਟਵਾਰਖਾਨੇ ਵੱਲ ਭਜਾ ਲਿਆ। ਪਹਿਲਾਂ ਵੀ ਸ਼ੈਲਰ ਦੇ ਕੰਮ-ਕਾਰ ਉਹ ਅਕਸਰ ਜਾਂਦਾ ਰਹਿੰਦਾ ਸੀ। ਪਟਵਾਰੀ ਦੇ ਟੁੱਟੇ ਜਿਹੇ ਦਫਤਰ ਦੇ ਖਸਤਾ ਹਾਲ ਬੂਹੇ ਨੂੰ ਬਾਹਰੋਂ ਹਮੇਸ਼ਾ ਜਿੰਦਰਾ ਲਟਕਿਆ ਰਹਿੰਦਾ। ਲੋਕ ਵੇਖ ਵੇਖ ਮੁੜੀ ਜਾਂਦੇ। ਜਿਹੜਾ ਭੇਤੀ ਹੁੰਦਾ ਉਹ ਧੱਕਾ ਮਾਰ ਕੇ ਬੂਹਾ ਖੋਲ੍ਹਦਾ, ਅੰਦਰੋਂ ਜਾ ਕੇ ਫੇਰ ਧੱਕੇ ਨਾਲ ਬੰਦ ਕਰ ਦਿੰਦਾ। ਭੇਤੀਆਂ ਲਈ ਤਾਂ ਇਹ ਬੂਹਾ ਸਣੇ ਜਿੰਦਰੇ ਖੁੱਲ੍ਹਦਾ ਸੀ ਪਰ ਅਣਜਾਣਾਂ ਵਾਸਤੇ ਇਸਦਾ ਜਿੰਦਰਾ ਕਦੇ ਨਹੀਂ ਖੁੱਲ੍ਹਿਆ।

ਪਵਨ ਵੀ ਭੇਤੀ ਸੀ, ਉਨ੍ਹੇ ਝੱਟ ਦੇਣੇ ਸਣੇ ਜਿੰਦਰੇ ਬੂਹੇ ਨੂੰ ਧੱਕਾ ਮਾਰਿਆ ਤੇ ਅੰਦਰ ਦਾਖਲ ਹੋ ਗਿਆ। ਪਟਵਾਰੀ ਅੱਖਾਂ ਬੰਦ ਕਰਕੇ ਕੁਰਸੀ 'ਤੇ ਝੂਲੀ ਜਾ ਰਿਹਾ ਸੀ। ਉਹ ਕਾਫੀ ਦੇਰ ਖੜ੍ਹਾ ਰਿਹਾ। ਫਿਰ ਪਤਾ ਨਹੀਂ ਕਿਵੇਂ ਉਸਦੇ ਹੱਥ ਜੁੜ ਗਏ। ਪਰ ਪਟਵਾਰੀ ਦੀ ਅੱਖ ਨਾ ਖੁੱਲ੍ਹੀ। ਉਹ ਕੁਰਸੀ ਦੇ ਝੂਟੇ ਲਈ ਗਿਆ। ਐਨੇ ਨੂੰ ਪਟਵਾਰੀ ਦਾ ਕਰਿੰਦਾ ਆਇਆ ਉਸਨੇ ਮੇਜ਼ 'ਤੇ ਉਂਗਲੀ ਦੀ ਠੋਕਰ ਮਾਰੀ। ਪਟਵਾਰੀ ਨੇ ਖੱਬੀ ਅੱਖ ਥੋੜ੍ਹੀ ਜਿਹੀ ਪੱਟੀ। ਕਰਿੰਦੇ ਨੇ ਪਵਨ ਵੱਲ ਉਂਗਲ ਕਰ ਦਿੱਤੀ। ਪਟਵਾਰੀ ਨੇ ਸਿਰ ਮਾਰ ਕੇ ਫਿਰ ਅੱਖਾਂ ਬੰਦ ਕਰ ਲਈਆਂ। ਬੰਦਾ ਕਹਿੰਦਾ, 'ਬਾਊ ਜੀ ਪਟਵਾਰੀ ਸਾਅਬ ਅੱਜ ਖੁਮਾਰੀ 'ਚ ਨੇ, ਕੱਲ ਨੂੰ ਆਇਓ... ਰਾਜਸਥਾਨੋਂ ਅੱਜ ਈ ਮਾਲ ਆਇਆ... ਬਾਹਲਾ ਖਰਾ... ਸਾਅਬ ਜੀ ਪਰਖ ਰਹੇ ਨੇ... ਸਮਝ ਗਏ ਨਾ, ਜਾਓ ਹੁਣ ਘਰੇ... ਸ਼ਕੰਜਵੀ ਬਣਾ ਕੇ ਪੀਓ...'

ਪਵਨ ਇੰਤਕਾਲ ਕਰਾਉਣ ਲਈ ਅੜ ਗਿਆ ਤਾਂ ਪਟਵਾਰੀ ਨੇ ਫਿਰ ਸੱਜੀ ਅੱਖ ਖੋਲ੍ਹੀ ਤੇ ਕਿਹਾ, 'ਤੂੰ ਤਾਂ ਮੇਰੇ ਹਲਕੇ ਦਾ ਬੰਦਾ ਈ ਹੈਨੀ।'

ਪਵਨ ਦੇ ਹੋਸ਼ ਉਡ ਗਏ। ਉਸਨੂੰ ਲੱਗਿਆ ਜਿਵੇਂ ਉਹ ਭਰੇ ਬਜ਼ਾਰ 'ਚ ਨੰਗਾ ਹੋ ਗਿਆ ਹੋਵੇ। ਕਿਸੇ ਜਾਦੂਗਰ ਨੇ ਉਸਦੇ ਸਾਰੇ ਕੱਪੜੇ ਚੁਟਕੀ 'ਚ ਗ਼ਾਇਬ ਕਰ ਦਿੱਤੇ ਹੋਣ। ਉਹ ਹੱਥ ਅੱਗੇ ਪਿੱਛੇ ਕਰਕੇ ਤੇ ਲੱਤਾਂ ਜੋੜਕੇ ਖੜ੍ਹਾ ਹੋ ਗਿਆ। ਹੁਣ ਕੀ ਸਬੂਤ ਦੇਵੇ ਕਿ ਉਹ ਉਸੇ ਪਟਵਾਰੀ ਦੇ ਹਲਕੇ ਦਾ ਰਹਿਣ ਵਾਲਾ। ਕੱਲ ਨੂੰ ਪਟਵਾਰੀ ਕਹਿਦੂ ਤੂੰ ਤਾਂ ਇਸ ਸ਼ਹਿਰ ਦਾ ਈ ਹੈਨੀ। ਤੇਰਾ ਮਕਾਨ ਵੀ ਤੇਰਾ ਹੈਨੀ। ਤੇਰੀ ਘਰਵਾਲੀ ਵੀ ਤੇਰੀ ਨਹੀਂ, ਤੇਰਾ.... ਮੈਂ ਕੀ ਸਬੂਤ ਦਿਆਂ... ਮੈਂ... ਮੇਰਾ...।

ਘਰ ਦਾ ਇੰਤਕਾਲ ਕਰਾਉਂਦੇ ਪਵਨ ਨੂੰ ਤਾਂ ਆਪਣਾ ਇੰਤਕਾਲ ਗਵਾਚਦਾ ਲੱਗਿਆ। ਡੌਰ ਭੌਰ ਹੋਏ ਪਵਨ ਨੇ ਪਟਵਾਰੀ ਦੇ ਕਰਿੰਦੇ ਨੂੰ ਇਸ਼ਾਰਾ ਕੀਤਾ, 'ਕੀ ਕਰਾਂ ?'

ਉਹ ਕਹਿੰਦਾ,'ਰਾਸ਼ਨ ਕਾਰਡ ਲੈ ਕੇ ਆ ਜੀਂ ਲਾਲਾ, ਸਵੇਰੇ।'

'ਰਾਸ਼ਨ ਕਾਰਡ ਤਾਂ ਮੈਂ ਬਣਾਇਆ ਨੀਂ ... ਨਾ ਹੀ ਵੋਟ ਬਣਾਈ ਆ... ਕੀ ਕਰਨੀ ਆ... ਕਦੇ ਲੋੜ ਈਂ ਨੀਂ ਪਈ...।'

'ਮੈਂ ਕੱਲ ਨੂੰ ਗੱਲ ਕਰਕੇ ਰੱਖੂੰ...ਚੋਗਾ ਪਾਉਨੇ ਆਂ... ਜੇ ਪਟਵਾਰੀ ਸਾਅਬ ਨੇ ਚੁਗ ਲਿਆ ਤਾਂ ਪਿੰਜਰੇ 'ਚ ਵਾੜ ਲਾਂ ਗੇ ਤੇ ਮਰਵਾ ਲਵਾਂਗੇ ਠੁੰਗਾ... ਨਹੀਂ ਤਾਂ ਫੇਰ ... ਠੀਕ ਆ ਨਾ ਸੇਠਾ... ਤੇਰਾ ਦਸ ਲੱਖ ਦਾ ਘਰ ਠੁੰਗ ਬਿਨਾਂ ਮਿੱਟੀ ਆ.. ਬੈਂਕ ਨੇ ਧੇਲਾ ਨੀਂ ਦੇਣਾ ਇਸ ਠੁੰਗ ਦੇ ਬਿਨਾਂ... ਚਾਲੀ ਪੰਜਾਹ ਹਜ਼ਾਰ ਦਾ ਪ੍ਰਬੰਧ ਕਰਕੇ ਆ ਜੀਂ ਕੱਲ ਨੂੰ ... ਨਾਲੇ ਚੁੱਪ ਕਰਕੇ... ਚੱਲ ਬਾਊ ਹੁਣ ਤੂੰ ਪਹੁੰਚ ਘਰੇ ਠੰਡੇ ਠੰਡੇ ... ਪੀ ਕੋਕਾ ਕੋਲਾ ਸੇਠਾਣੀ ਕੋਲੋਂ ਜਾ ਕੇ... ਜਾਂਦਾ ਹੋਇਆ ਬੂਹਾ ਭੇੜ ਜੀਂ... ਐਵੇਂ ਕੋਈ ਹੋਰ ਮੂੰਹ ਚੱਕੀ ਆਊ ਤੇਰੇ ਵਾਂਗੂੰ...।' ਕਰਿੰਦੇ ਨੇ ਹਲਕੇ ਜਿਹੇ ਅੰਦਾਜ਼ 'ਚ ਸ਼ੁਰੂ ਕੀਤੀ ਗੱਲ ਨੂੰ ਕਰੜੇ ਸੁਰ 'ਚ ਸਮੇਟਦਿਆਂ ਉਸਨੂੰ ਦਫਤਰੋਂ ਤੋਰ ਦਿੱਤਾ।

'ਨਹੀਂ ਮੈਂ ਨਹੀਂ ਦੇਣੇ ਪੈਸੇ... ਆਪਣਾ ਮਕਾਨ ਆ... ਕੋਈ ਚੋਰੀ ਦਾ ਮਾਲ ਆ... ਪਿਓ ਨੇ ਮੁੱਲ ਖਰੀਦਿਆ ਸੀ... ਰਜਿਸਟਰੀ ਕੋਲ ਆ... ਇੰਤਕਾਲ ਰਹਿੰਦਾ ਕੱਲਾ... ਉਹਦੇ ਪੰਜਾਹ ਹਜ਼ਾਰ ਮੰਗਦਾ ਪਟਵਾਰੀ... ਪੰਜਾਹ ਹਜ਼ਾਰ ਹੁੰਦਾ ਤਾਂ ਮੈਂ ਇੰਤਕਾਲ ਚੁਟਦੇ 'ਚ ਲੈਣਾ ਸੀ... ਰਸੋਈ ਦਾ ਕੰਮ ਈ ਨਾ ਕਰਾ ਲੈਂਦਾ... ਸਾਲੇ ਕਾਕਰੋਚ 'ਕੱਲੀ ਰਸੋਈ 'ਚ ਨਹੀਂ ਹਰ ਦਫਤਰ 'ਚ ਬੈਠੇ ਨੇ...ਇਨ੍ਹਾਂ 'ਤੇ ਤਰਸ ਨੀਂ ਕਰਨਾ ਚਾਹੀਦਾ...ਸਾਲਿਆਂ ਨੂੰ ਪੁੱਠੇ ਪੁੱਠੇ ਕਰਕੇ ਮਾਰੇ...।' ਪਵਨ ਸੁਰਿੰਦਰ ਬਾਂਸਲ ਕੋਲ ਜਾ ਕੇ ਜ਼ਾਰੋ ਜ਼ਾਰ ਰੋ ਪਿਆ।

ਬਾਂਸਲ ਨੇ ਉਸਨੂੰ ਆਪਣੇ ਵਕੀਲ ਸ਼ਾਸਤਰੀ ਕੋਲ ਜਾਣ ਲਈ ਕਿਹਾ ਜਿਸ ਕੋਲੋਂ ਉਹ ਆਪਣੀ ਆੜ੍ਹਤ, ਸ਼ੈਲਰ, ਕਾਰਖਾਨੇ, ਫੈਕਟਰੀਆਂ ਤੇ ਗੱਡੀਆਂ ਦੇ ਕਰਜ਼ੇ ਦੇ ਕੇਸ ਕਰਾਉਂਦਾ। ਜਦੋਂ ਪਵਨ ਕਚਿਹਰੀ ਗਿਆ ਤੇ ਸ਼ਾਸਤਰੀ ਵਕੀਲ ਬਾਰੇ ਪੁੱਛਿਆ ਤਾਂ ਉੱਥੇ ਸ਼ਾਸਤਰੀ ਨਾਂ ਵਾਲੇ ਤਿੰਨ ਵਕੀਲ ਸਨ। ਪਵਨ ਨੇ ਫੇਰ ਬਾਊ ਨੂੰ ਫੋਨ ਕੀਤਾ ਕਿ ਇਥੇ ਤਾਂ ਤਿੰਨ ਸ਼ਾਸਤਰੀ ਹਨ ਕਿਹੜੇ ਕੋਲ ਜਾਵਾਂ। ਉਨ੍ਹਾਂ ਕਿਹਾ ਕਿ ਸੋਮ ਨਾਥ ਸ਼ਾਸਤਰੀ ਕੋਲ। ਪਤਾ ਕੀਤਾ ਤਾਂ ਸੋਮ ਨਾਥ ਵੀ ਦੋ ਨੇ ਤਾਂ ਬਾਊ ਨੇ ਕਿਹਾ ਜਿਹੜੇ ਸ਼ਾਸਤਰੀ ਨੇ ਲਾਲ ਰੰਗ ਦਾ ਕੋਟ ਪਾਇਆ ਹੈ, ਉਸ ਕੋਲ। ਲਾਲ ਰੰਗ ਦੇ ਕੋਟ ਵਾਲੇ ਸ਼ਾਸਤਰੀ ਨੇ ਜਾਂਦਿਆਂ ਹੀ ਉਸਨੂੰ ਆਪਣੀ ਪਹਿਚਾਣ ਦੇ ਨੁਕਤੇ ਸਮਝਾਉਣੇ ਸ਼ੁਰੂ ਕੀਤੇ,'ਕਾਕਾ ਪਵਨ ਜੀ ਮੈਂ ਹਮੇਸ਼ਾ ਲਾਲ ਰੰਗ ਦਾ ਕੋਟ ਪਾ ਕੇ ਰੱਖਦਾਂ... ਹਾੜ੍ਹ ਹੋਵੇ ਸਿਆਲ਼... ਵਾਏ.. . ਪਤਾ ਜੇ ਕਿਉਂ... ਦੂਜੇ ਦੋਵੇਂ ਸ਼ਾਸਤਰੀ ਠੱਗ ਨੇ, ਮੇਰੇ ਸਾਇਲਾਂ ਨੂੰ ਵੀ ਕੁੰਡੀ ਲਾ ਜਾਂਦੇ ਨੇ... ਨਾਂ ਤਾਂ ਮੇਰਾ ਵਰਤ ਲੈਂਦੇ ਨੇ ਪਰ ਲਾਲ ਰੰਗ ਦਾ ਕੋਟ ਨਹੀਂ ਪਾ ਸਕਦੇ... ਵਾਏ... ਪਤਾ ਜੇ ਕਿਉਂ... ਕਿਉਂਕਿ ਇਕ ਤਾਂ ਬੁੱਢਾ, ਉਹ ਪੁਰਾਣੇ ਜ਼ਮਾਨੇ ਦੀ ਵਾਸਕਟ ਪਾਉਂਦੈ... ਹੁਣ ਲਾਹੁਣੋਂ ਰਿਹਾ... ਤੇ ਦੂਜਾ ਮੁੰਡਾ ਉਹਨੂੰ ਉਂ ਸ਼ਰਮਾ ਆਉਂਦੀ ਆ, ਲਾਲ ਕੋਟ ਪਾਉਂਦੇ ਨੂੰ... ਤਾਂ ਹੀ ਮੈਂ ਕੋਟ ਪਾ ਕੇ ਰੱਖਦਾਂ... ਮੈਨੂੰ ਲੋਕ ਲਾਲ ਕੋਟ ਵਾਲਾ ਸ਼ਾਸਤਰੀ ਕਹਿੰਦੇ ਨੇ। ਅੱਗੇ ਤੋਂ ਇਹੀ ਨਾਂ ਦੱਸ ਕੇ ਭੇਜਣਾ ਜੇ ਕਿਸੇ ਨੂੰ ਭੇਜਣਾ ਹੋਵੇ ਤਾਂ।'

ਸ਼ਾਸਤਰੀ ਨੇ ਪਵਨ ਨੂੰ ਕੁਰਸੀ 'ਤੇ ਬਿਠਾਇਆ। ਸ਼ਕੰਜਵੀ ਦਾ ਗਿਲਾਸ ਪਿਆਇਆ। ਫਾਇਲ ਖਰਚੇ ਵਾਸਤੇ ਤੇਤੀ ਸੌ ਰੁਪਏ ਲੈ ਕੇ ਕਰਜ਼ਾ ਲੈਣ ਦਾ ਪਾਠ ਪੜ੍ਹਾਉਣ ਲੱਗਿਆ।

'ਵੇਖੋ ਸਰਦਾਰ ਬਹਾਦਰ ਪਵਨ ਜੀ, ਤੁਹਾਡੇ ਤੋਂ ਲਏ ਤੇਤੀ ਸੌ ਰੁਪਏ 'ਚੋਂ ਤਿੰਨ ਹਜ਼ਾਰ ਮੇਰੇ ਤੇ ਤਿੰਨ ਸੌ ਮੁਨਸ਼ੀ ਦੇ... ਠੀਕ ਆ। ਹੁਣ ਅਗਲੀ ਗੱਲ ਸੁਣੋ, ਮਕਾਨ ਵਾਸਤੇ ਬੈਂਕ ਤੋਂ ਕਰਜ਼ਾ ਲੈਣਾ ਹੋਵੇ ਤਾਂ ਸਮਾਂ ਖੁੱਲ੍ਹਾ ਚਾਹੀਦਾ... ਬਈ ਬੰਦਾ ਘਰੋਂ ਤੁਰ ਪਵੇ ... ਤੇ ਸਾਰਾ ਦਿਨ ਗੇੜੇ ਕੱਢ ਕੇ ਖਾਲੀ ਹੱਥ ਘਰ ਚਲਾ ਜਾਵੇ ... ਪਰ ਘਬਰਾਵੇ ਨਾ... ਇਹ ਕੰਮ ਇਕ ਦੋ ਦਿਨ

ਨਹੀਂ ਕਈ ਮਹੀਨਿਆਂ ਤਕ ਵੀ ਚੱਲ ਸਕਦੈ... ਹੁਣ ਵੇਖੋ ਤਾਂ ਵੱਡੀਆਂ ਕੰਪਨੀਆਂ ਤੇ ਵੱਡਿਆਂ ਬੰਦਿਆਂ ਨੇ ਸਾਡੇ ਵਰਗੇ ਰੱਖੇ ਹੋਏ ਨੇ ਭਕਾਈ ਕਰਨ ਨੂੰ... ਵਾਏ.. . ਪਤਾ ਜੇ ਕਿਉਂ... ਅਗਲੇ ਪੈਸੇ ਦਿੰਦੇ ਨੇ ਅਸੀਂ ਭਕਾਈ ਕਰੀ ਜਾਨੇ ਆਂ... ਹਾਂ, ਦੂਜੀ ਗੱਲ ਮਕਾਨ ਦੀ ਰਜਿਸਟਰੀ, ਇੰਤਕਾਲ, ਜਮ੍ਹਾਂਬੰਦੀ ਤੇ ਜ਼ਮੀਨ ਦੇ ਨੰਬਰ ਸਹੀ ਹੋਣੇ ਚਾਹੀਦੇ ਹਨ... ਮਕਾਨ ਨੰਬਰ ਤੋਂ ਪਹਿਲਾਂ ਖਸਰਾ ਨੰਬਰ, ਕਿਲਾ ਨੰਬਰ, ਮੁਸਤੀਲ ਨੰਬਰ, ਰਕਬਾ ਯਾਦ ਹੋਣਾ ਚਾਹੀਦਾ ਹੈ... ਕਮੇਟੀ ਤੋਂ ਚੁੱਲ੍ਹਾ ਟੈਕਸ ਦੀ ਰਸੀਦ... ਮਕਾਨ ਨੰਬਰ ਦੀ ਪਰਚੀ ਹੋਣੀ ਚਾਹੀਦੀ ਹੈ ਤੇ ਇਹ ਸਾਰਾ ਕੁਝ ਲੈ ਕੇ ਤੁਸੀਂ ਜਦੋਂ ਬੈਂਕ ਦੇ ਵਕੀਲ ਕੋਲ ਜਾਉਂਗੇ ਤਾਂ ਜੇ ਉਹ ਲਿਖ ਕੇ ਦੇਵੇਗਾ ਕਿ ਤੁਹਾਡਾ ਮਕਾਨ ਤੁਹਾਡਾ ਹੀ ਹੈ ਤਾਂ ਫਿਰ ਬੈਂਕ ਵਾਲੇ ਕਰਜ਼ੇ ਵਾਸਤੇ ਵਿਚਾਰ ਕਰਨਗੇ... ਠੀਕ ਹੈ ਨਾ ਜੀ... ਹੁਣ ਤੁਸੀਂ ਜਾਓ ਤੇ ਮੇਰੇ ਮੁਨੀਮ ਤੋਂ ਸਾਰੇ ਕਾਗਜ਼ ਸਮਝ ਲਓ, ਉਹ ਲੈ ਕੇ ਆਓ ਤੇ ਮੈਂ ਫਟਾ - ਫਟ ਘੁੱਗੀ ਮਾਰ ਦਊਂ... ਜਨਾਬ, ਤੁਸੀਂ ਸੇਠਾਂ ਦੇ ਬੰਦੇ ਓਂ... ਸੇਠਾਂ ਦੀ ਸਿਫਾਰਸ਼ ਆ... ਬਾਊ ਨੇ ਸਪੈਸ਼ਲ ਫੋਨ ਕੀਤਾ, ਹੁਣ ਕੰਮ ਤਾਂ ਤੁਹਾਡਾ ਜਲਦੀ ਕਰਨਾ ਈ ਪਊ ਨਾ...।'

'ਕਿੰਨੇ ਕੁ ਦਿਨਾਂ 'ਚ ਮੇਰਾ ਕੰਮ ਹੋ ਜੂ ਸ਼ਾਸਤਰੀ ਜੀ... ਮੈਨੂੰ ਇਕ ਦੋ ਦਿਨਾਂ 'ਚ ਕਰਾ ਦਿਓ... ਮੈਂ ਨਾ ਜੀ ਅੱਗੇ ਈ ਬਹੁਤ ਲੇਟ ਹੋ ਗਿਆਂ... ਮੇਰੀ ਰਸੋਈ 'ਚ ਕਾਕਰੋਚ... ਜਗਰਾਤਾ ਕਰਾਉਣਾ...।' ਪਵਨ ਸ਼ਾਸਤਰੀ ਦੀ ਸਲਾਹ ਸੁਣ ਕੇ ਘਬਰਾਇਆ ਹੋਇਆ ਬੋਲਿਆ।

'ਛੇਤੀ ਚਾਹੀਦਾ ਕਰਜ਼ਾ... ਤਾਂ ਕਾਕਾ ਇਕ ਗੱਲ ਹੋਰ ਸੁਣ ਜਾ, ਕਰਜ਼ਾ ਤਾਂ ਮਿਲਜੂ ਪਰ ਜਿਹੜੇ ਕੰਮ ਤੂੰ ਕਰਨੇ ਉਹਦੇ ਬਾਕੀ ਪੈਸੇ ਕਿੱਥੋਂ ਆਉਣਗੇ। ਕੋਣ ਦਊ, ਕਿਉਂ ਦਊ, ਜੇ ਤੁਹਾਡੇ ਕੋਲ ਹਨ ਤਾਂ ਕਿੱਥੋਂ ਆਏ... ਆਮਦਨ ਕਰ ਭਰਿਆ ਕਿ ਨਹੀਂ। ਜੇ ਪੈਸੇ ਹੈਗੇ ਤਾਂ ਕਰਜ਼ਾ ਕਿਉਂ ਲੈਨੇ ਓਂ, ਜੇ ਹੈਨੀ ਤਾਂ ਕਰਜ਼ਾ ਕਿਉਂ ਦਈਏ... ਜ਼ਮੀਨ ਤੁਹਾਡੀ, ਮਕਾਨ ਤੁਹਾਡਾ, ਪੈਸੇ ਤੁਸੀਂ ਲਾਏ ਪਰ ਕੀਮਤ ਪਟਵਾਰੀ ਲਿਖੂ... ਠੀਕ ਆ... ਫੇਰ ਸਾਰੇ ਬੈਂਕਾਂ ਤੋਂ ਇਹ ਵੀ ਲਿਖਾਓ ਕਿ ਮੈਂ ਕਰਜ਼ਾ ਨਹੀਂ ਲਿਆ... ਜਿਵੇਂ ਭੀਖ ਲੈਣੀ ਹੋਵੇ, ਰੱਬ ਦਾ ਵਾਸਤਾ ਮੈਨੂੰ ਲਿਖ ਦਿਓ ਮੈਂ ਭਿਖਾਰੀ ਸੌਰੀ ਕਰਜ਼ਾਈ ਨਹੀਂ... ਹੈਂ ਹੈਂ ਹੈਂ...।' ਸ਼ਾਸਤਰੀ ਆਪਣੇ ਹੀ ਡਾਇਲਾਗ 'ਤੇ ਖੁੱਲ੍ਹ ਕੇ ਹੱਸਿਆ, 'ਲੈ ਤੂੰ ਕਹਿੰਦਾ ਹੋਵੇਂਗਾ ਮੈਨੂੰ ਐਨਾ ਗਿਆਨ ਕਿੱਥੋਂ ਆਇਆ... ਸੁਣ... ਜਦੋਂ ਜੰਮਿਆ ਸੀ ਤਾਂ ਮਾਂ ਨੇ ਪੰਜ ਸਾਲ ਮੰਗ ਕੇ ਕੱਪੜੇ ਪਾਏ ਸੀ... ਗਲੀ ਗੁਆਂਢ, ਰਿਸ਼ਤੇਦਾਰ ਸਾਰੇ ਪੁਰਾਣੇ ਲਾਹੇ ਕੱਪੜੇ ਦੇ ਜਾਂਦੇ.. ਕੋਈ ਵੱਡਾ, ਜਿਵੇਂ ਝੋਲੇ 'ਚ ਪੰਪ ਪਾਇਆ ਹੋਵੇ ... ਕੋਈ ਛੋਟਾ ਜਿਵੇਂ ਕੱਛੂ ਖੋਲ 'ਚੋਂ ਸਿਰ ਕੱਢਕੇ ਬਾਹਰ ਝਾਕਦਾ... ਤਾਂ ਹੀ ਤਾਂ ਗ੍ਰਿਹਾਂ ਤੋਂ ਬਚਦੇ ਬਚਾਉਂਦੇ ਐਥੋਂ ਤਕ ਪੁੱਜਿਆਂ, ਸਾਹਿਬ ਬਹਾਦਰ... ਤੂੰ ਦੱਸ ਮਹੀਨੇ ਦੀ ਕਮਾਈ ਕਿੰਨੀ ਆ ਮੇਰੀ... ਚੱਲ ਮੈਂ ਈ ਦੱਸਦਾਂ ਕਮਾਈ ਕਾਹਦੀ ਦਾਅ ਲੱਗਦਾ ਸਾਡਾ ਤਾਂ... ਸੀਜ਼ਨ ਚੰਗਾ ਲੱਗ ਗਿਆ ਤਾਂ ਪੌਂ ਬਾਰਾਂ ਨਹੀਂ ਤਿੰਨ ਕਾਣੇ... ਪਰ ਗੱਲ ਸੁਣ ਲਾ ਬੈਂਕ ਵਾਲੇ ਤੈਨੂੰ ਕਹਿਣਗੇ ਫਿਕਸ ਇਨਕਸ ਦੱਸੋ... ਪੇ ਸਲਿੱਪ, ਦੋ ਸਾਲਾਂ ਦੀ ਟੈਕਸ ਰਿਟਰਨ, ਛੇ ਮਹੀਨਿਆਂ ਦੀ ਬੈਂਕ ਸਟੇਟਮੈਂਟ, ਕਹਿੰਦੇ ਤੁਹਾਡੀ ਰੀਪੇਅੰਗ ਕੈਪੇਸਟੀ ਦੇ ਆਧਾਰ 'ਤੇ ਕਰਜ਼ਾ ਦੇਣਾ... ਵਾਏ.. . ਪਤਾ ਜੇ ਕਿਉਂ... ਵੱਧ ਤਨਖਾਹ ਤਾਂ ਵੱਧ ਕਰਜ਼ਾ ... ਭਲਿਓ ਮਾਨਸੋ ਜੇ ਤਨਖਾਹ ਵੱਧ ਹੋਵੇ ਤਾਂ ਕਰਜ਼ਾ ਅਗਲੇ ਨੇ ਚੂਏ 'ਚ ਲੈਣਾ ਕਿ ਸਿਰ 'ਚ ਮਾਰਨਾ... ਫੇਰ ਕਹਿਣਗੇ ਪ੍ਰੋਸੈਸਿੰਗ ਫੀਸ ਭਰੋ, ਬੈਂਕ ਨੇ ਕੰਮ ਕਰਨਾ... ਹੈਂ... ਸਰ ਤੁਸੀਂ ਦੱਸੋ, ਸੌਦਾ ਵੇਚਣ ਵਾਲੇ ਗਾਹਕ ਨੂੰ ਰਿਆਇਤਾਂ ਦਿੰਦੇ ਨੇ, ਇੱਥੇ ਬੈਂਕ ਗਾਹਕ ਕੋਲੋਂ ਫੀਸ ਮੰਗਦੇ ਆ। ਪਹਿਲਾਂ ਤਾਂ ਕਹਿੰਦੇ ਆਓ ਕਰਜ਼ਾ ਲਓ। ਅਸੀਂ ਤੁਹਾਡੀ ਸੇਵਾ 'ਚ... ਜਿਵੇਂ ਜਿਵੇਂ ਬੰਦਾ ਫਸਦਾ ਜਾਂਦਾ, ਫੀਸਾਂ ਮੰਗਦੇ ਜਾਂਦੇ ਨੇ... ਇਕ ਵਾਰ ਜਦੋਂ ਕਰਜ਼ੇ ਦੀ ਦਰਖਾਸਤ 'ਤੇ ਦਸਤਖਤ ਹੋ ਗਏ ਤਾਂ ਫਿਰ ਚਰਾਸੀ ਦਾ ਚੱਕਰ ਸ਼ੁਰੂ, ਅਖੈ ਇਹ ਲੋਨ ਪ੍ਰੋਸੈੱਸ ਆ। ਕਦੇ ਲੀਗਲ ਓਪੀਨੀਅਨ, ਵੈਲਯੂਏਸ਼ਨ, ਡਾਕੂਮੈਂਟ ਪ੍ਰੋਸੈਸਿੰਗ, ਲੋਨ ਅਪਰੂਵਲ, ਡਾਕੂਮੈਂਟੇਸ਼ਨ , ਡਿਸਪੋਜ਼ਲ, ਅਵੱਲੇ ਅਵੱਲੇ ਲਫਜ਼ ਤੇਰੀ ਬੋਲ ਚਾਲ ਦਾ ਹਿੱਸਾ ਬਣ ਜਾਣਗੇ...।' ਸ਼ਾਸਤਰੀ ਦੀਆਂ ਅੱਖਾਂ

ਉਸਦੇ ਲਾਲ ਕੋਟ ਵਰਗੀਆਂ ਲਾਲ ਹੋ ਗਈਆਂ ਸਨ। ਉਹ ਲਗਾਤਾਰ ਬੋਲੀ ਜਾ ਰਿਹਾ ਸੀ ਜਿਵੇਂ ਉਸਤੇ ਕੋਈ ਭੂਤ ਸਵਾਰ ਹੋ ਗਿਆ ਹੋਵੇ, 'ਬੈਂਕ ਦਾ ਪ੍ਰੋਸੈੱਸ ਦੋ ਹਫਤਿਆਂ ਤੋਂ ਲੈ ਕੇ ਮਹੀਨਿਆਂ ਤਕ ਵੀ ਫੈਲ ਸਕਦੈ ... ਕੱਲ ਮੇਰੇ ਕੋਲ ਇਕ ਜੱਟ ਆਇਆ... ਕਈ ਮਹੀਨੇ ਹੋ ਗਏ ਕਰਜ਼ੇ ਦੇ ਚੱਕਰ 'ਚ ਪਏ ਨੂੰ, ਕਹਿੰਦਾ ਸਭ ਜੀਅ ਜੰਤੂਆਂ ਦੇ ਸੂਣ ਦਾ ਟੈਮ ਆ ਪਰ ਬੈਂਕ ਆਲਿਆਂ ਦੀ ਫੈਲ ਦੇ ਸੂਣ ਦਾ ਕੋਈ ਟੈਮ ਨੀਂ, ਪਤਾ ਨਹੀਂ ਸੂਊ ਵੀ ਕਿ ਨਹੀਂ, ਇਹ ਤਾਂ ਫਿਰਦੀ ਵੀ ਬਹੁਤ ਆ, ਦੱਬੇ ਵੀ ਬਹੁਤ ਮਾਰਦੀ ਆ... ਸਰ, ਮੇਰੀ ਗੱਲ ਪੱਲੇ ਬੰਨ੍ਹ ਲਓ, ਦਿਨ ਬੰਨ੍ਹ ਕੇ ਨਾ ਆਵੋ, ਇੱਥੇ ਤਾਂ ਖੁੱਲਾ ਟੈਮ ਲੈ ਕੇ ਆਵੋ... ਫੇਰ ਬੈਂਕ ਵਾਲਿਆਂ ਦੇ ਆਪਣੇ ਬੰਦੇ ਮਕਾਨ ਦਾ ਮੁਆਇਨਾ ਕਰਨਗੇ... ਵਾਏ.. . ਪਤਾ ਜੇ ਕਿਉਂ... ਮੁਆਇਨਾ ਕਾਹਦਾ, ਮੁਆਇਨੇ ਦੇ ਨਾਂ 'ਤੇ ਘੁੱਗੀ ਮਾਰਨ ਦੀ ਫੀਸ ਲੈਂਦੇ ਨੇ। ਮੁਆਇਨੇ ਨੂੰ ਅਗਲਾ ਭੱਜ ਕੇ ਜਾਊ ਕਿੱਥੇ, ਮਕਾਨ ਤੋਂ ਲੈ ਕੇ ਹੱਥ ਪੈਰ ਤਕ ਤਾਂ ਕਬਜ਼ੇ 'ਚ ਕਰ ਲਏ ...।'

ਸ਼ਾਸਤਰੀ ਅਜੇ ਅੱਖਾਂ ਬੰਦ ਬੋਲੀ ਜਾ ਰਿਹਾ ਸੀ ਕਿ ਪਵਨ, ਮੁਨੀਮ ਹੱਥੋਂ ਇਕ ਫਾਇਲ ਲੈ ਕੇ ਉੱਥੋਂ ਤੁਰ ਪਿਆ। ਤੇਤੀ ਸੌ ਰੁਪਏ 'ਚ ਉਸਦੇ ਹੱਥ ਚਾਰ ਕੁ ਕਾਗਜ਼ ਆਏ ਸਨ।

ਪਟਵਾਰੀ, ਵਕੀਲ ਤੇ ਬੈਂਕ ਦੇ ਚੱਕਰ ਕੱਢਦਾ ਪਵਨ ਹਰ ਹੀਲੇ ਆਪਣੀ ਭਵਾਨੀ ਦੀ ਰਸੋਈ ਨੂੰ ਜਗਮਗਾਉਂਦੀ ਵੇਖਣਾ ਚਾਹੁੰਦਾ ਸੀ। ਉਹ ਨਾਲ ਦੀ ਨਾਲ ਚੰਗੀ ਭਜਨ ਮੰਡਲੀ ਤੇ ਕਰਾਕਰੀ ਵਾਲਿਆਂ ਦੀ ਵੀ ਪੁੱਛ-ਗਿੱਛ ਕਰਦਾ ਫਿਰਦਾ ਸੀ। ਕਹਿੰਦਾ ਅੱਗੇ ਕੰਮ ਰਹਿ ਗਿਆ ਹੁਣ ਨਾਲ ਦੀ ਨਾਲ ਸਾਰਾ ਨਿਬੇੜ ਦੇਣਾ। ਪਰ ਅਜੇ ਤਕ ਇੰਤਕਾਲ ਦਾ ਕੰਮ ਵਿਚੇ ਲਟਕਿਆ ਪਿਆ ਸੀ।

ਤਹਿਸੀਲ 'ਚ ਵੱਜਦੇ ਨਿੱਤ ਦੇ ਗੇੜਿਆਂ ਕਾਰਨ ਉਸਦੀ ਕਈ ਅਰਜ਼ੀ ਨਵੀਸਾਂ ਨਾਲ ਜਾਣ ਪਛਾਣ ਹੋ ਗਈ ਸੀ। ਜਿਨ੍ਹਾਂ 'ਚੋਂ ਇਕ ਰਮਨ ਜੱਗਾ ਸੀ। ਮਸਾਂ ਬਾਈ ਕੁ ਸਾਲ ਦਾ ਮੁੰਡਾ ਜਿਹਾ। ਪਰ ਹਰ ਅਫਸਰ ਨਾਲ ਉਸਦੀ ਬੁੱਕਲ ਖੁੱਲ੍ਹੀ ਸੀ, ਕਹਿੰਦਾ,'ਤਹਿਸੀਲਦਾਰ ਤੋਂ ਸਿੱਧਾ ਇੰਤਕਾਲ ਮਨਜ਼ੂਰ ਕਰਵਾ ਦੂੰ... ਪਟਵਾਰੀ ਪੰਜਾਹ ਮੰਗਦਾ ਤੂੰ ਪੱਚੀ ਹਜ਼ਾਰ ਦੇ ਦੇਹ...ਪਰ ਸ਼ਰਤ ਆ ਕਿ ਐਸੇ ਸ਼ਨੀਵਾਰ ਤਕ ਕੰਮ ਹੋ ਸਕਦਾ ਉਸਤੋਂ ਬਾਅਦ ਨੀਂ...।'

'ਯਾਰ ਤੂੰ ਕਿਵੇਂ ਕਰਵਾ ਲਵੇਂਗਾ ਤਹਿਸੀਲਦਾਰ ਤੋਂ ਸਿੱਧਾ ਤੇ ਸਸਤਾ ਕੰਮ...।'

'ਤੈਨੂੰ ਨੀਂ ਪਤਾ ... ਇਹ ਬਰੈੱਡ ਆਮਲੇਟ ਹਫਤਾ ਚੱਲ ਰਿਹੈ... ਇਸ ਹਫਤੇ 'ਚ ਮੈਂ ਜੋ ਮਰਜ਼ੀ ਕੰਮ ਕਰਵਾ ਲਵਾਂ, ਪੈਸੇ ਸਾਰੇ ਮੇਰੀ ਜੇਬ 'ਚ ਪੈਣਗੇ।' ਰਮਨ ਜੱਗੇ ਨੇ ਭੇਤ ਜਾਹਿਰ ਕੀਤਾ।

'ਬਰੈੱਡ ਆਮਲੇਟ...?'

'ਘੋਗੜ ਸ਼ਾਹ... ਅਸਲ ਗੱਲ ਇਹ ਆ ਕਿ ਸਿੰਘਾਪੁਰ 'ਚ ਕਈ ਹੋਟਲ ਆ ਜਿੱਥੇ ਇਕ ਆਦਮੀ ਦੋ - ਦੋ ਔਰਤਾਂ ਨਾਲ ਇਕੋ ਵੇਲੇ ਐਸ਼ ਕਰਦਾ... ਐਹਦਾ ਕੋਡ ਵਰਡ ਰੱਖਿਆ ਹੋਇਆ ਬਰੈੱਡ ਆਮਲੇਟ... ਜਿਵੇਂ ਬਰੈੱਡ ਦੇ ਦੋ ਪੀਸਾਂ 'ਚ ਆਮਲੇਟ ਹੁੰਦਾ... ਤੇ ਯਾਰ ਤੈਨੂੰ ਪਤਾ ਈ ਆ ਕਿ ਤਹਿਸੀਲਦਾਰ ਸਾਲਾ ਨੰਬਰ ਟੂ ਹੈਗਾ ਠਰਕੀ... ਐੱਸ ਡੀ ਐੱਮ ਵੀ ਇਹੋ ਜਿਹਾ ਈ ਆ... ਇਸਨੇ ਮੈਨੂੰ ਕਿਹਾ ਕਿ ਸਾਡੇ ਆਮਲੇਟ ਦਾ ਖਰਚਾ ਤੂੰ ਦੇ ਦੇਹ ਤੇ ਇਕ ਹਫਤਾ ਮੇਰੇ ਕੋਲੋਂ ਜਿੰਨੇ ਮਰਜ਼ੀ ਆਮਲੇਟ ਖਾ ਲਈਂ... ਮੇਰਾ ਲੱਗਿਆ ਚਾਰ ਲੱਖ, ਹੁਣ ਮੈਂ ਛੇ ਲੱਖ ਤਾਂ ਕਮਾ ਲਿਆ ਬਾਕੀ ਵੀ ਜੋ ਕਮਾਊਂ ਉਹ ਮੇਰਾ... ਇੱਥੇ ਤਾਂ ਬਾਈ ਅਈਂ ਚੱਲਦਾ... ਹੁਣ ਤੂੰ ਭਾਵੇਂ ਕਾਗਜ਼ ਲੈ ਕੇ ਤਹਿਸੀਲਦਾਰ ਦੇ ਬਾਰ 'ਚ ਸਾਰਾ ਦਿਨ ਖੜ੍ਹਾ ਰਹੀ...ਅੰਦਰ ਤਾਂ ਆਮਲੇਟ ਵਾਲਾ ਈ ਜਾਊ।' ਰਮਨ ਨੇ ਪਵਨ ਦੀ ਪਿੱਠ 'ਤੇ ਧੌਂਹ ਮਾਰਦਿਆਂ ਸਾਰੀ ਗੱਲ ਸਮਝਾਈ।

ਪਰ ਪਵਨ ਦੀ ਸਮਝ ਇਹ ਨੀਂ ਆਇਆ ਕਿ ਜੇ ਕੰਮ ਆਮਲੇਟ ਨਾਲ ਹੋਣੇ ਆ ਤਾਂ ਫੇਰ ਇਹ ਪੜਤਾਲ ਕਾਹਦੀ ਕਰਦੇ ਆ। ਆਮਲੇਟ ਖਵਾ ਕੇ ਅਗਲਾ ਜੋ ਮਰਜ਼ੀ ਕਰਵਾ ਲਵੇ।

'ਆਮਲੇਟ ਨੀਂ ਖਾਂਦੇ ਸਾਲੇ ਗੂੰਹ ਖਾਂਦੇ ਨੇ ਗੂੰਹ... ਕਾਕਰੋਚਾਂ ਵਾਂਗੂੰ... ਜੋ ਸਾਹਮਣੇ ਆ ਗਿਆ ਬੱਸ ਖਾਈ ਜਾਣਾ... ਤਾਂ ਹੀ ਤਾਂ ਮੋਟੇ ਹੋਏ ਪਏ ਨੇ ... ਮੁਸ਼ਕ ਵੀ ਨੀਂ ਆਉਂਦਾ ਕਿਸੇ ਕਾਗਜ਼ 'ਚੋਂ ... ਹਰ ਕਾਗਜ਼ ਈ ਖਾਣ ਨੂੰ ਪੈਂਦੇ ਨੇ... ਸਾਲੇ ਹਰਾਮੀ।' ਪਵਨ ਉੱਤੋਂ ਹੱਸਦਾ ਤੇ ਅੰਦਰੋਂ ਖਿੱਝਦਾ ਜੱਗੇ ਦੇ ਅੱਡੇ ਤੋਂ ਉਠ ਆਇਆ।

ਪੱਚੀ ਦੀ ਥਾਂ ਪੰਦਰਾਂ ਹਜ਼ਾਰ ਜੱਗੇ ਨੂੰ ਦੇ ਕੇ ਉਸਨੇ ਇੰਤਕਾਲ ਮਨਜ਼ੂਰ ਕਰਵਾ ਲਿਆ।

ਪਰ ਉਸਦੀ ਜੰਗ ਅਜੇ ਖਤਮ ਨਹੀਂ ਸੀ ਹੋਈ। ਉਸਦਾ ਵਾਹ ਨਿੱਤ ਦਿਨ ਨਵੀਂ ਮੁਸੀਬਤ ਨਾਲ ਪੈਂਦਾ। ਪਹਿਲਾਂ ਬੈਂਕ ਵਾਲਿਆਂ ਨੇ ਅਸਲੀ ਕਾਗਜ਼ ਰੱਖ ਲਏ, ਫਿਰ ਵਕੀਲ ਕਹਿੰਦਾ ਮੈਨੂੰ ਅਸਲ ਲਿਆ ਕੇ ਦੇਹ, ਉਸਨੂੰ ਦਿੱਤੇ ਤਾਂ ਬੈਂਕ ਦਾ ਪ੍ਰਾਪਰਟੀ ਵੈਲਯੂਲੈਟਰ ਕਹਿੰਦਾ ਮੇਰੀ ਫਾਇਲ 'ਚ ਵੀ ਅਸਲੀ ਕਾਗਜ਼ ਲੱਗਣਗੇ। ਜਿਵੇਂ ਪੁਦੀਨੇ ਦੀ ਚਟਣੀ ਕਈ ਕੁਸ਼ ਪਾ ਕੇ ਬਣਦੀ ਆ, ਇਸੇ ਤਰ੍ਹਾਂ ਕਈ ਫਾਇਲਾਂ ਰਲ਼ ਕੇ ਕਰਜ਼ੇ ਦੀ ਫਾਇਲ ਤਿਆਰ ਹੋਈ। ਪਰ ਇਹ ਆਖਰੀ ਕੰਮ ਨਹੀਂ ਸੀ, ਸ਼ੁਰੂਆਤ ਸੀ, ਬੈਂਕ ਦੀ। ਹੁਣ ਤਕ ਤਾਂ ਬੈਂਕ ਵਾਲਿਆਂ ਨੇ ਖਾਨਾ ਪੂਰਤੀ ਹੀ ਕਰਵਾਈ ਸੀ, ਅਸਲੀ ਕੰਮ ਤਾਂ ਹੁਣ ਉਨ੍ਹਾਂ ਆਪ ਕਰਨਾ ਸੀ। ਮੋਟੇ ਮੈਨੇਜਰ ਨੇ ਮੋਟੀਆਂ ਐਨਕਾਂ ਲਾ ਕੇ ਫੂੰ ਫੂੰ ਕਰਦਿਆਂ ਫਾਇਲ 'ਤੇ ਨਿਗ੍ਹਾ ਮਾਰੀ ਤੇ ਸ਼ਹਿਰ ਦੇ ਦੂਜੇ ਕੋਨੇ 'ਚ ਬਣੀ ਇਕ ਬੈਂਕ ਵੱਲ ਉਂਗਲ ਕਰ ਦਿੱਤੀ। ਜਿਵੇਂ ਮੰਗਤੇ ਨੂੰ ਅਗਲੇ ਘਰ ਦਾ ਰਾਹ ਵਿਖਾਈਦਾ।

'ਤੁਹਾਡਾ ਏਰੀਆ... ਹੁਣ ਓਸ ਬੈਂਕ ਨੂੰ ਦੇ ਦਿੱਤਾ ਹੈ... ਫਾਇਲ ਉੱਥੇ ਲੈ ਜਾਓ...।'

ਅਗਲੇ ਬੈਂਕ ਵਾਲਿਆਂ ਫਾਇਲ ਰੱਖ ਲਈ। ਚੁੱਪ ਕਰਕੇ। ਕਈ ਦਿਨਾਂ ਬਾਅਦ ਗਿਆ ਕਹਿੰਦੇ ਠਹਿਰ ਕੇ ਆਈਂ। ਕਈ ਦਿਨਾਂ ਬਾਅਦ ਗਿਆ ਤਾਂ ਕਈ ਕਾਗਜ਼ ਕੱਢ ਕੇ ਰੱਖ ਦਿੱਤੇ, ਕਹਿੰਦੇ ਡੇਟ ਲੰਘ ਗਈ ਦੁਬਾਰਾ ਲਿਖਾ ਕੇ ਲਿਆ। ਫੇਰ ਪਟਵਾਰੀ, ਤਹਿਸੀਲਦਾਰ, ਵਕੀਲ ਦੇ ਚੱਕਰ।

ਬਦਹਵਾਸ ਖੜ੍ਹੇ, ਪਵਨ ਕੋਲ ਬੈਂਕ ਦੇ ਇਕ ਬਾਊ ਨੇ ਆ ਕੇ ਕੰਨ 'ਚ ਕਿਹਾ,'ਬੈਂਕ ਦੀ ਕੰਟੀਨ ਵਾਲੇ ਧੀਂਗੜੇ ਕੋਲ ਚਲਾ ਜਾਹ... ਕੰਮ ਕਰਵਾ ਦਊ...।'

ਧੀਂਗੜਾ, ਮੋਟੇ ਢਿੱਡ 'ਤੇ ਸਿਰਫ ਬੁਨੈਣ ਰੱਖਦਾ...ਉਹ ਵੀ ਧੁੰਨੀ ਤੋਂ ਉੱਚੀ। ਥੱਲੇ ਖਿਡਾਰੀਆਂ ਦੇ ਪਾਉਣ ਵਾਲਾ ਪਜਾਮਾ ਜਿਹੜਾ ਗੋਲ ਢਿੱਡ ਦੇ ਬਹੁਤ ਥੱਲੇ ਜਾ ਖੜਦਾ ਸੀ। ਥੋੜ੍ਹਾ ਜਿਹਾ ਬੈਠਦਾ ਤਾਂ ਅੱਧੇ ਚਿੱਤੜ ਨੰਗੇ ਹੋ ਜਾਂਦੇ। ਪਿੰਡੇ 'ਤੇ ਕਾਲੇ ਚਿੱਟੇ ਵਾਲਾਂ ਦਾ ਜੰਗਲ ਸੀ। ਵਾਲ਼ਾਂ ਤੋਂ ਰਹਿਤ ਚਮੜੀ ਪਾਪੜੀ ਵਰਗੀ, ਖੁਸ਼ਕ, ਕਾਲੀ ਤੇ ਨਿੱਕੇ ਨਿੱਕੇ ਫੋੜਿਆਂ ਵਾਲੀ। ਸਿਰੋਂ ਗੰਜਾ। ਕੰਟੀਨ ਦੀ ਇਕ ਕੰਧ 'ਤੇ ਅੰਨਾ ਹਜ਼ਾਰੇ ਤੇ ਬਾਬਾ ਰਾਮਦੇਵ ਦੀ ਇਕ ਦੂਸਰੇ ਦੇ ਕੰਨ 'ਚ ਗੱਲ ਕਰਦਿਆਂ ਦੀ ਤਸਵੀਰ ਟੰਗੀ ਹੋਈ ਸੀ। ਦੂਸਰੀ ਨੁੱਕਰ 'ਚ ਸ਼ਿਵ ਜੀ ਦੀ ਫੋਟੋ ਉੱਤੇ ਫੇਰ ਸਾਰੇ ਹਾਰ ਪਏ ਸਨ ਜਿੰਨ੍ਹਾਂ 'ਚੋਂ ਕਈ ਮੱਖੀਆਂ ਦੀ ਗੰਦਗੀ ਨਾਲ ਕਾਲੇ ਹੋਏ ਪਏ ਸਨ। ਗਾਹਕਾਂ ਦੇ ਬੈਠਣ ਵਾਲੇ ਮੇਜ਼ ਦੀ ਪਲਾਈ ਕਈ ਥਾਵਾਂ ਤੋਂ ਫੁਲੀ ਹੋਈ ਸੀ। ਅਨਜਾਣ ਆਦਮੀ ਚਾਹ ਦਾ ਭਰਿਆ ਗਿਲਾਸ ਰੱਖਦਾ ਤਾਂ ਗਿਲਾਸ ਟੇਢਾ ਹੋਣ ਨਾਲ ਅੱਧੀ ਚਾਹ ਡੁੱਲ੍ਹ ਜਾਂਦੀ। ਕੰਟੀਨ 'ਚ ਆਇਆ ਨਵਾਂ ਆਦਮੀ ਧੀਂਗੜੇ ਵੱਲ ਘੰਟਿਆਂ ਬੱਧੀ ਵੇਖ ਕੇ ਵੀ ਨਹੀਂ ਸੀ ਰੱਜਦਾ, ਜਿਵੇਂ ਤੁਰਿਆ ਫਿਰਦਾ ਡਿਸਕਵਰੀ ਚੈਨਲ ਹੋਵੇ।

ਧੀਂਗੜੇ ਨੇ ਚਾਹ ਗਿਲਾਸਾਂ 'ਚ ਪੁਣਦਿਆਂ ਹੀ ਪਵਨ ਦੀ ਗੱਲ ਸੁਣੀ, '... ਹੂੰ ਡੇਢ ਲੱਖ ਦਾ ਕਾਰ ਲੋਨ... ਸੱਤ ਮਹੀਨੇ ਫਾਇਲ ਲੇਟ... ਇਨਕਮ ਟੈਕਸ ਰਿਟਰਨ... ਟੂੰ... ਟਾਂ... ਟੀਂ... ਬਾਊ ਕੰਮ ਤਾਂ ਵੀਹ ਹਜ਼ਾਰ ਦਾ ... ਤੂੰ ਮਹਾਜਨ ਭਰਾ... ਅਠਾਰਾਂ ਦੇ ਦਈਂ... ਵੇਖ ਟੈਮ ਦੀ ਬਹੁਤ ਟੈਂ ਟੈਂ ਆ... ਹੁਣ ਮੇਰੇ ਕੋਲ਼ ਚਾਹ ਛੱਡ ਕੇ ਤੇਰੀ ਗੱਲ ਸੁਣਨ ਦਾ ਟੈਮ ਨੀਂ... ਤੂੰ ਛੇ ਮਹੀਨੇ

ਗੇੜੇ ਮਾਰੇਂਗਾ... ਕਿੰਨਾ ਸਮਾਂ ਲੱਗੂਗਾ... ਫੇਰ ਪਤਾ ਨੀਂ ਸਾਅਬ ਕੀ ਜਵਾਬ ਦੇਣ... ਨਿੱਤ ਅਫਸਰ ਬਦਲਦੇ ਨੇ... ਫਾਇਲ ਇਕ ਨੇ ਲਈ ਪੈਸੇ ਲਏ ਬਦਲ ਗਿਆ... ਅਗਲਾ ਆਊ ਅੱਡ ਪੈਸੇ ਭਾਲੂ... ਮੈਂ ਐਥੇ ਪੱਕਾਂ... ਮੈਂ ਜਿਹੜਾ ਕੰਮ ਫੜ ਲਿਆ ਉਹ ਮੇਰਾ ... ਤੂੰ ਫਿਕਰ ਨਾ ਕਰ... (ਮੁੰਡੂ ਵੱਲ ਮੂੰਹ ਕਰਕੇ) ਚੱਕ ਓਏ ਅੰਨਾ ਹਜ਼ਾਰੇ ਅੱਠ ਕੱਪ ਕਰਜ਼ਾ ਬਰਾਂਚ ਦੇ... ਇਕ ਕੈਸ਼ੀਅਰ ਦਾ... ਤੇ ਦੋ ਗੰਨਮੈਨਾਂ ਦੇ...ਏ ਟੀ ਐਮ 'ਚੋਂ ਗਲਾਸ ਲੈਂਦਾ ਆਈਂ...।'

ਕਰਜ਼ਾ ਮਨਜ਼ੂਰ ਕਰਾਉਣ ਲਈ ਪਵਨ ਹੁਣ ਤਕ ਸ਼ੈਲਰ ਦੇ ਖਾਤੇ 'ਚੋਂ ਸੱਠ ਹਜ਼ਾਰ ਰੁਪਈਆ ਖਰਚ ਚੁੱਕਿਆ ਸੀ। ਬਾਊਆਂ ਨੂੰ ਇਸਦਾ ਕੋਈ ਪਤਾ ਨਹੀਂ ਸੀ। ਉਸਨੇ ਸੋਚਿਆ ਜਦੋਂ ਕਰਜ਼ਾ ਮਿਲਿਆ ਹਿਸਾਬ ਪੂਰਾ ਕਰ ਦਊਗਾ। ਭਵਾਨੀ ਦੇ ਚਾਂਦੀ ਦੇ ਭਾਰੇ ਗਹਿਣੇ ਤੇ ਵੇਸਪਾ ਸਕੂਟਰ ਵੀ ਕਰਜ਼ੇ ਦੀ ਭੇਂਟ ਚੜ੍ਹ ਗਿਆ ਸੀ। ਅਖੀਰ ਕੌੜਾ ਘੁੱਟ ਭਰਕੇ ਉਸਨੇ ਹੋਰ ਅਠਾਰਾਂ ਹਜ਼ਾਰ ਰੁਪਏ ਸ਼ੈਲਰ 'ਚੋਂ ਇਧਰ - ਉਧਰ ਕਰਕੇ ਧੀਂਗੜੇ ਨੂੰ ਦੇ ਦਿੱਤੇ।

ਗਰਮੀਆਂ ਲੰਘ ਗਈਆਂ। ਠੰਡ ਆ ਗਈ। ਫਰਵਰੀ ਦਾ ਮਹੀਨਾ ਅਖੀਰ 'ਤੇ ਸੀ। ਔਤਕੀਂ ਪਿਛੇਤੀ ਕੜਾਕੇ ਦੀ ਠੰਡ ਪੈਣ ਲੱਗੀ ਸੀ। ਠੁਰ-ਠੁਰ ਕਰਦਾ ਪਵਨ ਧੀਂਗੜੇ ਕੋਲ ਗਿਆ। ਉਸਨੇ ਗਰਮ ਚਾਹ ਦਾ ਕੱਪ ਪਵਨ ਦੇ ਹੱਥ ਫੜਾਉਂਦਿਆਂ ਕਿਹਾ, ' ਭਾ ਜੀ ਅੱਜ ਤੇਰੀ ਫਾਇਲ 'ਤੇ ਤੇਰੇ ਦਸਤਖਤ ਕਰਾਉਣੇ ਨੇ, ਸਾਰਾ ਦਿਨ ਲੱਗ ਜੂ... ਰੋਟੀ ਪਾਣੀ ਖਾ ਕੇ ਆ ਜਾਈਂ...।'

ਉਹ ਦੁਪਹਿਰ ਤੋਂ ਬਾਅਦ ਫਿਰ ਧੀਂਗੜੇ ਕੋਲ ਗਿਆ। ਧੀਂਗੜਾ ਚਾਹ ਦੀ ਟਰੇਅ ਤੇ ਉਸਨੂੰ ਲੈ ਕੇ ਮੈਨੇਜਰ ਦੇ ਕਮਰੇ 'ਚ ਗਿਆ। ਪਵਨ ਦੀ ਫਾਇਲ ਮਰੇ ਹੋਏ ਕੁੱਤੇ ਦੇ ਆਫਰੇ ਢਿੱਗ ਵਰਗੀ ਮੈਨੇਜਰ ਦੀ ਮੇਜ਼ 'ਤੇ ਪਈ ਸੀ।

'ਪਲੀਜ਼ ਸਿੱਟ ਡਾਊਨ... ਲੈ ਬਈ ਕਾਕਾ ਵਧਾਈਆਂ ਤੇਰਾ ਕੰਮ ਹੋ ਗਿਆ... ਅੜਿੱਕਾ ਤਾਂ ਬੜਾ ਸੀ ਪਰ ਧੀਂਗੜਾ ਸਾਹਿਬ ਕਹਿੰਦੇ ਕਰਨਾ... ਹੁਣ ਅਸੀਂ ਤਾਂ ਸਾਰਾ ਦਿਨ ਇੰਨ੍ਹਾਂ ਕੋਲੋਂ ਹੀ ਖਾਣਾ ਪੀਣਾ ਹੁੰਦੈ... ਧੀਂਗੜਾ ਸਾਹਿਬ ਦੀ ਕਿਵੇਂ ਮੋੜਦੇ... ਕੰਮ ਟੇਢਾ ਸੀ... ਟਾਇਮ ਤਾਂ ਲੱਗ ਗਿਆ ਪਰ ਮਸਲਾ ਹੱਲ ਕਰ ਤਾ ਤੇਰਾ... ਲੈ ਸਾਰੇ ਕਾਗਜ਼ਾਂ ਦੇ ਅਖੀਰ 'ਤੇ ਅਤੇ ਜਿੱਥੇ ਆਹ ਕੱਚੀ ਪੈਨਸਲ ਨਾਲ ਨਿਸ਼ਾਨੀ ਲੱਗੀ ਆ... ਦਸਤਖਤ ਕਰੀ ਚੱਲ... ਲਿਆਓ ਜੀ ਧੀਂਗੜਾ ਸਾਹਿਬ ਚਾਹ ਪਿਆਓ... ਵਾਹ ਬਈ ਵਾਹ ਬੜੀਆਂ ਭਾਫਾਂ ਛੱਡਦੀ ਆ... ਕਾਕਾ ਜੀ ਨੂੰ ਵੀ ਦਓ ਇਕ ਕੱਪ... ਗਰਮਾ ਗਰਮ।' ਮੈਨੇਜਰ ਵੱਲੋਂ ਧੀਂਗੜਾ ਨੂੰ ਵਾਰ ਵਾਰ ਸਾਹਿਬ ਕਹਿਣ 'ਤੇ ਉਸਨੂੰ ਪਤਾ ਨਹੀਂ ਸੀ ਲੱਗ ਰਿਹਾ ਕਿ ਧੀਂਗੜਾ ਚਾਹ ਵਾਲਾ ਜਾਂ ਉਸਦਾ ਸੀਨੀਅਰ।

ਹਰੇ, ਪੀਲੇ, ਲਾਲ ਪਤਾ ਨਹੀਂ ਕਿੰਨੇ ਕੁ ਕਾਗਜ਼ ਸੀ... ਵਹੀਆਂ ਲਿਖਦੇ ਦੀਆਂ ਉਸਦੀਆਂ ਉਂਗਲਾਂ ਨੀਂ ਕਦੇ ਦੁਖੀਆਂ ਪਰ ਅੱਜ ਕਰਜ਼ਾ ਕੇਸ 'ਤੇ ਦਸਤਖਤ ਕਰਦੇ ਦੀਆਂ ਪਤਾ ਨਹੀਂ ਕਿਉਂ ਦੁਖਣ ਲੱਗ ਪਈਆਂ...।

'ਲਓ ਕਾਕਾ ਜੀ... ਤੁਹਾਡਾ ਕਰਜ਼ਾ ਕੇਸ ਮਨਜ਼ੂਰ ਹੋਗਿਆ... ਕਾਂਗਰੇਚੂ... ਤੁਸੀਂ ਹੁਣ ਤਹਿਸੀਲਦਾਰ ਕੋਲੋਂ ਰਜਿਸਟਰੀ ਕਰਾ ਕੇ ਲੈ ਆਓ... ਐਂਡ ਦੈੱਨ ਵੂਈ ਮੇਡ ਪੇਮੇਂਟ ਟੂ ਯੂ... ਓ ਕੇ... ਪਲੀਜ਼।' ਮੈਨੇਜਰ ਨੇ ਫਾਇਲ ਵਿਚੋਂ ਕੁਝ ਕਾਗਜ਼ ਕੱਢਕੇ ਉਸਦੇ ਹੱਥ ਫੜਾਉਂਦਿਆਂ ਬਾਹਰ ਵੱਲ ਇਸ਼ਾਰਾ ਕੀਤਾ।

ਫੇਰ ਤਹਿਸੀਲਦਾਰ ਕੋਲ ਫਾਇਲ... ਹੁਣ ਤਾਂ ਆਮਲੇਟ ਹਫਤਾ ਵੀ ਕਦੋਂ ਦਾ ਖਤਮ ਹੋ ਗਿਆ... ਹੁਣ ਤਾਂ ਉਹ ਮੇਰਾ ਆਮਲੇਟ ਬਣਾ ਦੂ...।

ਉਧਰੋਂ ਦਰਸ਼ਨ ਮਿਸਤਰੀ ਦਾ ਫੋਨ ਆ ਗਿਆ,' ਬਾਊ ਜੀ ਕੀ ਬਣਿਆ ਕੰਮ ਦਾ... ਮੈਂ ਇਕ ਹੋਰ ਥਾਂ ਕੰਮ ਸ਼ੁਰੂ ਕਰਨਾ ਸੀ ... ਦੋ ਤਿੰਨ ਮਹੀਨੇ ਲੱਗ ਜਾਣਗੇ ... ਫੇਰ ਨਾ ਕਹਿਓ... ਨਾਲੇ

ਹੁਣ ਆਪਣਾ ਐਸਟੀਮੇਟ ਵੀ ਕਾਫੀ ਵਧ ਗਿਆ... ਸਮਾਨ ਦੇ ਭਾਅ ਦੁੱਗਣੇ ਹੋ ਗਏ ਨੇ... ਤੁਸੀਂ ਦੋ ਲੱਖ ਤੋਂ ਉਪਰ ਦਾ ਪ੍ਰਬੰਧ ਕਰਕੇ ਮੈਨੂੰ ਇਕ ਅੱਧੇ ਦਿਨ 'ਚ ਦੱਸ ਦਿਓ... ਚੰਗਾ ਜੀ...।'

ਦਰਸ਼ਨ ਦਾ ਫੋਨ ਕੱਟਿਆ ਤਾਂ ਸੁਰਿੰਦਰ ਬਾਂਸਲ ਦਾ ਆ ਗਿਆ, 'ਹਰਾਮੀਆ ਆਹ ਕੀ ਕੀਤਾ... ਹਿਸਾਬ 'ਚ ਲੱਖ ਰੁਪਏ ਦੀ ਮਾਂ ਦੀ... ਤੂੰ ਹੈਂਅ ਕਿੱਥੇ ਆ ਜਾ ਵੱਢਦਾਂ ਤੇਰੀਆਂ ਲੱਤਾਂ... ਸਾਲ੍ਹਿਆ ਸਾਡਾ ਖਾ ਕੇ ਸਾਡੇ ਨਾਲ ਹੀ ਠੱਗੀਆਂ... ਮੈਂ ਸਾਰਾ ਹਿਸਾਬ ਚੈਕ ਕਰੂੰ ਤੇ ਇਕ ਇਕ ਪੈਸਾ ਕਢਾਊਂ ਤੇਰੇ ਹੱਡਾਂ 'ਚੋਂ... ਤੈਨੂੰ ਮੈਂ ਮਾਲਕ ਬਣਾ ਕੇ ਬਿਠਾਇਆ ਤੇ ਤੂੰ ਸਾਨੂੰ ਹੀ ਖਾਣ ਪੈ ਗਿਆ... ਸਾਲ੍ਹਿਆ ਕਾਕਰੋਚਾ... ਤੂੰ ਹੁਣੇ ਪਹੁੰਚ ਮੇਰੇ ਕੋਲ ਨਹੀਂ ਤਾਂ ਪੁਲਸ ਕੋਲੋਂ ...।' ਸੁਰਿੰਦਰ ਬਾਂਸਲ ਦੇ ਫੋਨ ਨੇ ਪਵਨ ਦੀ ਜਾਨ ਕੱਢ ਦਿੱਤੀ। ਉਸਨੇ ਤਾਂ ਸੋਚਿਆ ਸੀ ਕਰਜ਼ਾ ਲੈ ਕੇ ਸ਼ੈਲਰ ਦਾ ਹਿਸਾਬ ਕਿਤਾਬ ਦਰੁਸਤ ਕਰ ਦਊ ਪਰ...।

ਪਵਨ ਦੇਰ ਰਾਤ ਨੂੰ ਘਰ ਪੁੱਜਿਆ। ਰਸੋਈ ਉਸੇ ਤਰ੍ਹਾਂ ਖਿੱਲਰੀ ਪਈ ਸੀ ਜਿਹੋ ਜਿਹੀ ਸਾਲ ਪਹਿਲਾਂ ਸੀ। ਰਸੋਈ 'ਚੋਂ ਪੁੱਟੀ ਲੱਕੜ ਦਾ ਲਾਬੀ ਦੇ ਇਕ ਖੂੰਜੇ ਢੇਰ ਲੱਗਿਆ ਹੋਇਆ ਸੀ।

ਭਵਾਨੀ ਨੇ ਪਾਣੀ ਦਾ ਗਿਲਾਸ ਫੜਾਉਂਦਿਆਂ ਕਿਹਾ 'ਹਾਂ ਜੀ... ਕਾਮ ਪੂਰੇ ਹੋ ਗਿਓ ਕੇ ... ਦਰਸ਼ਨ ਮਿਸਤਰੀ ਆਇਆ ਥੋ ... ਮਨੇ ਕਹਿ ਦੀਓ ਥੋ ਕਿ ਮਹਾਰੇ ਘਰਵਾਲੇ ਸੇ ਬਾਤ ਕਰ ਲੀਓ... ਮਨੇ ਬੋਲ ਦੀਓ ਥੋ ਕਿ ਮਹਾਰੋ ਕੇਸ ਆਜ ਫਾਈਨਲ ਹੋ ਜਾਸੀ, ਥਾਰਾ ਜਿਤੋ ਪੀਸਾ ਬਣੇ ਥਨੇ ਮਾਹ ਦੇ ਦਿਆਂਗਾ...ਬੱਸ ਮਾਹਾਰੋ ਕਾਮ ਬਡੀਆ ਹੋਣਾ ਚਾਹੀਏ ... ਏਕ ਨੰਬਰ... ਸਾਲੋ ਕਾਕਰੋਚ ਮਹਾਰੀ ਰਸੋਈ ਮਾਂ ਕੋ ਕੋਨੀ ਦਿਖਣੋ ਚਾਹੀਏ... ਇਬ ਦੇਰ ਮਤ ਕਰੀਓ ਜੀ... ਸਾਗੇ ਕੀ ਸਾਗੇ ਮਾਤਾ ਕਾ ਜਗਰਾਤਾ ਬੀ ਕਰਾ ਈ ਦਈਓ...।'

ਭਵਾਨੀ ਬੋਲੀ ਗਈ ਪਵਨ ਖੜ੍ਹਾ ਸੁਣੀ ਗਿਆ।

ਫੇਰ ਉਹ ਇਕ ਦਮ ਪਲਟਿਆ। ਲਾਬੀ ਚ ਪਈਆਂ ਲੱਕੜਾਂ ਗਲ਼ੀ ਵਿਚ ਸੁੱਟਣ ਲੱਗਿਆ ਤੇ ਪਲਾਂ 'ਚ ਹੀ ਉਸਨੇ ਗਲੀ ਵਿਚ ਢੇਰ ਲਾ ਦਿੱਤਾ।

ਭਵਾਨੀ ਸਮਝੀ ਨਵਾਂ ਸਮਾਨ ਰੱਖਣ ਲਈ ਖਾਲੀ ਕਰ ਰਹੇ ਨੇ ਪਰ ਸਾਰਾ ਕੁਝ।

ਅਗਲੇ ਹੀ ਪਲ ਪਵਨ ਨੇ ਲੱਕੜਾਂ ਨੂੰ ਅੱਗ ਲਾ ਦਿੱਤੀ ਤੇ ਉੱਚੀ ਉੱਚੀ ਬੋਲਣ ਲੱਗਿਆ, 'ਸਾਲ਼ੇ ਕਾਕਰੋਚ ਕੱਲੀ ਰਸੋਈ 'ਚ ਈ ਨਹੀਂ ਹਰ ਥਾਂ ਵੜੇ ਬੈਠੇ ਨੇ ... ਜੋ ਕੁਝ ਸਾਹਮਣੇ ਆ ਜੇ ਉਨ੍ਹੂੰ ਚਟਮ ਕਰ ਦਿੰਦੇ ਨੇ... ਮੈਂ ਹੁਣ ਕਾਕਰੋਚਾਂ ਦੇ ਅੱਡੇ ਨਹੀਂ ਬਣਨ ਦੇਣੇ... ਸਾਰੇ ਅੱਡੇ ਪੁੱਟ ਦੂੰਗਾ ਕੰਜਰਾਂ ਦੇ... ਨਾ ਅੱਡੇ ਹੋਣਗੇ ਨਾ ਕਾਕਰੋਚ ਪੈਦਾ ਹੋਣਗੇ... ਭਵਾਨੀ, ਮੈਨੂੰ ਪਤਾ ਲੱਗ ਗਿਆ ਇਹ ਚਮਕਦਾਰ ਰਸੋਈਆਂ ਈ ਕਾਕਰੋਚ ਪੈਦਾ ਕਰਦੀਆਂ ਨੇ... ਤੂੰ ਥੋੜ੍ਹਾ ਸਬਰ ਕਰ... ਹੁਣ ਆਪਾਂ ਐਹੋ ਜਿਹਾ ਘਰ ਬਣਾਵਾਂਗੇ ਜਿੱਥੇ ਕਾਕਰੋਚ ਪੈਦਾ ਹੀ ਨਾ ਹੋਣ... ਮੈਂ ਇਕ ਇਕ ਕਾਕਰੋਚ ਦਾ ਅੱਡਾ ਪੱਟਦੂੰ..।' ਪਵਨ ਹਰਫਲਿਆ ਹੋਇਆ ਬੋਲੀ ਜਾ ਰਿਹਾ ਸੀ।

ਗਲੀ ਦੇ ਲੋਕ ਬੂਹਿਆਂ 'ਚ ਖੜ੍ਹੇ ਤਮਾਸ਼ਾ ਵੇਖ ਰਹੇ ਸਨ। ਸੋਚ ਰਹੇ ਹੋਣਗੇ ਕਿ ਪਵਨ ਨੇ ਫਰਵਰੀ 'ਚ ਕਾਹਦੀ ਲੋਹੜੀ ਬਾਲ਼ ਲਈ... ਨਾਲੇ ਕਾਕਰੋਚ... ਕਾਕਰੋਚ ਕੀ ਕਰੀ ਜਾਂਦੈ...।

ਭਵਾਨੀ ਵੀ ਮੂੰਹ ਅੱਡੀ ਸਭ ਕੁਝ ਵੇਖ ਰਹੀ ਸੀ।

ਉਧਰ ਪਵਨ ਗੁੱਸੇ 'ਚ ਬਲਦੀਆਂ ਲੱਕੜਾਂ ਦੇ ਆਲੇ ਦੁਆਲੇ ਗੇੜੇ ਦਿੰਦਾ ਲਗਾਤਾਰ ਬੋਲੀ ਜਾ ਰਿਹਾ ਸੀ। ਹੁਣ ਉਹ ਪਹਿਲਾਂ ਵਾਲਾ ਸ਼ਰੀਫ ਆਦਮੀ ਨਹੀਂ ਸੀ ਲੱਗ ਰਿਹਾ। ਲੱਕੜਾਂ 'ਚੋਂ ਨਿਕਲ ਕੇ ਭੱਜੇ ਜਾਂਦੇ ਦੋ ਕਾਕਰੋਚ ਪਵਨ ਦੀ ਨਜ਼ਰੀਂ ਪਏ ਤਾਂ ਉਸਨੇ ਇਕੋ ਵੇਲੇ ਦੋਹਾਂ ਨੂੰ ਆਪਣੀਆਂ ਗਾਂਧੀ ਮਾਰਕਾ ਚੱਪਲਾਂ ਥੱਲੇ ਮਸਲ ਦਿੱਤਾ। ਕਾਕਰੋਚਾਂ ਨੂੰ ਮਸਲਦਿਆਂ ਨਾ ਉਸਨੂੰ ਕਚਿਆਣ ਆਈ ਤੇ ਨਾ ਤਰਸ। ਹੁਣ ਉਸਦੇ ਮੂੰਹ 'ਤੇ ਇਕ ਸੰਤੁਸ਼ਟੀ ਸੀ।

[7533, ਨਾਮਦੇਵ ਨਗਰ, ਕੋਟਕਪੂਰਾ ਰੋਡ, ਮੁਕਤਸਰ-152 026]

ਬ੍ਰਹਿਮੰਡੀ ਚੇਤਨਾ ਦਾ ਸਾਹਿਤਕਾਰ : ਰਵਿੰਦਰ ਰਵੀ

ਅਵਤਾਰ ਸਿੰਘ ਬਿਲਿੰਗ

ਰਵਿੰਦਰ ਰਵੀ ਜੋ ਸਾਰੀ ਉਮਰ ਰੰਗੀਨੀਆਂ ਦੀ ਭਾਲ਼ ਵਿਚ ਵਿਚਰਿਆ-ਭਟਕਿਆ, ਇਕ ਬਹੁਰੰਗੀ ਸ਼ਖਸੀਅਤ ਦਾ ਮਾਲਕ ਹੈ, ਜਿਹੜਾ ਮਿਲਣ ਆਏ ਨੂੰ ਸਾਰੀਆਂ ਵਿੱਥਾਂ ਉਲੰਘ ਕੇ ਇਕਦਮ ਉਸਦੇ ਹਾਣ ਦਾ ਹੋ ਕੇ ਮਿਲਦਾ ਹੈ। ਮੇਰੇ ਵਰਗੇ ਸੰਕੋਚੀ ਲਈ ਸੂਫੀ ਅਤੇ ਗੰਭੀਰ! ਮਹਿਫਲਾਂ ਜਮਾਉਣ ਵਾਲਿਆਂ ਨਾਲ ਪੂਰਾ ਰੰਗੀਲਾ। ਸਾਡੇ ਪੰਜਾਬੀ ਸਾਹਿਤ-ਜਗਤ ਦੀ ਬਾਬਾ ਬੋਹੜ ਹਸਤੀ ਸੰਤ ਸਿੰਘ ਸੇਖੋਂ ਵਾਂਗ ਖੁੱਲ੍ਹ-ਦਿਲਾ ਅਤੇ ਉਦਾਰਚਿੱਤ। ਉਹ ਸਾਡਾ ਮਨ ਜਿੱਤ ਲੈਂਦਾ ਹੈ। ਅਨੁਭਵ ਪੱਖ ਤੋਂ ਉਸ ਨੇ ਤਿੰਨ ਚੌਥਾਈ ਦੁਨੀਆ ਗਾਹੀ ਹੈ, ਹਰ ਤਰ੍ਹਾਂ ਦੇ ਪ੍ਰਭਾਵ ਨੂੰ ਕਬੂਲਿਆ, ਪਰ ਫੇਰ ਵੀ ਪੰਜਾਬੀਅਤ ਨੂੰ ਬਚਾ ਕੇ ਰੱਖਿਆ ਹੈ। ਆਪਣੀ ਜੀਵਨ ਸਾਥਣ ਕਸ਼ਮੀਰ ਕੌਰ ਅਤੇ ਬੇਟੇ ਅੰਮ੍ਰਿਤਪਾਲ-ਸਹਿਜਪਾਲ ਦੇ ਭਾਰਤੀ ਸਭਿਆਚਾਰ ਦੇ ਅਨੁਸਾਰੀ ਹੋਣ ਉੱਤੇ ਮਾਣ ਮਹਿਸੂਸ ਕਰਦਾ ਪਰ ਭਾਰਤੀ ਜੁਗਾੜ-ਵਿਆਹ ਦੀ ਸੰਸਥਾ ਨੂੰ ਦਿਲ ਖੋਲ੍ਹ ਕੇ ਨਿੰਦਦਾ ਭੰਡਦਾ ਹੈ। ਟਕਸਾਲੀ ਮਾਰਕਸਵਾਦੀ ਫਲਸਫੇ ਨੂੰ ਸਤਿਕਾਰਦਾ, ਪਰ ਮਾਰਕਸੀ ਪਾਖੰਡਵਾਦ ਨੂੰ ਭਾਂਪਦਿਆਂ ਭੜਕ ਉੱਠਦਾ ਹੈ। ਪੰਜਾਬ, ਕੀਨੀਆ, ਅਮਰੀਕਾ, ਇੰਗਲੈਂਡ, ਫਰਾਂਸ, ਕੈਨੇਡਾ ਉਹ ਜਿੱਥੇ ਵੀ ਗਿਆ, ਉੱਥੇ ਹੀ ਉਸ ਨੇ ਆਪਣਾ ਸੰਸਾਰ ਸਿਰਜ ਲਿਆ।

ਆਪਣਾ ਦੇਸ ਕਿਆ ਹੈ ਪਿਆਰੇ?
ਆਪਣਾ ਦੇਸ ਤਾਂ ਕੇਵਲ ਮੈਂ ਹਾਂ।

ਉਸਨੇ ਮਨੁੱਖ ਦੇ ਵਿਸ਼ਵਵਿਆਪੀ ਭਾਈਚਾਰੇ, ਮਾਨਸਿਕ ਗੁੰਝਲਾਂ ਤੇ ਨਵੀਨ ਅਨੁਭਵ ਅਨੁਸਾਰ ਲਿਖਿਆ ਹੈ:

ਮੈਂ ਤਾਂ ਇਕ ਅਘਰਵਾਸੀ ਹਾਂ, ਢੁੱਕ ਕੇ ਬੁਚਕੀ ਜਦੋਂ ਤੁਰਾਂਗਾ
ਖੁੱਲ੍ਹਣਗੇ ਸੜਕਾਂ ਦੇ ਦੁਆਰ!
ਮੈਂ ਰਾਵਣ ਦਾ ਦਸਵਾਂ ਸਿਰ ਹਾਂ, ਮੈਂ ਹੀ ਰਾਮ ਅਵਤਾਰ!

ਉਸ ਨੇ ਨੌਂ ਕਹਾਣੀ ਸੰਗ੍ਰਹਿ, ਬਾਰਾਂ ਕਾਵਿ ਨਾਟਕ, ਅਠਾਰਾਂ ਕਾਵਿ ਸੰਗ੍ਰਹਿ, ਇਕ ਸਫ਼ਰਨਾਮਾ, ਦੋ ਆਤਮਕਥਾ, ਚਾਰ ਆਲੋਚਨਾ ਦੀਆਂ ਪੁਸਤਕਾਂ ਸਿਰਜਦਿਆਂ ਨਵੀਨ ਤਜਰਬਿਆਂ ਨੂੰ ਆਪਣੇ ਸਾਹਿਤ ਦਾ ਹਿੱਸਾ ਬਣਾ ਕੇ, ਨਵੀਂ ਭਾਸ਼ਾ, ਸਵੈ-ਸਿਰਜੇ ਨਵੇਂ ਸ਼ਬਦਾਂ ਤੇ ਚਿੰਨ੍ਹਾਂ ਰਾਹੀਂ ਬੜੀ ਬੇਬਾਕੀ ਨਾਲ ਪੰਜਾਬੀ ਵਿਚ ਪ੍ਰਗਟਾਉਣ ਦੀ ਹਿੰਮਤ ਵੀ ਕੀਤੀ ਹੈ।

ਕੁਲਵੰਤ ਸਿੰਘ ਵਿਰਕ ਅਨੁਸਾਰ ਉਹ ਜਿੱਥੇ ਵੀ ਗਿਆ, ਉੱਥੇ ਦੇ ਲੋਕਾਂ ਵਿਚ ਰਚ-ਮਿਚ ਕੇ ਵਿਚਰਿਆ ਹੈ। ਵੱਡੇ ਛੇੜ ਵਿਚ ਆਈ ਨਵੀਂ ਮੱਝ ਗਾਂ ਵਾਂਗ ਉਹ ਕੰਧ ਨਾਲ ਲੱਗ ਕੇ ਨਹੀਂ ਖਲੋਤਾ ਰਿਹਾ। ਇਸ ਲਈ ਉਦਰੇਵੇਂ ਦੀ ਥਾਂ ਉਸਦੇ ਸਾਹਿਤ ਵਿਚ ਬਾਹਰਲੇ ਦੇਸ਼ਾਂ ਦੇ ਇਸਤਰੀ-ਮਰਦ ਜਿਊਂਦੇ-ਵਸਦੇ, ਪੰਜਾਬੀ ਪਾਤਰਾਂ ਨਾਲ ਖਹਿੰਦੇ-ਵਿਚਰਦੇ ਨਜ਼ਰ ਆਉਂਦੇ ਹਨ। ਉਸਦੀਆਂ ਕਹਾਣੀਆਂ ਸਮੁੱਚੀ ਮਨੁੱਖਤਾ ਨਾਲ ਸੰਬੰਧ ਰੱਖਦੀਆਂ ਹਨ। ਡਾ. ਰਘਬੀਰ ਸਿੰਘ ਸਿਰਜਣਾ ਦੇ ਸ਼ਬਦਾਂ ਵਿਚ "ਰਵੀ ਬਹੁ-ਪੱਖੀ ਪ੍ਰਤਿਭਾ ਵਾਲਾ ਲੇਖਕ ਹੈ ਜਿਸਨੇ ਪੰਜਾਬ ਕਹਾਣੀ ਨੂੰ ਅਜਿਹਾ ਵਿਸ਼ੇਗਤ ਪਾਸਾਰ ਦਿੱਤਾ ਹੈ ਜਿਸ ਵਿਚ ਪੰਜਾਬੀ ਸਾਹਿਤ-ਜਗਤ ਆਪਣੇ ਸੀਮਤ ਜਿਹੇ ਭੌਖੰਡ ਤੋਂ ਫੈਲ ਕੇ ਸਮੁੱਚੀ ਧਰਤੀ ਦੇ ਜੀਵਨ ਨੂੰ ਆਪਣੇ ਕਲਾਵੇ ਵਿਚ ਲੈਂਦਾ ਹੈ।" ਸੰਤ ਸਿੰਘ ਸੇਖੋਂ, ਕਰਤਾਰ ਸਿੰਘ ਦੁੱਗਲ, ਹਰਿਭਜਨ ਸਿੰਘ, ਗੁਰਚਰਨ ਸਿੰਘ, ਕਿਰਪਾਲ ਸਿੰਘ ਕਸੇਲ ਵਰਗੇ ਆਲੋਚਕਾਂ-ਸਾਹਿਤਕਾਰਾਂ ਨੇ ਉਸਦੇ ਸਿਰਜੇ 'ਨਵੇਂ ਬਹਾਦਰ ਸੰਸਾਰ' ਨੂੰ ਸਲਾਹਿਆ ਹੈ।

ਪ੍ਰੋ: ਪਿਆਰਾ ਸਿੰਘ ਗਿੱਲ-ਮਾਤਾ ਚਰਨਜੀਤ ਕੌਰ ਦੇ ਘਰ 1937 ਵਿਚ ਸਿਆਲਕੋਟ ਵਿਖੇ ਜਨਮੇ, ਜਗਤਪੁਰ (ਨਵਾਂਸ਼ਹਿਰ) ਵਿਚ ਪ੍ਰਵਾਨ ਚੜ੍ਹੇ, ਲਗਪਗ ਅੱਧੀ ਸਦੀ ਤੋਂ ਸੱਤ ਸਮੁੰਦਰੋਂ ਪਾਰ ਕੈਨੇਡਾ 'ਟੈਰਸ' ਵਿਚ ਵਸਦੇ ਇਸ ਸਰਬਾਂਗੀ ਸਾਹਿਤਕਾਰ ਨੇ ਆਪਣੇ ਆਪ ਨੂੰ

ਹਮੇਸ਼ਾ ਪੰਜਾਬੀ ਸਾਹਿਤ ਦੀ ਮੁੱਖ ਧਾਰਾ ਨਾਲ ਜੋੜੀ ਰੱਖਿਆ ਹੈ। ਉਸਦਾ ਸਾਹਿਤ ਸਦਾ ਸਮੇਂ ਤੋਂ ਅੱਗੇ ਤੁਰਦਾ, ਕਦੇ ਕਦਾਈਂ ਰੂੜ੍ਹੀਵਾਦੀ ਰੁਚੀਆਂ ਦਾ ਨਿਸ਼ਾਨਾ ਵੀ ਬਣਦਾ ਰਹਿੰਦਾ ਹੈ। ਪੇਸ਼ ਹਨ ਪਿੱਛੇ ਜਿਹੇ ਵੈਨਕੂਵਰ ਵਿਚ ਉਸ ਨਾਲ ਕੀਤੀ ਮੁਲਾਕਾਤ ਦੇ ਕੁਝ ਅੰਸ਼:

-ਅਵਤਾਰ ਸਿੰਘ ਬਿਲਿੰਗ

- ਰਵੀ ਸਾਹਿਬ! ਆਪਣੇ ਬਚਪਨ ਬਾਰੇ ਕੋਈ ਅਜਿਹੀ ਗੱਲ ਦੱਸੋ ਜਿਹੜੀ ਕਿਸੇ ਝਿਜਕ ਕਾਰਨ ਪਹਿਲਾਂ ਕਿਧਰੇ ਨਹੀਂ ਦੱਸ ਸਕੇ?

-ਝਿਜਕ ਤਾਂ ਮੈਨੂੰ ਕਦੇ ਵੀ ਨਹੀਂ ਹੋਈ, ਅਵਤਾਰ ਜੀ! ਬਚਪਨ 'ਚ ਮੇਰੇ ਘੁੰਗਰਾਲ਼ੇ ਵਾਲ਼ ਹੁੰਦੇ ਸੀ। ਸਿਰ 'ਚ ਫੋੜੇ ਹੋ ਜਾਣ ਕਾਰਨ ਹਕੀਮ ਨੇ ਸਿਰ ਮੁੰਨ ਕੇ ਟਿੰਡ ਬਣਾ ਦਿੱਤੀ ਅਤੇ ਲਾਲ ਦਵਾਈ ਲਾ ਦਿੱਤੀ। ਵਾਲ਼ਾਂ ਤੋਂ ਬਗ਼ੈਰ ਆਪਣੇ ਆਪ ਨੂੰ ਪਹਿਲੀ ਵਾਰ ਦੇਖ ਕੇ ਬੜਾ ਰੋਇਆ। ਰਾਜ਼ੀ ਹੋਇਆ ਤਾਂ ਗੱਲ ਆਈ ਗਈ ਹੋ ਗਈ। ਸੰਤਾਲ਼ੀ ਤੋਂ ਬਾਅਦ ਅਸੀਂ ਸਿਆਲਕੋਟ ਤੋਂ ਜੱਦੀ ਪਿੰਡ ਜਗਤਪੁਰ ਆਏ ਤਾਂ ਮੈਨੂੰ ਦੇਖ ਕੇ ਹੈਰਾਨੀ ਹੋਈ ਕਿ ਮੇਰੀ ਮਾਂ ਮੇਰੇ ਉਹ ਲੰਬੇ ਵਾਲ਼, ਮੇਰੀਆਂ ਤੇ ਮੇਰੇ ਭਰਾ ਜੰਗ ਬਹਾਦਰ ਦੀਆਂ ਛੋਟੀਆਂ ਪੁਸ਼ਾਕਾਂ ਇਕ ਸੰਦੂਕੜੀ ਜਿਹੀ 'ਚ ਸੰਭਾਲ਼ ਕੇ ਕੀਮਤੀ ਅਮਾਨਤ ਵਾਂਗ ਨਾਲ਼ ਲੈ ਆਈ ਸੀ ਜਿਸ ਤੋਂ ਮੈਨੂੰ ਇਕ ਮਾਂ ਦੀ ਬੱਚਿਆਂ ਲਈ ਡੂੰਘੀ ਮਮਤਾ ਦਾ ਅਹਿਸਾਸ ਹੋਇਆ:

ਮੋਹ ਮਾਇਆ ਦੇ ਕਈ ਸਿਰਨਾਵੇਂ, ਮਾਂ ਦਾ ਇਕ ਸਿਰਨਾਵਾਂ!

- ਪੰਜਾਬੀ ਯੂਨੀਵਰਸਿਟੀ ਵੱਲੋਂ ਛਪੀ ਤੁਹਾਡੀ ਸਵੈ ਜੀਵਨੀ 'ਮੇਰਾ ਜੀਵਨ-ਮੇਰਾ ਸਾਹਿਤ' ਅਨੁਸਾਰ ਤੁਹਾਡਾ ਜੀਵਨ ਸਦਾ ਵਿਰੋਧੀ ਜੁੱਟਾਂ ਦਾ ਮੇਲ ਰਿਹਾ ਹੈ। ਉਹ ਕਿਵੇਂ ਜੀ?

-ਪਹਿਲਾ ਵਿਰੋਧ-ਜੁੱਟ ਮੇਰਾ ਨਾਉਂ ਹੈ - ਰਵਿੰਦਰ! ਜੋ ਰਵੀ ਤੇ ਇੰਦਰ ਦਾ ਸਮਾਸ ਹੈ। ਸੂਰਜ ਤੇ ਵਰਖਾ ਦਾ ਵਿਰੋਧ। ਅੱਗੇ ਦੇਖੋ! ਰਹਿੰਦੇ ਅਸੀਂ ਵੱਡੇ ਸ਼ਹਿਰ ਸਿਆਲਕੋਟ ਵਿਚ ਸੀ। ਛੁੱਟੀਆਂ ਕੱਟਣ ਪਛੜੇ ਪਿੰਡ ਜਗਤਪੁਰ ਆਉਂਦੇ। ਸ਼ਹਿਰੋਂ ਆ ਕੇ ਪਿੰਡ ਦੀਆਂ ਰੂੜੀਆਂ-ਪਹਿਆਂ 'ਚ ਖੇਡਣਾ! ਉੱਥੇ ਜੰਮੇ ਅੰਬ ਪੁੱਟ ਕੇ, ਗੁੱਠਲੀਆਂ ਘਿਸਾ ਕੇ ਪੀਪਨੀਆਂ ਬਣਾਉਣੀਆਂ! ਰੇਲ ਗੱਡੀ ਬਨਾਮ ਗੱਡੇ ਦਾ ਸਫ਼ਰ! ਸ਼ਹਿਰੀ ਪੁਸ਼ਾਕ ਬਨਾਮ ਨੰਗੇ ਪੈਰ। ਕੁਦਰਤ ਵਾਂਗ ਸਭ ਵਿਰੋਧੀ ਜੁੱਟ ਹੀ ਤਾਂ ਸਨ।

-ਸਭ ਤੋਂ ਵੱਧ ਖ਼ੁਸ਼ ਕਦੋਂ ਹੁੰਦੇ ਹੋ?

-ਜਦੋਂ ਕੋਈ ਰਚਨਾ ਹੋ ਜਾਵੇ। ਅੱਜ ਕੱਲ ਜੇ ਕੋਈ ਮੇਰਾ ਨਾਟਕ ਖੇਡ ਦੇਵੇ, ਜਿਵੇਂ ਹੁਣੇ ਪੰਜ ਜੁਲਾਈ ਨੂੰ ਕੇਵਲ ਧਾਲੀਵਾਲ ਅੰਮ੍ਰਿਤਸਰ ਵਿਖੇ 'ਚੱਕਰਵਿਊ ਤੇ ਪਿਰਾਮਿਡ' ਖੇਡ ਰਿਹਾ ਹੈ। ਉਦੋਂ ਤਾਂ ਆਨੰਦ ਆ ਜਾਂਦੈ। ਸ਼ਾਮ ਨੂੰ ਜਦੋਂ ਕਿਤੇ ਮਿੱਤਰਾਂ ਦੀ ਮਹਿਫ਼ਲ ਸਜੀ ਹੋਵੇ, ਜੰਗਲ਼ 'ਚ ਮੰਗਲ਼ ਲੱਗ ਜਾਂਦੈ।

- ਕੀ ਤੁਸੀਂ ਰੱਬ ਨੂੰ ਸੱਚੀਓਂ ਨਹੀਂ ਮੰਨਦੇ? ਫੇਰ ਕਵਿਤਾ ਵਿਚ ਰੇਖਾਵਾਂ, ਸਬੱਬ ਦਾ ਜ਼ਿਕਰ ਵਾਰ ਵਾਰ ਕਿਉਂ?

- ਉਹ ਪ੍ਰਤੀਕ ਵਜੋਂ ਹੈ। ਦੇਖੋ ਜੀ, ਤੁਸੀਂ ਅੰਗਰੇਜ਼ੀ ਦੀ ਐੱਮ. ਏ. ਕੀਤੀ ਹੈ, ਤੁਹਾਨੂੰ ਪਤਾ ਹੀ ਹੋਣਾ ਕਿ ਜੀਵਨ ਵਿਚ ਬੜਾ ਕੁਝ ਮਨੁੱਖ ਦੀ ਸਮਝ ਅਤੇ ਕਿਆਫਿਆਂ ਤੋਂ ਪਰੇ ਵੀ ਹੈ। ਪਰ ਸ਼ਬਦ ਨੂੰ ਬਣਾਉਣ ਵਾਲਾ ਇਕੋ ਇਕ ਜਾਨਵਰ ਮਨੁੱਖ ਹੈ ਜਿਸ ਕੋਲ ਸੋਚ, ਬੁੱਧੀ ਅਤੇ ਭਾਸ਼ਾ ਹੈ :

ਮੇਰੇ ਬੀਜ ਵਿਚ ਬ੍ਰਹਮ-ਬ੍ਰਹਮੰਡ, ਮੇਰੇ ਅੰਦਰ ਸੂਰਜ-ਤਾਰੇ
ਮੈਨੂੰ ਕੱਢ ਕੇ ਮੇਰੀ ਗੁਫਾ 'ਚੋਂ, ਮੇਰੀ ਅੰਬਰੀਂ ਪੀਂਘ ਚੜ੍ਹਾ ਦੇ
ਮੈਂ ਕਾਲ-ਮੁਕਤ ਇਕ ਲੋਚਾ...

ਸੋਚ ਦੀ ਨਿਰੰਤਰਤਾ ਦੀ ਗੱਲ ਹੈ।

- ਕੀ ਤੁਹਾਡਾ ਸੁਭਾਅ ਸ਼ੁਰੂ ਤੋਂ ਹੀ ਚੰਚਲ ਤੇ ਰਸੀਲਾ ਸੀ ਜਿਹੜੇ ਸਰਦਾਰਨੀ ਕਸ਼ਮੀਰ ਕੌਰ ਨਾਲ ਮੰਗਣਾ ਹੋਏ ਤੋਂ ਵੀ ਕਿਸੇ ਲੇਡੀ-ਟੀਚਰ-ਸਹੇਲੀ ਨਾਲ ਪਿਆਰ ਪੀਂਘਾਂ ਝੂਟਦੇ ਰਹੇ, ਹਾਲਾਂਕਿ

ਉਹ ਸਮਾਂ ਮੰਗੇਤਰ ਨਾਲ ਸੰਭਾਵੀ ਵਸਲ ਦੀ ਉਡੀਕ ਦਾ ਹੁੰਦੈ?

- ਉਹ ਜ਼ਮਾਨਾ ਸੀ ਜੀ ਜਦੋਂ ਪਤਨੀ ਦੇ ਦਰਸ਼ਨ ਵਿਆਹ ਤੋਂ ਬਾਅਦ ਕਰਦੇ ਸੀ। ਵਿਆਹ ਤੋਂ ਕਈ ਸਾਲ ਪਿੱਛੋਂ ਮੁਕਲਾਵਾ, ਫੇਰ ਤਰੌਜਾ ਆਉਣ ਤੋਂ ਮਗਰੋਂ ਲੰਬਾ ਚੱਕਰ ਸੀ। ਏਥੇ ਨਵੀਂ ਅਣਲਿਖੀ ਗੱਲ ਇਹ ਹੈ ਕਿ ਅੱਠਵੀਂ ਵਿਚ ਪੜ੍ਹਦਿਆਂ ਮੇਰੀ ਮੰਗਣੀ ਹੋ ਗਈ। ਬਾਬੇ ਸਾਡੇ ਨੂੰ ਇਕ ਵਿਚੋਲਾ ਟੱਕਰ ਗਿਆ, ਉਸਨੇ ਦੱਸਿਆ, ਕੁੜੀ ਦੇ ਪਿਓ ਨੂੰ ਚੰਗੀ ਜ਼ਮੀਨ ਹੈ, ਨੰਬਰਦਾਰ ਹੈ, ਤਾਂ ਸ਼ੱਕਰ ਦੀ ਮੁੱਠ, ਪੰਜ ਛੁਹਾਰੇ, ਇਕ ਰੁਪਿਆ ਪਾ ਕੇ ਮੇਰੀ ਮੰਗਣੀ ਘਰੇ ਹੋ ਗਈ। ਕੋਈ ਗਿਆਨ ਨਹੀਂ, ਵਿਆਹ ਦੇ ਸੰਕਲਪ ਦੀ ਸੋਝੀ ਨਹੀਂ, ਬੱਸ ਬਾਬੇ ਨੇ ਜੁਗਾੜ ਬੰਨ੍ਹ ਤਾ!

-ਜੇ.ਬੀ.ਟੀ. ਟੀਚਰ ਤੁਸੀਂ ਕਦੋਂ ਲੱਗੇ ਸੀ?

- ਇਹ ਤਾਂ ਬਾਅਦ ਦੀਆਂ ਗੱਲਾਂ ਨੇ ਜੀ। ਮੈਂ ਕਾਲਿਜ ਗਿਆ। ਤਿੰਨ ਵਾਰੀ ਐੱਫ. ਐੱਸ. ਸੀ. 'ਚੋਂ ਫੇਲ੍ਹ ਹੋਇਆ। ਫੇਰ ਕੋਰਸ! ਮੈਂ 1956 'ਚ ਟੀਚਰ ਲੱਗਾ ਸਾਂ। ਅੱਠ ਵਰ੍ਹੇ ਮੈਂ ਆਪਣੇ ਪਿੰਡ ਜਗਤਪੁਰ ਹੀ ਪੜ੍ਹਾਇਆ ਹੈ।

-ਪ੍ਰੋ.ਪਿਆਰਾ ਸਿੰਘ ਗਿੱਲ ਦੇ ਸਪੁੱਤਰ ਹੋ ਕੇ ਤੁਹਾਡਾ ਸਿਰਫ ਜੇ.ਬੀ.ਟੀ.ਟੀਚਰ ਬਣਨਾ ਮੈਨੂੰ ਬਹੁਤ ਅਜੀਬ ਲੱਗਿਆ ਹੈ। ਕੀ ਇਸ ਵਿਚ ਵੀ ਤੁਹਾਡੀ ਅਵਾਰਾਗ਼ਰਦੀ ਦਾ ਦਖਲ ਤਾਂ ਨਹੀਂ ਸੀ?

-ਇਹਦੇ 'ਚ ਕਈ ਦਖ਼ਲ ਨੇ ਬਿਲਿੰਗ ਜੀ। ਵੱਡਾ ਕਾਰਨ ਤਾਂ ਇਹ ਸੀ ਕਿ ਸਾਇੰਸ ਵਿਚ ਮੇਰੀ ਦਿਲਚਸਪੀ ਨਹੀਂ ਸੀ। ਮੇਰਾ ਬਾਪੂ ਮੈਨੂੰ ਡਾਕਟਰ ਬਣਾਉਣਾ ਲੋਚਦਾ ਸੀ। ਵਿਸ਼ੇ ਦੀ ਗ਼ਲਤ ਚੋਣ ਅਸਲ ਕਾਰਨ ਸੀ। ਸੁਭਾਅ ਤੋਂ ਉਲਟ ਵਿਸ਼ੇ ਲੈ ਕੇ ਬੱਚਾ ਚੱਲ ਹੀ ਨਹੀਂ ਸਕਦਾ। ਦੂਜੇ ਮੈਨੂੰ ਫਿਲਮਾਂ ਦਾ ਸ਼ੌਕ ਸੀ। ਅਵਾਰਾਗ਼ਰਦੀ ਉਦੋਂ ਏਹੀ ਸ਼ੌਕ ਹੁੰਦਾ ਸੀ, ਇਸ਼ਕ-ਮੁਸ਼ਕ ਘੱਟ ਹੀ ਹੁੰਦੇ। ਇਕ ਤਰਫ਼ਾ ਇਸ਼ਕ ਜਾਂ Platonic Love ਹੀ ਹੁੰਦਾ ਜੋ ਮੈਂ ਵੀ ਕੀਤਾ ।

- ਪਰ ਲੇਡੀ-ਟੀਚਰ ਵਾਲਾ ਇਸ਼ਕ ਤਾਂ ਅਸਲੀ ਸੀ?

-ਪੂਰਾ! ਉਸਨੂੰ ਵੀ ਲਿਖਣ ਦਾ ਸ਼ੌਕ ਸੀ। 'ਨਿਰਦੋਸ਼' ਤਖੱਲਸ ਹੇਠ ਕਵਿਤਾ ਲਿਖਦੀ। ਬੜਾ ਹੀ ਗਰਮ ਤੇ ਜੰਗਲੀ ਕਿਸਮ ਦਾ (Hot and Wild) ਇਸ਼ਕ ਸੀ ਸਾਡਾ।

- ਤੁਸੀਂ ਲਿਖਿਐ ਕਿ ਸਾਰੀ ਉਮਰ ਤੁਸੀਂ ਆਪਣੇ ਅੰਦਰਲੀ ਔਰਤ ਦੀ ਭਾਲ ਵਿਚ ਰੂਹਾਂ, ਹੁਸਨਾਂ ਦੇ ਵਣਾਂ 'ਚ ਭਟਕਦੇ ਰਹੇ ਹੋ। ਕੀ ਇਹ ਤਲਾਸ਼ ਤੁਹਾਡੇ ਵਿਆਹੁਤਾ ਜੀਵਨ 'ਚ ਅੜਿੱਕਾ ਤਾਂ ਨਹੀਂ ਬਣੀ?

- ਮੈਂ ਘੱਟ ਕੋਈ ਨਹੀਂ ਗੁਜ਼ਾਰੀ ਪਰ ਕਸ਼ਮੀਰ ਕੌਰ ਦੇ ਸੰਸਕਾਰ ਹੀ ਅਜਿਹੇ ਸਨ ਜਿਹੜੀ ਇਹ ਤਲਾਸ਼ ਅੜਿੱਕਾ ਨਹੀਂ ਬਣੀ। ਜੇ ਜ਼ਿੰਦਗੀ ਵਿਚ ਮਾੜੀ ਮੋਟੀ ਟੈਨਸ਼ਨ ਨਾ ਹੋਵੇ, ਕਾਊਂਟਰ-ਟੈਨਸ਼ਨ ਨਾ ਹੋਵੇ ਤਾਂ ਜ਼ਿੰਦਗੀ ਨੀਰਸ ਹੋ ਜਾਂਦੀ ਹੈ। ਇਹ ਥੋੜ੍ਹੀ ਆਉਣੀ ਚਾਹੀਦੀ ਹੈ, ਸਾਡੇ ਵਿਚ ਵੀ ਆਈ, ਆਉਂਦੀ ਰਹੀ। ਕੁਝ ਜੀਵਨ ਦਾ ਕਰੂਰ ਯਥਾਰਥ ਸੀ-ਮੇਰਾ ਕੀਨੀਆ ਵਿਖੇ ਅੱਠ ਸਾਲ ਇਕੱਲੇ ਰਹਿਣਾ-ਆਰਥਿਕ ਕਾਰਨ ਵੀ ਸੀ। ਇੰਡੀਆ ਵਿਚ ਰਹਿ ਕੇ 244/- ਰੁਪਏ ਵਿਚ ਗੁਜ਼ਾਰਾ ਕਰਨਾ। ਏਹੀ ਬੰਦਾ ਜਦੋਂ ਏਸੇ ਯੋਗਤਾ ਨਾਲ ਕੀਨੀਆ ਆ ਜਾਂਦੈ ਤਾਂ ਤਨਖਾਹ 1621 ਰੁਪਏ ਤੇ ਖ਼ਰਚਾ ਬਹੁਤ ਥੋੜ੍ਹਾ। ਸੋ ਏਥੇ ਜੋ ਮਰਜ਼ੀ ਕਰਨ ਦੀ ਵੀ ਖੁੱਲ੍ਹ ਸੀ। ਮੈਂ ਤਾਂ ਫੈਂਟਸੀ ਵਾਂਗ ਜੀਵਿਆ ਹੈ। ਇਹ ਸੋਚਦਾ ਕਿ ਕਿੱਥੇ ਗ਼ਲਤ ਮੁਲਕ 'ਚ ਪੈਦਾ ਹੋ ਗਏ ਜਿੱਥੇ ਇਕ ਤੀਵੀਂ ਸਾਰੀ ਉਮਰ ਲਈ ਗਲ਼ ਬੰਨ੍ਹ ਕੇ ਬਹਿ ਗਏ...

- ਤੁਸੀਂ ਵਿਆਹ ਦੀ ਸੰਸਥਾ ਨਾਲ ਸੰਤੁਸ਼ਟ ਨਹੀਂ ਸੀ?

- ਮੇਰਾ ਤਾਂ ਬੁੜ੍ਹਿਆਂ ਨੇ ਜੁਗਾੜ ਬੰਨ੍ਹ ਤਾ ਸੀ। ਮੇਰੀ ਮਰਜ਼ੀ ਨਾਲ ਵਿਆਹ ਥੋੜ੍ਹੋ ਹੋਇਆ ?

- ਫੇਰ ਵੀ ਤੁਸੀਂ ਵਿਆਹ-ਬੰਧਨ ਤੋਂ ਮੁਕਤ ਕਿਉਂ ਨਹੀਂ ਹੋਏ, ਜਿਵੇਂ ਕਈ ਪਰਵਾਸੀ ਲੇਖਕਾਂ ਨੇ ਜੁਗਾੜ ਵਾਲਾ ਜੂਲ਼ਾ ਪਰ੍ਹਾਂ ਵਗਾਹ ਮਾਰਿਆ?

– ਦੇਖੋ ਜੀ, ਉਸ ਟੀਚਰ ਕੁੜੀ ਨੇ ਮੇਰੇ ਸਹੁਰੇ ਪਿੰਡ ਚਿੱਠੀ ਪਾ ਦਿੱਤੀ ਕਿ ਉਹ ਕਸ਼ਮੀਰ ਨੂੰ ਕਿਧਰੇ ਹੋਰ ਮੰਗ ਦੇਣ। ਮੇਰੇ 'ਤੇ ਪਰੈਸ਼ਰ ਪੈਣ ਲੱਗਿਆ। ਮੈਂ ਆਪਣੇ ਬਾਬਾ ਜੀ ਜਵਾਲਾ ਸਿੰਘ ਨੂੰ ਬਹੁਤ ਪਿਆਰ ਕਰਦਾ ਸੀ, ਉਹਨਾਂ ਦੀ ਗੱਲ ਨਹੀਂ ਮੋੜ ਸਕਿਆ। ਅੱਛਾ, ਸ਼ਾਦੀ ਮੇਰੀ 1960 'ਚ ਹੋਈ, 1962 ਵਿਚ ਵੱਡਾ ਲੜਕਾ, 1967 ਵਿਚ ਦੂਜਾ ਬੇਟਾ ਪੈਦਾ ਹੋ ਗਿਆ। ਉਦੋਂ ਹੀ ਮੈਂ ਕੀਨੀਆ ਜਾ ਉਤਰਿਆ, ਜਿੱਥੇ ਵਿਆਹ ਦਾ ਸੰਕਲਪ ਹੀ ਹੋਰ ਸੀ– ਮਨ ਮਿਲਦੇ ਹਨ ਜੁੜੇ ਰਹੋ, ਨਹੀਂ ਤਾਂ ਭੇਡਾਂ-ਬੱਕਰੀਆਂ ਦੇ ਪੈਸੇ ਮੋੜੋ, ਹੋਰ ਸਾਥੀ ਲੱਭ ਲਓ। ਸ਼ਾਦੀ ਸਾਰੀ ਉਮਰ ਲਈ ਬੰਧਨ ਨਹੀਂ ਬਣਦੀ... ਮੈਨੂੰ ਵਿਆਹ ਦੇ ਮੌਕੇ ਬਹੁਤ ਜੁੜੇ ਪਰ ਮੈਂ ਕਿਸੇ ਨੂੰ ਹਾਂ ਨਹੀਂ ਸੀ ਕੀਤੀ। ਸੰਸਕਾਰ ਕਹਿ ਲਓ। ਮੇਰੇ ਪਿਤਾ ਜੀ ਨੇ ਕਿਹਾ ਸੀ, ਤੂੰ ਜਿਵੇਂ ਮਰਜ਼ੀ ਰਹਿ ਪਰ ਪਰਿਵਾਰ ਤੇ ਬੱਚਿਆਂ ਨੂੰ ਨਾਲ ਲੈ ਜਾਹ। ਸਾਡਾ ਟੋਕਣ ਦਾ ਹੱਕ ਨਾ ਖੋਹਵੇ, ਕਰੇ ਜੋ ਮਰਜ਼ੀ। ਘਰ ਵਿਚ ਵੀ ਮੇਰਾ ਏਹੀ ਸਮਝੌਤਾ ਸੀ।

– ਜਿਵੇਂ ਤੁਹਾਡੀ ਕਹਾਣੀ 'ਪਿੱਠ ਦੀ ਸਾਂਝ' ਦੇ ਪਾਤਰਾਂ ਵਿਚਕਾਰ ਹੋ ਜਾਂਦਾ ਹੈ?

– ਹਾਂ ਜੀ! ਉਹ ਕਹਾਣੀ ਅਸਲ 'ਚ ਮੈਂ ਕੀਨੀਆ ਦੇ ਕਿਕਯੂ ਕਬੀਲੇ ਦੇ ਵਿਆਹ ਦੀਆਂ ਰੀਤਾਂ ਸੰਬੰਧੀ ਲਿਖੀ ਸੀ ਜਿੱਥੇ ਵਿਆਹ ਤੋਂ ਪਹਿਲਾਂ ਔਰਤ ਤੇ ਮਰਦ ਦੋਹਾਂ ਲਈ ਭੋਗਵਿਲਾਸ ਦੇ ਦਰ ਖੁੱਲ੍ਹੇ ਸਨ। ਵਿਆਹ ਤੋਂ ਬਾਅਦ ਸਿਰਫ਼ ਔਰਤ ਲਈ ਸਾਰੇ ਦਰਵਾਜ਼ੇ ਬੰਦ ਹੋ ਜਾਂਦੇ, ਪਰ ਮਰਦ ਦੀ ਅਵਾਰਾਗ਼ਰਦੀ ਜਾਰੀ ਰਹਿੰਦੀ। ਔਰਤ ਦੇ ਵਿਆਹ ਦਾ ਮੁੱਲ ਮਰਦ ਨੂੰ ਭੇਡਾਂ-ਬੱਕਰੀਆਂ ਦੇ ਰੂਪ ਵਿਚ ਤਾਰਨਾ ਪੈਂਦਾ। ਜਦੋਂ ਉੱਥੋਂ ਦੀ ਔਰਤ ਪੜ੍ਹ ਲਿਖ ਗਈ ਤਾਂ ਉੱਥੇ ਮਰਦ ਨੂੰ ਮਿਲੀ ਇਹ ਸਮਾਜਕ ਰਿਆਇਤ ਔਰਤ ਨੂੰ ਖਟਕਣ ਲੱਗ ਪਈ। ਕਹਾਣੀ ਵਿਚ ਨੌਬਤ ਤਲਾਕ ਤਕ ਆ ਗਈ ਤਾਂ ਉਸ ਜੋੜੀ ਦੇ ਜਵਾਕ ਦੋਹਾਂ ਮਾਪਿਆਂ ਦੀਆਂ ਪਿੱਠਾਂ ਵਿਚਕਾਰ ਆ ਖੜੋਤੇ, ਉਹ ਇਕ ਦੂਜੇ ਨਾਲੋਂ ਟੁੱਟ ਹੀ ਨਹੀਂ ਸਕੇ।

–ਜਲੰਧਰ ਦੇ ਕੌਫੀ ਹਾਊਸ'ਚ ਮਿਲਦੇ ਰਹੇ ਤੁਹਾਡੇ ਯਾਰ ਬੇਲੀ ਤੁਹਾਡੀ ਪਰਵਾਸ ਬਾਰੇ ਲਿਖੀ ਪਹਿਲੀ ਪੰਜਾਬੀ ਕਹਾਣੀ ਦੇ ਇਕ ਪਾਤਰ ਚਾਚੇ ਵਾਂਗ-'ਖਾਓ-ਪੀਓ ਐਸ਼ ਕਰੋ ਮਿੱਤਰੋ' ਦੀ ਫਿਲਾਸਫੀ ਦੇ ਧਾਰਨੀ ਸਨ। ਕੀ ਕੋਈ ਅਜਿਹੇ ਜਿਗਰੀ ਯਾਰ ਵੀ ਮਿਲੇ ਜੋ ਪਦਾਰਥ ਦੀ ਭੁੱਖ ਤੋਂ ਬਗ਼ੈਰ ਲੰਬਾ ਸਮਾਂ ਨਾਲ ਨਿਭੇ ਹੋਣ?

– ਪਹਿਲੀ ਗੱਲ ਕਹਾਣੀ ਬਾਰੇ ਕਰੀਏ। ਇਸ ਕਹਾਣੀ ਦਾ ਮੁੱਖ ਪਾਤਰ ਬਹੁਤ ਮਾਯੂਸ ਹੈ ਜਿਸਦੇ ਪਿਓ ਨੂੰ ਸਮੁੰਦਰ ਨੇ ਨਿਗਲ਼ ਲਿਆ ਸੀ, ਸਮੁੰਦਰੀ ਜਹਾਜ਼ ਦੇ ਸਫ਼ਰ ਦੌਰਾਨ। ਉਹ ਮੌਤ-ਭੈਅ ਨਾਲ ਜੂਝ ਰਿਹਾ ਮਰਨਾ ਚਾਹੁੰਦਾ ਹੈ। ਉਸਦੀ ਧਾਰਨਾ ਹੈ ਕਿ ਇਹ ਜੀਵਨ ਜਾਂ ਸੰਸਾਰ ਕਿਸੇ ਦਾ ਨਹੀਂ। ਇਹ ਨੋ ਮੈਨਜ਼ ਲੈਂਡ ਹੈ। ਕਹਾਣੀ ਦਾ ਨਾਂ ਹੈ-'ਐਵਰੀ ਮੈਨਜ਼ ਵਾਟਰ'– ਮੈਂ ਉਸਦੇ ਸਮਾਨਅੰਤਰ ਇਹ ਨਵੀਂ ਧਾਰਨਾ ਪੇਸ਼ ਕੀਤੀ ਕਿ ਜ਼ਿੰਦਗੀ ਨਾਲ ਜੁੜਨਾ ਕਿਵੇਂ ਹੈ। ਮੌਤ ਤੋਂ ਪਹਿਲਾਂ ਮਰਨਾ ਨਹੀਂ। ਚਾਚਾ ਨਾਂ ਦਾ ਪਾਤਰ ਉਸਦਾ ਦਿਲ ਬਹਿਲਾਉਂਦਾ ਹੈ।

– ਮਿੱਤਰਾਂ ਬਾਰੇ ਪ੍ਰਸ਼ਨ ਉੱਥੇ ਹੀ ਖੜ੍ਹਾ ਹੈ।

– ਮੇਰੇ ਯਾਰ ਬਹੁਤ ਥੋੜ੍ਹੇ ਸਨ। ਪਰ ਉਹਨਾਂ ਨੇ ਹਮੇਸ਼ਾ ਮੇਰਾ ਸਾਥ ਦਿੱਤਾ ਹੈ। ਅਜਾਇਬ ਕਮਲ, ਮੀਸ਼ਾ, ਹਸਰਤ, ਜਸਬੀਰ ਸਿੰਘ ਆਹਲੂਵਾਲੀਆ ਤੇ ਪ੍ਰੀਤਮ ਸਿੰਘ ਹੈ। ਰਘਬੀਰ ਸਿੰਘ ਸਿਰਜਣਾ, ਗੁਲਜ਼ਾਰ ਸਿੰਘ ਸੰਧੂ, ਅਮਰਜੀਤ 'ਅਕਸ', ਮਨਜੀਤ ਸਿੰਘ ਦਿੱਲੀ ਯੂਨੀਵਰਸਿਟੀ ਵਾਲਾ ਡਾਕਟਰ ਹੈ। ਇਧਰ ਕੈਨੇਡਾ ਤੋਂ ਮਨਜੀਤ ਮੀਤ ਤੇ ਚਰਨ ਸਿੰਘ ਹਨ, ਗੁਰਦੇਵ ਸਿੰਘ ਮਾਨ ਸੀ। ਅਸੀਂ ਸਾਰੇ ਹਮਪਿਆਲਾ, ਹਮਨਵਾਲਾ ਵੀ ਰਹੇ ਹਾਂ– ਮਹਿਫਲਾਂ ਲਾਉਣ ਵਾਲੇ! ਨਰਿੰਦਰਪਾਲ ਸਿੰਘ ਨਾਵਲਿਸਟ ਜਿਸਨੂੰ 1968 ਵਿਚ ਪੈਰਸ ਮਿਲਿਆ ਸਾਂ ਅਤੇ 'ਪੈਰਸ ਦੀ ਕੁੜੀ' ਕਹਾਣੀ ਵਿਚ ਉਸਦਾ ਜ਼ਿਕਰ ਹੈ। ਐਸ਼ ਜਾਂ ਅਯਾਸ਼ੀ ਦਾ ਚੱਕਰ ਇੰਡਿਆ 'ਚ ਤਾਂ ਮੇਰਾ ਨਹੀਂ ਲੱਗਿਆ। ਦੇਸੀ ਸ਼ਰਾਬ ਦੀ ਪੀਪੀ ਢਾਈ ਰੁਪਏ ਦੀ ਅਤੇ ਪੀਪਾ ਦਸ ਰੁਪਏ ਦਾ ਮਿਲ ਜਾਂਦਾ ਸੀ । ਮੈਂ ਤਾਂ ਪੀਪਾ ਲਿਆ ਕੇ ਉਸ ਵਿਚ ਮਿੱਟੀ ਦਾ ਤੇਲ ਕੱਢਣ ਵਾਲਾ ਨਲਕਾ ਹੀ ਲਾ ਦਿੰਦਾ। ਮਿੱਤਰਾਂ ਨੇ

ਕੱਢ-ਕੱਢ ਛਕੀ ਜਾਣੀ। ਇਹ ਅਯਾਸ਼ੀ ਨਹੀਂ, ਸਾਡੀ ਲੋੜ ਸੀ।

–ਕੀ ਏਹੀ ਤੁਹਾਡੇ ਪ੍ਰਯੋਗਸ਼ੀਲ ਮਿੱਤਰ ਕਵੀ ਸਨ? ਮੁੱਖ ਮਕਸਦ ਕੀ ਸੀ ਤੁਹਾਡਾ?

– ਪਹਿਲੇ ਪੰਜ ਤੇ ਛੇਵਾਂ ਮੈਂ! ਪ੍ਰਗਤੀਵਾਦੀ-ਰੁਮਾਂਸਵਾਦੀ ਧਾਰਾ ਖੜੋਤ ਦਾ ਸ਼ਿਕਾਰ ਹੋ ਚੁੱਕੀ ਸੀ। ਮੋਹਨ ਸਿੰਘ-ਅੰਮ੍ਰਿਤਾ ਪ੍ਰੀਤਮ, ਬਾਵਾ ਬਲਵੰਤ-ਸੰਤੋਖ ਸਿੰਘ ਧੀਰ ਸਭ ਰੋਮਾਂਟਿਕ ਆਦਰਸ਼ਵਾਦੀ ਸਨ। ਸਾਰਾ ਨਾਅਰੇ ਦਾ ਸਾਹਿਤ ਸੀ। ਜੋ ਅਸਲ ਯਥਾਰਥ ਸੀ ਉਹ ਨਹੀਂ ਸੀ ਪੇਸ਼ ਕੀਤਾ ਜਾ ਰਿਹਾ। ਪ੍ਰੋ. ਮੋਹਨ ਸਿੰਘ ਉਪਰਲੀ ਮੱਧ ਸ਼੍ਰੇਣੀ ਵਿਚੋਂ ਸਨ, ਸਕਾਚ ਪੀਂਦੇ, ਮੁਰਗੇ ਛਕਦੇ ਸਨ। ਡਰਾਇੰਗ ਰੂਮ 'ਚ ਬੈਠ ਕੇ ਕਵਿਤਾ ਉਹ ਮਜ਼ਦੂਰਾਂ–ਕਿਸਾਨਾਂ–ਦਲਿਤਾਂ ਦੇ ਕਲਿਆਣ ਵਾਲੀ ਲਿਖ ਰਹੇ ਸਨ :

ਤਾਂਬੇ ਦਾ ਅਸਮਾਨ ਬਣਸੀ ਧਰਤੀ ਬਣਸੀ ਲੋਹੇ ਦੀ

ਸਾਡਾ ਮੁੱਖ ਮਕਸਦ ਇਸ ਖੜੋਤ ਨੂੰ ਤੋੜਨਾ ਸੀ। ਕੌਫੀ ਹਾਊਸਾਂ, ਫੈਕਟਰੀਆਂ ਵਾਲ਼ਾ ਅਸਲ ਯਥਾਰਥ ਪੇਸ਼ ਕਰਨਾ ਸੀ। ਜਿਵੇਂ ਜੀਵੇ ਤਿਵੇਂ ਲਿਖੇ, ਸਾਡਾ ਮਾਟੋ ਸੀ। ਪ੍ਰੀਤਮ ਸਿੰਘ ਮੈਜਿਸਟ੍ਰੇਟ ਨੇ 'ਵਾਦ ਵਿਵਾਦ' ਪੁਸਤਕ ਵਿਚ ਸਾਰਾ ਕੁਝ ਸਪਸ਼ਟ ਕੀਤਾ ਅਤੇ ਸਾਡੀਆਂ ਪੰਜ ਸ਼ਾਇਰਾਂ ਦੀਆਂ ਪੰਜ-ਪੰਜ ਕਵਿਤਾਵਾਂ ਅਤੇ ਇਕੱਲੇ ਇਕੱਲੇ ਕਵੀ ਦੀ ਜੀਵਨ-ਜਾਣਕਾਰੀ ਦੇ ਕੇ ਅੰਗਰੇਜ਼ੀ ਪੁਸਤਕ 'ਬਾਗ਼ੀ ਆਵਾਜ਼ਾਂ' Voices of Dissent ਦੀ ਸੰਪਾਦਨਾ ਕੀਤੀ। ਅਸੀਂ 'ਪ੍ਰਯੋਗ' ਰਸਾਲਾ ਕੱਢਿਆ।

– ਮਾਰਕਸਵਾਦੀ ਵਿਚਾਰਧਾਰਾ ਅਨੁਸਾਰ ਜੋ ਸਾਹਿਤ ਹੈ, ਉਹ ਜੀਵਨ ਦੀ ਬਿਹਤਰੀ ਲਈ ਲਿਖਿਆ ਜਾਣਾ ਚਾਹੀਦਾ ਹੈ ਨਾ ਕਿ ਸਾਹਿਤ ਕੇਵਲ ਸਾਹਿਤ ਲਈ? ਤੁਸੀਂ ਮੈਨੂੰ ਲੱਗਦੈ, 'ਕਲਾ ਕਲਾ ਲਈ' ਦੇ ਧਾਰਨੀ ਰਹੇ ਹੋ?

– ਬਿਲਕੁਲ ਨਹੀਂ। ਇਹ ਮਸਲਾ ਸੰਤ ਸਿੰਘ ਸੇਖੋਂ ਨੇ ਡਾ. ਹਰਿਭਜਨ ਸਿੰਘ ਦੀ ਕਵਿਤਾ ਉਪਰ ਸੁਹਜਵਾਦੀ ਹੋਣ ਦਾ ਆਰੋਪ ਲਾਉਂਦਿਆਂ ਉਠਾਇਆ ਸੀ। ਪਰ ਹਰਿਭਜਨ ਸਿੰਘ ਦਾ ਜਵਾਬ ਵੀ ਸੁਣ ਲਵੋ:

ਮੈਂ ਪਹਿਲੀ ਵਾਰ ਤੇਰੇ ਮੂੰਹੋਂ ਸੁਣਿਆ ਹੈ ;
ਫੁੱਲਾਂ ਨੂੰ ਖੁਸ਼ਬੋਆਂ ਦੀ ਸਖ਼ਤ ਮਨਾਹੀ ਹੈ
ਤੂੰ ਮਹਿਕਾਂ ਨੂੰ ਜੋ ਪੱਥਰ ਮਾਰ ਕੇ ਤੁਰਦਾ ਹੈਂ
ਮੈਂ ਧੁੱਪ-ਛਾਵਾਂ ਨੂੰ ਆਪਣਾ ਗੀਤ ਸੁਣਾਵਾਂਗਾ
ਹੈ ਸ਼ੁਕਰ ਅਜੇ ਤਾਂ ਰਾਹ ਵੀ ਨੇ! ਰਾਹਾਂ ਵਿਚ ਤੁਰਦੇ ਰਾਹੀ ਨੇ।

ਦੇਖੋ ਜੀ! ਬੁੱਤ-ਤਰਾਸ਼ੀ ਵਿਚ, ਚਿੱਤਰਕਲਾ ਵਿਚ, ਸਾਹਿਤ ਵਿਚ, ਸੁਹਜ ਪੈਦਾ ਕਰਨਾ ਇਕ ਕਲਾ ਹੈ। ਸੁਹਜ ਆਪੇ ਸੁੰਦਰਤਾ ਪੈਦਾ ਕਰੇਗਾ। ਰਚਨਾ ਨੇ ਜੀਵਨ ਵਿਚੋਂ ਹੀ ਨਿਕਲਣਾ ਹੈ। ਸਾਹਿਤ ਜੀਵਨ ਲਈ ਹੀ ਹੁੰਦਾ ਹੈ।

– ਦੋ ਚਾਰ ਸਾਲ ਪ੍ਰਚਲਤ ਰਹੀ ਤੁਹਾਡੀ ਇਹ ਧਾਰਾ ਕੀ ਲਹਿਰ ਬਣ ਸਕਦੀ ਸੀ?

– ਕਿਆ ਗੱਲਾਂ ਕਰਦੇ ਹੋ, ਅਵਤਾਰ ਸਿੰਘ ਜੀ? ਅਸੀਂ ਤਾਂ ਮੋਹਨ ਸਿੰਘ ਵਰਗੇ ਬੁੱਢਿਆਂ ਨੂੰ ਪ੍ਰਯੋਗ ਕਰਨ ਲਾ ਦਿੱਤਾ ਸੀ। ਸਾਡੀ ਸਥਿਤੀ ਅਜਿਹੀ ਬਣ ਗਈ ਸੀ:

ਆਪਣੀ ਹਸਤੀ ਨੂਰ ਬਣਾ ਕੇ, ਸੂਰਜ ਨੂੰ ਚਿਪਕਾ ਦਿੱਤੀ ਹੈ
ਸ਼ਬਦਾਂ ਦੀ ਰਚਨਾ ਦੇ ਦੁਆਲੇ, ਧਰਤੀ ਘੁੰਮਣ ਲਾ ਦਿੱਤੀ ਹੈ

ਉਦਾਰ-ਚਿੱਤ ਸੇਖੋਂ ਸਾਹਿਬ ਦੀ ਸਾਡੇ ਜ਼ੋਰਦਾਰ ਪ੍ਰਭਾਵ ਨੂੰ ਪ੍ਰਵਾਨ ਕਰਨ ਬਾਰੇ ਟਿੱਪਣੀ ਪੜ੍ਹੋ, " ਇਸ ਜਲੂਸ ਵਿਚ ਕਦੀ ਕਦੀ ਕੁਝ ਚਿਰ ਲਈ ਮੋਹਨ ਸਿੰਘ, ਅੰਮ੍ਰਿਤਾ ਪ੍ਰੀਤਮ ਤੇ ਹਰਿਭਜਨ ਸਿੰਘ ਜਿਹੇ ਵਿਅਕਤੀ ਵੀ ਸ਼ਾਮਲ ਹੋ ਜਾਂਦੇ ਹਨ। ਸ਼ਾਇਦ ਇਸ ਡਰ ਤੋਂ ਕਿ ਇਹ ਜਲੂਸ ਹੀ ਨਾ ਆਪਣੇ ਨਾਲ ਸਾਰੀ ਜਨਤਾ ਨੂੰ ਲੈ ਤੁਰੇ। " ਮੇਰੀਆਂ ਹੀ ਹੋਰ ਸਤਰਾਂ ਸੁਣੋ:

ਸ਼ੋਰ ਦੀ ਭਾਸ਼ਾ ਵਿਚੋਂ ਲੰਘੇ, ਚੁੱਪ ਦੀ ਭਾਸ਼ਾ ਸਹਿ ਗਏ
ਆਪਣੇ ਜੇਡੀ ਕੱਦੇ-ਕੱਦੇ, ਬ੍ਰਹਿਮੰਡ ਜੇਡੀ ਕਹਿ ਗਏ

ਮੈਂ 'ਪ੍ਰਯੋਗਸ਼ੀਲ ਦਰਪਨ' ਪੁਸਤਕ ਦੀ ਸੰਪਾਦਨਾ ਕੀਤੀ ਤਾਂ ਮੋਹਨ ਸਿੰਘ, ਅੰਮ੍ਰਿਤਾ ਪ੍ਰੀਤਮ, ਨਰਿੰਦਰਪਾਲ, ਹਸਰਤ, ਹਰਭਜਨ ਹੁੰਦਲ, ਨੇਕੀ, ਧੀਰ, ਜਗਤਾਰ ਵਰਗੇ ਪੰਜਾਹ ਸ਼ਾਇਰਾਂ ਨੇ ਮੈਨੂੰ ਲਿਖਤੀ ਪ੍ਰਵਾਨਗੀ ਦਿੱਤੀ ਕਿ ਸਾਨੂੰ ਇਸ ਝੰਡੇ ਹੇਠ ਛਾਪਿਆ ਜਾਵੇ। ਛੋਟੇ -ਵੱਡੇ ਸਭ ਕਵੀ ਸਾਡੇ ਨਾਲ ਆ ਮਿਲੇ ਸਨ ਜਿਵੇਂ ਅਫਰੀਕਨ ਕਹਾਵਤ ਹੈ ਕਿ ਚਾਨਣੀਆਂ ਰਾਤਾਂ ਨੂੰ ਤਾਂ ਲੰਗੜੇ ਵੀ ਨੱਚਣ ਲੱਗ ਪੈਂਦੇ ਹਨ। ਜਗਤਾਰ ਦੀ 'ਦੁੱਧ ਪੱਥਰੀ' ਤੇ ਮੋਹਨ ਸਿੰਘ ਦੀ 'ਜੰਦਰੇ' ਇਸੇ ਪ੍ਰਭਾਵ ਅਧੀਨ ਲਿਖੀਆਂ ਪੁਸਤਕਾਂ ਹਨ।

- ਫੇਰ ਦੋ ਕੁ ਵਰ੍ਹਿਆਂ ਵਿਚ ਹੀ ਪ੍ਰਯੋਗਵਾਦੀ ਆਪਸ ਵਿਚ ਭਿੜ ਪਏ?

- ਨਹੀਂ, ਪ੍ਰਯੋਗਵਾਦੀ ਨਹੀਂ ਪ੍ਰਯੋਗਸ਼ੀਲ। ਜਸਬੀਰ ਨਾਲ ਸਾਡਾ ਇਹੋ ਵਿਵਾਦ ਸੀ ਕਿ ਵਾਦ ਬੰਧਨ ਬਣ ਜਾਂਦਾ ਹੈ, ਪ੍ਰਯੋਗ ਨਹੀਂ। ਉੱਥ ਸਭ ਇਕੱਠੇ ਸਾਂ। ਪ੍ਰਗਤੀਵਾਦੀ ਸੇਖੋਂ ਸਾਹਿਬ ਵੀ ਸਾਡੀਆਂ ਗੋਸ਼ਟੀਆਂ ਵਿਚ ਸਾਡਾ ਗੱਡ ਕੇ ਵਿਰੋਧ ਕਰਦੇ ਪਰ ਮਗਰੋਂ ਇਕੱਠੇ ਖਾਂਦੇ ਪੀਂਦੇ, ਸਾਨੂੰ ਥਾਪੀਆਂ ਦਿੰਦੇ।

- 'ਐਵਰੀਮੈਨਜ਼ ਵਾਟਰ' ਨਾਂ ਦੀ ਕਹਾਣੀ ਵਿਚ, 'ਭੂਤ ਨਗਰ' ਵਿਚ ਅਤੇ ਤੁਹਾਡੀਆਂ ਹੋਰ ਕਈ ਰਚਨਾਵਾਂ ਵਿਚ ਕਲਿਆਣਕਾਰੀ ਦ੍ਰਿਸ਼ਟੀਕੋਣ ਹਾਜ਼ਰ ਹੈ। ਕੀ ਤੁਸੀਂ ਸੇਖੋਂ ਸਾਹਿਬ ਦੀ ਦ੍ਰਿਸ਼ਟੀਕੋਣ ਅਪਨਾਉਣ ਬਾਰੇ ਦਿੱਤੀ ਉਸ ਰਾਇ ਨੂੰ ਆਖਰ ਸਵੀਕਾਰ ਕਰ ਲਿਆ ਸੀ ਜਿਹੜੀ ਉਹਨਾਂ ਤੁਹਾਡੇ ਪਹਿਲੇ ਕਾਵਿ ਸੰਗ੍ਰਹਿ 'ਦਿਲ ਦਰਿਆ ਸਮੁੰਦਰੋਂ ਡੂੰਘੇ' ਦੇ ਮੁੱਖਬੰਧ ਵਿਚ ਦਿੱਤੀ ਸੀ?

- 'ਐਵਰੀਮੈਨਜ਼ ਵਾਟਰ' ਨਾਂ ਦੀ ਕਹਾਣੀ ਜਿਸ ਨੂੰ ਮੈਂ ਪਰਵਾਸ ਬਾਰੇ ਲਿਖੀ ਪੰਜਾਬੀ ਦੀ ਪਹਿਲੀ ਕਹਾਣੀ ਐਲਾਨਿਆ ਹੈ, ਉਹ ਹੈਮਿੰਗਵੇ ਦੇ ਸੇਂਟੀਆਗੋ ਅਤੇ ਯੂਨਾਨੀ ਹੀਰੋ ਯੂਲੀਸਿਸ ਵਾਂਗ ਮਨੁੱਖ ਨੂੰ ਮੌਤ-ਭੈਅ ਤੋਂ ਮੁਕਤ ਹੋ ਕੇ ਜੀਵਨ ਰੂਪੀ ਵਿਕਰਾਲ ਸਮੁੰਦਰ ਨਾਲ ਜੂਝਣ ਲਈ ਪ੍ਰੇਰਦੀ ਹੈ। ਇੰਝ ਹੀ 'ਭੂਤ ਨਗਰ' ਅੱਜੋਕੇ ਮਾਨਵ ਦੇ ਵਾਰ-ਵਾਰ ਉੱਜੜ ਕੇ ਵਸਣ, ਆਬਾਦ ਹੋਣ ਦਾ ਸੁਝਾਅ ਦਿੰਦੀ ਹੈ। ਇਸ ਧਾਰਨਾ ਨੂੰ ਅਸੀਂ ਪੁਸ਼ਟ ਕਰਨਾ ਸੀ ਕਿ ਪ੍ਰਯੋਗਸ਼ੀਲ ਵੀ ਜੀਵਨ ਲਈ ਹੀ ਲਿਖਦੇ ਸਨ ਸਗੋਂ ਅਸਲ ਯਥਾਰਥ ਚਿਤਰਦੇ ਸਨ। ਪ੍ਰਗਤੀਵਾਦੀਆਂ ਨੇ ਬੇਸ਼ੱਕ ਕੁਝ ਖੂਬਸੂਰਤ ਰਚਨਾਵਾਂ ਵੀ ਕੀਤੀਆਂ ਪਰ ਨਾ ਧਰਤੀ ਲੋਹੇ ਦੀ ਬਣੀ ਨਾ ਅਸਮਾਨ ਤਾਂਬੇ ਵਰਗਾ ਹੋਇਆ। ਸੇਖੋਂ ਸਾਹਿਬ ਆਪ ਚੋਣਾਂ ਵਿਚੋਂ ਵੀ ਹਾਰ ਗਏ।

-ਮੈਨੂੰ ਇਉਂ ਲੱਗਦੈ ਕਿ ਦ੍ਰਿਸ਼ਟੀਕੋਣ ਪੱਖੋਂ ਤੁਸੀਂ ਪ੍ਰਗਤੀਵਾਦੀ ਸੇਖੋਂ ਸਾਹਿਬ ਦੇ ਨੇੜੇ ਤੇੜੇ ਹੀ ਸੀ, ਸਿਰਫ ਪ੍ਰਯੋਗਸ਼ੀਲ ਲਹਿਰ ਦੇ ਸਿਧਾਂਤ ਕਾਰਨ ਹੀ ਵਿਰੋਧੀ ਪੱਖ ਵਿਚ ਜਾ ਖੜ੍ਹੇ?

- ਨਹੀਂ ਜੀ। ਉਹਨਾਂ ਦਾ ਡਸਿਪਲਿਨ ਬੜਾ ਸਖ਼ਤ ਸੀ। ਉਹ ਮੈਨੀਫੈਸਟੋ ਤੋਂ ਬਾਹਰ ਨਹੀਂ ਸੀ ਜਾ ਸਕਦੇ। ਸਾਰੇ ਪਾਸੇ ਉਹਨਾਂ ਦੀ ਅਜਾਰੇਦਾਰੀ ਸੀ। ਸਾਨੂੰ ਤਾਂ ਉਹਨਾਂ ਤੋਂ ਡਰਦਾ ਕੋਈ ਪਬਲਿਸ਼ਰ ਛਾਪਣ ਲਈ ਤਿਆਰ ਨਹੀਂ ਸੀ। ਹਾਲਾਂਕਿ ਸਾਡਾ ਵਿਸ਼ੇ ਪੱਖੋਂ ਨਵੀਨਤਾ ਤੇ ਵਿਧੀ ਪੱਖੋਂ ਤਰਕਸ਼ੀਲਤਾ ਤੇ ਸਪਸ਼ਟਤਾ ਲਿਆਉਣੀ, ਫੋਕਾ ਨਾਅਰਾ ਨਹੀਂ ਲਾਉਣਾ-ਨਿਸ਼ਾਨਾ ਸੀ। ਸੇਖੋਂ ਸਾਹਿਬ ਨੂੰ 'ਦਿਲ ਦਰਿਆ ਸਮੁੰਦਰੋਂ ਡੂੰਘੇ' ਦੀ ਸਾਰੀ ਸ਼ਾਇਰੀ ਪਸੰਦ ਸੀ। ਉਹ ਆਪਣੇ ਰਚੇ ਸਾਹਿਤ ਵਿਚ ਵੀ ਨਾਅਰਾ ਨਹੀਂ ਸੀ ਲਾਉਂਦੇ। ਇਕ ਕਵਿਤਾ ਉੱਤੇ ਇਤਰਾਜ਼ ਸੀ,-"ਗੈਗਰਿਨ ਤੇ ਸ਼ੈਫੇਅਰਡ ਨੇ ਜਾ ਝੱਸੀਆਂ, ਖੁਸ਼ਕ ਖਲਾਅ ਦੀਆਂ ਤਲੀਆਂ।" ਗੈਗਰਿਨ ਕਿਉਂਕਿ ਰੂਸੀ ਪੁਲਾੜ ਯਾਤਰੀ ਸੀ, ਉਹ ਉਹਨਾਂ ਦੀ ਪ੍ਰਸ਼ੰਸਾ ਦਾ ਪਾਤਰ ਸੀ, ਪਰ ਸ਼ੈਫੇਅਰਡ ਸਰਮਾਏਦਾਰ ਅਮਰੀਕਾ ਦਾ ਪ੍ਰਤੀਨਿਧ ਹੋਣ ਕਰਕੇ ਚੰਗਾ ਨਹੀਂ ਸੀ ਲੱਗਦਾ।

- ਤੁਹਾਡੇ ਖਿਆਲ 'ਚ ਪ੍ਰਯੋਗਸ਼ੀਲ ਲਹਿਰ ਦੀ ਹੁਣ ਵੀ ਕੋਈ ਸਾਰਥਿਕਤਾ ਹੈ ਜਾਂ ਮਾਰਕਸਵਾਦੀ ਮਾਨਵਵਾਦ ਫੇਰ ਸਾਡੇ ਸਾਹਿਤ 'ਤੇ ਭਾਰੂ ਹੋ ਜਾਵੇਗਾ?

- ਪ੍ਰਯੋਗਸ਼ੀਲ ਲਹਿਰ ਖਤਮ ਨਹੀਂ ਹੋਈ, ਸ਼ਾਖਾਵਾਂ ਵਿਚ ਵੰਡੀ ਗਈ । ਮੈਂ ਬ੍ਰਹਿਮੰਡੀ ਚੇਤਨਾ ਦੇ ਸੰਕਲਪ ਨੂੰ ਅਪਣਾ ਲਿਆ। ਆਹਲੂਵਾਲੀਆ ਸਮਕਾਲੀ ਰਾਜਨੀਤੀ ਦੀ ਆਲੋਚਨਾ ਵੱਲ ਚਲਾ

ਗਿਆ। ਉਸਨੇ ਬੜਾ ਡੂੰਘਾ ਲਿਖਿਆ, ਪਰ ਆਲੋਚਕ ਅਰਥਾਂ ਨੂੰ ਫੜ ਨਹੀਂ ਸਕੇ। ਅਜਾਇਬ ਕਮਲ 'ਸੁਰੀਅਲਇਜ਼ਮ' ਅਰਥਾਤ ਪਰ-ਯਥਾਰਥਵਾਦ ਵੱਲ ਹੋ ਗਿਆ। ਮੀਸ਼ਾ ਸਿਆਣਪੀ ਕਵਿਤਾ ਜਾਂ ਸੋਫਿਸਟ ਪੋਇਟਰੀ ਵੱਲ ਝੁਕ ਗਿਆ। ਜਗਤਾਰ ਸਾਡੇ ਨਾਲ ਚੱਲ ਨਹੀਂ ਸਕਿਆ, ਉੱਝ ਉਸ ਨੇ ਗ਼ਜ਼ਲ ਵਿਚ ਲੋਹੜੇ ਦੀ ਮੁਹਾਰਤ ਹਾਸਿਲ ਕੀਤੀ। ਸਮੁੱਚੀ ਕਵਿਤਾ ਦਾ ਵਹਾਅ ਹੀ ਬਦਲ ਗਿਆ। ਜਮੂਦ ਨੂੰ ਤੋੜਨ ਲਈ ਪ੍ਰਯੋਗਵਾਦ ਸਦਾ ਆਉਂਦਾ ਰਹੇਗਾ ।ਦੇਖੋ, ਕੋਈ ਵੀ ਸਿਆਣਾ ਵਿਅਕਤੀ ਮਾਰਕਸਵਾਦ ਦਾ ਵਿਰੋਧ ਨਹੀਂ ਕਰੇਗਾ। ਮਜ਼ਦੂਰ ਨੂੰ ਉਸਦੀ ਸਮਰੱਥਾ ਅਨੁਸਾਰ ਕੰਮ ਮਿਲੇ ਅਤੇ ਲੋੜ ਅਨੁਸਾਰ ਉਜਰਤ ਦਿੱਤੀ ਜਾਵੇ। ਇਹ ਅਮਰ ਫਲਸਫਾ ਹੈ। ਪਰ ਜ਼ਿੰਦਗੀ ਦਾ ਫਲਸਫਾ ਇਕੱਲੇ ਮਾਰਕਸਵਾਦ ਉਪਰ ਵੀ ਨਹੀਂ ਖੜ੍ਹਾ। ਜ਼ਰਾ ਮੌਜੂਦਾ ਰੂਸ, ਚੀਨ ਵੱਲ ਝਾਤੀ ਮਾਰੋ। ਉੱਥੇ ਨਵਾਂ ਮਾਰਕਸਵਾਦ ਪੈਦਾ ਹੋ ਗਿਆ ਹੈ। ਰੂਸ ਵਿਚ ਸਰਮਾਏਦਾਰ ਵੀ ਹਨ, ਹੋਮਲੈੱਸ ਜਾਂ ਬੇਘਰੇ ਵੀ। ਸ਼ੰਘਾਈ ਵਿਚ ਵੀ ਇਹੋ ਹਾਲ ਹੈ। ਦੋਹਾਂ ਦੇਸਾਂ ਵਿਚ ਬਹੁਤ ਵੱਡਾ ਅਮੀਰ ਤਬਕਾ ਤੇ ਗ਼ਰੀਬ ਵਰਗ ਪੈਦਾ ਹੋ ਗਿਆ ਹੈ। ਮਾਰਕਸਵਾਦ ਕਦੇ ਨਹੀਂ ਮਰੇਗਾ ਪਰ ਇਸਦੀ ਐਪਲੀਕੇਸ਼ਨ ਸਹੀ ਢੰਗ ਨਾਲ ਨਹੀਂ ਕੀਤੀ ਗਈ।

-ਜੀਵਨ ਨਿਰਾ ਖਿਲਾਰਾ ਹੈ, ਗੜਬੜ ਹੈ Confusion and Chaos -ਇਹ ਆਖ ਕੇ ਅਮਰੀਕਨ ਨਾਵਲਕਾਰ ਹੈਨਰੀ ਜੇਮਜ਼ ਕਹਿੰਦਾ ਹੈ ਕਿ ਬੰਦੇ ਨੇ ਇਸਨੂੰ ਜਿਉਣ ਲਈ ਨਮੂਨਾ ਇਸਦੇ ਵਿਚੋਂ ਹੀ ਤਲਾਸ਼ਣਾ ਹੁੰਦੈ। ਤੁਹਾਡਾ ਕੀ ਵਿਚਾਰ ਹੈ?

-ਦੇਖੋ ਜੀ। ਬੰਦੇ ਦੇ ਅੰਦਰ ਇਕ ਆਦਰਸ਼ ਔਰਤ ਵਸੀ ਹੁੰਦੀ ਹੈ। ਜਿਸਨੂੰ ਉਹ ਸਾਰੀ ਜ਼ਿੰਦਗੀ ਢੂੰਡਦਾ ਫਿਰੀ ਜਾਂਦਾ; ਮੇਰੀ ਨਜ਼ਮ ਹੈ:

ਹਰ ਇਕ ਯੁੱਗ ਅੰਦਰ ਕੋਈ ਆਦਮ ਉਦੈ ਹੋਇਆ
ਤ੍ਰੀਮਤ ਆਪਣੇ ਅੰਦਰ ਦੀ ਮੈਂ ਬਾਹਰ ਭਾਲ਼ਦਾ ਫਿਰਦਾ
ਗੁਨਾਹ ਕਹਿ ਕੇ ਜੇ ਨਿੰਦ ਲਓ ਏਹ ਅਮਲ ਕਰਤਾਰੀ
ਮੇਰੇ ਅੰਦਰ ਦਾ ਆਦਮ ਫੇਰ ਅੰਜੀਰਾਂ ਖਾਣ ਚੱਲਿਆ ਹੈ
ਮੇਰੀ ਨਫ਼ਰਤ ਨਿਖੇੜੋ ਨਾ, ਮੇਰੀ ਨਫ਼ਰਤ 'ਚ ਮੇਰੀ ਹੋਂਦ ਦਾ ਆਕਾਰ ਢਲਿਆ ਹੈ

ਗੜਬੜ ਆਖੀ ਜਾਉ ਜਾਂ ਖਿਲਾਰਾ, ਉਹ ਔਰਤ ਨਹੀਂ ਮਿਲਦੀ।

- ਔਰਤ ਦੇ ਮਨ 'ਚ ਵੀ ਏਦਾਂ ਹੀ ਹੁੰਦੈ?

- ਬਿਲਕੁਲ! ਮੇਰੀ ਕਹਾਣੀ 'ਪੈਰਸ ਦੀ ਕੁੜੀ' ਅੰਦਰ ਏਹੀ ਥੀਮ ਹੈ। ਤਿੰਨ ਪੰਜਾਬੀ ਪੈਰਸ ਦੀ ਕੁੜੀ ਭਾਲ਼ਦੇ ਫਿਰਦੇ ਨੇ। ਜਿਹੜੀ ਕੁੜੀ ਉਹਨਾਂ ਨੂੰ ਟੱਕਰਦੀ ਹੈ ਉਹ ਚਿੱਤਰਕਾਰ ਨਾਲ ਪਛਾਣ ਸਥਾਪਤ ਕਰ ਲੈਂਦੀ ਹੈ, ਬਾਕੀ ਤਿੰਨਾ ਨੂੰ ਚੱਕਲੇ 'ਤੇ ਜਾਣ ਲਈ ਆਪਣੇ ਪੱਲਿਉਂ ਪੈਸੇ ਦਿੰਦੀ ਹੈ ਕਿਉਂਕਿ ਉਸ ਅੰਦਰ ਇਕ ਸਿੰਘ ਨੂੰ ਦੇਖਣ ਦੀ ਚਿਰਾਂ ਤੋਂ ਤਾਂਘ ਸੀ। ਗੱਲ Choice ਜਾਂ ਚੋਣ ਜਾਂ ਮਨ ਮਰਜ਼ੀ ਦੀ ਹੈ। 'ਅਪਰਾਧ ਮੁਕਤ' ਕਹਾਣੀ ਵਿਚ ਮੇਰਾ ਹਿੰਦੁਸਤਾਨੀ ਪਾਤਰ ਜਦੋਂ ਅੰਗਰੇਜ਼ ਟੈਕਸੀ ਚਾਲਕ ਵੱਲੋਂ ਚਲਾਈ ਜਾਂਦੀ ਟੈਕਸੀ ਵਿਚ ਸਫ਼ਰ ਕਰਦਾ ਹੈ ਅਤੇ ਅੰਗਰੇਜ਼ ਔਰਤ ਨਾਲ ਹਮਬਿਸਤਰੀ ਕਰਦਾ ਹੈ ਤਾਂ ਉਸਨੂੰ ਪਹਿਲੀ ਵਾਰ ਮਹਿਸੂਸ ਹੁੰਦਾ ਹੈ ਕਿ ਹਿੰਦੁਸਤਾਨ ਜਿਵੇਂ ਹੁਣ ਆਜ਼ਾਦ ਹੋਇਆ ਹੋਵੇ।

-ਸ਼ਾਇਦ ਇਸੇ ਵਜ੍ਹਾ ਕਾਰਨ ਤੁਹਾਡੀਆਂ ਕਈ ਕਹਾਣੀਆਂ ਨੂੰ ਅਸ਼ਲੀਲ ਸਮਝਿਆ ਗਿਆ ਹੈ? ਜਿਵੇਂ 'ਮਰਦ ਬਨਾਮ ਮਸ਼ੀਨ' ਜੋ 80ਵਿਆਂ 'ਚ ਛਪੀ, ਉਸ ਵਿਚ ਚੰਗੀ ਭਲੀ ਸਿਹਤਮੰਦ ਸੁੰਦਰ ਔਰਤ ਮਨੁੱਖੀ ਸਾਥ ਤੋਂ ਬੇਮੁੱਖ ਹੋਣੀ, ਬਿਜਲਈ ਇੰਦਰੀ ਨੂੰ ਮਰਦ ਦੇ ਬਦਲ ਵਜੋਂ ਵਰਤਦੀ ਦਿਖਾਈ ਗਈ ਹੈ। ਹੋਰ ਵੀ ਕਈ ਕਹਾਣੀਆਂ ਵਿਚ ਨੰਗੇਜ ਹੈ। ਇਸ ਦੋਸ਼ ਨੂੰ ਕਿਵੇਂ ਨਕਾਰਦੇ ਹੋ?

- ਲੋਕਾਂ ਦੇ ਪ੍ਰਤੀਕਰਮ ਜਾਂ ਦੋਸ਼ਾਂ ਦੀ ਮੈਂ ਕਦੇ ਪਰਵਾਹ ਨਹੀਂ ਕੀਤੀ। ਪਾਠਕਾਂ ਨੂੰ ਅਧਿਕਾਰ ਹੁੰਦਾ ਹੈ ਕਿ ਉਹ ਛਪੀ ਹੋਈ ਰਚਨਾ ਬਾਰੇ ਜੋ ਮਰਜ਼ੀ ਆਖੀ ਜਾਣ। ਪਸੰਦ ਜਾਂ ਨਾ ਪਸੰਦ ਵਾਲ਼ੇ ਦੋਵੇਂ

ਹੁੰਦੇ ਹਨ। ਕਹਾਣੀ ਦੀ ਲੋੜ ਅਨੁਸਾਰ ਇਹ ਕਰਨਾ ਪਿਆ ਸੀ।

– ਅਸ਼ਲੀਲਤਾ ਬਨਾਮ ਨੈਤਿਕਤਾ ਬਾਰੇ ਤੁਹਾਡੀ ਆਪਣੀ ਕੀ ਧਾਰਨਾ ਹੈ?

– ਲੁੱਚਪੁਣਾ ਅਸਲ ਵਿਚ ਦੇਖਣ ਵਾਲੇ ਦੀ ਦ੍ਰਿਸ਼ਟੀ ਵਿਚ ਹੁੰਦਾ ਹੈ। ਜਿਹੜਾ ਲੇਖਕ ਆਪ ਸੁਆਦ ਲੈਣ ਲਈ ਨਗਨ ਦ੍ਰਿਸ਼ ਚਿੱਤਰਦਾ ਹੈ, ਮੈਂ ਉਸਦੀ ਮੁੱਢ ਤੋਂ ਨਿੰਦਿਆ ਕਰਾਂਗਾ। ਜੋ ਕਾਮ ਨੂੰ ਇਕ ਮਾਧਿਅਮ ਵਜੋਂ ਵਰਤਕੇ ਵਡੇਰੀ ਹਕੀਕਤ ਤਕ ਪਹੁੰਚਦਾ ਹੈ, ਤੁਹਾਨੂੰ ਬੀਮਾਰ ਰੁਚੀਆਂ ਤੋਂ ਸੁਚੇਤ ਕਰਦਾ ਹੈ, ਉਸਦੀ ਸਿਫ਼ਤ ਕਰਨੀ ਬਣਦੀ ਹੈ। ਜਿਵੇਂ ਹਰੇਕ ਚਿੱਤਰਕਾਰ ਨੇ ਪੂਰੇ ਨਗਨ ਬੱਚੇ ਨੂੰ ਮਾਂ ਦੀਆਂ ਅਰਧ ਨਗਨ ਛਾਤੀਆਂ ਤੋਂ ਦੁੱਧ ਚੁੰਘਦਾ ਦਿਖਾਇਆ ਹੈ, ਉਹ ਨੰਗੇਜ ਨਹੀਂ ਹੈ। ਯੂਨਾਨੀ ਮੰਦਰਾਂ ਵਿਚ ਜ਼ੀਅਸ Zeus ਦੀ ਨਗਨ ਮੂਰਤੀ 'ਤੇ ਕਿਸੇ ਨੂੰ ਇਤਰਾਜ਼ ਨਹੀਂ। ਰੋਮ ਦੇ ਗਿਰਜੇ ਵਿਚ ਆਦਮ ਹੱਵਾ ਦੇ ਨਗਨ ਚਿੱਤਰ ਕੰਧਾਂ ਉੱਪਰ ਚਿਤਰੇ ਹੋਏ ਨੇ। ਸਾਡੇ ਸ਼ਿਵਲਿੰਗ ਦੀ ਪੂਜਾ ਹੋ ਰਹੀ ਹੈ। ਜਾਪਾਨ ਵਿਚ ਹਰ ਸਾਲ 15 ਮਾਰਚ ਨੂੰ 'ਪੀਨਸ ਡੇਅ' ਮਨਾਇਆ ਜਾਂਦਾ ਹੈ। ਪਰ ਅਸੀਂ ਪਛੜੇ ਹੋਏ ਹਾਂ। ਹਾਲਾਂਕਿ ਸਾਡੇ ਨਾਂਗੇ ਸੰਤ ਤੇ ਸੰਤਣੀਆਂ ਹੁੰਦੀਆਂ ਹਨ।

– ਪੰਜਾਬੀ ਵਿਚ ਕਿਹੜੇ ਲੇਖਕਾਂ ਨੇ ਨੰਗੇਜ ਦੀ ਸਾਰਥਿਕ ਵਰਤੋਂ ਕੀਤੀ ਹੈ?

– ਸਭ ਤੋਂ ਪਹਿਲਾਂ ਕਰਤਾਰ ਸਿੰਘ ਦੁੱਗਲ ਨੇ ਇਸ ਵਿਸ਼ੇ ਵਿਚ ਬਹੁਤ ਖੂਬਸੂਰਤ ਕਹਾਣੀਆਂ ਲਿਖੀਆਂ। ਪ੍ਰੇਮ ਪਕਾਸ਼ ਦੀਆਂ ਕੁਝ ਕਹਾਣੀਆਂ ਜਿਵੇਂ 'ਤਾਸ਼ ਦੇ ਪੱਤੇ' ਬਹੁਤ ਕਲਾਤਮਕ ਹਨ। ਵੈਸੇ ਹੁਣ ਤਾਂ ਉਹ ਕਈ ਸਾਲਾਂ ਤੋਂ ਇਕ ਹੀ ਕਹਾਣੀ ਦੁਹਰਾਉਂਦਾ ਆ ਰਿਹਾ ਹੈ। ਜਸਵੰਤ ਸਿੰਘ ਵਿਰਦੀ ਦੀਆਂ ਕਹਾਣੀਆਂ ਚੰਗੀਆਂ ਸੀ। ਬੂਟਾ ਸਿੰਘ ਸ਼ਾਦ ਤੇ ਰਾਮ ਸਰੂਪ ਅਣਖੀ ਥੋੜ੍ਹਾ ਰਸ ਵੀ ਲੈਂਦੇ ਪ੍ਰਤੀਤ ਹੁੰਦੇ ਹਨ। ਸੁੰਦਰਤਾ ਨੂੰ ਚਿਤਰਨਾ ਕਲਾ ਹੈ ਜਿਵੇਂ ਬਾਗ਼ ਵਿਚ ਗੁਲਾਬ ਦੇ ਫੁੱਲ ਉਪਰ ਪਏ ਤ੍ਰੇਲ ਦੇ ਤੁਪਕਿਆਂ ਨੂੰ ਸ਼ਾਇਰ ਨੇ ਕੋਲ ਬੈਠੀ ਸੁੰਦਰ ਮੁਟਿਆਰ ਨਾਲ ਤੁਲਨਾ ਕੀਤੀ ਹੈ:

ਰੂਪ ਤੇਰਾ ਦੇਖ ਕੇ ਫੁੱਲਾਂ ਨੂੰ ਪਸੀਨੇ ਆ ਗਏ

– ਤੁਸੀਂ ਸੱਤਰਵਿਆਂ ਤੋਂ ਹੁਣ ਤਕ ਸਮਲਿੰਗੀ ਰਿਸ਼ਤਿਆਂ ਬਾਰੇ ਕਈ ਕਹਾਣੀਆਂ ਲਿਖਦਿਆਂ ਇਉਂ ਪੇਸ਼ਕਾਰੀ ਕੀਤੀ ਹੈ ਜਿਵੇਂ ਤੁਸੀਂ ਇਹਨਾਂ ਦੀ ਵਕਾਲਤ ਕਰ ਰਹੇ ਹੋ, ਹਾਲਾਂਕਿ ਅਮਰੀਕਾ ਨੇ ਵੀ ਹੁਣ ਆ ਕੇ ਸਮਲਿੰਗੀ ਵਿਆਹਾਂ ਦੀ ਖੁੱਲ੍ਹ ਦਿੱਤੀ ਹੈ?

– ਮੈਂ ਵਕਾਲਤ ਨਹੀਂ ਕਰ ਰਿਹਾ, ਇਹ ਇਕ ਸਥਿਤੀ ਦੀ ਪੇਸ਼ਕਾਰੀ ਹੈ। ਕਹਾਣੀ 'ਪਾਗ਼ਲ ਕੌਣ' ਦਾ ਅੰਤ ਵੇਖੋ। ਦੋ ਈਸਾਈ ਸੰਤਣੀਆਂ ਆਪਣੀ ਕਾਮ ਤ੍ਰਿਪਤੀ ਆਪਸੀ ਸਹਿਯੋਗ ਨਾਲ ਕਰਦੀਆਂ ਨੇ। ਉੱਥੇ ਮੁੱਖ ਪਾਦਰੀ ਵੀ ਨਕਾਰਾਤਮਕ ਰੁਚੀ 'ਮਸਟਰਬੇਸ਼ਨ' ਦਾ ਆਦੀ ਹੈ। ਇਕ ਭਿਕਸ਼ੂ ਮੁਟਿਆਰ ਅਖ਼ੀਰ ਪਾਗ਼ਲ ਹੋ ਜਾਂਦੀ ਹੈ ਅਤੇ ਸੜਕ 'ਤੇ ਤੁਰੇ ਜਾਂਦੇ ਮਰਦ ਨੂੰ ਹੱਥ ਪਾ ਲੈਂਦੀ ਹੈ। ਇਹ ਹੈ ਅਸਲੀ ਸੁਝਾਅ ਕਿ ਜੇ ਗ਼ੈਰ ਕੁਦਰਤੀ ਢੰਗ ਅਪਣਾਉਗੇ ਤਾਂ ਪਾਗ਼ਲਪਣ ਜ਼ਰੂਰ ਪਨਪੇਗਾ।

– ਕੀ ਤੁਸੀਂ ਅਜਿਹੇ ਵਤੀਰੇ ਜਾਂ ਸਮਲਿੰਗੀ ਵਿਆਹ ਦੇ ਹੱਕ ਵਿਚ ਭੁਗਤ ਕੇ ਚਿਰ ਸਥਾਪਤ ਵਿਆਹ ਦੀ ਸੰਸਥਾ ਨੂੰ ਨਹੀਂ ਵੰਗਾਰ ਰਹੇ?

– ਵਿਆਹ ਦੀ ਸੰਸਥਾ ਵੀ ਤਾਂ ਅਸਲ ਵਿਚ ਕਾਮ ਦਾ ਸਮਾਜੀਕਰਨ ਹੈ। ਸੈਕਸ ਨੂੰ ਡਸਿਪਲਿਨ ਕਰਕੇ ਇਕ ਸਮਾਜਕ ਰੀਤ ਵਿਚ ਬੰਨ੍ਹ ਦਿੱਤਾ ਹੈ। ਹੁਣ ਯੂਰਪ ਵਿਚ ਦੋ ਗੁੱਟ ਬਣ ਗਏ। ਜੀਵਨ ਪੱਖੀ Pro Life ਅਤੇ ਮਰਜ਼ੀ ਪੱਖੀ Pro Choice । ਜਿੱਥੋਂ ਤਕ ਮਸਲਾ ਹੱਕਾਂ ਤੇ ਮਰਜ਼ੀ ਦਾ ਹੈ, ਮੈਂ ਮਨ ਮਰਜ਼ੀ ਕਰਨ ਵਾਲਿਆਂ ਨਾਲ ਹਾਂ। ਸਮਲਿੰਗੀ ਵਿਆਹ ਕਰਨ ਵਾਲੇ ਵੀ ਬੱਚੇ ਗੋਦ ਲੈ ਸਕਦੇ ਹਨ। ਵੱਖੋ ਵੱਖਰੇ ਡਾਕਟਰੀ ਨੁਕਤਿਆਂ ਰਾਹੀਂ ਬੱਚੇ ਵੀ ਪੈਦਾ ਕਰ ਸਕਦੇ ਨੇ। ਫੇਰ ਇਹ ਗ਼ੈਰ ਕੁਦਰਤੀ ਵਰਤਾਰਾ ਸਾਡੇ ਵਡੇਰੇ ਸਮਝੇ ਜਾਣ ਵਾਲੇ ਬਾਂਦਰਾਂ ਵਿਚ ਵੀ ਦੇਖਿਆ ਜਾ ਸਕਦਾ ਹੈ। ਯੂਨਾਨੀ ਦੇਵਤੇ ਔਕਲੀਸ ਦਾ ਪੈਟਰੋਕਲਸ ਮੁੰਡੇ ਨਾਲ ਪਿਆਰ ਸੀ। ਸਿਕੰਦਰ ਮਹਾਨ ਨੇ ਵੀ ਬਚਪਨ ਵਿਚ

ਹੈਫੇਸ਼ਿਨ ਨਾਂ ਦਾ ਮਿੱਤਰ ਰੱਖਿਆ ਸੀ। ਯੂਰਪ ਦੇ ਗਿਆਰਾਂ ਵਿਚੋਂ ਅੱਠ ਮੁਲਕਾਂ ਵਿਚ ਇਸਨੂੰ ਕਾਨੂੰਨੀ ਮਾਨਤਾ ਮਿਲ ਚੁੱਕੀ ਹੈ। ਬਤੌਰ ਚਿੰਤਕ, ਮੈਂ ਇਸਨੂੰ ਵਿਕਾਰ ਸਮਝਦਾ ਹਾਂ।

– ਕੀ ਤੁਸੀਂ ਬੀਮਾਰ ਰਿਸ਼ਤਿਆਂ ਦੀ ਪੇਸ਼ਕਾਰੀ ਵੱਲ ਕੁਝ ਜ਼ਿਆਦਾ ਨਹੀਂ ਉੱਲਰ ਗਏ? ਤੁਹਾਡੀ ਕਹਾਣੀ 'ਗੋਰੀਆਂ ਸ਼ਹੀਦੀਆਂ' ਵਿਚ ਇਕ ਹਵਸੀ ਪਿਤਾ ਆਪਣੀ ਧੀ ਦੇ ਪੇਟੋਂ ਬੱਚੀਆਂ ਪੈਦਾ ਕਰਕੇ, ਉਹਨਾਂ ਉਪਰ ਵੀ ਮੈਲ਼ੀ ਅੱਖ ਰੱਖਦਾ ਦਿਖਾਇਆ ਹੈ ਤੇ ਮਾਂ ਆਪਣੀਆਂ ਧੀਆਂ ਨੂੰ ਚਾਕੂ ਨਾਲ ਜ਼ਿਬ੍ਹਾ ਕਰਕੇ ਆਪ ਜਿਉਂਦੀ ਸੜ ਜਾਂਦੀ ਹੈ। ਕੀ ਤੁਸੀਂ ਏਥੇ ਵੀ ਨਕਾਰਾਤਮਕ ਸੁਝਾਅ ਨਹੀਂ ਦੇ ਰਹੇ ਜੋ ਸਦੀਆਂ ਪੁਰਾਣੇ 'ਸਤਿਅਮ-ਸ਼ਿਵਮ-ਸੁੰਦਰਮ' ਦੇ ਸਿਧਾਂਤ ਦਾ ਅਨੁਸਾਰੀ ਨਹੀਂ?

– ਮੇਰੀਆਂ ਕਹਾਣੀਆਂ ਅਸਾਧਾਰਨ ਪਾਤਰਾਂ ਵਿਚੋਂ ਸਾਧਾਰਨਤਾ ਅਤੇ ਸਾਧਾਰਨ ਵਿਚੋਂ ਅਸਾਧਾਰਨਤਾ ਢੂੰਡਦੀਆਂ ਹਨ। ਉਹ ਔਰਤ ਬੇਆਰਾਮ ਹੈ ਕਿ ਉਸ ਪਿਓ ਹਰਾਮਜ਼ਾਦੇ ਨੇ ਧੀਆਂ ਨੂੰ ਵੀ ਖ਼ਰਾਬ ਕਰ ਦੇਣਾ ਹੈ। ਏਹੀ ਯਥਾਰਥ ਹੈ। ਸੱਤ ਹੈ। ਅਜਿਹੀਆਂ ਕਦਰਾਂ-ਕੀਮਤਾਂ ਨੂੰ ਜੇ ਦਰੁਸਤ ਨਹੀਂ ਕਰੋਗੇ ਤਾਂ ਅਜਿਹੇ ਘਿਨਾਉਣੇ ਕਾਰੇ ਹੁੰਦੇ ਰਹਿਣਗੇ। ਸੁਝਾਅ ਬੜਾ ਅਸਿੱਧਾ ਹੈ, ਨਾਅਰੇ ਦੇ ਰੂਪ ਵਿਚ ਨਹੀਂ।

– ਕੀ ਲੇਖਕ ਇਕ Speed Drill ਜਾਂ ਬੀਜ ਪੋਰਨ ਵਾਲੀ ਮਸ਼ੀਨ ਵਰਗਾ ਹੁੰਦਾ ਜਿਸਦੇ ਆਪਣੇ ਅੰਦਰ ਕੋਈ ਦਾਣਾ ਨਹੀਂ ਠਹਿਰਦਾ ?

– ਮੈਂ ਤਾਂ ਥਾਂ ਪੁਰ ਥਾਂ ਲਿਖਿਆ ਹੈ ਕਿ ਰਚਨਾ ਉਸਦੇ ਸਿਰਜਣਹਾਰੇ ਦਾ ਸਿਰਜਣਾਤਮਕ ਆਪਾ ਹੁੰਦੀ ਹੈ। ਮੇਰਾ ਸਾਹਿਤ ਮੇਰੇ ਜੀਵਨ ਦਾ ਸ਼ੀਸ਼ਾ ਹੈ। ਸਾਰਾ ਇਕ ਨੰਬਰ ਦਾ ਅਨੁਭਵ ਹੈ। ਨੱਬੇ ਪ੍ਰਤੀਸ਼ਤ ਨਾਟਕਾਂ ਵਿਚ ਵੀ ਮੈਂ ਹੀ ਵੱਖ ਵੱਖ ਪਾਤਰਾਂ ਵਿਚ ਟੁੱਟ ਜਾਂਦਾ ਹਾਂ। ਸਭ ਮੇਰੇ ਹੀ ਵੱਖੋ ਵੱਖਰੇ ਰੋਲ ਹੁੰਦੇ ਨੇ। ਮੈਂ ਜਿਵੇਂ ਜੀਵਿਆ ਤਿਵੇਂ ਲਿਖਿਆ ਹੈ, ਇਕੋ ਰੰਗ ਦੇ ਬੰਦੇ ਜਾਂ ਕਿਰਦਾਰ ਪੈਦਾ ਕਰਨ ਵਾਲੇ ਰਾਹ ਨਹੀਂ ਪਿਆ।

– 'ਕੰਪਿਊਟਰ ਕਲਚਰ', 'ਪੈਰਸ ਦੀ ਕੁੜੀ', 'ਅੰਦਰ ਵੱਲ ਖੁੱਲ੍ਹਦਾ ਬੂਹਾ', 'ਚਰਾਵੀ', 'ਬਟਵਾਰਾ', 'ਆਪਣਾ ਆਪਣਾ ਦੇਸ਼', 'ਜਦ ਸੁੰਦਰਤਾ ਦਰਸ਼ਨ ਦੇਵੇ' – ਤੁਹਾਡੀਆਂ ਕਈ ਹੋਰ ਖੂਬਸੂਰਤ ਕਹਾਣੀਆਂ ਹਨ। ਪਰ ਦੂਜੀਆਂ ਵੀ ਹਨ ਜਿਹਨਾਂ ਵਿਚ ਤੁਸੀਂ ਗਲਪ ਨਾਲੋਂ ਆਪਣਾ ਆਪਾ ਜਾਂ ਜਾਣਕਾਰੀ ਪਰੋਸਣ ਦਾ ਲਾਲਚ ਕੁਝ ਜ਼ਿਆਦਾ ਹੀ ਦਿਖਾ ਬੈਠੇ?

– ਮੈਂ ਤੁਹਾਡੇ ਨਾਲ ਸਹਿਮਤ ਹਾਂ। ਤੁਹਾਨੂੰ ਪਤਾ ਹੈ ਕਿ ਸਾਹਿਤ ਵਿਚ ਜੇ ਰਚਨਾ ਉੱਤੇ ਲੇਖਕ ਦਾ ਸੰਕਲਪ ਹਾਵੀ ਹੋ ਜਾਵੇ ਤਾਂ ਉਸ ਨਾਲ ਪਾਠਕ ਨਹੀਂ ਜੁੜ ਸਕੇਗਾ। ਹੁਨਰਮੰਦ ਲੇਖਕ ਉਹ ਹੁੰਦਾ ਹੈ ਜੋ ਰਚਨਾ ਦੇ ਅੰਤ ਵਿਚ ਅਜਿਹਾ ਮੋੜ ਸਿਰਜੇ ਕਿ ਰਚਨਾ ਜੀਵਨ ਨਾਲ ਜੁੜ ਜਾਵੇ।

– ਜੇ ਤੁਹਾਡੇ ਕਾਵਿ ਨਾਟ 'ਮਨ ਦੇ ਹਾਣੀ' ਅਤੇ 'ਬੀਮਾਰ ਸਦੀ' ਦਾ ਮੁਕਾਬਲਾ ਕਰੀਏ ਤਾਂ 'ਬੀਮਾਰ ਸਦੀ' ਉੱਤੇ ਵੀ ਸੰਕਲਪ ਜ਼ਿਆਦਾ ਭਾਰੂ ਤਾਂ ਨਹੀਂ ਹੋ ਗਿਆ?

– ਨਹੀਂ ਅਜਿਹਾ ਨਹੀਂ ਹੈ। ਤੁਸੀਂ 'ਬੀਮਾਰ ਸਦੀ' ਦਾ ਅੰਤ ਸੁਣੋ ਜਦੋਂ ਮਰਦ ਔਰਤ ਨੂੰ ਆਖਦਾ ਹੈ:

ਸੈਨੂੰ ਗੋਲ਼ੀ ਦੇ, ਦੇਹ ਗੋਲ਼ੀ! ਮੈਂ ਸੋਚ ਤੋਂ ਮੁਕਤੀ ਚਾਹੁੰਦਾ ਹਾਂ

ਔਰਤ ਦੀ ਵੀ ਸੁਣੋ:

ਕਹੇ ਸਦੀ ਬੀਮਾਰ ਬੜੀ, ਮੈਂ ਅੱਖ ਹਾਂ ਦਿਲਕਸ਼ ਸੁਹਜ ਭਰੀ
ਕੀ ਇਸਦੀ ਅੱਖ ਯਰਕਾਨੀ ਹੈ? ਜਾਂ ਦੁਨੀਆਂ ਦਾ ਰੰਗ ਪੀਲ਼ਾ ਹੈ?
ਜਾਂ ਕੌਨ ਬਦਲ ਗਿਆ ਵੇਖਣ ਦਾ? ਜਾਂ ਸੋਚ ਬਦਲ ਗਈ ਇਸ ਜੁੱਗ ਦੀ ?

ਮਰਦ : *ਜੇ ਬਚਿਆ ਰਹਿ ਗਿਆ ਕੱਲ ਤਾਂਈਂ, ਤੇਰੀ ਹੋਂਦ ਨੂੰ ਸਮਝਾਂ ਘੋਖਾਂਗਾ*

ਸਾਰਾ ਕੁਝ ਚਿੰਨ੍ਹਾਤਮਕ ਹੈ ?

– ਸ਼ਾਇਦ ਤਾਂ ਹੀ ਤੁਸੀਂ ਕਦੇ ਕਦੇ ਅਸਪਸ਼ਟ ਜਾਂ ਗੁੱਝੇ (obscure) ਵੀ ਹੋ ਜਾਂਦੇ ਹੋ?

– ਅਸਪਸ਼ਟਤਾ ਦੇ ਕਈ ਕਾਰਨ ਹੁੰਦੇ ਹਨ। ਇਕੱਲਾ ਲੇਖਕ ਨੂੰ ਦੋਸ਼ੀ ਨਹੀਂ ਠਹਿਰਾ ਸਕਦੇ। ਪਾਠਕ ਦੀ ਸਮਝ ਵਿਚਲਾ ਖੱਪਾ ਹੁੰਦਾ ਹੈ। ਇਕੋ ਜੀਵਨ ਵਿਚ ਰਹਿੰਦਿਆਂ ਸਾਹਿਤ ਵੱਖੋ ਵੱਖ ਪੱਧਰਾਂ 'ਤੇ ਲਿਖਿਆ ਜਾ ਰਿਹਾ ਹੈ– ਕਵੀਸ਼ਰੀ, ਸਟੇਜੀ ਕਵਿਤਾ, ਸਾਹਿਤਕ, ਅਰਧ-ਸਾਹਿਤਕ ਅਤੇ ਬੌਧਕ ਜਾਂ ਦਾਰਸ਼ਨਿਕ ਵੀ । ਜੇ ਪਾਠਕ ਦਾ ਅਧਿਐਨ ਲੇਖਕ ਨਾਲੋਂ ਘੱਟ ਹੈ ਜਾਂ ਜੋ ਵਿਸ਼ਾ ਛੋਹਿਆ ਹੈ, ਉਹ ਪਾਠਕ ਦੀ ਦਿਨ-ਚਰੀਯਾ ਦਾ ਹਿੱਸਾ ਨਹੀਂ, ਤਾਂ ਗੈਪ ਰਹੇਗਾ। ਮੈਂ ਜਾਣ ਬੁੱਝ ਕੇ ਅਸਪਸ਼ਟਤਾ ਨਹੀਂ ਪਾਈ, ਜਿਵੇਂ ਤੁਹਾਡੇ ਕੁਝ ਆਲੋਚਕ ਤੇਜਵੰਤ ਸਿੰਘ ਗਿੱਲ, ਗੁਰਭਗਤ ਸਿੰਘ ਵਰਗੇ ਪਾਉਂਦੇ ਹਨ– ਪਾਠਕ ਨੂੰ ਭੰਬਲਭੂਸੇ ਵਿਚ ਫਸਾ ਕੇ ਆਪਣੀ ਵਿਦਵਤਾ ਦਾ ਪ੍ਰਭਾਵ ਪਾਉਣਾ। ਆਪਣੀ ਸੰਪਾਦ ਕੀਤੀ ਪੁਸਤਕ 'ਪ੍ਰਯੋਗਸ਼ੀਲ ਕਾਵਿ ਦਰਪਨ' ਵਿਚ ਮੈਂ ਸਪਸ਼ਟ ਕੀਤਾ ਸੀ ਤੇ ਦੁੱਗਲ ਸਾਹਿਬ ਵੀ ਮੰਨਦੇ ਸਨ ਕਿ ਕਿਸੇ ਰਚਨਾ ਨੂੰ ਸਮਝਣ ਲਈ ਇਕ ਪਾਠਕ ਨੂੰ ਉਨੀ ਹੀ ਮਿਹਨਤ ਕਰਨ ਦੀ ਲੋੜ ਹੈ ਜਿੰਨੀ ਕਿਸੇ ਵਕੀਲ ਨੂੰ ਆਪਣਾ ਗੁੰਝਲਦਾਰ ਕੇਸ ਜੱਜ ਅੱਗੇ ਰੱਖਣ ਲਈ ਕਰਨੀ ਪੈਂਦੀ ਹੈ।

– ਸਿੰਬਲ ਜਾਂ ਚਿੰਨ੍ਹ ਸਹਿਜ ਸੁਭਾਅ ਹੀ ਵਰਤੇ ਗਏ? ਨਵੇਂ ਸ਼ਬਦ ਘੜੇ ਅਤੇ ਨਵੀਨ ਪ੍ਰਯੋਗ ਵੀ ਕੀਤੇ ਜਿਹਨਾਂ ਤੋਂ ਪਾਠਕ-ਜਗਤ ਵਾਕਫ਼ ਨਹੀਂ ਸੀ?

– ਮੈਂ ਮੰਨਦਾ ਹਾਂ, ਮੇਰਾ ਸਾਹਿਤ ਸਮੇਂ ਤੋਂ ਪਹਿਲਾਂ ਦਾ ਸਾਹਿਤ ਸੀ। ਮੇਰਾ ਅਨੁਭਵ ਪਾਠਕਾਂ ਕੋਲ਼ ਨਹੀਂ ਸੀ। ਪਰ ਚਿੰਨ੍ਹ ਸਹਿਜ-ਸੁਭਾਅ ਹੀ ਆ ਗਏ। ਅਨੁਭਵ ਤੇ ਅਧਿਐਨ ਵਿਸ਼ਾਲ ਏਨਾ ਸੀ, ਜਤਨ ਕਰਕੇ ਨਹੀਂ ਲਿਖਿਆ:

ਘਰ ਤੋਂ ਘਰ ਦੇ ਅੰਦਰ ਤਕ, ਦੋ ਧਰੁਵਾਂ ਜਿਤਨੀ ਦੂਰੀ ਹੈ
ਨਾ ਮਿਲ ਸਕਣਾ ਮਜਬੂਰੀ ਹੈ

ਤੁਸੀਂ ਆਪ ਨਾਵਲਕਾਰ ਹੋ। ਰਚਨਾਤਮਕ ਕਿਰਿਆ ਬੜੀ ਗੁੰਝਲਦਾਰ ਹੁੰਦੀ ਹੈ। ਮੈਂ ਉਦੋਂ ਲਿਖਦਾ ਹਾਂ ਜਦੋਂ ਆਮਦ ਹੁੰਦੀ ਹੈ। 'ਪਾਗ਼ਲ ਕੌਣ' ਕਹਾਣੀ ਹੀ ਲਵੋ। ਉਸ ਦੀ ਪਾਤਰ ਕਲੇਅਰ ਆਪਣੇ ਸਾਹਮਣੇ ਤੱਪੜ ਜ਼ਮੀਨ ਪੁੱਟਦੇ, ਹਲ਼ ਦੇ ਫਾਲ਼ਿਆਂ ਨੂੰ ਦੇਖ ਕੇ ਮਹਿਸੂਸ ਕਰਦੀ ਹੈ ਜਿਵੇਂ ਉਹ ਵੀ ਇਕ ਅਣਵਾਹੀ ਧਰਤੀ ਹੋਵੇ ਜਿਸਨੂੰ ਪਾੜ ਦੀ ਲੋੜ ਹੈ ਅਤੇ ਬੀਜ ਦੀ ਵੀ ।

– 'ਮਨ ਦੇ ਹਾਣੀ' ਕਾਵਿ ਨਾਟ ਦੀ ਥੀਮ ਕੀ ਹੈ?

ਮਨ ਦੇ ਹਾਣੀ ਕਿੱਥੋਂ ਲੱਭੀਏ? ਮਨ ਦੇ ਹਾਣ ਨਾ ਲੱਭਦੇ
ਤਨ ਦੀ ਭਾਸ਼ਾ ਬੋਲਣ ਸਾਰੇ, ਬੂਹੇ ਬੰਦ ਨੇ ਸਭ ਦੇ
ਦੇਹ ਨੂੰ ਦੇਹ ਦੀ ਦੌਲਤ ਦੇਵੋ, ਮਨ ਨੂੰ ਦਿਉ ਛਕੀਰੀ
ਮਨ ਨੂੰ ਮਨ ਤਕ ਪੁੱਜਣ ਲਈ ਹੀ, ਉਮਰ ਬੀਤ ਗਈ ਮੇਰੀ!

ਪੱਛਮ ਦੀ ਪੈਸੇ ਲਈ ਲੱਗੀ ਚੂਹਾ-ਦੌੜ, ਵਿਆਹ ਦੀਆਂ ਕੋਮਲ ਭਾਵਨਾਵਾਂ ਨੂੰ ਕੁਚਲ ਦਿੰਦੀ ਹੈ। ਇਕੋ ਜਿਹੀਆਂ ਦਿਲਚਸਪੀਆਂ, ਇਕੋ ਸੋਚ ਵਾਲਿਆਂ ਦੇ ਵਿਆਹ ਕਰਨੇ ਚਾਹੀਦੇ ਨੇ; ਪੈਸੇ ਨੂੰ ਮੰਜ਼ਲ ਨਹੀਂ, ਸਾਧਨ ਮਾਤਰ ਸਮਝਣਾ ਚਾਹੀਦਾ ਹੈ:

ਜਦ ਜਦ ਮਿਲਦੇ ਮਨ ਦੇ ਹਾਣੀ, ਰੁਖ਼ ਪਲਟਣ ਦਰਿਆਵਾਂ ਦੇ!

– ਕੀ ਤੁਸੀਂ ਆਪ ਜੀਵਨ ਦੇ ਇਸ ਪੜਾਅ ਤਕ ਪ੍ਰਛਾਵੇਂ ਫੜਨ ਵਿਚ ਕਾਮਯਾਬ ਹੋ ਗਏ ਹੋ?

ਤਨ ਨੇ ਜਿੰਨੇ ਜਿਸਮ ਹੰਢਾਏ, ਮਨ ਨੇ ਓਨੇ ਬੋਝ ਉਠਾਏ
ਹਰ ਨਾਤਾ ਇਕ ਪਰਬਤ, ਮਨ ਨੂੰ, ਤਨ ਦੇ ਬਸਤਰ ਮੇਚ ਨ ਆਏ
ਹਰ ਦੇਹ ਵਿਚ ਇਕ ਚੋਲਾ ਲਾਹ ਕੇ, ਹਰ ਦੇਹ 'ਚੋਂ ਤ੍ਰਿਸ਼ਨਾ ਹੀ ਪਾ ਕੇ
ਤਾਣੀ ਉਲਝੀ, ਸੁਲਝੇ ਮਨ ਦੀ !

– ਤੁਸੀਂ ਕਾਵਿ ਨਾਟ ਲਿਖੇ ਅਤੇ ਖੇਡੇ ਹਨ। ਕੀ ਪੰਜਾਬੀ ਵਿਚ ਕਾਵਿ ਨਾਟ ਦੀ ਕੋਈ ਪਰੰਪਰਾ ਸੀ?

– ਮੈਂ 12 ਕਾਵਿ ਨਾਟ ਲਿਖੇ ਪਰ ਖੇਡੇ ਗਏ ਉਹ ਗੁਰਸ਼ਰਨ ਸਿੰਘ, ਅਜਮੇਰ ਔਲਖ, ਸਾਹਿਬ ਸਿੰਘ, ਸੁਰਜੀਤ ਸਿੰਘ ਸੇਠੀ ਅਤੇ ਕੇਵਲ ਧਾਲੀਵਾਲ ਦੁਆਰਾ। ਪੰਜਾਬੀ ਵਿਚ ਰਾਸ ਦੇ ਰੂਪ ਵਿਚ ਬੜੀ ਮੁਢੱਲੀ ਪਰੰਪਰਾ ਤਾਂ ਸੀ ਪਰ ਸੰਸਕ੍ਰਿਤ ਵਰਗੀ ਨਹੀਂ। ਲਿਖਤੀ ਰੂਪ ਵਿਚ ਭਾਈ ਵੀਰ ਸਿੰਘ ਦਾ 'ਰਾਜਾ ਲੱਖਦਾਤਾ ਸਿੰਘ' ਪਹਿਲਾ ਕਾਵਿ ਨਾਟ ਸੀ, ਫੇਰ ਦੀਦਾਰ ਸਿੰਘ ਤੇ ਤੇਰਾ ਸਿੰਘ ਚੰਨ ਦੇ ਕਈ ਕਾਵਿ ਨਾਟ ਸਨ। ਸੰਤ ਸਿੰਘ ਸੇਖੋਂ, ਸੁਰਜੀਤ ਹਾਂਸ, ਡਾ. ਹਰਿਭਜਨ ਸਿੰਘ, ਸ. ਨ. ਸੇਵਕ, ਸ਼ਹਿਰਯਾਰ ਤੇ ਮਨਜੀਤਪਾਲ ਕੌਰ ਨੇ ਕਾਵਿ ਨਾਟ ਲਿਖੇ।

–ਤੁਹਾਨੂੰ ਇਸ ਤਰਫ਼ ਪ੍ਰੇਰਨਾ ਕਿੱਥੋਂ ਮਿਲੀ?

–ਯੂਰਪ ਵਿਚ ਖੇਡੇ ਜਾ ਰਹੇ ਕਾਵਿ ਨਾਟ ਤੋਂ। ਉੱਥੇ ਦ੍ਰਿਸ਼ ਚਿੱਤਰ ਜੋ ਸਪੈਕਟੇਕਲ ਵਜੋਂ ਖੇਡੇ ਜਾ ਰਹੇ ਸਨ, 'ਕੈਲਕਟਾ' ਬੜਾ ਪ੍ਰਭਾਵਸ਼ਾਲੀ ਕਾਵਿ ਨਾਟ, ਮੈਂ ਦੇਖਿਆ।

–ਲੰਬੀ ਕਹਾਣੀ ਕਿਤੇ ਅੱਜਕੱਲ੍ਹ ਬੇਸੁਰੀ ਤਾਂ ਨਹੀਂ ਹੋ ਰਹੀ?

–ਪੰਜਾਬੀ ਵਿਚ ਲੰਬੀ ਕਹਾਣੀ ਵੀ ਪ੍ਰਯੋਗਸ਼ੀਲ ਲਹਿਰ ਦੀ ਹੀ ਉਪਜ ਹੈ। ਮਹਿਰਮ ਯਾਰ, ਜਸਵੰਤ ਸਿੰਘ ਵਿਰਦੀ, ਗੁਲਜ਼ਾਰ ਸਿੰਘ ਸੰਧੂ ਨੇ ਸ਼ੁਰੂਆਤ ਕੀਤੀ। ਵਰਿਆਮ ਸੰਧੂ, ਜੋ ਬਾਅਦ ਵਿਚ ਆਇਆ, ਉਸਦੇ ਆਪਣੇ ਜੀਵਨ ਅਨੁਭਵ ਵਿਚੋਂ ਲਿਖਣ ਕਰਕੇ ਜ਼ਿਆਦਾ ਸਸ਼ਕਤ ਬਣ ਗਈ, ਕਿਉਂਕਿ ਉਸਨੇ ਪਾਖੰਡ ਨਹੀਂ ਕੀਤਾ, ਫਰਜ਼ ਕਰਕੇ ਨਹੀਂ ਲਿਖਿਆ।

– ਤੁਹਾਡੇ 'ਤੇ ਤਾਜ਼ਾ ਇਤਰਾਜ਼ ਇਹ ਕੀਤਾ ਜਾ ਰਿਹਾ ਹੈ ਕਿ ਤੁਸੀ ਨਵਾਂ ਕੁਝ ਨਹੀਂ ਸਿਰਜ ਰਹੇ, ਉਹੀ ਪੁਰਾਣੀ ਸ਼ਰਾਬ ਧੜਾਧੜ ਨਵੀਆਂ ਬੋਤਲਾਂ ਵਿਚ ਪਰੋਸੀ ਜਾ ਰਹੇ ਹੋ?

– 2010 ਵਿਚ ਕਵਿਤਾ ਦੀ ਨਵੀਂ ਕਿਤਾਬ 'ਬਾਜ਼ ਦੀ ਨਜ਼ਰ', ਕਾਵਿ ਨਾਟਕ 'ਚੱਕਰਵਿਯੂ ਤੇ ਪਿਰਾਮਿਡ' ਅਤੇ ਨੌਵਾਂ ਕਹਾਣੀ ਸੰਗ੍ਰਹਿ 'ਗੋਰੀਆਂ ਸ਼ਹੀਦੀਆਂ' ਪਹਿਲੀ ਵਾਰ ਛਪੇ ਹਨ। ਪਿਛਲੇ ਪੰਜ ਵਰ੍ਹਿਆਂ ਦੌਰਾਨ ਮੈਂ ਆਪਣਾ ਸਾਰਾ ਸਾਹਿਤ ਦੁਬਾਰਾ ਛਾਪਿਆ ਕਿਉਂਕਿ 2003 ਤੋਂ 2010 ਤਕ ਮੇਰੇ ਦਿਲ ਦੀ ਪੰਜ ਵਾਰੀ ਸਰਜਰੀ ਹੋਣ ਕਾਰਨ ਮੈਨੂੰ ਸਿਹਤ ਪੱਖ ਤੋਂ ਕੁਝ ਬੇਵਿਸਾਹੀ ਹੋ ਗਈ ਸੀ। ਉਂਝ ਮੈਂ ਜਲਦੀ ਜਲਦੀ ਨਾ ਹੀ ਲਿਖਿਆ, ਨਾ ਛਪਿਆ ਹਾਂ। ਸਗੋਂ ਪਚਵੰਜਾ ਸਾਲਾਂ ਦੇ ਲੰਬੇ ਅਰਸੇ ਵਿਚ ਧੀਮੀ ਚਾਲ ਲਿਖਦਿਆਂ ਵੀ ਕਾਫੀ ਕੁਝ ਰਚਿਆ ਜਾ ਚੁੱਕਾ ਹੈ।

– ਡਾ. ਨੂਰ ਹੋਰਾਂ ਇਹ ਕਿਉਂ ਲਿਖਿਆ ਕਿ ਹੁਣ ਰਵੀ ਦੀਆਂ ਕਹਾਣੀਆਂ ਨੂੰ ਜ਼ਿਆਦਾ ਗੌਲਣ ਦੀ ਲੋੜ ਹੈ?

–ਮੇਰੀ ਕਹਾਣੀ ਗਰਮ ਬੜੀ ਸੀ। ਪਿੰਡ 'ਚ ਰਹਿੰਦਿਆਂ ਵੀ ਮੈਂ ਸਦਾ ਨਵੇਂ ਵਿਸ਼ੇ ਚੁਣੇ। ਕਿਸੇ ਵੀ ਲੇਖਕ ਨੇ ਸੱਠਵਿਆਂ ਵਿਚ ਇਕ ਦਲਿਤ ਲੜਕੀ ਨੂੰ ਮਰਦਾਂ ਵਾਲੇ ਕਿਰਦਾਰ ਵਿਚ ਨਹੀਂ ਦਰਸਾਇਆ ਜਿਵੇਂ ਮੈਂ ਵੱਗ ਚਾਰਨ ਵਾਲੀ ਚਰਾਵੀ ਨੂੰ ਉਸਦਾ ਪਿਓ ਮਰਨ ਕਾਰਨ, ਟੱਬਰ ਦੀ ਪਾਲਕ ਵਜੋਂ ਚਿਤਰਿਆ ਸੀ। ਹੁਣ ਪੰਜਾਬੀ ਪਾਠਕ ਅਸਲੀ ਅਰਥਾਂ ਵਿਚ ਅੱਗੇ ਆ ਗਿਆ ਹੈ। ਸੋ ਉਹ ਮੇਰੀਆਂ ਬੇਬਾਕ ਕਹਾਣੀਆਂ ਨੂੰ ਜ਼ਿਆਦਾ ਮਾਣ ਸਕੇਗਾ। ਸੱਤਰਵਿਆਂ ਵਿਚ ਤਾਂ ਆਲੋਚਕਾਂ ਨੇ ਗ਼ਲਤ ਐਨਕਾਂ ਲਾਈਆਂ ਹੋਈਆਂ ਸਨ।

–ਕੀ ਸੱਚੇ ਪਿਆਰ ਦਾ ਕੋਈ ਫਲਸਫਾ ਨਹੀਂ ਹੁੰਦਾ, ਜਿਵੇਂ ਇਕ ਨਾਮਰਦ ਜਾਂ ਹੀਜੜੇ ਪਾਤਰ ਨੂੰ ਤੁਸੀਂ ਸੱਚਾ ਆਸ਼ਕ ਹੋਣ ਦੇ ਬਾਵਜੂਦ 'ਜਦ ਸੁੰਦਰਤਾ ਦਰਸ਼ਨ ਦੇਵੇ' ਕਹਾਣੀ ਵਿਚ ਵਿਛੋੜੇ ਕਾਰਨ ਭਟਕਦਾ ਦਿਖਾਇਆ ਹੈ?

– ਕਾਮ ਹੀ ਮੁਖ ਸ਼ਕਤੀ ਹੈ। ਵਿਆਹ ਦੀ ਅਸਲ ਖਾਹਿਸ਼ ਵੀ ਸਰੀਰਕ ਭੋਗ ਹੈ। ਵਿਆਹ ਅਸਲ ਵਿਚ ਸੈਕਸ ਨੂੰ ਕਾਨੂੰਨੀ ਬਣਾਉਣ ਦੀ ਸਮਾਜਕ ਰਸਮ ਹੈ। ਪਰ ਜੇ ਮਾਨਸਿਕ ਹਾਣ ਦਾ ਸਾਥ

ਮਿਲ ਜਾਵੇ ਤਾਂ ਅਜਿਹਾ ਰਿਸ਼ਤਾ ਅਟੁੱਟ ਹੋਵੇਗਾ।

-ਤੁਸੀਂ ਸੱਤਰਵਿਆਂ ਵਿਚ ਪੰਜਾਬੀ ਲੇਖਕਾਂ ਨੂੰ ਨਵੇਂ ਦਿਸਹੱਦੇ ਫਰੋਲਣ ਦਾ ਮਸ਼ਵਰਾ ਦਿੱਤਾ ਸੀ। ਕੀ ਉਹ ਪੰਜਾਬ ਵਿਚ ਰਹਿ ਕੇ ਰਵਿੰਦਰ ਰਵੀ ਬਣ ਸਕਦੇ ਸਨ?

-ਤੁਸੀਂ ਬੜੀ ਖ਼ੂਬਸੂਰਤ ਗੱਲ ਕੀਤੀ ਹੈ। ਸਾਡੇ ਪੰਜਾਬੀ ਲੇਖਕ ਰਵਿੰਦਰ ਰਵੀ ਤਾਂ ਕੈਨੇਡਾ, ਅਮਰੀਕਾ ਜਾਂ ਇੰਗਲੈਂਡ ਵਿਚ ਰਹਿ ਕੇ ਨਹੀਂ ਬਣ ਸਕੇ। ਉੱਥੇ ਵੀ ਸਟੇਜੀ ਕਵਿਤਾ ਲਿਖੀ ਜਾਂਦੇ ਨੇ। ਤੀਹ ਤੀਹ ਸਾਲਾਂ ਤੋਂ ਵਲਾਇਤ ਵਿਚ ਵਸਦੇ ਭਾਰਤੀ ਪੰਜਾਬ ਵਿਚਲਾ ਯਥਾਰਥ ਚਿੱਤਰੀ ਜਾਂਦੇ ਨੇ। ਐਧਰਲੇ ਜੀਵਨ ਨੂੰ ਨਹੀਂ ਫੜਦੇ, ਅਮਾਨਵੀਕਰਨ ਨੂੰ ਤਾਂ ਇਹਨਾਂ ਕਿੱਥੇ ਚਿੱਤਰਨਾ ਸੀ।

- 'ਅਮਾਨਵੀਕਰਨ' ਨੂੰ ਜ਼ਰਾ ਸਪੱਸ਼ਟ ਕਰੋ। ਇਹ ਕਿਉਂ ਹੋ ਰਿਹਾ ਹੈ?

- ਜਦੋਂ ਹਾਲਾਤ ਦੇ ਵੱਸ ਪਿਆ ਮਨੁੱਖ, ਮਨੁੱਖ ਹੀ ਨਾ ਰਹੇ, ਮਸ਼ੀਨ ਬਣ ਜਾਵੇ। ਮੁੱਢਲੀਆਂ ਲੋੜਾ ਕੀਮਤਾਂ ਨਾਲੋਂ ਟੁੱਟ ਕੇ ਆਪਣੇ ਆਪੇ ਨੂੰ ਵੀ ਗੁਆ ਬੈਠੇ ਜਿਵੇਂ ਮੇਰੀ ਕਹਾਣੀ 'ਕੰਪਿਊਟਰ ਕਲਚਰ', ਕਾਵਿ ਨਾਟ 'ਬੀਮਾਰ ਸਦੀ', 'ਚੱਕਰਵਿਯੂ ਤੇ ਪਿਰਾਮਡ' ਵਿਚ ਹੁੰਦਾ ਹੈ। ਮਨੁੱਖ ਦੇ ਮਨ ਅੰਦਰਲੀ ਖਿੱਚੋਤਾਣ, ਸਵੈ ਨਾਲ ਲੜਾਈ ਅਤੇ ਬਾਹਰੀ ਕਸ਼ਮਕਸ਼ ਦਿਖਾਈ ਗਈ ਹੈ।

- ਜਦੋਂ ਤੁਸੀਂ 'ਕੰਪਿਊਟਰ ਕਲਚਰ' ਤੇ 'ਬੀਮਾਰ ਸਦੀ' ਵਰਗੀਆਂ ਰਚਨਾਵਾਂ ਕੀਤੀਆਂ, ਉਦੋਂ ਕੰਪਿਊਟਰ ਆ ਚੁੱਕਾ ਸੀ?

-'ਬੀਮਾਰ ਸਦੀ' ਕਾਵਿ ਨਾਟ 1974 ਵਿਚ ਰਚਿਆ। ਉਹ ਯਥਾਰਥ ਬੇਸ਼ੱਕ ਡਾਕੂਮੈਂਟਰੀ ਫਿਲਮਾਂ, ਮੈਗਜ਼ੀਨਾਂ ਅਤੇ ਅਖ਼ਬਾਰੀ ਖੋਜਾਂ ਉੱਤੇ ਆਧਾਰਤ ਸੀ ਪਰ ਲੇਖਕ ਵਜੋਂ ਭਵਿੱਖਦਰਸ਼ੀ ਹੋਣ ਕਾਰਨ ਮੈਂ ਜੋ ਕਲਪਨਿਕ ਸੱਚ ਪੇਸ਼ ਕੀਤਾ, ਉਹੀ ਭਵਿੱਖ ਦਾ ਸੱਚ ਹੋ ਨਿਬੜਿਆ। 'ਕੰਪਿਊਟਰ ਕਲਚਰ' ਕਹਾਣੀ ਮੈਂ 1981 ਵਿਚ ਲਿਖੀ ਜਦੋਂ ਕੰਪਿਊਟਰ ਦੀਆਂ ਨਕਲਾਂ ਅਸੀਂ ਆਪਣੇ ਦੋਹਾਂ ਪੁੱਤਰਾਂ-ਅੰਮ੍ਰਿਤਪਾਲ ਤੇ ਸਹਿਜਪਾਲ ਲਈ ਅਮਰੀਕਾ ਤੋਂ ਮਹਿੰਗੀਆਂ ਖਰੀਦ ਕੇ ਲਿਆਏ। ਦੋਵੇਂ ਬੱਚੇ ਆਪੋ ਆਪਣੇ ਰੂਮ 'ਚ ਵੜ ਕੇ ਕੰਪਿਊਟਰ ਤੇ ਇਲੈਕਟਰੌਨਿਕ ਖਿਡਾਉਣਿਆਂ ਵਿਚ ਪਰਚੇ ਮੈਨੂੰ ਸਾਡੇ ਨਾਲੋਂ ਟੁੱਟਦੇ ਜਾਪੇ। ਫੇਰ ਸਾਡੇ ਘਰ ਵਿਚ ਹੀ ਚਾਰ 'ਮੀਨੂੰ' ਪੱਕਦੇ। ਮੈਂ ਮਾਸਾਹਾਰੀ ਅਤੇ ਮਦ ਦਾ ਸ਼ੌਕੀਨ। ਕਸ਼ਮੀਰ ਕੌਰ ਪੂਰੀ ਵੈਸ਼ਨੂੰ। ਮੁੰਡਿਆਂ ਦੀਆਂ ਅਲੱਗ ਅਲੱਗ ਫਰਮਾਇਸ਼ਾਂ। ਮਿੱਤਰਾਂ ਦੋਸਤਾਂ ਦੇ ਬੱਚਿਆਂ ਨੂੰ ਵੱਖੋ ਵੱਖਰੇ ਰਾਹ ਪੈਂਦਿਆਂ ਦੇਖ ਚੁੱਕਾ ਸਾਂ। ਮਾਨਸਿਕ ਪੱਧਰ 'ਤੇ ਦੂਹਰੇ ਹਾਦਸੇ ਦਾ ਸ਼ਿਕਾਰ ਸਾਂ। ਪਿਤਾ ਜੀ ਦੀ ਮੌਤ ਕਾਰਨ ਇੰਝ ਮਹਿਸੂਸ ਕਰਦਾ ਜਿਵੇਂ ਮੇਰੇ ਸ਼ੀਰਾ ਲਿੱਬੜੇ ਦਿਮਾਗ਼ ਨੂੰ ਮਕੌੜੇ ਚੰਬੜੇ ਹੋਣ। ਜਾਂ ਮੈਂ ਗਰਦਨ ਕੱਟੇ ਮੁਰਗੇ ਵਾਂਗ ਤੜਫਦਾ ਇਧਰ ਉਧਰ ਭਟਕ ਰਿਹਾ ਹੋਵਾਂ। ਘਰ ਵਾਲੀ ਵੀ ਕੈਨੇਡਾ ਆ ਚੁੱਕੀ ਸੀ, ਇਕ ਹੋਰ ਸਹੇਲੀ ਨਾਲ ਮੇਰਾ ਇਸ਼ਕ ਵੀ ਚਲਦਾ ਸੀ। ਇਕ ਤਰਫ਼ ਗ੍ਰਹਿਸਤ ਦੀ ਵਫ਼ਾਦਾਰੀ, ਦੂਜੇ ਪਾਸੇ ਭਾਵਨਾ ਦੀ ਤੜਫਣ। ਮਾਨਸਿਕ ਦਵੰਦ ਸੀ ਜਿਸ ਵਿਚੋਂ 'ਕੰਪਿਊਟਰ ਕਲਚਰ' ਦੀ ਸਿਰਜਣਾ ਹੋਈ।

- ਤੁਸੀਂ ਭਲਾ ਆਪਣੇ ਸਮੁੱਚੇ ਸਾਹਿਤ ਰਾਹੀਂ ਕਿਸ ਖੇਤਰ ਵਿਚ ਪਹਿਲ ਕੀਤੀ?

- ਕੰਪਿਊਟਰ ਕਲਚਰ ਬਾਰੇ ਪਹਿਲੀ ਕਹਾਣੀ ਲਿਖ ਕੇ ਵੀ ਤਾਂ ਮੈਂ ਹੀ ਪਹਿਲ ਕੀਤੀ ਸੀ ਕਿਉਂਕਿ ਮੈਂ ਮਹਿਸੂਸ ਕਰ ਲਿਆ ਸੀ ਕਿ ਇਸ ਮਸ਼ੀਨ ਨੇ ਸਾਡੇ ਪਰਿਵਾਰ ਨੂੰ ਤਾਂ ਕੀ, ਮਨੁੱਖ ਨੂੰ ਵੀ ਤੋੜ ਦੇਣਾ ਹੈ। ਦੂਜੇ, ਮੈਂ ਹਮੇਸ਼ਾ ਆਪਣੇ ਆਪ ਨਾਲ ਹੀ ਮੁਕਾਬਲਾ ਕੀਤਾ ਹੈ, ਦੂਜਿਆਂ ਨਾਲ ਨਹੀਂ। ਮੇਰੀ ਨਵੀਂ ਰਚਨਾ ਸਦਾ ਪਹਿਲੀ ਨਾਲੋਂ ਨਵੇਕਲੀ ਹੋਵੇ-ਮੇਰੀ ਧਾਰਨਾ ਸੀ। ਮੈਂ ਵਿਸ਼ੇ ਪੱਖੋਂ ਹੀ ਨਹੀਂ, ਵਿਧੀ ਪੱਖ ਤੋਂ ਵੀ ਨਵੀਨਤਾ ਲਿਆਂਦੀ। ਨਵੇਂ ਸਿੰਬਲ, ਨਵੇਂ ਸ਼ਬਦ, ਨਵੇਂ ਮੁਹਾਵਰੇ ਸਿਰਜੇ ਅਤੇ ਬੇਬਾਕੀ ਨਾਲ ਲਿਖਣ ਦੀ ਹਿੰਮਤ ਦਿਖਾਈ।

- ਜੇ ਤੁਸੀਂ ਪੰਜਾਬ ਵਿਚ ਹੀ ਰਹਿੰਦੇ ਤਾਂ ਕੀ ਲਿਖਦੇ?

- ਹੋ ਸਕਦਾ ਹੈ, ਕਈਆਂ ਵਾਂਗ ਲਿਖਣੋਂ ਹੀ ਹਟ ਜਾਂਦਾ। ਕਰਨੇ ਤਾਂ ਮੈਂ ਪ੍ਰਯੋਗ ਹੀ ਸਨ। ਮੇਰੇ ਕੋਲ਼ ਜ਼ਿੰਦਗੀ ਜਿੱਡਾ ਵਿਸ਼ਾਲ ਅਨੁਭਵ ਨਹੀਂ ਸੀ ਹੋਣਾ। ਹੋ ਸਕਦਾ, ਮੇਰੀ ਸੋਚ ਸੀਮਿਤ ਹੋ ਜਾਂਦੀ, ਖੜੋਤ ਆ ਜਾਂਦੀ।

- ਤੁਹਾਨੂੰ ਚਰਚਾ 'ਚ ਰਹਿਣਾ ਆਉਂਦਾ ਹੈ। ਕਾਰਨ?

- ਕਹਿ ਨਹੀਂ ਸਕਦਾ। ਮੈਂ 'ਕੰਟਰਾਡਿਕਟਰੀ' ਲਿਖਿਆ ਹੈ। ਪਹਿਲੀ ਪੁਸਤਕ 'ਦਿਲ ਦਰਿਆ ਸਮੁੰਦਰੋਂ ਡੂੰਘੇ' ਦਾ ਮੁੱਖ ਬੰਧ ਸੇਖੋਂ ਸਾਹਿਬ ਨੇ ਲਿਖ ਦਿੱਤਾ ਕਿਉਂਕਿ ਉਹ ਮੇਰੇ ਪਿਤਾ ਜੀ ਦੇ ਮਿੱਤਰ ਸਨ। ਉਸ ਤੋਂ ਤੜਫ ਕੇ ਜਸਬੀਰ ਸਿੰਘ ਆਹਲੂਵਾਲਿਆ ਨੇ ਦੂਜੀ ਕਿਤਾਬ 'ਬੁੱਕਲ ਦੇ ਵਿਚ ਚੋਰ' ਵਿਚ ਸੇਖੋਂ ਸਾਹਬ ਦੇ ਖਿਲਾਫ ਲਿਖ ਮਾਰਿਆ। ਚਰਚਾ ਛਿੜ ਪਈ।

- ਤੁਹਾਡੀ ਕਾਵਿ ਨਾਟ ਨੂੰ ਵਿਸ਼ੇਸ਼ ਦੇਣ ਕੀ ਹੈ?

- ਮੈਂ ਸਹੀ ਮਾਅਨਿਆਂ ਵਿਚ ਕਾਵਿ ਨਾਟ ਲਿਖਿਆ ਹੈ ਜਿਸ ਵਿਚ ਕਾਵਿ ਵੀ ਹੈ ਅਤੇ ਨਾਟਕ ਵੀ। ਤਾਂ ਹੀ 12 ਵਿਚੋਂ ਮੇਰੇ 9 ਨਾਟਕ ਖੇਡੇ ਜਾ ਚੁੱਕੇ ਹਨ।

- ਤੁਸੀਂ 27 ਸਾਲ ਕੈਨੇਡਾ ਦੇ ਆਦਿਵਾਸੀਆਂ ਨੂੰ ਪੜ੍ਹਾਇਆ ਹੈ। ਉਹਨਾਂ ਦੀ ਭਾਸ਼ਾ, ਲਿਪੀ, ਸਭਿਆਚਾਰ ਬਾਰੇ ਕੁਝ ਸਾਰਥਕ ਵੀ ਕੀਤਾ?

- ਇਹ ਐਬਰਿਜਨਲ ਲੋਕ 20-22 ਹਜ਼ਾਰ ਸਾਲ ਪਹਿਲਾਂ ਮੰਗੋਲੀਆ ਤੋਂ ਆਏ ਸਨ। ਭੋਜਨ ਤੇ ਚਰਾਂਦਾਂ ਦੀ ਭਾਲ ਵਿਚ। ਇਹਨਾਂ ਦੇ ਰੀਤੀ ਰਿਵਾਜ ਸਾਡੇ ਜਿਹੇ ਹੀ ਹਨ, ਜਿਵੇਂ ਵਿਆਹ ਮੌਕੇ ਪਿੰਡ ਨੂੰ ਚੁੱਲ੍ਹੇ ਨਿਉਂਦਾ ਦੇਣਾ, ਸ਼ਗਨ ਪਾਉਣਾ, ਭਾਜੀ ਦੇਣੀ। ਚਾਰ ਮੁੱਖ ਕਬੀਲੇ - ਬਘਿਆੜ, ਇੱਲ, ਕਾਂ ਤੇ ਮੱਛੀ। ਆਪੋ ਆਪਣੇ ਕਬੀਲੇ ਜਾਂ ਗੋਤ ਅੰਦਰ ਵਿਆਹ ਨਹੀਂ ਕਰ ਸਕਦੇ। ਵਿਆਹ ਤੋਂ ਪਹਿਲਾਂ ਕੁੜੀਆਂ ਮੁੰਡਿਆਂ ਵਿਚ ਕਾਮ-ਰੋਤਾ ਪ੍ਰਚਲਤ ਸੀ। ਅਜਿਹੇ ਕੁਆਰ-ਸੰਬੰਧਾਂ ਵਿਚੋਂ ਉਪਜੇ ਜਵਾਕਾਂ ਨੂੰ ਦਾਦੀਆਂ ਨਾਨੀਆਂ ਗੋਦ ਲੈ ਕੇ ਪਾਲ਼ ਲੈਂਦੀਆਂ। ਲੜਕੀ ਅੱਗੇ ਚਲੀ ਜਾਂਦੀ। ਬੁੱਢਿਆਂ ਨੂੰ, ਲਾਵਾਰਿਸ ਮਰੀਜ਼ਾਂ ਨੂੰ ਇਹ ਆਸ਼ਰਮਾਂ ਵਿਚ ਨਹੀਂ ਰੁਲਣ ਦਿੰਦੇ। ਜੇ ਸਕਾ ਪੁੱਤਰ-ਧੀ ਨਾ ਵੀ ਹੋਵੇ ਤਾਂ ਸ਼ਰੀਕੇ ਵਿਚੋਂ ਕੋਈ ਸੰਬੰਧੀ ਆਪਣੇ ਘਰ ਰੱਖ ਕੇ ਸੇਵਾ ਸੰਭਾਲ਼ ਕਰਦਾ ਹੈ। ਇਹਨਾਂ ਦੀ ਔਲਾਦ ਨੂੰ ਅੰਗਰੇਜ਼ ਪਾਦਰੀਆਂ ਨੇ ਰਿਹਾਇਸ਼ੀ ਸਕੂਲਾਂ ਵਿਚ ਲਿਜਾਕੇ ਖਰਾਬ ਕੀਤਾ, ਨਸ਼ਈ ਅਤੇ ਕਾਮੀ ਬਣਾ ਦਿੱਤਾ। ਉਹ ਆਪਣੀ ਬੋਲੀ-ਸਭਿਆਚਾਰ ਭੁੱਲ ਬੈਠੇ। 'ਆਦਮ ਤੇ ਹੱਵਾ ਦੀ ਮਾਂ' ਅਤੇ 'ਰੋਹ ਦੀ ਸ਼ੈਲੀ' ਕਹਾਣੀਆਂ ਵਿਚ ਇਹੋ ਟਕਰਾਅ ਹੈ।

- ਤੁਸੀਂ ਇਹਨਾਂ ਦੀ ਭਾਸ਼ਾ ਤੇ ਸਭਿਆਚਾਰ ਬਚਾਉਣ ਵਿਚ ਕੋਈ ਰੁਚੀ ਦਿਖਾਈ?

- ਮੈਂ 'ਵਿੰਡ-ਸੌਂਗ' ਨਾਂ ਦਾ ਰਸਾਲਾ ਸਕੂਲ ਵਿਚ ਜਾਰੀ ਕੀਤਾ ਜਿਸ ਵਿਚ ਇਹਨਾਂ ਪਾੜ੍ਹਿਆਂ ਦੀਆਂ ਰਚਨਾਵਾਂ ਛਾਪਦਾ। ਕਿਉਂਕਿ ਇਹਨਾਂ ਵਿਚ ਕਲਪਨਾ ਤੇ ਹੁਨਰ ਬਹੁਤ ਜ਼ਿਆਦਾ ਸੀ। ਪੱਤਰਕਾਰੀ ਵਿਚ ਪ੍ਰੇਰਨਾ ਦੇਣ ਲਈ 'ਦਰਿਆਈ ਖ਼ਬਰਾਂ' ਜਾਂ 'ਕੈਲੀਅਸ ਨਿਊਜ਼' ਰਸਾਲਾ ਅਲੱਗ ਕੱਢਿਆ। ਰਸਾਲੇ ਇਕੱਠੇ ਕਰਕੇ ਪੁਸਤਕ ਛਾਪ ਦਿੰਦੇ। ਜੋ ਵਿਕਰੀ ਹੁੰਦੀ ਉਸ ਵਿਚੋਂ ਹੋਣਹਾਰ ਵਿਦਿਆਰਥੀਆਂ ਨੂੰ ਵਜ਼ੀਫਾ ਦਿੰਦੇ। ਇੰਝ ਨਿਸਗਾ NISGA ਭਾਸ਼ਾ ਵਿਚ ਉਲਥਾ ਕੇ ਛਾਪੀਆਂ ਉਹ ਕਿਤਾਬਾਂ ਪਾਠ-ਪੁਸਤਕਾਂ ਬਣ ਗਈਆਂ। ਇਹਨਾਂ ਚਹੁੰਆਂ ਪਿੰਡਾਂ ਦੀ ਅੰਗਰੇਜ਼ੀ ਲਿਪੀ ਵਿਚ ਲਿਖੀ ਜਾਂਦੀ ਬੋਲੀ 'ਨਿਸਗਾ' ਨੂੰ ਸੈਕੰਡ ਭਾਸ਼ਾ ਵਜੋਂ ਮਾਨਤਾ ਮਿਲ ਗਈ।

- ਪੂਰਬ ਤੇ ਪੱਛਮ ਦਾ ਮੁਕਾਬਲਾ ਕਰਦਿਆਂ ਪੱਛਮ ਵਿਚ ਵੀ ਕੋਈ ਕਮੀ ਮਹਿਸੂਸ ਹੋਈ ਹੋਵੇ?

- ਪੂਰਾ ਕੋਈ ਵੀ ਨਹੀਂ। ਬੁਨਿਆਦੀ ਅਸੂਲ ਦੋਹਾਂ ਦੇ ਠੀਕ ਹਨ। ਭੈੜ ਵੀ ਦੋਹਾਂ ਵਿਚ ਹਨ। ਪੱਛਮ ਵਿਚ ਵੀ ਜੁਰਮ, ਡਰੱਗ, ਨਸ਼ਾਖੋਰੀ, ਰੰਡੀਬਾਜ਼ੀ, ਟਾਰਗੈੱਟ-ਕਿਲਿੰਗ ਹੈ। ਨਸਲੀ ਵਿਤਕਰਾ ਹੈ। ਮਨੁੱਖ ਦਾ ਮਨੁੱਖ ਨਾਲ ਰਿਸ਼ਤਾ ਜੋੜਨ ਲਈ ਚਿੰਤਨ ਤੇ ਸੋਝੀ ਹਰੇਕ ਮਨੁੱਖ ਨੂੰ ਹੋਣੀ ਜ਼ਰੂਰੀ ਹੈ।

ਅੱਜ ਦੇ ਗਲੋਬਲ ਪਿੰਡ ਵਿਚ ਅਸੀਂ ਵਾਟਰ-ਟਾਈਟ ਕੰਪਾਰਟਮੈਂਟ ਵਿਚ ਨਹੀਂ ਰਹਿ ਸਕਦੇ।

- 'ਸਿਮਰਤੀਆਂ ਦੇ ਦੇਸ਼' ਤੁਹਾਡੇ ਇਕੋ ਇਕ ਸਫ਼ਰਨਾਮੇ ਦੇ ਸੰਦਰਭ 'ਚ ਦੱਸੋ ਕਿ ਪ੍ਰਭਾਵਸ਼ਾਲੀ ਕਥਾ ਯਾਤਰਾ ਕਿਹੜੀ ਹੁੰਦੀ ਹੈ?

- ਜਿਹੜੀ ਰੋਜ਼ਨਾਮਚਾ ਜਾਂ ਡਾਇਰੀ ਕਿਸਮ ਦੀ ਨਾ ਹੋਵੇ। ਉਹੀ ਤੱਥ ਉਭਾਰੇ ਜਾਣ ਜਿਹਨਾਂ ਬਾਰੇ ਡੂੰਘੀ ਤੇ ਟਕਸਾਲੀ ਜਾਣਕਾਰੀ ਹੋਵੇ। ਹੱਡਾਂ ਨਾਲ ਹੰਢਾ ਕੇ ਲਿਖਿਆ ਸੱਚ ਹੀ ਰੌਚਿਕ ਬਣ ਸਕਦਾ ਹੈ ਜਿਵੇਂ ਮੈਂ ਕੀਨੀਆਂ, ਇੰਗਲੈਂਡ, ਫਰਾਂਸ ਤੇ ਕੈਨੇਡਾ ਬਾਰੇ ਬਿਆਨ ਕੀਤਾ ਹੈ।

- ਪਰਵਾਸ ਕਰਕੇ ਕੀ ਖੱਟਿਆ ਤੇ ਕੀ ਗਵਾਇਆ ਹੈ?

- ਖੱਟਿਆ ਹੀ ਹੈ। ਸੰਤੋਖ ਦੀ ਗੱਲ ਇਹ ਹੈ ਕਿ ਮੇਰੀ ਘਰਵਾਲੀ ਦੇ ਚੰਗੇ ਸੰਸਕਾਰਾਂ ਕਰਕੇ ਮੇਰੇ ਲੜਕੇ ਤਾਂ ਪੱਛਮ ਵਿਚ ਗਵਾਚਣੋਂ ਬਚ ਗਏ ਹਨ, ਆਪਣੀਆਂ ਜੜ੍ਹਾਂ ਨਾਲ ਜੁੜੇ ਰਹਿ ਗਏ ਹਨ, ਅਗਲੇਰੀ ਪੀੜ੍ਹੀ ਦਾ ਪਤਾ ਨਹੀਂ।

- ਆਲੋਚਕਾਂ ਬਾਰੇ ਕੋਈ ਗਿਲਾ?

- ਮੈਨੂੰ ਸਦਾ ਕਦਰਦਾਨ ਆਲੋਚਕ ਮਿਲੇ ਨੇ।

- "ਇਨਾਮ-ਸਨਮਾਨ ਕਿਸੇ ਲੇਖਕ ਲਈ ਇੰਝ ਹੁੰਦੇ ਨੇ ਜਿਵੇਂ ਥਲਾਂ 'ਚ ਭਟਕਦੇ ਰਾਹੀ ਨੂੰ ਕੋਈ ਨਖਲਿਸਤਾਨ ਲੱਭ ਗਿਆ ਹੋਵੇ ਜਿਸ ਨਾਲ ਥੋੜ੍ਹ-ਚਿਰੀ ਰਾਹਤ ਜ਼ਰੂਰ ਮਿਲਦੀ। " ਤੁਹਾਨੂੰ ਮਿਲੇ ਅਣਗਿਣਤ ਇਨਾਮਾਂ ਵਿਚੋਂ, ਕਿਸੇ ਲਈ ਵਿਸ਼ੇਸ਼ ਤਰੱਦਦ ਕਰਨਾ ਪਿਆ ਹੋਵੇ?

- ਮੈਂ ਕਦੇ ਵੀ ਕਿਸੇ ਵੀ ਐਵਾਰਡ ਲਈ ਜਤਨ ਨਹੀਂ ਕੀਤਾ। ਭਾਸ਼ਾ ਵਿਭਾਗ ਪੰਜਾਬ ਵੱਲੋਂ ਵਿਦੇਸ਼ੀ ਸਾਹਿਤਕਾਰਾਂ ਲਈ ਸਥਾਪਤ ਪਹਿਲਾ ਇਨਾਮ ਮੇਰੇ ਹੀ ਹਿੱਸੇ ਆਇਆ ਸੀ ਹਾਲਾਂਕਿ ਗੁਰਚਰਨ ਰਾਮਪੁਰੀ, ਕੇਸਰ ਸਿੰਘ ਨਾਵਲਿਸਟ ਅਤੇ ਅਜਾਇਬ ਕਮਲ ਮੇਰੇ ਮੁਕਾਬਲੇ ਵਿਚ ਸਨ।

-ਇਆਪਾ ਐਵਾਰਡਾਂ ਬਾਰੇ ਦੱਸੋ?

- ਇਹ ਅੰਤਰਰਾਸ਼ਟਰੀ ਪੱਧਰ ਦੀ ਸੰਸਥਾ ਹੈ ਜੋ ਭਾਰਤੀ ਸਾਹਿਤ ਆਕਾਦਮੀ ਵੱਲੋਂ ਦਿੱਤੇ ਗਏ ਕੁਝ ਗ਼ੈਰ ਵਾਜਬ ਇਨਾਮਾਂ ਨੂੰ ਦੇਖ ਕੇ ਅਸੀਂ ਕੈਨੇਡਾ ਵਿਚ ਸਥਾਪਤ ਕੀਤੀ ਸੀ ਤਾਂ ਕਿ ਵਿਸ਼ਵ ਵਿਚੋਂ ਯੋਗ ਲੇਖਕ ਨੂੰ ਹਰ ਸਾਲ ਸਨਮਾਨਿਆ ਜਾਵੇ। ਪਹਿਲਾ ਇਨਾਮ 1980 ਵਿਚ ਸੰਤ ਸਿੰਘ ਸੇਖੋਂ ਨੂੰ ਦਿੱਤਾ ਗਿਆ ਸੀ ।

- ਭਾਰਤੀ ਨੌਜਵਾਨਾਂ ਵਿਚ ਜੋ ਵਿਦੇਸ਼ ਭੱਜਣ ਦੀ ਹੋੜ ਲੱਗੀ ਹੈ, ਬਾਰੇ ਕੀ ਆਖਣਾ ਚਾਹੋਗੇ?

- ਜ਼ਮੀਨਾਂ ਵੇਚਕੇ, ਕਰਜ਼ੇ ਲੈ ਕੇ, ਗ਼ਲਤ ਢੰਗ ਅਪਣਾ ਕੇ, ਐਸ਼ ਦੀ ਭਾਲ਼ ਵਿਚ ਨਾ ਆਉ। ਸੁਯੋਗ ਬਣੋ। ਇੱਥੋਂ ਦੇ ਹੀ ਨਹੀਂ, ਦੁਨੀਆਂ ਦੇ ਇਮੀਗਰੇਸ਼ਨ ਸਿਸਟਮ ਦਾ ਆਦਰ ਕਰਦਿਆਂ, ਯੋਗਤਾ ਪ੍ਰਾਪਤ ਕਰਕੇ, ਜਿੱਥੇ ਮਰਜ਼ੀ ਜਾਓ। ਹੁਣ ਭਵਿੱਖ ਵਿਚ ਤਾਂ ਸੁਯੋਗ ਨੌਜਵਾਨਾਂ ਲਈ ਕੋਈ ਸਰਹੱਦ ਨਹੀਂ ਰਹਿਣੀ- ਹਰ ਮੁਲਕ ਉਹਨਾਂ ਦੀ ਪਹੁੰਚ ਵਿਚ ਹੋਵੇਗਾ। ਗ਼ਲਤ ਤਰੀਕੇ ਅਪਣਾ ਕੇ ਜੇਹਲਾਂ 'ਚ ਡੱਕੇ ਜਾਣ, ਮਾਰੇ ਜਾਣ ਜਾਂ ਨਸ਼ਈ ਬਣ ਕੇ ਡਰੱਗ ਮਾਫ਼ੀਆ ਦੇ ਧੱਕੇ ਚੜ੍ਹਨ ਨਾਲੋਂ ਤਾਂ ਭਾਰਤ ਵਿਚ ਆਦਰ ਸਤਿਕਾਰ ਨਾਲ ਅਤੇ ਮਾਣ ਨਾਲ ਵਸਣਾ ਹੀ ਬਿਹਤਰ ਹੈ।

- ਪਾਠਕਾਂ ਨੂੰ ਕੋਈ ਸੰਦੇਸ਼?

- Poetry of Performance ਜਾਂ ਹਰਮਨਪਿਆਰੀ ਕਵਿਤਾ ਨੂੰ ਮੇਰੀ ਬੌਧਿਕ ਸ਼ਾਇਰੀ ਨਾਲ ਜੋੜ ਕੇ ਨਾ ਦੇਖੋ। ਮੇਰੀ ਰਚਨਾ ਨੂੰ ਜਤਨ ਕਰਕੇ ਪੜ੍ਹਨਾ ਪਵੇਗਾ। ਇਹ ਤੁਹਾਨੂੰ ਜ਼ਰੂਰ ਸੋਚਣ ਲਾ ਦੇਵੇਗੀ। ਤੁਹਾਡੀ ਬੌਧਿਕ ਸ਼ਮੂਲੀਅਤ ਜ਼ਰੂਰੀ ਹੈ।

[ਪਿੰਡ ਤੇ ਡਾ. ਸੇਹ, ਜ਼ਿਲ੍ਹਾ ਲੁਧਿਆਣਾ]

ਨਵੇਂ ਆਜ਼ਾਦ ਮੁਲਕਾਂ ਦੀ ਦੋਹਰੀ ਸ਼ਿਕਸਤ

ਸੁਰਜੀਤ ਹਾਂਸ

The Darker Nations : A People's History of the Third World, Vijay Prashad, New Press, N.Y., 2007, pp 364, Rs. 852/-

ਇਤਿਹਾਸ ਨੂੰ 18 ਸ਼ਹਿਰਾਂ ਦੀ ਜ਼ਬਾਨੀ ਦਰਸਾਇਆ ਗਿਆ। ਸ਼ਹਿਰਾਂ ਦੀਆਂ ਪੁਰਾਤੱਤਵਿਗਿਆਨ Palaeontology ਵਾਂਗੂੰ ਰਾਜਨੀਤਕ ਦਰਸ਼ਨ, ਆਰਥਿਕਤਾ, ਰਾਸ਼ਟਰੀ ਉੱਦਮ, ਕੌਮੀ ਮਜਬੂਰੀ, ਪੱਛਮ ਦੇ ਦੋਖ ਆਦਿ ਦੀਆਂ ਪਰਤਾਂ ਹਨ। ਇਕ ਸ਼ਹਿਰ ਦੀ ਪਰਤ ਦੇ ਵਰਨਣ ਨਾਲ ਸਾਰੇ ਤੀਸਰੇ ਜਗਤ ਦਾ ਹਾਲ ਕਲਮਬੰਦ ਹੋ ਰਿਹਾ ਹੈ।

ਪਹਿਲੀ ਪਰਤ 1955 ਵਿਚ ਬੈਨਡੁੰਗ ਵਿਚ ਤੀਸਰੇ ਜਗਤ ਦੇ ਰਾਸ਼ਟਰੀ ਉਦੇਸ਼ ਦੀ ਹੈ। ਇਹਦੇ ਰਾਸ਼ਟਰਵਾਦ ਦੀਆਂ ਦੋ ਬੁਨਿਆਦਾਂ ਹਨ, ਪਹਿਲਾ ਬਸਤੀਵਾਦ (colonialism) ਖਿਲਾਫ ਘੋਲ ਹੈ ਜਿਸਨੇ ਰਾਸ਼ਟਰਵਾਦ ਦਾ ਵਿਚਾਰ ਪੈਦਾ ਕੀਤਾ, ਜਿਸਨੂੰ ਹੋਰ ਪ੍ਰੌਢ ਕਰਨ ਲਈ ਵਿਕਾਸ ਦੀ ਲੋੜ ਹੈ। ਬਸਤੀਵਾਦ ਵਿਰੋਧੀ ਰਾਸ਼ਟਰਵਾਦੀ ਅਨੁਭਵ ਇਕ ਪੁਸ਼ਤ, ਅਰਥਾਤ ਵੀਹ ਪੰਝੀ ਸਾਲ ਯਾਦ ਰਹਿ ਸਕਦਾ ਹੈ; ਇਸੇ ਰਾਸ਼ਟਰਵਾਦੀ ਅਨੁਭਵ ਨੇ ਦੇਸ਼ ਦੀ ਭਾਸ਼ਾਈ, ਧਾਰਮਿਕ, ਨਸਲੀ ਭਿੰਨਤਾ ਦੀ ਏਕਤਾ ਬਣਾਈ ਸੀ। ਇਸ ਨੂੰ ਕਾਇਮ ਰੱਖਣ ਲਈ ਵਿਕਾਸ ਦੀ ਵੇਗਲ ਅਵੱਸ਼ਕਤਾ ਹੈ, ਕਿਉਂਕਿ ਆਬਾਦੀ ਦੀ ਵ੍ਰਿੱਧੀ ਮੁਲਕ ਨੂੰ 'ਜੈਸੇ ਥੇ' ਵਾਲੀ ਸਥਿਤੀ 'ਚ ਨਹੀਂ ਛੱਡ ਸਕਦੀ। ਵਿਕਾਸ ਦੀ ਦੁਸ਼ਵਾਰੀ ਨੇ ਨਵ-ਬਸਤੀਵਾਦ ਲਿਆਂਦਾ ਹੈ ਅਤੇ ਸਾਰੇ ਤੀਸਰੇ ਜਗਤ ਵਿਚ ਆਜ਼ਾਦੀ ਛਲਾਵਾ ਪ੍ਰਤੀਤ ਹੋਣ ਲੱਗੀ ਹੈ।

ਦੱਖਣੀ ਅਮਰੀਕਾ ਦੇ ਦੇਸ਼ ਨੈਪੋਲੀਅਨ ਹੱਥੋਂ ਸਪੇਨ ਦੀ ਸ਼ਕਸਤ ਸਦਕੇ 'ਆਜ਼ਾਦ' ਹੋ ਗਏ ਸਨ। ਵਿਕਾਸ ਦੇ ਘਾਟੇ ਜੋ 150 ਸਾਲ ਉਹਦੇ ਨਾਲ ਵਰਤਿਆ, ਉਹੀ ਤੀਸਰੇ ਜਗਤ ਨਾਲ 30 ਸਾਲਾਂ ਵਿਚ ਘਟ ਗਿਆ।

ਤੀਸਰੇ ਜਗਤ ਨੂੰ ਸਮ-ਸਮਾਜੀ (ਸੋਸ਼ਲਿਸਟ) ਰੂਸ ਦੀ ਪ੍ਰੇਰਨਾ ਸੀ (ਇਹ ਸ਼ਬਦ ਲੰਕਾ 'ਚ ਪ੍ਰਚਲਤ ਹੈ) ਸ੍ਵੈਤੰਤਰਤਾ ਪ੍ਰਾਪਤ ਦੇਸ਼ ਆਪੇ ਹੀ ਸੋਵੀਅਤ ਯੂਨੀਅਨ ਖ਼ਿਲਾਫ਼ ਕੱਚੇ ਪੱਕੇ ਬੰਨ੍ਹ ਬਣ ਗਏ।

ਤੀਸਰੇ ਜਗਤ ਦਾ ਸਿਆਸੀ ਪ੍ਰੋਗਰਾਮ 1. ਸ੍ਵੈਤੰਤਰਤਾ 2. ਅਹਿੰਸਕ ਅੰਤਰ-ਰਾਸ਼ਟਰੀ ਸੰਬੰਧ, 3. ਸੰਯੁਕਤ ਰਾਸ਼ਟਰ ਨੂੰ ਦੁਨੀਆ ਦੀ ਪ੍ਰਮੁੱਖ ਸੰਸਥਾ ਬਣਾਉਣਾ ਸੀ। ਇਹ ਭੂਤ-ਪੂਰਵ ਖਾਮੋਸ਼ ਮਾਨਵਤਾ ਦਾ ਆਦਰਸ਼ਕ ਵਿਸ਼ਵ ਸੀ, ਜਿਸ ਵਿਚ ਸ਼ਾਂਤੀ ਅਤੇ ਨਿਆਂ ਦਾ ਰਾਜ ਹੋਵੇ।

ਤੀਸਰੇ ਜਗਤ ਦੀ ਪਹਿਲੀ ਕਾਨਫਰੰਸ ਬਰੱਸਲਜ਼ (Brussels) 1927 ਵਿਚ ਹੋਈ। ਇਹ ਬੈਲਜੀਅਮ ਦੀ ਰਾਜਧਾਨੀ ਹੈ। ਕਾਂਗੋ (Congo) ਇਹਦੇ ਬਾਦਸ਼ਾਹ ਦੀ ਨਿੱਜੀ ਮਲਕੀਅਤ ਸੀ। ਬਸਤੀਵਾਦੀ ਜ਼ੁਲਮ ਦੀ ਕੋਈ ਹੱਦ ਨਹੀਂ ਹੁੰਦੀ। ਇੱਥੇ ਸੁਸਤ ਕਾਮੇ ਦਾ ਹੱਥ ਕੱਟ ਦਿੰਦੇ ਸੀ। ਜ਼ਿਲ੍ਹੇ ਦੇ ਅਫ਼ਸਰ ਨੇ ਇਕ ਦਿਨ ਵਿਚ ਆਪਣੇ ਮਾਤਿਹਤਾਂ ਕੋਲੋਂ 1308 ਕੱਟੇ ਹੱਥ ਇਕੱਠੇ ਕੀਤੇ ਸੀ। ਸੰਨ 1885 ਤੋਂ 1908 ਤਕ ਕਾਂਗੋ ਦੀ ਅੱਧੀ ਆਬਾਦੀ ਕਤਲ ਹੋ ਕੇ 2 ਕਰੋੜ ਤੋਂ ਇਕ ਕਰੋੜ ਰਹਿ ਗਈ। ਸੰਨ 1857 ਦੇ ਗ਼ਦਰ ਵੇਲੇ ਲਾਹੌਰ ਤੋਂ ਪੂਰਬੀਏ ਸਿਪਾਹੀ ਅੰਗਰੇਜ਼ ਹੱਥੋਂ ਮਰਨ ਤੋਂ ਡਰਦੇ ਛਾਉਣੀ ਛੱਡ ਕੇ ਭੱਜ ਆਏ ਸੀ। ਅਜਨਾਲੇ ਮਕਾਨ 'ਚੋਂ ਬਾਹਰ ਨਿਕਲਦਿਆਂ ਨੂੰ ਗੋਲ਼ੀ ਵੱਜਦੀ ਸੀ। ਜੋ 237 ਵਿਅਕਤੀ ਮਾਰੇ ਗਏ, 45 ਅੰਦਰੇ ਸਾਹ ਘੁੱਟ ਹੋਣ ਨਾਲ ਮਰੇ, ਪਿੰਡਾਂ 'ਚ ਲੁਕੇ 41 ਨੂੰ ਫੜ ਕੇ ਲਾਹੌਰ ਫਾਂਸੀ ਦਿੱਤੀ ਗਈ। ਕਾਨਫਰੰਸ ਵਿਚ 200 ਡੈਲੀਗੇਟ 37 ਮੁਲਕਾਂ ਤੋਂ ਆਏ ਸੀ।

ਪਹਿਲੀ ਵਿਸ਼ਵ ਲੜਾਈ ਤੋਂ ਮਗਰੋਂ ਅਵਾਮੀ ਲਹਿਰ ਦਬਾਉਣ ਲਈ 'ਤੀਸਰੇ ਜਗਤ' 'ਤੇ ਬਸਤੀਵਾਦੀ ਬੰਬਾਰੀ ਸਾਧਾਰਨ ਗੱਲ ਸੀ। ਇਟਲੀ ਉੱਤਰੀ ਅਫਰੀਕਾ 'ਤੇ ਬੰਬਾਰੀ ਕਰਦਾ

ਰਿਹਾ; ਬਰਤਾਨੀਆ ਗੁਜਰਾਂਵਾਲੇ, ਬਸਰੇ 'ਤੇ; ਅਮਰੀਕਾ ਨਿਕੋਰੈਗੁਆ 'ਤੇ, ਸਪੇਨ ਮਰਾਕੋ ਅਤੇ ਬਾਸਕ (Basque) ਦੇਸ਼ 'ਤੇ।

ਅਮਰੀਕਾ ਨੇ 1945 ਵਿਚ ਦੋ ਜਾਪਾਨੀ ਸ਼ਹਿਰਾਂ 'ਤੇ ਬੰਬ ਸੁੱਟੇ। ਰੂਸ ਨੇ 1949 ਵਿਚ ਪ੍ਰਮਾਣੂ ਬੰਬ ਬਣਾ ਲਿਆ, ਬਰਤਾਨੀਆ ਨੇ 1952 ਵਿਚ। ਵਿਸ਼ਵ ਨੂੰ ਪੰਚਸ਼ੀਲ ਦੀ ਲੋੜ ਸੀ। ਬੈਂਡੁੰਗ ਕਾਨਫਰੰਸ ਅਨੁਸਾਰ 'ਤੀਸਰੇ ਜਗਤ ਦੀ ਮਾਨਵਤਾ ਪ੍ਰਤੀ ਜ਼ਿੰਮੇਵਾਰੀ ਹੈ ਕਿ ਉਹ ਨਿਸ਼ਸਤਰਨ (disarmament) ਦੀ ਹਮਾਇਤ ਦਾ ਐਲਾਨ ਕਰੇ'। ਟੀਟੋ ਅਨੁਸਾਰ ਏਸ਼ੀਆਈ ਅਫਰੀਕੀ ਦੇਸ਼ਾਂ ਦੇ ਇਕੱਠ ਨੇ ਸਿੱਧ ਕਰ ਦਿੱਤਾ ਹੈ ਕਿ ਇਤਿਹਾਸ ਨਵੇਂ ਮੋੜ 'ਤੇ ਪੁੱਜ ਗਿਆ ਹੈ ਅਤੇ 'ਲੋਕਾਂ ਨੇ ਜਿੱਥੋਂ ਤਕ ਸੰਭਵ ਹੈ ਆਪਣੀ ਕਿਸਮਤ ਦਾ ਫੈਸਲਾ ਆਪ ਕਰਨਾ ਹੈ।' 'ਜਿੱਥੋਂ ਤਕ ਸੰਭਵ ਹੈ' ਵਿਚ ਇਤਿਹਾਸਕ ਦੁਖਾਂਤ ਹੈ।

ਸੰਨ 1952 ਵਿਚ ਰਾਜਹਰਨ ਤੋਂ ਬਾਅਦ ਨਾਸਰ ਨੇ ਅਰਬ ਸਮ-ਸਮਾਜ ਦਾ ਵਿਚਾਰ ਪੇਸ਼ ਕੀਤਾ। ਨਾਸਰ ਨੂੰ ਅਮਰੀਕਾ ਯੋਰਪ ਵੱਲੋਂ ਕਿਸੇ ਕਿਸਮ ਦੀ ਮਦਦ ਤੋਂ ਇਨਕਾਰ ਸੀ, ਜੋ ਨਾਸਰ ਨੇ ਰੂਸ ਦਾ ਰੁਖ ਕੀਤਾ। ਨਾਸਰ ਨੇ ਫ਼ਰਾਂਸ ਨੂੰ ਚੋਭ ਲਾਉਣ ਲਈ ਅਲਜੀਰਿਆਈ (Algerian) ਹਥਿਆਰਬੰਦ ਸੰਗਰਾਮ ਦੀ ਮਦਦ ਕਰਨੀ ਸ਼ੁਰੂ ਕੀਤੀ।

ਅਮਰੀਕਾ ਨੇ ਅਸਵਾਨ ਡੈਮ ਦੀ ਉਸਾਰੀ ਲਈ ਮਾਲੀ ਇਕਰਾਰਨਾਮਾ ਤੋੜ ਦਿੱਤਾ। ਨਾਸਰ ਨੇ ਪ੍ਰਤੀਕਰਮ ਵਜੋਂ 1956 ਵਿਚ ਸੁਏਜ਼ ਨਹਿਰ (Suez Canal) ਦਾ ਰਾਸ਼ਟਰਨ ਕਰ ਦਿੱਤਾ। ਫਰਾਂਸ, ਬਰਤਾਨੀਆ, ਇਜ਼ਰਾਈਲ ਨੇ ਮਿਸਰ 'ਤੇ ਹਮਲਾ ਕਰ ਦਿੱਤਾ ਪਰ ਅਮਰੀਕਾ, ਰੂਸ, ਤੀਸਰੇ ਜਗਤ ਦੀ ਵਿਰੋਧਤਾ ਕਾਰਨ ਹਮਲਾਵਰਾਂ ਨੂੰ ਵਾਪਸ ਮੁੜਨਾ ਪਿਆ।

ਨਾਸਰ ਅਰਬਾਂ ਅਤੇ ਤੀਸਰੇ ਜਗਤ ਦੀਆਂ ਆਸਾਂ ਦਾ ਮਜੱਸਮਾ ਸੀ। ਸੋ 1957 ਦੀ ਅਫਰੀਕੀ ਏਸ਼ੀਆਈ ਮੁਲਕਾਂ ਦੀ ਇਕਮੁੱਠਤਾ ਕਾਨਫਰੰਸ ਵਿਚ ਬੈਂਡੁੰਗ ਨਾਲੋਂ ਦੁੱਗਣੇ ਅਰਥਾਤ 45 ਮੁਲਕਾਂ ਦੀ ਸ਼ਮੂਲੀਅਤ ਸੀ।

ਤੀਸਰੇ ਜਗਤ ਦੀ ਆਰਥਿਕ ਸੋਚ ਅਰਜਨਟੀਨਾ (Argentina) ਦੇ ਰਾ'ਲ ਪਰੀਬਿਸ਼ (Raul Prebisch) ਦੀ ਸੀ। ਇਹ ਅਰਜਨਟੀਨਾ ਦੀ ਕੇਂਦਰੀ ਬੈਂਕ ਦਾ ਨਿਰਦੇਸ਼ਕ ਅਤੇ ਸੰਯੁਕਤ ਰਾਸ਼ਟਰ ਦੇ ਲਾਤੀਨੀ ਅਮਰੀਕਾ ਦੇ ਆਰਥਿਕ ਕਮਿਸ਼ਨ (UNCTAD) ਦਾ ਮੁਖੀ ਸੀ। ਆਰਥਿਕ ਨੀਤੀ ਦਾ ਪ੍ਰਮੁੱਖ ਆਧਾਰ ਦੇਸ਼ ਦੀ ਸਾਰੀ ਆਬਾਦੀ ਦਾ ਵਿਕਾਸ ਸੀ। ਦੂਸਰੇ ਸਾਮਰਾਜੀ ਇਤਿਹਾਸ ਦੀ ਕਰਨੀ ਸੀ ਕਿ ਤੀਸਰੇ ਜਗਤ ਨੂੰ ਕੱਚਾ ਮਾਲ ਯੋਰਪ-ਅਮਰੀਕਾ ਨੂੰ ਨਿਰਯਾਤ ਕਰਨਾ ਪੈਂਦਾ ਅਤੇ ਉਦਯੋਗੀ ਵਸਤਾਂ ਦੀ ਆਯਾਤ ਹੁੰਦੀ। ਪਰੀਬਿਸ਼ ਦਾ ਖਿਆਲ ਸੀ ਕਿ ਤੀਸਰੇ ਜਗਤ ਨੂੰ ਆਪਣੇ ਕੱਚੇ ਮਾਲ ਨੂੰ ਉਦਯੋਗੀ ਪੈਦਾਵਾਰ 'ਚ ਬਦਲਨਾ ਚਾਹੀਦਾ ਹੈ। ਇਹਦੇ ਲਈ ਸਰਮਾਇਆ ਨਿਵੇਸ਼ਨ ਦੀ ਲੋੜ ਹੈ। ਇਕ ਤਰੀਕਾ ਨਿਰਯਾਤ-ਆਯਾਤ ਕਾਨੂੰਨ ਦੀ ਸਿਰਜਣਾਸ਼ੀਲ ਵਰਤੋਂ ਸੀ।

ਆਧੁਨਿਕ ਆਰਥਿਕਤਾ ਅਧੀਨ ਦੇਸ਼ ਨੂੰ ਸਰਮਾਇਆ ਨਿਰਮਾਣ ਲਈ ਰਾਸ਼ਟਰੀ ਉਪਜ ਦੇ ਦਸ ਪ੍ਰਤੀਸ਼ਤ ਨੂੰ ਸਰਮਾਏ 'ਚ ਬਦਲਣ ਦੀ ਲੋੜ ਹੁੰਦੀ ਹੈ। ਤੀਸਰੇ ਜਗਤ ਦੇ ਦੇਸ਼ ਤਾਂ ਟੀਚੇ ਦੇ ਅੱਧ (ਪੰਜ ਪ੍ਰਤੀਸ਼ਤ) ਤਕ ਵੀ ਨਹੀਂ ਪੁਜਦੇ। ਵਿਦੇਸ਼ੀ ਸਰਮਾਇਆ ਨਿਵੇਸ਼ਨ (investment) ਅਤੇ ਸਹਾਇਤਾ ਖ਼ਾਸ ਫ਼ਰਕ ਨਹੀਂ ਪਾਉਂਦੀ। ਰਾਸ਼ਟਰੀ ਬੱਚਤ ਅਤੇ ਸਰਮਾਇਆ ਨਿਵੇਸ਼ ਵਸੋਂ ਦੀ ਵ੍ਰਿਧੀ ਦੇ ਬਰਾਬਰ ਵੀ ਨਹੀਂ ਚਲਦਾ। ਸਵਾਲ ਸੀ, ਜੇ ਭੂਤ-ਪੂਰਵ ਬਸਤੀਵਾਦ ਵਿਰੋਧੀ ਦੇਸ਼ ਆਪਣੀ ਆਜ਼ਾਦੀ ਪ੍ਰਾਪਤ ਕਰਨ ਮਗਰੋਂ ਆਪਣੀ ਰਾਜਨੀਤਕ ਬਰਾਬਰੀ ਨੂੰ ਸਾਧਨ ਬਣਾ ਕੇ ਆਰਥਿਕ ਤੌਰ 'ਤੇ ਵੀ ਸ੍ਵਤੰਤਰ ਹੋ ਸਕਦੇ ਹਨ?

ਸੰਨ 1947-53 ਦਰਮਿਆਨ ਅਮਰੀਕਾ ਨੇ ਪੱਛਮੀ ਯੋਰਪ ਵਿਚ 13 ਅਰਬ ਡਾਲਰ ਦਾ ਨਿਵੇਸ਼ ਕੀਤਾ। ਸੋ 1948-53 ਵਿਚ ਉੱਥੋਂ ਦੀ ਉਦਯੋਗੀ ਪੈਦਾਵਾਰ ਇਕ ਤਿਹਾਈ ਵਧੀ ਅਤੇ

ਕ੍ਰਿਸ਼ਕ ਵ੍ਰਿਧੀ ਬਹੁਤ ਉਪਰ ਗਈ। ਤੀਸਰੇ ਜਗਤ ਵਿਚ ਅਜਿਹਾ ਕੁਝ ਨਹੀਂ ਵਰਤਿਆ।

ਤੀਸਰੇ ਜਗਤ ਦੀ ਕੱਚੇ ਮਾਲ 'ਤੇ ਨਿਰਭਰਤਾ ਆਰਥਿਕ ਕਾਰਨਾਂ ਕਰਕੇ ਨਹੀਂ ਸੀ ਸਗੋਂ ਬਸਤੀਵਾਦ ਦਾ ਪਰਿਣਾਮ ਸੀ; ਵਪਾਰਕ ਨਿਯਮ ਸ਼ਕਤੀਵਰ ਬਰਤਾਨੀਆ ਅਮਰੀਕਾ ਨੇ ਸਿਆਸੀ ਜਬਰ ਨਾਲ ਬਣਾਏ ਹਨ।

ਵਿਦੇਸ਼ੀ ਸਹਾਇਤਾ ਭਾਵੇਂ ਰੂਸ ਦੀ (ਉਹਦੇ ਵਿਦੇਸ਼ੀ ਵਪਾਰ ਦਾ 15 ਫੀਸਦੀ) ਸੀ। ਅਮਰੀਕੀ ਆਰਥਿਕ ਸਹਾਇਤਾ ਤੀਸਰੇ ਜਗਤ ਦੇ ਮੁਲਕਾਂ ਦੇ ਖ਼ਾਸ (elites) ਨੂੰ ਮੁਹਲਤ ਦਿੰਦੀ ਸੀ ਕਿ ਉਹ ਦੇਸ਼ ਦੇ ਸਮਾਜਕ ਪਰਿਵਰਤਨ (social change) ਨੂੰ ਅੱਗੇ ਪਾ ਸਕਣ। ਬਸਤੀਵਾਦ-ਵਿਰੋਧੀ ਰਾਸ਼ਟਰਵਾਦ ਦੀ ਆਸ ਸੀ ਕਿ ਰਾਸ਼ਟਰਵਾਦ ਦੇ ਪਾਰਗਾਮੀ ਵਿਚਾਰ ਥੱਲੇ ਦੇਸ਼ ਦੀਆਂ ਭਿੰਨ ਭਿੰਨ ਬੋਲੀਆਂ ਅਤੇ ਵੱਖਰੇ ਧਰਮਾਂ ਦਾ ਜੋੜ ਬਣਾਇਆ ਜਾ ਸਕਦਾ ਹੈ। ਪਰ ਆਜ਼ਾਦੀ ਮਿਲਣ ਮਗਰੋਂ ਜਦੋਂ ਬਸਤੀਵਾਦ-ਵਿਰੋਧੀ ਰਾਸ਼ਟਰਵਾਦ ਦਾ ਦੂਸਰਾ ਅੱਧ - ਅਰਥਾਤ ਵਿਕਾਸ ਸਿਰੇ ਚੜ੍ਹਦਾ ਨਜ਼ਰ ਨਾ ਆਇਆ ਤਾਂ ਤੀਸਰੇ ਜਗਤ ਦੇ ਦੇਸ਼ਾਂ ਵਿਚ ਇਕ ਧਰਮ ਜਾਂ ਭਾਸ਼ਾ ਨੂੰ ਰਾਸ਼ਟਰੀ ਆਧਾਰ ਬਣਾ ਲਿਆ ਗਿਆ, ਜਿਸ ਨਾਲ ਸਮਾਜ ਦੀ ਅਖੰਡਤਾ ਨਾ ਰਹੀ ਅਤੇ ਸਮਾਜੀ ਅਖੰਡਤਾ ਦੀ ਥਾਉਂ ਇਲਾਕਾਈ ਅਖੰਡਤਾ ਦਾ ਢੰਡੋਰਾ ਪਿੱਟ ਹੋਣ ਲੱਗਿਆ। ਬਰਮਾ 'ਚ ਕੈਰਨ (Karen) ਅਤੇ ਘਾਨਾ ਵਿਚ ਅਸ਼ਾਂਟੀ (Ashanti) ਵੱਖਵਾਦੀ ਤਹਿਰੀਕਾਂ ਉੱਠ ਖਲੋਤੀਆਂ। ਸਾਡੇ ਵੀ ਤਾਮਿਲਨਾਡ ਵਿਚ ਹਿੰਦੀ-ਵਿਰੋਧੀ ਲਹਿਰ ਚੱਲੀ ਸੀ, ਨਾਗਿਆਂ ਨੇ ਬਗ਼ਾਵਤ ਕੀਤੀ ਅਤੇ ਕਸ਼ਮੀਰ ਅੱਜ ਵੀ ਨਾਖੁਸ਼ ਹੈ।

ਸੰਨ 1969 ਵਿਚ ਮਲਾਇਆ ਵਿਚ ਚੀਨੀ-ਵਿਰੋਧੀ ਦੰਗੇ ਹੋਏ, ਸੰਨ 1972 ਵਿਚ ਭਾਰਤੀਆਂ ਨੂੰ ਯੁਗੰਡਾ ਵਿਚੋਂ ਕੱਢ ਦਿੱਤਾ। ਸਾਡੇ 21ਵੀਂ ਸਦੀ ਵਿਚ ਗੁਜਰਾਤ ਵਿਚ ਮੁਸਲਮਾਨ-ਘਾਤੀ ਦੰਗਿਆਂ ਦੀ ਮੁਕੱਦਮੇ-ਬਾਜ਼ੀ ਚੱਲੀ ਜਾ ਰਹੀ ਹੈ।

ਕਿਸੇ ਈਰਾਨੀ ਚਿੰਤਕ ਨੇ ਜ਼ਿਕਰ ਕੀਤਾ ਹੈ ਕਿ ਬਸਤੀਵਾਦ ਪੀੜਤ ਦੇਸ਼ਾਂ ਦਾ ਆਜ਼ਾਦੀ ਮਗਰੋਂ ਪੱਛਮ ਨਾਲ ਪ੍ਰੇਮ ਮੁੱਕਿਆ ਨਹੀਂ, ਜਿਸ ਨੂੰ ਉਹ (ਹਰਾਮਜ਼ਦਗੀ ਵਾਂਗੂੰ) ਮਗ਼ਰਬਜ਼ਦਗੀ (Occidentosis) ਕਹਿੰਦਾ ਹੈ। ਸਾਨੂੰ ਅਕਸਫ਼ੋਰਡ, ਹਾਲੀਵੁੱਡ ਅਤੇ sublime (ਉੱਦਾਤ) ਦਾ ਫ਼ਿਕਰ ਲੱਗਿਆ ਰਹਿੰਦਾ ਹੈ ਜਿਸਦੀ ਤਾਜ਼ਾ ਮਿਸਾਲ ਜੈਪੁਰ ਸੰਮੇਲਨ ਹੈ।

ਈਰਾਨੀ ਚਿੰਤਕ (Enlightenment) ਪ੍ਰਕਾਸ਼ਵਾਦ ਨੂੰ ਰੌਸ਼ਨ ਫ਼ਿਕਰੀ ਕਹਿੰਦਾ ਹੈ। ਸਾਡੇ ਤਰਕਵਾਦੀ ਮਾੜੀ ਮੋਟੀ ਚੇਸ਼ਟਾ ਕਰੀ ਜਾਂਦੇ ਹਨ ਪਰ ਸਮਾਜੀ ਪੱਧਰ 'ਤੇ ਅਜਿਹੀ ਕੋਈ ਲਹਿਰ ਨਹੀਂ ਉੱਠੀ। ਸਰਕਾਰ ਤਾਂ ਸ਼ਾਇਦ ਅਜਿਹੇ ਹੰਭਲੇ 'ਤੇ ਨਾਖੁਸ਼ ਹੋਵੇ।

ਤੀਸਰੇ ਜਗਤ ਦੀ ਬੌਧਿਕ ਸਮੱਸਿਆ, ਰਾਸ਼ਟਰਵਾਦ, ਲੋਕਤੰਤਰ ਅਤੇ ਤਰਕਵਾਦ ਦੇ ਸੰਮਿੱਲਤ ਆਧਾਰ 'ਤੇ ਨਵਾਂ ਮਨੁੱਖ ਸਿਰਜਣ ਦੀ ਹੈ, ਜਿਹੜਾ ਆਪਣੇ ਭਾਸ਼ਾਈ ਅਤੇ ਹਮ-ਮਜ਼ਹਬ ਮਾਣਸ ਨੂੰ ਆਪਣੇ ਵਿਚ ਸਮੋਂਦਾ ਹੋਵੇ, ਨਾ ਕਿ ਆਪ ਇਹਨਾਂ ਵਿਚ ਡਿੱਗ ਪਏ।

ਇਕ ਦੋ ਈਰਾਨੀ ਚਿੰਤਕ ਨਵੇਂ ਮਹਿਦੀ (ਕਲਕੀ ਅਵਤਾਰ) ਨੂੰ ਲੋਕ-ਲਹਿਰ ਦੇ ਰੂਪ ਵਿਚ ਵੇਖਦੇ ਹਨ।

ਜੁਲਾਈ 1956 ਵਿਚ ਬਰਿਜੂਨੀ (Brijuni) ਯੋਗੋਸਲਾਵੀਆ ਵਿਚ ਨਾਸਰ, ਨਹਿਰੂ, ਟੀਟੋ ਦੀ ਮੁਲਾਕਾਤ ਹੋਈ। ਟੀਟੋ ਨੂੰ ਪਿਛਲੇ ਸਾਲ ਭਾਰਤ, ਮਿਸਰ ਦੇ ਦੌਰੇ ਦੌਰਾਨ non-superpower ਅ-ਪ੍ਰਮੁੱਖ ਸ਼ਕਤਿ ਦੇਸ਼ਾਂ ਦੇ ਗੱਠਜੋੜ ਦੀ ਸੰਭਾਵਨਵਾ ਨਜ਼ਰ ਆਉਣ ਲੱਗੀ। ਸੋਵੀਅਤ ਰੂਸ ਨਾਲ ਨਾਚਾਕੀ ਅਤੇ ਅਮਰੀਕੀ ਹਵਾਈ ਜਹਾਜ਼ਾਂ ਵੱਲੋਂ ਯੋਗੋਸਲਾਵੀਆ ਦੇ ਵਾਯੂ-ਮੰਡਲ 'ਤੇ ਆਕ੍ਰਮਣੀ ਕਾਰਵਾਈ ਨੇ ਅਜਿਹੇ ਗੱਠਜੋੜ ਨੂੰ ਲੋੜੀਂਦਾ ਬਣਾ ਦਿੱਤਾ। ਯੋਗੋਸਲਾਵੀਆ ਕਾਹਿਰਾ ਰਾਹੀਂ ਅਲਜੀਰੀਆਈ ਆਜ਼ਾਦੀ ਲਹਿਰ ਦੀ ਹਰ ਤਰ੍ਹਾਂ ਮਦਦ ਕਰਦਾ ਰਿਹਾ। ਇਸੇ ਮਿਲਣੀ ਦੇ ਨਤੀਜੇ ਸਦਕੇ 1961 ਵਿਚ ਬੈਲਗਰੇਡ ਵਿਚ NAM 'ਰੂਸੀ ਜਾਂ ਅਮਰੀਕੀ ਗੱਠਜੋੜ ਰਹਿਤ ਅੰਦੋਲਨ' ਸ਼ੁਰੂ ਹੋਇਆ। ਇਹਦਾ ਆਧਾਰ

'ਅਮਨ-ਪਸੰਦ ਸਹਿਹੋਂਦ' ਸੀ, ਜਿਹਦਾ ਨਕਾਰਾਤਮਕ ਅਰਥ ਉਹ ਦੇਸ਼ ਸੀ ਜਿਹੜੇ ਰੂਸ ਜਾਂ ਅਮਰੀਕਾ ਨਾਲ ਜੁੜੇ ਸੀ। ਇਹਦਾ ਸਕਾਰਾਤਮਕ ਮਤਲਬ ਸੀ ਕਿ ਰਾਸ਼ਟਰੀ ਸੰਬੰਧ ਅੰਨ੍ਹੀ ਸ਼ਕਤੀ ਦੇ ਆਧਾਰ 'ਤੇ ਨਹੀਂ, ਸਗੋਂ ਆਪਸੀ ਵਿਕਾਸ ਦੇ ਆਧਾਰ 'ਤੇ ਹੋਣੇ ਚਾਹੀਦੇ ਹਨ। 'ਨਾਮ' NAM ਦੀ ਵਾਗ-ਕਲਾ (rhetoric) ਪਾਲਸੀਆਂ ਦੇ ਉੱਤੋਂ ਦੀ ਵਗਦੀ ਰਹੀ। 'ਨਾਮ' ਦੇ ਆਗੂ ਆਪਣੇ ਵਿਕਲਪ ਦੇ ਧੁੰਦਲੇਪਨ ਨੂੰ ਮੰਨਦੇ ਸੀ। ਇਹਦੀ ਨਿਰਪੱਖਤਾ ਸਵਿਟਜ਼ਰਲੈਂਡ ਵਰਗੀ ਵੀ ਨਹੀਂ ਸੀ।

1961 ਦੇ ਨਿਰਪੱਖ ਸੰਮੇਲਨ ਵਿਚ ਰੰਗ ਬਰੰਗੇ ਲੀਡਰ ਸ਼ਾਮਲ ਹੋਏ। ਈਥੀਓਪੀਆ ਦਾ ਸਮਰਾਟ ਹੈਲੇ ਸਲਾਸੀ, ਕੰਬੋਡੀਆ ਦਾ ਸ਼ਹਿਜ਼ਾਦਾ ਨਿਰੋਡਮ ਸ਼ਿਨਹੂਕ, ਜਾਂ ਰਾਜ-ਹਰਤਾ, ਰਾਸ਼ਟਰੀ ਲਹਿਰ ਦੇ ਆਗੂ ਸਿਓਕਾਰਨੋ, ਨਕਰੂਮਾ ਅਤੇ ਕਿਊਬਾ ਦਾ ਪ੍ਰਤੀਨਿਧੀ ਸੀ। ਆਏ ਤਾਂ ਕਾਰਜ ਲਈ ਸੀ ਪਰ ਇਹਨਾਂ ਦੀ ਭਿੰਨਤਾ ਹੀ ਇਹਨਾਂ ਨੂੰ ਨਿਹੱਥੇ ਕਰੀ ਜਾਂਦੀ ਸੀ। ਇਹ ਉਪ-ਰਾਸ਼ਟਰ ਮੰਡਲ Sub-United Nations ਬਣ ਕੇ ਰਹਿ ਗਏ ਜਿਸਦੇ ਦੋ ਉਦੇਸ਼ ਸੀ। ਵਿਸ਼ਵ ਪ੍ਰਮਾਣੂ ਨਿਸ਼ਸਤਰੀਕਰਨ ਅਤੇ ਰਾਸ਼ਟਰ ਮੰਡਲ ਨੂੰ ਵਧੇਰੇ ਲੋਕਤੰਤਰੀ ਬਣਾਉਣਾ। ਇਹਨਾਂ ਦੀ (ਖ਼ਤਰੇ ਵਾਲੀ) ਭਾਸ਼ਨਬਾਜ਼ੀ ਦਾ ਪ੍ਰਮਾਣੂ ਸ਼ਕਤੀਆਂ 'ਤੇ ਕੋਈ ਅਸਰ ਨਹੀਂ ਸੀ। ਰਾਜਗੋਪਾਲ ਆਚਾਰਯਾ ਇਸੇ ਗੱਲ ਨੂੰ ਵਿਅੰਗ ਨਾਲ ਕਹਿੰਦਾ ਸੀ: ਜਿਹਨਾਂ ਨੇ ਪ੍ਰਮਾਣੂ ਹਥਿਆਰ ਬਣਾਏ ਹਨ ਉਹਨਾਂ ਨੂੰ ਇਹਨਾਂ ਦੇ ਖਤਰਨਾਕ ਹੋਣ ਦਾ ਵੀ ਪਤਾ।

NAM ਨੇ 1964 (ਕਾਹਿਰਾ) ਵਿਚ ਪੁਰਤਗਾਲ ਦੀਆਂ ਬਸਤੀਆਂ (ਗਿਨੀ, ਅੰਗੋਲਾ, ਮੋਜ਼ੰਬੀਕ) ਵਿਚ ਸਵਤੰਤਰਤਾ ਲਹਿਰਾਂ ਦੀ 'ਹਰ ਕਿਸਮ' ਦੀ ਮਦਦ ਦਾ ਐਲਾਨ ਕੀਤਾ। ਗਿਨੀ ਦੇ ਆਗੂ ਕੈਬਰ (Cabral) ਅਨੁਸਾਰ 'ਸ਼ਾਂਤਮਈ ਸਹਿਹੋਂਦ ਲਈ ਵੀ ਆਪਣੀ ਹੋਂਦ ਨੂੰ ਕਾਇਮ ਰੱਖਣਾ ਜ਼ਰੂਰੀ ਹੈ' ਜਿਸ ਕਰਕੇ ਬਸਤੀਵਾਦੀ ਸਾਮਰਾਜ ਨੂੰ ਪਛਾੜਨਾ ਜ਼ਰੂਰੀ ਹੈ।

ਅਮਰੀਕਾ ਦਾ ਸੁਭਾਉ ਦੂਸਰੇ ਮੁਲਕਾਂ ਵਿਚ ਦਖਲ ਦੇਣ ਦਾ ਹੈ। ਸੰਨ 1900 ਤੋਂ 1933 ਦੌਰਾਨ ਇਹਨੇ ਕਿਊਬਾ 'ਚ ਚਾਰ ਵਾਰ; ਡੂਮੀਨੀਕਨ ਰੀਪਬਲਿਕ ਵਿਚ ਚਾਰ ਵਾਰ, ਨਾਲੇ ਅੱਠ ਸਾਲ ਕਬਜ਼ਾ; ਗੁਆਟੇਮਾਲਾ ਵਿਚ ਇਕ ਵਾਰ, ਹੇਟੀ ਵਿਚ ਦੋ ਵਾਰ, ਨਾਲੇ 19 ਸਾਲ ਕਬਜ਼ਾ; ਹੰਡੂਰਾਜ਼ ਵਿਚ ਸੱਤ ਵਾਰ; ਨਿਕੋਰੈਗੂਆ ਵਿਚ ਦੋ ਵਾਰ; ਪਨਾਮਾ ਵਿਚ ਦੋ ਵਾਰ। ਸੰਨ 1959 ਵਿਚ ਇਹਨੇ ਹੇਟੀ ਵਿਚ ਸੱਜੇ-ਖੜ ਰਾਜਹਰਤਿਆਂ ਦੀ ਮਦਦ ਕੀਤੀ। ਸੰਨ 1964-65 ਵਿਚ ਇਹਨੇ ਇਹੀ ਕੰਮ ਬੁਲੀਵੀਆ, ਬਰਾਜ਼ੀਲ, ਕਾਂਗੋ, ਯੂਨਾਨ ਅਤੇ ਇੰਡੋਨੀਸ਼ੀਆ 'ਚ ਕੀਤਾ। ਨਾਲੇ 1965 ਵਿਚ ਉੱਤਰੀ ਵੀਅਤਨਾਮ 'ਤੇ ਬੰਬਾਰੀ ਸ਼ੁਰੂ ਕੀਤੀ। ਸੋ 1966 ਵਿਚ ਹਵਾਨਾ ਵਿਚ ਤਿਰ-ਮਹਾਦੀਪੀ (Tri-continental) ਕਾਨਫਰੰਸ ਦਾ ਇਹ ਪਿਛੋਕੜ ਸੀ। ਇਹਦੇ ਵਿਚ ਅਫ਼ਰੀਕਾ, ਏਸ਼ੀਆ, ਲਾਤੀਨੀ ਅਮਰੀਕਾ ਦੇ ਕੌਮੀ ਆਜ਼ਾਦੀ ਵਾਲੇ ਦੇਸ਼ ਸ਼ਾਮਲ ਸੀ। ਦੁਨੀਆਂ ਦੀਆਂ ਮੁਸ਼ਕਲਾਂ ਬਾਰੇ ਸਹਿਮਤੀ ਸੀ ਪਰ ਵਿਧੀ ਜਾਂ ਤਰੀਕਾ-ਇ ਕਾਰ (strategy) ਬਾਰੇ ਮੱਤਭੇਦ ਸਨ। ਕੁਝ ਦੇਸ਼ 'ਸ਼ਾਂਤੀਪੂਰਨ ਸਹਿਹੋਂਦ' ਅਤੇ ਸੰਯੁਕਤ ਰਾਸ਼ਟਰ ਨੂੰ ਤਕੜੇ ਕਰਨ ਦੇ ਹਾਮੀ ਸਨ। ਕੁਝ ਸਾਮਰਾਜ ਨਾਲ ਜੁਝਾਰ ਟੱਕਰ ਲੈਣ ਲਈ ਤਤਪਰ ਸਨ। 'ਪਰ ਵੀਅਤਨਾਮ ਦੀ ਕਿਵੇਂ ਮਦਦ ਕੀਤੀ ਜਾਵੇ' ਅ-ਘਨ ਰਾਜਨੀਤਕ ਵਿਵਾਦਾਂ ਲਈ ਕੇਂਦਰ ਬਿੰਦੂ ਬਣ ਗਈ। ਲਫ਼ਜ਼ਾਂ ਤੋਂ ਉਪਰੰਤ ਹਮਾਇਤ ਕਿਸ ਸ਼ਕਲ ਦੀ ਹੁੰਦੀ ਹੈ?

ਪੁਰਤਗਾਲੀ ਬਸਤੀਆਂ ਵਿਚ ਗੋਰੀਲਾ ਲੜਾਈ ਲੜਨੀ ਜਾਂ ਕਿਊਬਾ 'ਚ ਕਾਮਯਾਬ ਹੋ ਜਾਣਾ ਇਕ ਗੱਲ ਹੈ ਪਰ ਸਭ ਤੋਂ ਸ਼ਕਤੀਵਰ ਸਮਾਜ ਨਾਲ ਸਿੱਧੀ ਟੱਕਰ ਲੈਣੀ ਹੋਰ ਗੱਲ ਹੈ। ਕਾਨਫਰੰਸ ਦਾ ਖਿਆਲ ਸੀ ਕਿ ਵੀਅਤਨਾਮ ਦੀ ਜਿੱਤ ਨਾਲ ਸਾਰੀ ਦੁਨੀਆਂ ਵਿਚ ਰਾਸ਼ਟਰੀ ਮੁਕਤੀ ਆ ਜਾਵੇਗੀ।

'ਨਾਮ' ਦੀ 1979 ਮੀਟਿੰਗ ਹਵਾਨਾ 'ਚ ਹੋਈ ਜਿਸ ਵਿਚ 93 ਮੁਲਕ ਸ਼ਾਮਲ ਸੀ। ਤੀਸਰੇ ਜਗਤ ਦੇ ਬਿਰਧ ਨੀਤੱਗ ਤਾਨਜ਼ਨੀਆ (Tanzania) ਦੇ ਜੂਲਿਸ ਨਰੇਰੇ ਅਨੁਸਾਰ 'ਨਾਮ' ਪ੍ਰਗਤੀਸ਼ੀਲ ਲਹਿਰ ਹੈ ਪਰ ਇਹ ਪ੍ਰਗਤੀਸ਼ੀਲ ਦੇਸ਼ਾਂ ਦੀ ਲਹਿਰ ਨਹੀਂ। ਤੀਸਰੇ ਜਗਤ ਦੇ ਦੇਸ਼ਾਂ ਦੇ ਆਪਣੇ ਆਪਣੇ ਰਾਹ ਸੀ।

ਇਸੇ ਕਾਨਫਰੰਸ ਵਿਚ ਕੈਬਰਲ ਨੇ ਕਿਹਾ ਕਿ ਭਾਵੇਂ 'ਨਾਮ' ਦਾ ਪ੍ਰੋਗਰਾਮ ਉਲੀਕਣ ਵਾਲਿਆਂ ਦੇ ਮਨ ਵਿਚ ਇਹ ਗੱਲ ਸੀ ਪਰ ਇਹਦਾ ਸਪਸ਼ਟ ਵਰਨਣ ਨਹੀਂ ਹੋ ਸਕਿਆ - *ਆਪਣੀ ਕਮਜ਼ੋਰੀ ਖਿਲਾਫ ਸੰਘਰਸ਼ ਕਰਨਾ*, ਜਿਹੜਾ ਸਾਡੇ ਮੁਲਕਾਂ ਵਿਚ ਆਰਥਿਕ, ਸਮਾਜਕ, ਸਾਂਸਕ੍ਰਿਤਕ ਉਦੇਸ਼ ਦਾ ਵਿਰੋਧ ਹੈ।

ਮਈ 8, 1945 ਨੂੰ ਯੌਰਪ ਵਿਚ ਦੂਸਰੀ ਵਿਸ਼ਵ ਲੜਾਈ ਦਾ ਯੋਮ-ਇ ਸੁਲਾਹ (Armistice Day) ਸੀ ਕਿ ਫਰਾਂਸੀਸੀ ਫੌਜ ਨੇ ਸੈਟਿਫ (Setif) ਅਲਜੀਰਿਆ ਵਿਚ ਕਈ ਹਜ਼ਾਰ ਸ਼ਾਂਤ ਪ੍ਰਦਰਸ਼ਨਕਾਰੀ ਮਾਰ ਦਿੱਤੇ। ਫਰਾਂਸ ਦੀ ਵੀਅਤਨਾਮ ਵਿਚ ਸ਼ਿਕਸਤ ਡੀਅਨ ਬੂ ਫੂ (Dien Bein Phu) ਵਿਚ ਨਵੰਬਰ 1, 1954 'ਚ ਹੋਈ ਸੀ। ਵੀਅਤਨਾਮ ਤੋਂ ਪ੍ਰੇਰਤ ਅਲਜੀਰਿਆ ਨੇ ਬਗ਼ਾਵਤ ਕਰ ਦਿੱਤੀ। ਸੰਨ 1954 ਤੋਂ 1962 ਤਕ ਦੀ ਜੱਦੋ ਜਹਿਦ ਵਿਚ ਤਿੰਨ ਤੋਂ ਦਸ ਲੱਖ ਅਲਜੀਰਿਆਈ ਮਾਰੇ ਗਏ। ਫੈਨਨ ਦੀ The Wretched of the Earth 1961 ਵਿਚ ਛਪੀ ਜਦੋਂ ਉਹ ਮਰਨ ਕਿਨਾਰੇ ਸੀ। ਕਿਤਾਬ ਦੀਆਂ ਕਈ ਖਾਮੀਆਂ ਹਨ ਪਰ ਇਹਦੇ ਵਿਚ ਤੀਸਰਾ ਜਗਤ ਆਪਣੇ ਆਪ ਨੂੰ ਸੰਬੋਧਨ ਹੁੰਦਾ ਹੈ।

ਤੀਸਰੇ ਜਗਤ ਦਾ 'ਰਾਸ਼ਟਰ' ਆਪਣਾ ਜੜ੍ਹ-ਵਰਤੀ ਲੋਕਤੰਤਰ ਦਾ ਮਦੱਦਾ ਪੂਰਾ ਨਾ ਕਰ ਸਕਿਆ, ਸਗੋਂ ਰਿਆਸਤ ਹੀ ਸਮਾਜ, ਆਰਥਿਕਤਾ ਅਤੇ ਸੰਸਕ੍ਰਿਤੀ ਉਸਾਰਨ ਲੱਗੀ। ਨਾ ਹੀ ਸ਼ਰੈਣਿਕ ਵਿਸ਼ਲੇਸ਼ਨ ਵੱਲ ਧਿਆਨ ਦਿੱਤਾ, ਜੋ ਇਹਦੇ ਕਈ ਸ਼ਰੈਣਿਕ ਅੰਸ਼ ਤੀਸਰੇ ਜਗਤ ਦੇ (ਪਰਾਜੈਕਟ) ਉਦੇਸ਼ ਦੇ ਹਾਮੀ ਨਹੀਂ ਹੋਣਗੇ। ਰਾਸ਼ਟਰੀ ਏਕਤਾ ਦੇ ਨਾਅਰੇ ਥੱਲੇ 1964 ਵਿਚ ਬਹੁ ਪਾਰਟੀ ਪ੍ਰਬੰਧ ਖਤਮ ਕਰ ਦਿੱਤਾ ਅਤੇ ਕਮਿਊਨਿਸਟ ਪਾਰਟੀ 'ਤੇ ਵੀ ਧਾਵਾ ਬੋਲਿਆ ਜਿਹੜੀ F.L.N ਦੀ ਸਰਕਾਰ ਦੇ ਸਮ-ਸਮਾਜ ਪ੍ਰੋਗਰਾਮ ਦੀ ਹਮਾਇਤ ਕਰਦੀ ਸੀ। ਅੰਤ ਸੱਤਾਧਾਰੀ ਪਾਰਟੀ ਦੇ ਪ੍ਰਧਾਨ ਦੀ ਸੱਤਾ ਹੀ ਰਹਿ ਗਈ।

ਇਕ-ਪਾਰਟੀ ਰਾਜ ਤੀਸਰੇ ਜਗਤ ਦਾ ਸਾਧਾਰਨ ਵਿਹਾਰ ਹੋਣ ਲੱਗਿਆ। ਗਿਨੀ 1958 ਵਿਚ, ਕਾਂਗੋ 1960 ਵਿਚ, Ivory Coast 1961 ਵਿਚ, ਤਾਨਜ਼ਨੀਆ 1963 ਵਿਚ, ਮਲਾਵੀ 1963 ਵਿਚ, ਕੀਨੀਆ 1964 ਵਿਚ, 1965 ਵਿਚ ਅਲਜੀਰੀਆ ਦੀ ਫੌਜ ਨੇ ਹੂਰੀ ਬੂਮੀਦੀਅਨ ਅਧੀਨ ਰਾਜ ਹਰਨ ਕਰ ਲਿਆ ਜਦੋਂ ਪ੍ਰਧਾਨ ਬੈਨ ਬੈਲਾ ਮਾਸਕੋ ਤੋਂ ਲੈਨਿਨ ਇਨਾਮ ਲੈ ਕੇ ਆ ਰਿਹਾ ਸੀ।

ਅਲਜੀਰਿਆ ਵਿਚ 1973 ਵਿਚ ਸਭ ਤੋਂ ਵੱਡਾ ਨਿਰਪੱਖ ਦੇਸ਼ਾਂ ਦਾ ਸਿਖਰ ਸੰਮੇਲਨ ਹੋਇਆ। ਬੂਮੀਦੀਅਨ ਅਨੁਸਾਰ ਆਰਥਿਕ ਸਵਤੰਤਰਤਾ ਦਾ ਉਦੇਸ਼ ਸਰਬੋਤਮ ਹੈ ਅਤੇ ਸਿਆਸੀ ਹੱਕਾਂ ਦੀ ਗੱਲ ਦੂਜੇ ਨੰਬਰ 'ਤੇ ਆਉਂਦੀ ਹੈ। ਕਮਿਊਨਿਸਟ ਹੀ ਸਮਾਜੀ ਪਰਿਵਰਤਨ ਲਈ ਹੰਭਲਾ ਮਾਰਨ ਦੇ ਦਾਅਵੇਦਾਰ ਸੀ। ਇਹਨਾਂ ਨੂੰ ਖਤਮ ਕਰਕੇ ਤੀਸਰੇ ਜਗਤ ਦੇ ਲੀਡਰ ਆਪਣੇ ਪੈਰ ਕੁਹਾੜਾ ਮਾਰਨ ਦੀ ਸ਼ੁਰੂਆਤ ਕਰਦੇ ਹਨ। ਉਹ ਦਿਨ ਦੂਰ ਨਹੀਂ ਜਦੋਂ ਨਾ ਲੀਡਰ ਰਹਿਣਾ ਹੈ ਨਾ ਆਰਥਿਕ ਸ੍ਵਵਤੰਤਰਤਾ ਹੋਣੀ ਹੈ, ਨਾ ਸਿਆਸੀ ਹੱਕ ਲੱਭਣੇ ਹਨ।

ਸੰਨ 1952 ਤੋਂ 1959 ਤਾਈਂ ਬੋਲੀਵੀਆ ਨੇ ਐਸਾ ਰਾਹ ਅਪਣਾਇਆ ਜਿਹੜਾ ਤੀਸਰੇ ਜਗਤ ਦਾ ਤਜਰਬਾ ਨਹੀਂ। ਏਸ ਦੌਰਾਨ ਇਹਨੇ ਫੌਜ ਤੋੜਕੇ ਬੰਦੂਕ ਦੀ ਸ਼ਕਤੀ ਕਿਸਾਨੀ ਜੁਝਾਰ ਸੰਘਾਂ ਅਤੇ ਕਲਈ (tin) ਦੇ ਖਣਕਾਂ ਨੂੰ ਦੇਣ ਦੀ ਕੋਸ਼ਿਸ਼ ਕੀਤੀ। ਸੰਨ 1951 ਦੀ ਰਾਜਹਰਨ ਦੀ ਕੋਸ਼ਿਸ਼ ਦਾ ਨਤੀਜਾ ਸੀ ਕਿ ਸਰਕਾਰ ਨੇ ਫੌਜੀ ਅਕੈਡਮੀ ਬੰਦ ਕਰ ਦਿੱਤੀ ਅਤੇ 1/5 ਫੌਜੀ ਅਫਸਰਾਂ ਨੂੰ ਨੌਕਰੀ ਤੋਂ ਕੱਢ ਦਿੱਤਾ। ਸੰਨ 1951 ਵਿਚ ਫੌਜ 'ਤੇ ਖਰਚ ਬਜਟ ਦਾ 22 ਫੀਸਦੀ ਸੀ ਜਿਹੜਾ 1957 ਵਿਚ 7 ਹੋ ਗਿਆ। ਇੱਥੋਂ ਤਕ ਕਿ ਫੌਜ ਨੂੰ ਉੱਕਾ ਹੀ ਖ਼ਤਮ ਕਰਨ ਦਾ ਵਿਚਾਰ ਸੀ।

ਸੰਨ 1960 ਵਿਚ ਉੱਚ ਪੱਧਰੇ ਜਰਨੈਲ ਨੇ ਅਮਰੀਕੀ ਰਾਜਦੂਤ ਨੂੰ ਦੱਸਿਆ ਕਿ 90 ਫੀਸਦੀ ਫੌਜੀ ਅਫਸਰ ਕਮਿਊਨਿਸਟਾਂ ਦੇ ਖਿਲਾਫ ਹਨ। ਫੌਜ ਅਮਰੀਕਾ ਦੀ ਖਿਦਮਤ ਨੂੰ ਤਿਆਰ ਸੀ ਅਤੇ ਉਹਦੇ ਕੋਲੋਂ ਰਾਜਹਰਨ ਲਈ ਹਰੀ ਝੰਡੀ ਉਡੀਕਦੀ ਸੀ। ਇਹ ਕੰਮ 1964 ਵਿਚ ਹੋਇਆ। ਇਸ ਤੋਂ ਪਹਿਲਾਂ ਰਾਸ਼ਟਰਵਾਦੀ ਸਰਕਾਰ ਆਪ ਕਮਿਊਨਿਸਟਾਂ, ਕਾਸਟਰੋ-ਪੱਖੀ ਅਨਸਰਾਂ, ਜੁਝਾਰ ਲਹਿਰਾਂ, ਖਣਕਾਂ ਨਾਲ ਦੁਸ਼ਮਣੀ ਕਮਾਉਣ ਲੱਗੀ ਸੀ।

ਈਰਾਨ ਦੇ 1963 ਦੇ ਰਾਜਹਰਨ ਤੋਂ ਲੈ ਕੇ ਚਿੱਲੀ ਦੇ 1973 ਤਕ ਇਹ ਸਮਾਜ-ਵਿਗਿਆਨੀ sociological ਨਿਯਮ ਹੀ ਸਮਝੋ ਕਿ ਦੇਸ਼ ਦੀ ਮੱਧ ਸ਼੍ਰੇਣੀ ਰਾਜਹਰਨ ਨੂੰ ਖੁਸ਼ ਆਮਦੇਦ ਕਹਿਣ ਨੂੰ ਤਿਆਰ ਬੈਠੀ ਹੁੰਦੀ ਹੈ, ਜਿਸਦੀ ਨਜ਼ਰ ਹਮੇਸ਼ਾ ਅਮਰੀਕਾ 'ਤੇ ਲੱਗੀ ਰਹਿੰਦੀ ਹੈ।

"ਜਿਉਂ ਸਮਾਜ ਆਧੁਨਿਕ ਹੁੰਦਾ ਹੈ ਤਾਂ ਫੌਜ ਦਾ ਕਰਤੱਵ ਵੀ ਬਦਲ ਜਾਂਦਾ ਹੈ। ਧਨਾਢ-ਸ਼੍ਰੇਣੀ (oligarchy) ਦੀਆਂ ਨਜ਼ਰਾਂ ਵਿਚ ਫੌਜ ਜੜ੍ਹਵਰਤੀ ਪਰਿਵਰਤਨਸ਼ੀਲ (radical) ਹੈ; ਇਹ ਮੱਧ ਸ਼੍ਰੇਣੀ ਲਈ ਪਰਿਵਰਤਨ 'ਚ ਹਿੱਸਾ ਲੈਂਦੀ ਹੈ, ਨਾਲੇ ਸਾਲਸ ਵੀ ਹੈ; ਜਦੋਂ ਜਨ ਦੀ ਖੂਹਣੀ ਦੁਮੇਲ 'ਤੇ ਨਜ਼ਰ ਆਉਂਦੀ ਹੈ ਤਾਂ ਪ੍ਰਚਲਤ ਪ੍ਰਬੰਧ ਦਾ ਪਿੱਛਾਖੜ ਰਾਖਾ ਬਣ ਜਾਂਦੀ ਹੈ।"

ਸਿਓਕਾਰਨੋ ਦੇ ਵੀ ਕਮਿਊਨਿਸਟਾਂ ਨਾਲ ਉਪਰੋਕਤ ਜੇਹੇ ਸੰਬੰਧ ਸੀ। ਉਹਦੀ NASAKOM ਦੀ ਵਿਚਾਰਧਾਰਾ NAS ਕੌਮਪ੍ਰਸਤ, Aਅਗਮ (ਸੰਸਕ੍ਰਿਤ ਸ਼ਬਦ ਧਰਮ) KOM ਕਮਿਊਨਿਜ਼ਮ ਸੀ। Aਅਗਮ ਹਿੰਦੂ ਅਲਪ-ਸੰਖਿਆ ਨੂੰ ਰਾਸ਼ਟਰਵਾਦ 'ਚ ਸਮੋਣ ਲਈ ਸੀ। NASAKOM ਦੀ ਫੌਜ ਤੋਂ ਰਾਖੀ ਹਥਿਆਰਬੰਦ ਕਮਿਊਨਿਸਟ ਕਰਦੇ ਸਨ। ਇਸੇ ਕਰਕੇ 1965-66 ਦੇ ਰਾਜਹਰਨ ਦਾ ਅਨੁਪਾਤ ਅਨੁਸਾਰ ਬਹੁਤਾ ਨੁਕਸਾਨ ਹਿੰਦੂ, ਕਮਿਊਨਿਸਟ, ਬਾਲੀ ਦਾ ਹੋਇਆ ਜਿਸਦੀ 8 ਫੀ ਸਦੀ ਆਬਾਦੀ ਮਾਰੀ ਗਈ। ਕੇਸੀਮਾਨ ਪਿੰਡ ਦੀ ਚਾਰ ਹਜ਼ਾਰ ਵਸੋਂ 'ਚੋਂ 500 ਮਾਰੇ ਗਏ ਅਤੇ 300 ਕੈਦ ਰੱਖੇ। ਵਿਅੰਗ ਹੈ ਕਿ 'ਪੰਚਸ਼ੀਲ ਫ਼ਰੰਟ' ਕਤਲਾਮ ਸਮੇਂ ਫੌਜੀ ਕਾਤਲਾਂ ਦੇ ਜੈਕਾਰੇ ਬੁਲਾਉਂਦਾ ਸੀ।

ਚੀਨੀ ਕਮਿਊਨਿਸਟਾਂ ਦਾ ਵੀ ਰਾਸ਼ਟਰਵਾਦੀ ਕੋਮਿਨਟਾਂਗ ਨਾਲ ਸਾਂਝਾ ਮੁਹਾਜ਼ ਸੀ ਜਿਹੜਾ ਕੋਮਿਨਟਾਂਗ ਨੇ 1928 ਵਿਚ ਸ਼ੰਘਾਈ ਦੇ ਕਮਿਊਨਿਸਟਾਂ ਦੇ ਕਤਲਾਮ ਨਾਲ ਮੁਕਦਾ ਕੀਤਾ।

ਸੰਨ 1962 ਵਿਚ ਭਾਰਤੀ-ਚੀਨੀ ਸਰਹੱਦੀ ਲੜਾਈ ਹੋਈ। ਬਾਰਡਰ ਨਿਸ਼ਚਤ ਨਹੀਂ ਸੀ, ਦੋਵੇਂ ਧਿਰਾਂ ਹੀ ਸਰਹੱਦੀ ਇਲਾਕੇ ਦੀ ਪੂਰੀ ਵਾਕਫੀਅਤ ਤੋਂ ਵੰਚਿਤ ਸਨ। ਅਸਲੀਅਤ ਇਹ ਹੈ ਕਿ ਪਰੰਪਰਕ ਦੇਸ਼ ਸਰਹੱਦ ਦੇ ਵਿਕਲਾਪ ਤੋਂ ਵਾਂਝੇ ਸਨ। ਇੰਗਲੈਂਡ, ਸਕਾਟਲੈਂਡ ਦੀ ਸਰਹੱਦ ਵੀ ਬੜੀ ਦੇਰ ਅਣਮਿਥੀ ਰਹੀ।

ਭਾਰਤੀ-ਚੀਨੀ ਲੜਾਈ ਦੇ ਕਈ ਨਾ-ਗਵਾਰ ਨਤੀਜੇ ਨਿਕਲੇ। ਸੰਨ 1947-48 ਹਿੰਦ-ਪਾਕ ਦੀ ਜੰਗ ਦੇ ਬਾਵਜੂਦ ਭਾਰਤ ਦਾ ਫੌਜੀ ਖਰਚ ਬਜਟ ਦਾ 2 ਫੀਸਦੀ ਸੀ। ਫੇਰ 1962 ਮਗਰੋਂ ਭਾਰਤੀ ਸਰਕਾਰ ਨੇ ਫੌਜੀ ਖਰਚ ਦਾ ਸੰਕੋਚ ਕਰਨਾ ਬੰਦ ਕਰ ਦਿੱਤਾ ਜੋ 1990ਆਂ ਵਿਚ ਭਾਰਤ ਦੁਨੀਆਂ ਦਾ ਸਭ ਤੋਂ ਵੱਡਾ ਹਥਿਆਰ ਦਰਾਮਦਕਾਰ ਹੋ ਗਿਆ।

ਸੁਰੱਖਿਆ ਅਤੇ ਬਚਾਉ ਯਥਾਰਥ ਹੋ ਗਿਆ, ਸਮਾਜਕ ਵਿਕਾਸ ਤਾਂ ਆਦਰਸ਼ਕ ਸੀ।

1962 ਦੀ ਜੰਗ ਨੇ ਭਾਰਤ ਅਤੇ ਚੀਨ ਦੀ ਸਾਖ ਮਾੜੀ ਕਰ ਦਿੱਤੀ। ਨਾਲ ਤੀਸਰੇ ਜਗਤ ਦੀ ਮੁਹਿੰਮ ਦੀ ਬੇਇਤਬਾਰੀ ਹੋ ਗਈ।

ਜੰਗ ਤੋਂ ਪਹਿਲਾਂ (ਤੀਸਰੇ ਜਗਤ ਦਾ) 'ਰਾਸ਼ਟਰ ਸਾਮਰਾਜ ਵਿਰੋਧੀ ਅਤੇ ਭਵਿੱਖ ਦੇ ਵਿਕਾਸ ਦਾ ਉਦੇਸ਼ ਸੀ। ਇਹਦੇ ਮਗਰੋਂ ਰਾਸ਼ਟਰਵਾਦ ਅਜਿਹਾ ਸਦੀਵੀ ਤੱਤ ਹੋ ਗਿਆ ਜਿਸਦਾ ਇਤਿਹਾਸਕ ਛਪਨ ਹੋ ਗਿਆ ਸੀ, ਜੋ ਮੁੜਕੇ ਪ੍ਰਗਟ ਹੋਇਆ ਹੈ। ਇਹ ਸਦੀਵੀ ਤੱਤ ਬਹੁ-ਗਿਣਤੀ ਦਾ ਸੀ ਜਿਸਨੇ ਅਨਯ (ਦੂਸਰੇ) ਧਰਮ, ਜ਼ੁਬਾਨ, ਵਿਹਾਰ ਬੇਗ਼ਾਨੇ ਬਣਾ ਦਿੱਤੇ। ਬੀ. ਜੇ. ਪੀ. 1962 ਦੀ ਜੰਗ ਦੀ ਉਪਜ ਹੈ।

ਤੀਸਰੇ ਜਗਤ ਦੇ ਮੁਲਕ ਆਪਣੇ ਸਾਮਰਾਜੀ ਬਾਰਡਰਾਂ ਬਾਰੇ ਪੁਨਰ-ਸੋਚ ਨਾ ਕਰ ਸਕੇ, ਸਗੋਂ ਸਾਮਰਾਜੀ ਵਿਰਸੇ ਦੇ ਰਾਸ਼ਟਰਵਾਦੀ ਮਾਲਕ ਬਣ ਬੈਠੇ। ਸੰਨ 1913 ਵਿਚ ਲੈਨਿਨ 'ਪਛੜਿਆ ਯੌਰਪ, ਅਗਰਵਾਦੀ ਏਸ਼ੀਆ' ਕਹਿੰਦਾ ਸੀ। ਤੀਸਰੇ ਜਗਤ ਨੇ ਯੌਰਪ ਦੇ 'ਦੁਖਾਂਤੀ' ਕਾਤਲਾਨਾ ਰਾਸ਼ਟਰਵਾਦ ਦਾ ਪਾਰਗਮਨ ਕਰਨਾ ਸੀ, ਜਿਸਦੇ ਸਦਕੇ 'ਅਗਰਵਾਦੀ ਏਸ਼ੀਆ' ਦੀ ਵਿਚਾਰਧਾਰਾ ਕਾਇਮ ਰਹਿੰਦੀ। ਪਰ ਇਹਨੇ ਅਜਿਹਾ ਨਾ ਕਰਕੇ ਆਪਣੇ ਪਛੜੇਪਨ ਨੂੰ ਹੋਰ ਤਕੜਾ

ਕਰ ਲਿਆ। ਆਦਰਸ਼ ਦੀ ਗੱਲ ਤਾਂ ਦੂਰ ਹੈ, ਤੀਸਰੇ ਜਗਤ ਦੇ ਦੇਸ਼ਾਂ ਦੀ ਸਾਮਰਾਜੀ ਸਰਹੱਦਾਂ ਨੂੰ ਕਾਇਮ ਰੱਖਣ ਦੀ ਸਮਰੱਥਾ ਵੀ ਨਹੀਂ ਸੀ।

ਸੰਨ 1850 ਵਿਚ ਮਸ਼ੀਨਾਂ ਨੂੰ ਚਲਾਉਂਦੀ ਸ਼ਕਤੀ ਦਾ 6 ਫੀਸਦੀ ਹਿੱਸਾ ਖਣਿਜ ਈਂਧਨ ਤੋਂ ਆਉਂਦਾ ਸੀ ਅਤੇ ਬਾਕੀ ਦਾ ਪਸ਼ੂਆਂ, ਮਾਣਸਾਂ ਦੀ ਸੀ। ਫੇਰ 1960 ਤਕ ਖਣਿਜ ਈਂਧਨ ਦਾ ਹਿੱਸਾ ਪ੍ਰਮੁੱਖ ਹੋ ਗਿਆ ਅਤੇ ਪਸ਼ੂ-ਮਾਣਸੀ ਹਿੱਸਾ 6 ਫ਼ੀਸਦੀ ਰਹਿ ਗਿਆ।

ਸੰਨ 1950 ਵਿਚ ਖਣਿਜ ਤੇਲ ਦੀਆਂ ਸੱਤ ਕੰਪਨੀਆਂ ਸੀ, ਜਿਹਨਾਂ ਨੂੰ 'ਸੱਤ ਭੈਣਾਂ' ਕਿਹਾ ਜਾਂਦਾ ਹੈ। ਇਹ ਸਨ Exxon or Esso, Shell, BP, Gulf, Texaco, Mobil, Socal (Chevron) ਜਿਹਨਾਂ ਨੇ ਕੱਚੇ ਤੇਲ ਦੀ ਸਪਲਾਈ, ਇਹਦੀ ਢੋਆ ਢੁਆਈ, ਸ਼ੋਧਨ ਅਤੇ ਵਿਕਰੀ ਦਾ ਗਾਂਢਾ ਸਾਂਢਾ ਕੀਤਾ ਹੋਇਆ ਸੀ। ਸੰਨ 1950 ਵਿਚ ਇਹਨਾਂ ਦੀ ਦੁਨੀਆਂ ਵਿਚ ਕੱਚੇ ਤੇਲ ਦੀ ਸਪਲਾਈ (ਕੈਨੇਡਾ, ਅਮਰੀਕਾ, ਰੂਸ, ਚੀਨ ਨੂੰ ਛੱਡ ਕੇ) 85 ਫ਼ੀਸਦੀ ਸੀ।

ਤੇਲ ਦੇ ਦੇਸ਼ ਕੰਪਨੀਆਂ 'ਤੇ ਲਾਏ ਟੈਕਸਾਂ ਰਾਹੀਂ ਜਨ ਦੇ ਸਮਾਜੀ ਵੇਤਨ, ਅਰਥਾਤ ਵਿੱਦਿਆ ਸੁਅਸਥ, ਆਵਾਜਾਈ ਰਾਹੀਂ ਵਿਕਾਸ ਦੀ ਧਿਰ ਜਾ ਸਕਦੇ ਸੀ, ਜਾਂ ਫਿਰ ਪ੍ਰਸ਼ਾਸਨੀ-ਪ੍ਰਬੰਧਕ ਖ਼ਾਸ ਅਤੇ ਸ਼ਾਹੀ ਵੰਸ਼ ਆਪਣੀ ਐਸ਼-ਓ ਇਸ਼ਰਤ 'ਤੇ ਖਰਚ ਕਰ ਸਕਦੇ ਸੀ।

ਸੰਨ 1911 ਦੀ ਕ੍ਰਾਂਤੀ ਮਗਰੋਂ ਮੈਕਸੀਕੋ ਦੀ ਸਰਕਾਰ ਤੇਲ ਮੁਨਾਫ਼ੇ 'ਤੇ ਆਪਣਾ ਇਖਤਿਆਰ ਜਮਾਉਣਾ ਚਾਹੁੰਦੀ ਸੀ। ਉਦੋਂ ਮੈਕਸੀਕੋ ਦੁਨੀਆਂ ਦੀ ਤੇਲ ਉਪਜ ਦਾ 25 ਫੀਸਦੀ ਪੈਦਾ ਕਰਦਾ ਸੀ। 'ਤੇਲ ਭੈਣਾਂ' ਮੈਕਸੀਕੋ ਦੇ 'ਰਾਸ਼ਟਰੀ' ਰੌਲੇ ਤੋਂ ਚਿੰਤਤ ਸੀ। ਸੰਨ 1934 ਵਿਚ ਤੇਲ ਖਿੱਤੇ ਦੀ ਰਾਖੀ ਕਰਨ ਵਾਲਾ ਜਰਨੈਲ ਪ੍ਰਧਾਨ ਹੋ ਗਿਆ। ਮੰਦਵਾੜੇ ਅਤੇ 'ਸੱਤ ਭੈਣਾਂ' ਦੇ ਗਲ-ਘੋਟੂਏ ਕਾਰਨ, ਤੇਲ ਦੀ ਅਤੀ-ਉਪਜ ਸਦਕੇ ਮੈਕਸੀਕੋ ਵਰਗੇ ਦੇਸ਼ਾਂ ਦੀ ਆਮਦਨੀ ਘਟ ਗਈ। ਸੰਨ 1937 ਵਿਚ ਤੇਲ ਕਾਮੇ ਹੜਤਾਲ ਦੀ ਧਮਕੀ ਦੇ ਰਹੇ ਸੀ। ਪ੍ਰਧਾਨ ਕਾਰਡੀਨੱਸ (Cardenas) ਨੇ ਸਥਿਤੀ ਦੀ ਜਾਣਕਾਰੀ ਲਈ ਕਮਿਸ਼ਨ ਨਿਯੁਕਤ ਕੀਤਾ, ਜਿਸਦੇ ਅਨੁਸਾਰ ਵੇਤਨ ਅਤੇ ਸ਼੍ਰਮ ਦੀ ਗਤੀ ਨੂੰ ਸੁਧਾਰਿਆ ਜਾਵੇ, ਵਿਦੇਸ਼ੀ ਟਕਨੀਸ਼ਨਾਂ, ਮੈਨੇਜਰਾਂ ਦੀ ਥਾਉਂ ਮੈਕਸੀਕਨ ਹੋਣ। ਸੰਨ 1938 ਵਿਚ ਕਾਰਡੀਨੱਸ ਨੇ ਤੇਲ ਉਦਯੋਗ ਦਾ ਰਾਸ਼ਟਰਨ ਕਰ ਦਿੱਤਾ।

ਸੰਨ 1943 ਤਾਈਂ ਵੈਨਜ਼ੂਏਲਾ ਨੇ ਅਮਰੀਕਾ ਲਈ ਤੇਲ ਸਪਲਾਈ ਲਈ ਮੈਕਸੀਕੋ ਦੀ ਥਾਉਂ ਲੈ ਲਈ ਸੀ ਅਤੇ ਸਰਕਾਰ ਤੇਲ ਮੁਨਾਫੇ 'ਤੇ ਟੈਕਸ ਲਾਉਣ ਦੀ ਸੋਚ ਰਹੀ ਸੀ। 'ਸੱਤ ਭੈਣਾਂ' ਦੇ ਉਤਾਰ ਦੇ ਬਾਵਜੂਦ 1960 ਵਿਚ ਉਹਨਾਂ ਦਾ ਤੇਲ ਮਾਰਕੀਟ ਦਾ ਹਿੱਸਾ 72 ਫ਼ੀਸਦੀ ਸੀ)। ਉਹਨਾਂ ਆਪਣੀ ਤਾਕਤ ਵਧਾਉਣ ਲਈ 1959-60 ਵਿਚ ਦੋ ਵਾਰ ਤੇਲ ਦੀਆਂ ਕੀਮਤਾਂ ਘਟਾ ਦਿੱਤੀਆਂ। ਉਹ ਪ੍ਰਤੀ-ਬੈਰਲ (barrel) ਕੀਮਤ ਦਾ ਘਾਟਾ ਵਧੇਰੇ ਵਿਕਰੀ ਨਾਲ ਪੂਰਾ ਕਰ ਸਕਦੀਆਂ ਸਨ (ਕਿਉਂਕਿ ਦੇਸ਼ ਟੈਕਸ ਬੈਰੱਲ ਦੀ ਕੀਮਤ 'ਤੇ ਲਾਉਂਦਾ ਸੀ)

ਸੰਨ 1940 ਵਿਚ ਰਾਉਲ ਪਰੀਬਿਸ਼ (Raul Prebisch) ਨੂੰ ਗਿਲਾ ਸੀ ਕਿ ਉਤਪਾਦਕ ਦੇਸ਼ਾਂ ਦਾ ਕੋਕੋ, ਖੰਡ, ਰਬੜ, ਤੇਲ ਦਾ ਕਾਰੋਬਾਰ ਨਿਜੀ (Private) ਕਾਰਟਲਾਂ (Cartel ਵਪਾਰਕ ਗੱਠਜੋੜਾਂ) ਦੇ ਹੱਥ ਵਿਚ ਹੈ। ਕਿਉਂ ਨਾ ਉਤਪਾਦਕ ਦੇਸ਼ ਇਹਨਾਂ ਦੇ ਰਾਸ਼ਟਰੀ ਕਾਰਟਲ ਬਣਾ ਲੈਣ। ਇਹਨਾਂ ਦੀਆਂ ਘਟੀਆਂ ਕੀਮਤਾਂ ਕਾਰਨ ਤੀਸਰੇ ਜਗਤ ਦੇ ਦੇਸ਼ ਕਦੇ ਵੀ ਇੰਨੀ ਕਮਾਈ ਨਹੀਂ ਕਰ ਸਕਣਗੇ ਜਿਸ ਨਾਲ ਸਮਾਜੀ ਵਿਕਾਸ ਅਤੇ ਉਦਯੋਗੀ ਵ੍ਰਿੱਧੀ ਹੋ ਸਕੇ।

ਸੰਨ 1980 ਵਿਚ 115 ਅੱਧੇ ਵਿਕਾਸਸ਼ੀਲ ਮੁਲਕ ਆਪਣੀ ਨਿਰਯਾਤ ਆਮਦਨ ਲਈ ਇੱਕੋ ਵਸਤੂ 'ਤੇ ਨਿਰਭਰ ਸੀ। ਜੋ 'ਸੱਤ ਭੈਣਾਂ' ਆਖਰੀ 1950ਵਾਂ ਵਿਚ ਤੇਲ ਕੀਮਤਾਂ ਦਾ ਖੇਲ੍ਹ ਕਰ ਰਹੀਆਂ ਸਨ ਤਾਂ ਤੇਲ ਮੁਲਕਾਂ ਨੂੰ ਪ੍ਰਤਿਕਰਮ ਵਖਾਉਣਾ ਪਿਆ। ਸੰਨ 1959 ਵਿਚ ਨਾਸਰ ਨੇ ਪਹਿਲੀ ਅਰਬ ਪਟਰੋਲ ਕਾਂਗਰਸ ਬੁਲਾਈ, ਜਿਸ ਵਿਚ ਵੈਨਜ਼ੂਏਲਾ ਅਤੇ ਈਰਾਨ ਵੀ ਸ਼ਾਮਲ ਸੀ।

ਕਾਂਗਰਸ ਉਦੋਂ ਇਕੱਤਰ ਹੋਈ ਜਦੋਂ 'ਭੈਣਾਂ' ਨੇ ਮੱਧ ਪੂਰਬ ਵਿਚ ਤੇਲ ਦੀਆਂ ਕੀਮਤਾਂ ਘਟਾਈਆਂ ਸਨ। ਵੈਨਜ਼ੂਏਲਾ ਦਾ ਪ੍ਰਤਿਨਿਧੀ ਪੈਰੇਜ਼ ਆਲਫਾਨਜ਼ੋ ਅਨੁਸਿੱਧ ਨੀਤੱਗ ਸੀ। ਉਸ ਨੇ ਇਹ ਵਿਕਲਪ ਪੇਸ਼ ਕੀਤਾ ਕਿ ਭੂ-ਨਿਮਨ ਤੇਲ 'ਤੇ ਮੁਲਕ ਦੀ ਅਧਿਰਾਜਗੀ ਹੈ, ਸਮੁੱਚਾ ਤੇਲ ਉਦਯੋਗ ਜੰਤਕ ਸੁਵਿਧਾ (public utility) ਲਈ ਹੈ, ਤੇਲ ਭੰਡਾਰ ਆਉਂਦੀਆਂ ਨਸਲਾਂ ਲਈ ਬਚਾਕੇ ਰੱਖਣੇ ਚਾਹੀਦੇ ਹਨ। ਆਲਫਾਨਜ਼ੋ ਪਰੇਬਿਸ਼ ਦੇ ਮੱਤ ਦਾ ਅਨੁਯਾਈ ਸੀ।

ਕਾਹਿਰਾ ਕਾਂਗਰਸ ਵਿਚ ਸਬੱਬ ਨਾਲ ਸਊਦੀ ਅਰਬ ਦੇ 'ਆਜ਼ਾਦ ਸ਼ਹਿਜ਼ਾਦਿਆਂ' ਨੇ ਸਊਦੀ ਵ੍ਰਿਧ ਕਮਾਈ ਹਿਤ ਉਪਰੋਕਤ ਤਜਵੀਜ਼ ਦੀ ਹਮਾਇਤ ਕੀਤੀ। 'ਲਾਲ ਸ਼ੇਖ' ਅੰਦਰੋ ਅੰਦਰੀਂ ਆਲਫਾਨਜ਼ੋ ਨਾਲ ਰਲ਼ਿਆ ਹੋਇਆ ਸੀ।

Exxon ਨੇ ਰਾਸ਼ਟਰਵਾਦੀਆਂ ਨੂੰ ਵੰਗਾਰਨ ਲਈ ਤੇਲ ਦੀ ਕੀਮਤ 7 ਫੀਸਦੀ ਘਟਾ ਦਿੱਤੀ। ਜੋ 1980 ਵਿਚ ਤੇਲ ਉਤਪਾਦਕ ਦੇਸ਼ ਬਗ਼ਦਾਦ ਵਿਚ ਇਕੱਠੇ ਹੋਏ ਤਾਂ ਉਹਨਾਂ ਨੇ OPEC (ਤੇਲ ਪੈਦਾ ਅਤੇ ਨਿਰਯਾਤ ਕਰਨ ਵਾਲੇ ਦੇਸ਼ਾਂ ਦੀ ਸੰਸਥਾ) ਬਣਾ ਲਈ। ਚਾਰਟਰ (Charter) ਦੇ ਮੈਂਬਰ ਕਹਿਣ ਨੂੰ ਦੁਨੀਆਂ ਦਾ 82 ਫੀਸਦੀ ਕੱਚਾ ਤੇਲ ਪੈਦਾ ਕਰਦੇ ਸਨ : ਵੈਨਜ਼ੂਏਲਾ 30, ਕੁਵੇਤ 18, ਸਊਦੀ ਅਰਬ 14, ਇਰਾਕ 10 ਅਤੇ ਈਰਾਨ 10 ਫੀਸਦੀ।

ਨਾਸਰ ਆਪਣੀ ਕਿਤਾਬ The Philosophy of the Revolution, 1954 ਵਿਚ ਤੇਲ ਨੂੰ ਅਰਬ ਸਮ-ਸਮਾਜ ਦਾ ਤੀਸਰਾ ਥੰਮ ਲਿਖਦਾ ਹੈ। ਬੈਲਗਰੇਡ ਦੀ 1961 ਮੀਟਿੰਗ ਵਿਚ ਇਸੇ ਗੱਲ 'ਤੇ ਚਰਚਾ ਹੋਈ ਅਤੇ 1964 ਵਿਚ UNCTAD ਵਿਚ (ਸੰਯੁਕਤ ਰਾਸ਼ਟਰ ਵਪਾਰ ਅਤੇ ਵਿਕਾਸ ਲਈ ਕਮਿਸ਼ਨ) ਓਪਕ ਇਕ ਤਰੀਕੇ ਨਾਲ ਕਾਮਯਾਬ ਹੋਈ ਜੋ 1973 ਵਿਚ 3 ਡਾਲਰ ਦੀ ਬੈਰੱਲ 1981 ਵਿਚ 36 ਡਾਲਰ ਦੀ ਹੋ ਗਈ। ਓਪਕ ਦੀਆਂ ਤੇਲ ਕੀਮਤਾਂ ਬੇ-ਤੇਲ ਤੀਸਰੇ ਜਗਤ ਦੇ ਦੇਸ਼ਾਂ ਲਈ ਮੁਸ਼ਕਲ ਬਣ ਗਈਆਂ। ਲਿਬੀਆ ਨੇ 1970 ਵਿਚ ਇਹਨਾਂ ਦੇਸ਼ਾਂ ਲਈ ਰਿਆਇਤੀ ਕੀਮਤਾਂ ਦੀ ਤਜਵੀਜ਼ ਰੱਖੀ ਸੀ ਪਰ ਹਿਤ-ਪ੍ਰੇਮੀ ਕਦੋਂ ਅਜਿਹੀ ਗੱਲ ਸੁਣਦੇ ਹਨ। ਪਰ ਕ੍ਰਾਂਤੀਕਾਰੀ ਗੱਦਾਫ਼ੀ ਨੇ 1970 ਵਿਚ ਤੇਲ ਦੀ ਕੀਮਤ ਵਧਾ ਦਿੱਤੀ। ਲਿਬੀਆ ਦਾ ਤੇਲ ਤਿੰਨ ਗੱਲਾਂ ਸਦਕੇ ਗੁਣਕਾਰੀ ਸੀ: ਯੋਰਪ ਦੇ ਨੇੜੇ, ਇਹਦੀ ਉੱਤਮਤਾ ਅਤੇ ਲਿਬੀਆ ਦੀ ਰਿਆਸਤ ਦਾ ਇਹਦੇ 'ਤੇ ਕਬਜ਼ਾ। ਅਟਲਾਂਟਕ ਸ਼ਕਤੀਆਂ ਅਤੇ 'ਸੱਤ ਭੈਣਾਂ' ਗਦਾਫ਼ੀ ਦੀ ਵੰਗਾਰ ਨੂੰ ਪੀ ਗਈਆਂ ਅਤੇ 'ਖੁਸ਼ੀ ਨਾਮੇ' ਤੇਲ ਦੀ ਕੀਮਤ ਵਧਾ ਦਿੱਤੀ (ਇੰਝ ਗੱਦਾਫ਼ੀ ਨੂੰ ਲਾਂਭੇ ਕਰਨ ਦੀ ਗੱਲ ਸਮਝ ਆਉਂਦੀ ਹੈ।'

ਇਤਿਹਾਸਕ ਵਿਅੰਗ ਹੈ ਕਿ 1973 ਵਿਚ ਤੇਲ ਕੀਮਤਾਂ ਵਿਚ ਵਾਧੇ ਦਾ ਅਮਰੀਕਾ ਨੂੰ ਸਭ ਤੋਂ ਜ਼ਿਆਦਾ ਫ਼ਾਇਦਾ ਹੋਇਆ। ਵਜਾਹ : ਸੰਨ 1971 ਵਿਚ ਨਿਕਸਨ ਨੇ ਡਾਲਰ ਦਾ ਸੋਨੇ ਨਾਲ ਸੰਬੰਧ ਖਤਮ ਕਰ ਦਿੱਤਾ। ਗੋਲਡ ਸਟੈਂਡਰਡ ਦਾ ਮਤਲਬ ਹੁੰਦਾ ਹੈ ਕਿ ਕਰੰਸੀ ਦੀ ਇਕਾਈ ਨਿਸ਼ਚਤ ਸੋਨੇ ਦੇ ਵਜ਼ਨ ਦੀ ਹੁੰਦੀ ਹੈ। ਫ਼ਿਕਰ ਸੀ ਕਿ ਅਮਰੀਕੀ ਆਰਥਿਕਤਾ ਦੀ ਦੁਨੀਆਂ ਵਿਚ ਚੜ੍ਹਤ ਕਿਵੇਂ ਕਾਇਮ ਰਹੇ? ਅਮਰੀਕੀ ਅਨੁਮਾਨ ਠੀਕ ਨਿਕਲਿਆ। ਤੇਲ ਕੀਮਤਾਂ ਉਹਦੇ ਪ੍ਰਤੀਦ੍ਵੰਦੀਆਂ (competitors) ਜਾਪਾਨ ਅਤੇ ਪੱਛਮੀ ਯੋਰਪ ਨੂੰ ਸੱਟ ਮਾਰਨਗੀਆਂ। ਦੂਸਰੇ ਪੈਟਰੋਲ ਦੀਆਂ ਕੀਮਤਾਂ ਡਾਲਰ ਵਿਚ ਭੁਗਤਦੀਆਂ ਹਨ, ਅਤੇ ਪੈਟਰੋਲੀ ਡਾਲਰ ਆਪ ਹੀ ਅਮਰੀਕਾ ਪਹੁੰਚ ਜਾਂਦੇ ਹਨ। ਇੰਝ ਅਮਰੀਕਾ ਦੀ ਦੁਨੀਆਂ ਵਿਚ ਫਿਨਾਂਨਸਲ (financial) ਚੜ੍ਹਤ ਸਗੋਂ ਤਕੜੀ ਹੋ ਗਈ।

ਇਸੇ ਪਟਰੋਲੀ ਡਾਲਰਾਂ ਨੇ ਆਰਥਿਕਤਾ ਦੇ financialization ਨੂੰ ਸ਼ਹਿ ਦੇ ਕੇ ਇਹਨੂੰ ਗਲੋਬੀ ਬਣਾ ਦਿੱਤਾ ਹੈ।

ਸੰਨ 1967 ਵਿਚ ਟਾਂਗੀਨਕਾ ਦੇ ਲੀਡਰ ਨਰੇਰੇ (Nyerere) ਨੇ ਧਮਾਕਾ ਕੀਤਾ ਜਦੋਂ ਉਹਨੇ ਸਮ-ਸਮਾਜ ਰਿਆਸਤ ਉਸਾਰਨ ਦਾ ਐਲਾਨ ਕਰ ਦਿੱਤਾ। ਉਹਦੇ ਅਨੁਸਾਰ ਆਬਾਦੀ ਵਿਚ equity (ਸਮਾਨਤਾ) ਲਿਆਉਣੀ ਰਿਆਸਤ ਦੀ ਜ਼ਿੰਮੇਵਾਰੀ। ਉਹਨੇ ਗੁਜ਼ਾਰੇ (subsistence) ਲਈ ਕ੍ਰਿਸ਼ੀ ਨੂੰ

ਵਸਾਰ ਕੇ ਛੋਟੇ ਪੱਧਰ ਦੀ ਸਰਮਾਏਦਾਰ ਖੇਤੀ ਨੂੰ ਉਤਸ਼ਾਹ ਦਿੱਤਾ ਤਾਂ ਜੋ ਗ੍ਰਾਮੀਨ ਆਰਥਿਕਤਾ ਨੂੰ ਵਿਸ਼ਵ ਮੰਡੀ ਨਾਲ ਜੋੜਿਆ ਜਾ ਸਕੇ। ਜੋ ਕਾਮਯਾਬੀ ਨਜ਼ਰ ਨਾ ਆਈ ਤਾਂ ਰਿਆਸਤ ਨੇ 30 ਲੱਖ ਬੰਦਿਆਂ ਦੀ ਨਵੇਂ ਪਿੰਡਾਂ ਵਿਚ ਮੁੜ ਵਸਾਈ ਕੀਤੀ, ਜਿਹੜੀ ਵਸੋਂ ਦਾ 20 ਫ਼ੀਸਦੀ ਸੀ। ਨੀਮ ਫੌਜੀ ਦਲਾਂ ਨੇ ਪੁਰਾਣੇ ਪਿੰਡ ਉਜਾੜ ਦਿੱਤੇ। ਟਾਂਗਨੀਕਾ ਵਿਚ ਰੂਸੀ ਖੇਤੀ ਵਰਗੀ ਅਸਫਲਤਾ ਹੋਈ। 'ਸਮ-ਸਮਾਜਵਾਦ' ਮੰਡੀ ਅਤੇ ਪਿੜਾਂ ਵਿਚ ਆ ਵੜਿਆ ਜਿੱਥੇ ਲੁੱਟ ਦੀ 'ਸਮਾਨਤਾ' ਸੀ, ਉਪਜ ਦੀ ਨਹੀਂ।

ਤੀਸਰੇ ਜਗਤ ਦੇ ਮੁਲਕ ਸੰਯੁਕਤ ਰਾਸ਼ਟਰ ਵਿਚ ਤਾਂ 1950, 1952, 1954, 1957 ਅਤੇ 1960 ਵਿਚ ਕ੍ਰਿਸ਼ਕ ਸੁਧਾਰ (land reform) ਦੇ ਦਮਗਜੇ ਮਾਰਦੇ ਰਹੇ ਪਰ ਆਪ ਘਰੇਲੂ ਬੁਰਜਵਾਜ਼ੀ ਅਤੇ ਭਾਰੂ ਗ੍ਰਾਮੀਨ, ਸ਼ਹਿਰੀ ਜਮਾਤ ਨੂੰ ਪਾਲਦੇ ਰਹੇ। ਸੰਨ 1972 ਤਾਈਂ ਹਰੇ ਇਨਕਲਾਬ ਦਾ ਬਹੁਤਾ ਫ਼ਾਇਦਾ ਅੰਤਰ-ਰਾਸ਼ਟਰੀ ਫਰਮਾਂ ਨੂੰ ਖਾਦ ਅਤੇ ਵ੍ਰਿਧ ਪੈਦਾਵਾਰੀ ਬੀਜਾਂ ਦੀਆਂ ਕੀਮਤਾਂ ਰਾਹੀਂ ਹੋਇਆ ਅਤੇ ਤੀਸਰੇ ਜਗਤ ਦੇ ਮੁਲਕਾਂ ਵਿਚ ਹਰੇ ਇਨਕਲਾਬ ਨੇ 'ਲਾਲ ਇਨਕਲਾਬ' ਨੂੰ ਪਾਸੇ ਕਰ ਦਿੱਤਾ।

ਸੰਨ 1960 ਵਿਚ ਤਾਨਜ਼ਨੀਆ ਦੀ ਕ੍ਰਿਸ਼ਕ ਉਪਜ ਦੀ ਵ੍ਰਿਧੀ ਸਾਰੇ ਅਫਰੀਕਾ ਤੋਂ ਜ਼ਿਆਦਾ ਸੀ ਪਰ 1974 ਵਿਚ ਇਹਨੂੰ 18 ਕਰੋੜ ਡਾਲਰ ਦਾ ਅਨਾਜ ਆਯਾਤ ਕਰਨਾ ਪਿਆ।
ਸੰਨ 1970 ਵਿਚ ਸਿੰਗਾਪੁਰ 'ਨਾਮ' ਚ ਸ਼ਾਮਲ ਹੋ ਗਿਆ ਅਤੇ 1977 ਵਿਚ ASEAN ਅਰਥਾਤ ਏਸ਼ੀਆ ਦੇ ਦੱਖਣੀ-ਪੂਰਬੀ ਦੇਸ਼ਾਂ ਦੀ ਸੰਸਥਾ ਬਣਾਉਣ 'ਚ ਸਹਾਇਤਾ ਕੀਤੀ। ਸਿੰਗਾਪੁਰ ਦਾ ਸੰਯੁਕਤ ਰਾਸ਼ਟਰ ਅਤੇ ਨਿਰਪੱਖ ਦੇਸ਼ਾਂ ਦੀ ਲਹਿਰ ਨੂੰ ਇਹੀ ਕਹਿਣਾ ਸੀ ਕਿ ਦੇਸ਼ਾਂ ਨੂੰ ਰਿਆਸਤੀ-ਪ੍ਰੇਰਨਾ ਵਾਲੇ ਵਿਕਾਸ ਦੀ ਥਾਂਉਂ ਨਵ-ਉਦਾਰਵਾਦ neoliberalism 'ਚ ਰੁਚਿਤ ਹੋਣਾ ਚਾਹੀਦਾ ਹੈ।

ਸੰਨ 1983 ਵਿਚ ਨਿਰਪੱਖ ਦੇਸ਼ਾਂ ਦੀ ਉਦਯੋਗੀ ਉਪਜ ਵਿਸ਼ਵ ਉਦਯੋਗ ਦਾ 10 ਫੀਸਦੀ ਸੀ। ਨਾਲੇ ਇਹਦੇ ਵਿਚ ਅੰਤਰ ਰਾਸ਼ਟਰੀ ਨਿਗਮਾਂ (ਕਾਰਪੋਰੇਸ਼ਨਾਂ) ਦਾ 3/4 ਹਿੱਸਾ ਸੀ। ਇਹਦੇ ਵਿਚ ਪੰਜ ਦੇਸ਼ਾਂ, ਬਰਾਜ਼ੀਲ, ਦੱਖਣੀ ਕੋਰੀਆ, ਭਾਰਤ, ਮੈਕਸੀਕੋ, ਅਰਜਨਟੀਨਾ ਦਾ ਹਿੱਸਾ 80 ਫੀਸਦੀ ਸੀ। ਭਾਰਤ, ਪੂਰਬੀ ਏਸ਼ੀਆ ਦੇ 'ਸ਼ੇਰਾਂ' ਅਤੇ ਬਰਾਜ਼ੀਲ ਨੇ ਤੀਸਰੇ ਜਗਤ ਦਾ ਅਜੰਡਾ ਖ਼ਤਮ ਕਰਨ ਵਿਚ ਫੈਸਲਾਕੁਨ ਹਿੱਸਾ ਪਾਇਆ।

ਸੰਨ 1972 ਵਿਚ ਤੀਸਰੇ ਜਗਤ ਨੇ ਹਥਿਆਰਾਂ 'ਤੇ 33 ਅਰਬ ਡਾਲਰ ਖਰਚੇ, ਜਿਹੜਾ ਖਰਚ ਦਸ ਸਾਲ ਬਾਅਦ 81 ਅਰਬ ਹੋ ਗਿਆ। ਸੰਨ 1977 ਵਿਚ ਕਿਊਬਾ ਨੇ ਸੁਝਾਉ ਰੱਖਿਆ ਕਿ ਹਥਿਆਰਾਂ ਦੇ ਵਪਾਰ 'ਤੇ 650 ਅਰਬ ਡਾਲਰ ਦਾ ਖਰਚ ਬਰਬਾਦ ਹੁੰਦਾ ਜਿਸਨੂੰ ਤੀਸਰੇ ਜਗਤ ਦੇ ਵਿਕਾਸ 'ਚ ਲਾਇਆ ਜਾਵੇ। G-7 (ਸੱਤ ਵਿਕਸਤ ਦੇਸ਼ਾਂ) ਨੇ ਅਣਸੁਣੀ ਕਰ ਦਿੱਤੀ। ਕਾਰਪੋਰੇਟ ਮੀਡੀਆ ਨੇ ਮਜ਼ਾਕ ਉਡਾਇਆ ਅਤੇ ਗੁੱਟ-ਨਿਰਪੱਖ ਦੇਸ਼ਾਂ ਨੇ ਕੋਈ ਗੰਭੀਰ ਧਿਆਨ ਨਾ ਦਿੱਤਾ।

ਤੀਸਰੇ ਜਗਤ ਦੇ ਦੇਸ਼ ਵਿਕਸਤ ਜਗਤ ਨਾਲ ਸਰਮਾਏਦਾਰੀ ਸੰਬੰਧ ਬਣਾਕੇ ਕੁਝ ਖੱਟਣ ਦੇ ਨਹੀਂ। ਸੰਨ 1960 ਵਿਚ 133 ਵਿਕਾਸਸ਼ੀਲ ਦੇਸ਼ਾਂ ਦਾ ਪਬਲਿਕ ਅਤੇ ਨਿੱਜੀ ਮਾਲਕਾਂ ਦਾ ਕਰਜ਼ਾ 18 ਅਰਬ ਡਾਲਰ ਸੀ, ਜਿਹੜਾ ਦਸ ਸਾਲ 'ਚ 75 ਅਰਬ ਡਾਲਰ ਹੋ ਗਿਆ, ਜੋ 1982 ਵਿਚ 612 ਅਰਬ ਡਾਲਰ ਹੋ ਗਿਆ। ਸੰਨ 1974-75 ਵਿਚ ਤੀਸਰੇ ਜਗਤ ਦੇ ਵਿਦੇਸ਼ੀ ਕਰਜ਼ੇ ਦਾ ਸੂਦ 80 ਅਰਬ ਡਾਲਰ ਸੀ।

ਸੰਨ 1974 ਦੇ ਸ਼ੁਰੂ ਵਿਚ G-7 ਦੀ ਬੇ-ਤੇਲ ਤੀਸਰੇ ਜਗਤ ਨਾਲ 6 ਅਰਬ ਡਾਲਰ ਦੀ ਵਪਾਰਕ ਵ੍ਰਿਧੀ ਸੀ। ਸੰਨ 1975 ਵਿਚ ਬੇ-ਤੇਲ ਦੇਸ਼ਾਂ ਦਾ ਵਪਾਰਕ ਘਾਟਾ 21 ਅਰਬ ਡਾਲਰ ਸੀ; ਅਤੇ ਇੰਨੀ ਹੀ ਰਕਮ (21 ਅਰਬ ਡਾਲਰ) G-7 ਨੇ ਤੇਲ ਦੇਸ਼ਾਂ ਨੂੰ ਦੇਣੀ ਸੀ, ਸੋ ਹਿਸਾਬ ਬਰਾਬਰ ਹੋ ਗਿਆ।

ਤੇਲ ਦੀਆਂ ਕੀਮਤਾਂ ਨੇ ਵਿਕਸਤ ਜਗਤ ਦਾ ਤਾਂ ਕੁਝ ਨਹੀਂ ਵਗਾੜਿਆ ਪਰ ਤੀਸਰੇ ਜਗਤ ਦੇ ਤੇਲ ਅਤੇ ਬ-ਤੇਲ ਦੇਸ਼ਾਂ ਨੂੰ ਦੁਫਾੜ ਕਰ ਦਿੱਤਾ ਹੈ।

ਸਰਮਾਏਦਾਰ ਜਗਤ ਨਾਲ ਨਾ ਸੰਬੰਧ ਤੋੜ ਕੇ ਗੁਜ਼ਾਰਾ ਹੈ, ਨਾ ਐਨ ਜੁੜਕੇ ਕੁਝ ਲੱਭਣ

ਦਾ ਹੈ। ਸਮ-ਸਮਾਜ ਦੀ ਗੱਲ ਤਾਂ ਦੂਰ ਹੈ, ਵਿਕਾਸ ਲਈ ਵੀ ਮੁਲਕ ਨੂੰ ਕਿਸੇ ਹੱਦ ਤਕ ਟੁੱਟਕੇ ਅਤੇ ਕਿਸੇ ਵਿਧੀ ਸਹਿਤ ਰਚਨਾਤਮਕ ਤਰੀਕੇ ਨਾਲ ਜੁੜਕੇ ਨਿਬਾਹ ਕਰਨਾ ਪੈਣਾ ਹੈ।

ਇਹੀ ਵਜਾਹ ਹੈ ਜੋ ਬਹੁਤ ਸਾਰੇ ਤੀਸਰੇ ਜਗਤ ਨੂੰ ਸਮਝ ਨਹੀਂ ਆਉਂਦੀ ਕਿ ਸਾਡੇ ਬੁਰਾ ਹਾਲ ਕਿਉਂ ਹੈ। ਜਮੈਕਾ ਦੇ ਗਾਇਕ ਬੋਬ ਮਾਰਲੇ (Bob Marley) ਦਾ ਜਗਤ ਪ੍ਰਸਿੱਧ ਅਤੇ ਸ੍ਰੇਸ਼ਟ ਪ੍ਰਗਤੀਵਾਦੀ ਗੀਤ ਹੈ:

ਉੱਠਿਆ ਅੱਜ ਸਵੇਰੇ ਵੇਖਾਂ
ਕਿਵੇਂ ਕਰਫਿਊ ਲੱਗ ਗਿਆ ਸੀ
ਹਾਏ ਰੱਬਾ ਕੀ ਹੈਰਾਨੀ
ਮੈਂ ਤਾਂ ਆਪੇ ਕੈਦ ਰਿਹਾ ਕੀ
ਨਹੀਂ ਪਛਾਤੇ ਜਾਂਦੇ ਚਿਹਰੇ
ਮੰਜੇ ਦੇ ਉੱਤੋਂ ਦੀ ਵਿਹੰਦੇ
ਉਹਨਾਂ ਨੇ ਸੀ ਜ਼ੁਲਮ ਸਿਤਮ ਦੀ
ਵਰਦੀ ਵਾਲੇ ਤਮਗ਼ੇ ਪਹਿਨੇ
ਜੋ ਕਿੰਨੇ ਦਰਿਆ ਲੰਘਣੇ ਹਨ ਹਾਲ ਬੇ-ਹਾਲ
ਕਰਨੀ ਬਾਤ ਮਾਲਕਾਂ ਨਾਲ
ਜੋ ਪੱਲੇ ਸੀ ਉਹ ਵੀ ਸਾਡੇ ਕੋਲ਼ ਨਹੀਂ ਹੈ
ਵਾਧੂ ਕੀਮਤ ਦਿੱਤੀ ਹੋਣੀ
ਇਸਦਾ ਭਰਦਾ ਭੋਲ ਨਹੀਂ ਹੈ
ਇਸ ਕਰਕੇ ਫਿਰ ਜੋ ਅੱਜ ਰਾਤੀਂ
ਲੁੱਟ ਮਾਰ ਹੈ
ਜਿਵੇਂ ਭੁਡੇਖੇ ਆਪਣਿਆਂ 'ਤੇ
ਹੋਈ ਸਾਰੀ ਮਾਰ ਧਾੜ ਹੈ

ਬੁਰਜਵਾ ਸੋਚ ਵਾਲੇ ਬੰਦੇ ਅਤੇ ਵਿਸ਼ਵ ਬੁਰਜਵਾਜ਼ੀ ਤਨੋਂ ਮਨੋਂ ਅਮਰੀਕੀ ਹੋ ਗਈ ਹੈ। ਤਾਏਵਾਨ (Taiwan) ਦੇ ਧਨਾਢ ਵਰਗ ਨੇ 1996 ਵਿਚ "Club 51" ਬਣਾਈ ਜਿਸਦੀ ਵਿਘੋਸ਼ਨਾ (manifesto) ਸੀ ਕਿ ਤਾਏਵਾਨ ਅਮਰੀਕਾ ਦੀ 51ਵੀ ਰਿਆਸਤ ਹੋਣਾ ਚਾਹੀਦਾ ਹੈ ਅਤੇ 'ਵਿਅਕਤਿਕ ਪ੍ਰਵਾਸ ਤਾਂ ਖੁਦਗਰਜ਼ ਕੋਤਾਹ ਅੰਦੇਸ਼ੀ ਹੈ।'

ਸੰਨ 1970 ਵਿਚ ਤੀਸਰੇ ਜਗਤ ਦੇ ਕਮ-ਆਮਦਨੀ ਵਾਲੇ 60 ਮੁਲਕਾਂ ਸਿਰ 25 ਅਰਬ ਡਾਲਰ ਦਾ ਕਰਜ਼ਾ ਸੀ, ਜਿਹੜਾ ਤੀਹ ਸਾਲਾਂ ਮਗਰੋਂ (2000 ਵਿਚ) 523 ਅਰਬ ਡਾਲਰ ਹੋ ਗਿਆ। ਇਹਨਾਂ ਤਿੰਨ ਦਹਾਕਿਆਂ ਵਿਚ ਇਹਨਾਂ ਮੁਲਕਾਂ ਨੇ 550 ਅਰਬ ਡਾਲਰ (ਅਸਲ ਰਕਮ ਜਮਾਂ ਸੂਦ) ਮੋੜਿਆ। ਜਦੋਂ ਕਿ ਕਰਜ਼ਾ 540 ਅਰਬ ਡਾਲਰ ਦਾ ਸੀ ਅਤੇ ਅਜੇ ਵੀ 523 ਅਰਬ ਦਾ ਕਰਜ਼ਾ ਖੜ੍ਹਾ ਹੈ। ਇਹੀ ਅੰਤਰ ਰਾਸ਼ਟਰੀ ਸੂਦਖੋਰੀ ਦਾ ਕੀਮੀਆ (ਲੋਹੇ ਨੂੰ ਸੋਨਾ ਬਣਾਉਣ ਦੀ ਜੁਗਤ) ਹੈ ਜਿਹੜਾ ਅਸ਼ਵੈਤ ਦੇਸ਼ਾਂ ਨੂੰ ਬੰਨ੍ਹੀ ਰੱਖਦਾ ਹੈ।

ਸੰਨ 1965 ਵਿਚ ਸੀ. ਪੀ. ਐੱਮ. ਦੇ ਬੰਦਿਆਂ ਨੂੰ ਪਾਰਟੀ ਵੱਲੋਂ ਹਦਾਇਤ ਸੀ ਕਿ ਉਹ ਗੁਨਾਰ ਮਿਰਡਲ ਦੀ ਕਿਤਾਬ Asian Drama: An Enquiry into the Poverty of Nations ਪੜ੍ਹਨ। ਅੱਜ ਵਿਜਯ ਪ੍ਰਸ਼ਾਦ ਦੀ "The Darker Nations : A People's History of the Third World ਹਰਿਕ ਵਾਮ-ਪੰਥੀ ਅਤੇ ਦੇਸ਼ ਸੇਵਕ ਦੇ ਪੜ੍ਹਨ ਦੀ ਹੈ।

[144, ਸੈਕਟਰ 65, ਫੇਜ਼ 11, ਐੱਸ. ਏ. ਐੱਸ. ਨਗਰ-160 062]

ਪੰਜਾਬੀਅਤ ਦਾ ਕਹਾਣੀਕਾਰ: ਅਫ਼ਜ਼ਲ ਅਹਿਸਨ ਰੰਧਾਵਾ

ਚੰਦਰ ਮੋਹਨ

ਪਾਕਿਸਾਤਨੀ ਪੰਜਾਬ ਦੇ ਪ੍ਰਮੁੱਖ ਲੇਖਕ ਅਫ਼ਜ਼ਲ ਅਹਿਸਨ ਰੰਧਾਵਾ ਨੇ ਕਵਿਤਾ, ਕਹਾਣੀ, ਨਾਵਲ ਤੇ ਰੇਡੀਓ-ਨਾਟਕ ਜਿਹੀਆਂ ਸਾਹਿਤਕ ਵਿਧਾਵਾਂ ਵਿਚ ਰਚਨਾ ਕਰਕੇ ਅਤੇ ਵਿਭਿੰਨ ਵਿਸ਼ਿਆਂ ਨਾਲ ਸੰਬੰਧਤ ਪੁਸਤਕਾਂ ਦੇ ਤਰਜਮਿਆਂ ਰਾਹੀਂ ਪਾਕਿਸਤਾਨੀ ਪੰਜਾਬੀ ਸਾਹਿਤ-ਜਗਤ ਵਿਚ ਵਿਸ਼ੇਸ਼ ਮੁਕਾਮ ਹਾਸਲ ਕੀਤਾ। ਡਾ. ਰਘਬੀਰ ਸਿੰਘ ਵੱਲੋਂ ਸੰਪਾਦਤ ਪੁਸਤਕ 'ਪੰਜਾਬੀ ਸਾਹਿਤ ਸਰਵੇਖਣ 1971-1980' ਵਿਚ ਪਾਕਿਸਤਾਨੀ ਪੰਜਾਬੀ ਕਹਾਣੀ ਦਾ ਮੁਤਾਲਿਆ ਕਰਦਿਆਂ ਸ਼ਾਹਬਾਜ਼ ਮਲਿਕ ਨੇ ਲਿਖਿਆ ਹੈ: "ਪਾਕਿਸਤਾਨੀ ਪੰਜਾਬੀ ਕਹਾਣੀ ਦਾ ਪਹਿਲਾਂ ਦਹਾਕਾ ਨਿਵਾਜ਼ ਦਾ ਸੀ ਜਿਸ 'ਡੂੰਘੀਆਂ ਸ਼ਾਮਾਂ' (1960) ਲਿਖ ਕੇ ਪਾਕਿਸਤਾਨੀ ਪੰਜਾਬੀ ਕਹਾਣੀ ਨੂੰ ਸਿਖਰਾਂ 'ਤੇ ਅਪੜਾ ਦਿੱਤਾ ਸੀ। ਦੂਜਾ ਦਹਾਕਾ ਰਫਾਤ ਦਾ ਏ ਜਿਸ ਦੇ ਅਫਸਾਨਿਆਂ ਦਾ ਮਜਮੂਆ 'ਇਕ ਓਪਰੀ ਕੁੜੀ' 1968 ਵਿਚ ਛਪਿਆ। ਤੀਜੇ ਦਹਾਕੇ ਵਿਚ ਬਹੁਤ ਸਾਰੇ ਕਹਾਣੀਕਾਰ ਆਪਣੀਆਂ ਉੱਚ ਪੱਧਰ ਦੀਆਂ ਲਿਖਤਾਂ ਲੈ ਕੇ ਪੰਜਾਬੀ ਅਦਬ ਦੇ ਭੰਡਾਰ ਵਿਚ ਵਾਧਾ ਕਰਦੇ ਜਾਪਦੇ ਨੇ। ਇਹਨਾਂ ਵਿਚੋਂ ਅਫ਼ਜ਼ਲ ਰੰਧਾਵਾ ਦਾ ਆਪਣਾ ਇਕ ਰੰਗ ਏ।" ਇਸ ਰੰਗ ਨੂੰ ਗੁਰਮੁਖੀ ਅੱਖਰਾਂ ਵਿਚ ਉਘਾੜਣ ਦਾ ਕੰਮ ਜਤਿੰਦਰਪਾਲ ਸਿੰਘ ਜੋਲੀ, ਕਰਨੈਲ ਸਿੰਘ ਥਿੰਦ, ਆਤਮਜਾਦ ਤੇ ਨਰਿੰਦਰ ਕੌਰ ਨੇ ਕੀਤਾ। ਸਿੱਟੇ ਵਜੋਂ, ਅਫ਼ਜ਼ਲ ਅਹਿਸਨ ਰੰਧਾਵਾ ਦੇ 'ਰੰਨ, ਤਲਵਾਰ ਤੇ ਘੋੜਾ' ਅਤੇ 'ਮੁੰਨਾ ਕੋਹ ਲਹੌਰ' ਜਿਹੇ ਸਿਰਲੇਖਾਂ ਵਾਲੇ ਕਹਾਣੀ ਸੰਗ੍ਰਹਿ ਭਾਰਤੀ ਪੰਜਾਬ ਦੇ ਪਾਠਕਾਂ ਤਕ ਅੱਪੜੇ।

ਦੋਹਾਂ ਕਹਾਣੀ ਸੰਗ੍ਰਹਿਆਂ ਵਿਚ ਸ਼ਾਮਲ ਕਹਾਣੀਆਂ ਦਾ ਵਿਸ਼ਲੇਸ਼ਣ ਕੀਤਿਆਂ ਇਹ ਵਿਚਾਰ ਸਹਿਜੇ ਹੀ ਬਣ ਜਾਂਦਾ ਹੈ ਕਿ ਅਫ਼ਜ਼ਲ ਅਹਿਸਨ ਰੰਧਾਵਾ ਪਾਤਰਾਂ ਦੇ ਚਰਿੱਤਰ ਚਿਤਰਣ ਵਿਚ ਨਿਪੁੰਨ ਹੈ। ਪਾਤਰਾਂ ਦੀ ਕਿਰਿਆ ਤੇ ਪ੍ਰਕਿਰਿਆ ਰਾਹੀਂ ਕਥਾ ਰਸ ਉਪਜਾ ਕੇ ਉਹ ਕਹਾਣੀ ਦੀ ਸਿਰਜਣਾ ਕਰਦਾ ਹੈ। ਪਾਤਰਾਂ ਦੀ ਨੁਹਾਰ ਉਘਾੜਣ ਲਈ ਭਾਰਤ-ਵੰਡ ਤੋਂ ਪਹਿਲਾਂ ਦੇ ਪੰਜਾਬ ਵਿਚ ਵਸਦੇ ਹਿੰਦੂ-ਸਿੱਖ-ਮੁਸਲਿਮ ਭਾਈਚਾਰੇ ਦੇ ਵਿਭਿੰਨ ਪਾਸਾਰਾਂ ਨੂੰ ਵਸਤੂਗਤ ਆਧਾਰ ਬਣਾਉਂਦਾ ਹੈ। ਡਾ. ਜਤਿੰਦਰਪਾਲ ਸਿੰਘ ਜੋਲੀ ਨੇ ਆਪਣੀ ਪੁਸਤਕ 'ਪਾਕਿਸਤਾਨੀ ਪੰਜਾਬੀ ਗਲਪ' ਵਿਚ ਦਰਸਾਇਆ ਸੀ ਕਿ ਰੰਧਾਵਾ ਦੀਆਂ ਕਹਾਣੀਆਂ ਵਿਚ ਵਾਰ ਵਾਰ ਸਿੱਖ ਪਾਤਰਾਂ ਦੀ ਆਮਦ ਅਤੇ ਅੰਮ੍ਰਿਤਸਰ-ਗੁਰਦਾਸਪੁਰ ਦੇ ਭੂਗੋਲਕ ਖਿੱਤੇ ਦਾ ਵਿਵਰਣ ਕੀਤਾ ਮਿਲਦਾ ਹੈ। ਏਸੇ ਤਰ੍ਹਾਂ ਡਾ. ਜਗਤਾਰ ਨੇ 'ਅਫ਼ਜ਼ਲ ਅਹਿਸਨ ਰੰਧਾਵਾ ਦੀਆਂ ਚੋਣਵੀਆਂ ਕਹਾਣੀਆਂ' ਨਾਂ ਦੀ ਪੁਸਤਕ ਦਾ ਸੰਪਾਦਨ ਕਰਕੇ ਇਸਦੇ ਮੁੱਖ ਬੰਧ ਵਿਚ ਲਿਖਿਆ ਸੀ ਕਿ ਅਫ਼ਜ਼ਲ ਅਹਿਸਨ ਰੰਧਾਵਾ ਦਾ ਖਾਨਦਾਨ ਸਿੱਖ ਜੱਟਾਂ ਤੋਂ ਮੁਸਲਮਾਨ ਹੋਇਆ ਸੀ। ਵਿਰਸੇ 'ਚੋਂ ਮਿਲੀ ਸਾਇਕੀ ਕਾਰਨ ਵੀ ਉਹ ਸਿੱਖ ਪਾਤਰਾਂ ਦੀ ਗੱਲ ਵਧੇਰੇ ਕਰਦਾ ਹੈ। ਉਸ ਦੀਆਂ ਕਹਾਣੀਆਂ ਵਿਚ ਪੇਸ਼ ਸਭਿਆਚਾਰ ਓਪਰੀ ਨਜ਼ਰੇ ਭਾਵੇਂ ਸਿੱਖ-ਸਭਿਆਚਾਰ ਪ੍ਰਤੀਤ ਹੁੰਦਾ ਹੈ ਪਰ ਨੀਝ ਨਾਲ ਵੇਖਿਆਂ ਇਸਨੂੰ ਮਾਝੇ ਦਾ ਉਪ-ਸਭਿਆਚਾਰ ਹੀ ਕਿਹਾ ਜਾ ਸਕਦਾ ਹੈ। ਪਾਕਿਸਤਾਨੀ ਪੰਜਾਬੀ ਕਹਾਣੀਆਂ ਦੀ ਸੰਪਾਦਤ ਪੁਸਤਕ 'ਰਾਵੀਓਂ ਪਾਰ' ਦੀ 'ਮੁੱਢਲੀ ਗੱਲ' ਵਿਚ ਡਾ. ਕਰਨੈਲ ਸਿੰਘ ਥਿੰਦ ਨੇ ਇਹ ਵਿਚਾਰ ਅੰਕਤ ਕੀਤੇ ਹਨ ਕਿ ਅਫ਼ਜ਼ਲ ਆਪਣੀਆਂ ਕਹਾਣੀਆਂ ਨੂੰ ਅੱਜੋਕੇ ਸਮੇਂ ਨਾਲੋਂ ਪੰਜਾਹ ਕੁ ਸਾਲ ਪਿਛਾਂਹ ਬੀਤ ਚੁੱਕੇ ਉਸ ਫਿਊਡਲ ਸਮਾਜ ਵਿਚ ਜਾ ਸਥਾਪਤ ਕਰਦਾ ਹੈ, ਜਿਸ ਦੀ ਮੌਜੂਦਾ ਦੌਰ ਦੇ ਹਿੰਦ-ਪਾਕਿ-ਪੰਜਾਬ ਵਿਚ ਕੋਈ ਥਾਂ ਨਹੀਂ। ਕੁਝ ਆਲੋਚਕ ਇਸਨੂੰ ਹੇਰਵੇ ਦੇ ਸਾਹਿਤ ਦਾ ਨਾਂ ਵੀ ਦਿੰਦੇ ਹਨ। ਪਰ ਅਸਲ ਗੱਲ ਇਹ ਹੈ ਕਿ ਜਿਸ ਕਾਲਗਤ ਹੋਣੀ ਨੂੰ

'ਰੰਧਾਵਾ-ਗਲਪ' ਵਿਚ ਪੇਸ਼ ਕੀਤਾ ਗਿਆ ਹੈ, ਉਹ ਅਜਿਹਾ ਅਤੀਤ ਹੈ ਜਿਸ ਬਾਰੇ ਪੰਜਾਬੀ ਕਹਾਣੀ ਲਗਪਗ ਖ਼ਾਮੋਸ਼ ਹੈ। ਜੇ ਰੰਧਾਵਾ ਇਸ ਪਾਸੇ ਧਿਆਨ ਨਾ ਦੇਂਦਾ ਤਾਂ ਇਤਿਹਾਸਕ ਘਟਨਾਵਾਂ ਦੀ ਸੂਚੀ ਵਿਚ ਬਹੁਤ ਵੱਡਾ ਖੱਪਾ ਰਹਿ ਜਾਣਾ ਸੀ। ਵਿਚਾਰ ਵਾਲਾ ਮੁੱਦਾ ਇਹ ਹੈ ਕਿ ਰੰਧਾਵਾ ਨੇ ਆਪਣੀਆਂ ਕਹਾਣੀਆਂ ਵਿਚ ਪੰਜਾਬ ਦੇ ਅਤੀਤ ਦੇ ਕਿਹੜੇ ਸਮਾਜਕ, ਸਭਿਆਚਾਰਕ ਤੇ ਮਾਨਸਿਕ ਰੂਪਾਂ ਨੂੰ ਪਕੜਿਆ ਹੈ; ਕੀ ਪਾਤਰਾਂ ਦੇ ਚਰਿੱਤਰ ਚਿਤਰਣ ਵਿਚੋਂ ਇਹਨਾਂ ਰੂਪਾਂ ਦੀ ਤਲਾਸ਼ ਸੰਭਵ ਹੈ? ਹੱਥਲਾ ਨਿਬੰਧ ਇਹਨਾਂ ਦੋਹਾਂ ਅੰਤਰ ਸੰਬੰਧਤ ਪ੍ਰਸ਼ਨਾਂ ਦਾ ਉੱਤਰ ਲੱਭਣ ਦੀ ਕੋਸ਼ਿਸ਼ ਹੈ।

ਸਭ ਤੋਂ ਪਹਿਲਾਂ ਅਸੀਂ 'ਮੁੰਨਾ ਕੋਹ ਲਹੌਰ' ਕਹਾਣੀ ਲੈਂਦੇ ਹਾਂ। ਇਹ ਕਹਾਣੀ ਵਾਹੀ-ਜੋਤੀ ਕਰਨ ਵਾਲੇ ਬਾਬਾ ਭੋਜ, ਮਿੱਟੀ ਦੇ ਭਾਂਡੇ ਬਣਾਉਣ ਵਾਲੇ ਉਸਤਾਦ, ਅੱਧਖੜ ਉਮਰ ਦੇ ਸੱਯਦ ਮਾਸਟਰ ਤੇ ਜਵਾਨ ਉਮਰ ਦੇ ਦਾਰੀ ਜੁਲਾਹਾ ਪਾਤਰਾਂ ਦੇ ਆਪਸੀ ਵਾਰਤਾਲਾਪ ਰਾਹੀਂ ਸਿਰਜੀ ਗਈ ਹੈ। ਇਸ ਵਿਚ ਕੋਈ ਚਾਰ ਸਦੀਆਂ ਪੁਰਾਣੀ, ਪਰ 'ਸੱਚੀ ਗੱਲ' ਨੂੰ ਪਲਾਟ ਵਜੋਂ ਵਰਤਿਆ ਗਿਆ ਹੈ। 'ਸੱਚੀ ਗੱਲ' ਨੂੰ ਸਾਧ ਤੇ ਚੋਰ ਦੇ ਜੀਵਨ ਚਰਿੱਤਰ ਨਾਲ ਜੋੜ ਕੇ ਚਾਰ ਸਦੀਆਂ ਪਹਿਲਾਂ ਦੇ ਪੰਜਾਬ ਦੇ ਲੋਕਾਂ ਦੇ ਮਨਾਂ ਅੰਦਰ ਕਾਰਜ ਕਰਦੀ ਈਮਾਨ ਦੀ ਰੱਤੀ ਨੂੰ ਉਜਾਗਰ ਕੀਤਾ ਗਿਆ ਹੈ। ਉਜਾਗਰ ਕਰਨ ਵੇਲੇ ਰੰਧਾਵਾ ਸਮੇਂ, ਸਥਾਨ ਤੇ ਸਥਿਤੀਆਂ ਦੀ ਰਗੜ 'ਚੋਂ ਪੈਦਾ ਹੋਣ ਵਾਲੇ ਉਸ ਸਦੀਵੀ ਸੱਚ ਦੇ ਨੇੜੇ ਰਹਿੰਦਾ ਹੈ ਜੋ ਕਦੇ ਪੁਰਾਣਾ ਨਹੀਂ ਪੈਂਦਾ, ਬੁੱਢਾ ਨਹੀਂ ਹੁੰਦਾ, ਤੇ ਨਾ ਹੀ ਕਦੇ ਮਰਦਾ ਹੈ। ਇਹ ਸੱਚ ਚੰਗੀਆਂ ਮਾਨਵੀ ਕਦਰਾਂ-ਕੀਮਤਾਂ ਵਾਲਾ ਹੈ। ਤੇ ਕਹਾਣੀ ਵਿਚ ਪੇਸ਼ ਸੱਚ ਪੁਰਾਣੇ ਪੰਜਾਬ ਦੀਆਂ ਚੰਗੀਆਂ ਕਦਰਾਂ-ਕੀਮਤਾਂ ਨੂੰ ਨਿਭਾਉਣ ਦੀ ਪ੍ਰਤੀਤੀ ਕਰਵਾਉਣ ਵਾਲਾ ਹੈ। ਸ਼ਾਇਦ ਏਸੇ ਲਈ ਕਹਾਣੀਕਾਰ ਨੇ ਸੂਲੀ ਚੜ੍ਹਨ ਵਕਤ ਚੋਰ ਤੇ ਸਾਧ ਦੀਆਂ ਨਜ਼ਰਾਂ ਮਿਲਾਉਣ ਉਪਰੰਤ ਚੋਰ ਦੇ ਮੂੰਹੋਂ ਇਹ ਬੋਲ ਬੁਲਾਏ ਹਨ ਕਿ "ਜਿਸ ਭਲੇਮਾਣਸ ਕੋਲ ਮੇਰਾ ਮਾਲ ਹੈ ਉਹ ਆਪਣੇ ਕੋਲ ਹੀ ਰੱਖੇ। ਜੇ ਉਹ ਸਾਰਾ ਨਾ ਵੀ ਰੱਖਣਾ ਚਾਹਵੇ ਤੇ ਜਿੰਨਾ ਮੈਂ ਉਹਦਾ ਕਰਜ਼ਾ ਦੇਣਾ ਏ-ਉਹ ਰੱਖ ਕੇ ਬਾਕੀ ਮਾਲ 'ਚੋਂ ਸ਼ਹਿਰ ਵਿਚ ਲੋਕਾਂ ਲਈ ਖੂਹ ਲਵਾ ਦੇਵੇ ਤੇ ਸਰਾਂ ਬਣਵਾ ਦੇਵੇ।" ਚੋਰ ਦੇ ਇਹਨਾਂ ਬੋਲਾਂ ਦਾ ਸੰਬੰਧ ਪਕੌੜੇ ਵੇਚਣ ਵਾਲੇ ਸਾਧ ਨਾਲ ਸਥਾਪਤ ਕੀਤਾ ਗਿਆ ਹੈ। ਚੋਰ ਦੇ ਬੋਲਾਂ ਨੂੰ ਸਾਧ ਕਾਰਜੀ ਰੂਪ ਦਿੰਦਾ ਹੋਇਆ ਲਾਹੌਰ ਸ਼ਹਿਰ ਵਿਚ ਦਸ ਖੂਹ ਲਗਵਾ ਦਿੰਦਾ ਹੈ ਤੇ ਮੁਸਾਫਰਾਂ ਲਈ ਇਕ ਸਰਾਂ ਵੀ ਬਣਵਾ ਦਿੰਦਾ ਹੈ। ਚੋਰ ਦੀ ਕਮਾਈ 'ਚੋਂ ਸਾਧ ਦੁਆਰਾ ਲਵਾਏ ਖੂਹਾਂ ਤੋਂ ਪਾਣੀ ਪੀ ਪੀ ਕੇ ਲੋਕ ਚੋਰ ਨੂੰ ਦੁਆਵਾਂ ਦਿੰਦੇ ਹਨ। 'ਇਸ ਕਹਾਣੀ ਅੰਦਰ ਪਰੰਪਰਕ ਲੋਕ-ਵਾਰਤਾ ਦੀ ਇਹ ਕਥਾਨਕ ਰੂੜ੍ਹੀ ਕਾਰਜਸ਼ੀਲ ਜਾਪਦੀ ਹੈ ਕਿ ਸੱਚ ਇਕ ਅਜਿਹਾ ਗਹਿਣਾ ਏ ਜੋ ਗੱਲ ਦੇ ਗਲ਼ ਵਿਚ ਪਾ ਦਿਓ ਤੇ ਗੱਲ ਫਟ ਜਾਂਦੀ ਏ।'

ਰੰਧਾਵਾ ਨੇ ਆਪਣੇ ਪਾਤਰਾਂ ਦੇ ਗਲ਼ ਉਦਾਲੇ ਕਿਹੜੇ ਸੱਚ ਦੀ ਗਲਵਕੜੀ ਪੁਵਾਈ ਹੈ? ਕਹਾਣੀਆਂ ਦਾ ਘਟਨਾ-ਸਥਲ ਤੇ ਉਦੇਸ਼ ਉਸ ਸੱਚ ਦਾ ਪਤਾ ਦਿੰਦੇ ਨੇ ਜੋ ਪੀੜ੍ਹੀਓ-ਪੀੜ੍ਹੀ ਪੰਜਾਬ ਦੇ ਲੋਕ ਸੁਣਦੇ ਆਏ ਹਨ। ਸ਼ਾਇਦ ਇਸ ਲਈ ਰੰਧਾਵਾ ਦੇ ਪਾਤਰ ਗੱਲ ਨੂੰ ਗੱਲ ਨਾਲ ਜੋੜਦੇ ਹੋਏ ਐਸੀ ਕਹਾਣੀ ਦੀ ਸਿਰਜਣਾ ਕਰਦੇ ਹਨ ਜਿਸਦਾ ਲੋਕ-ਕਹਾਣੀ ਵਾਂਗ ਕੋਈ ਨਾ ਕੋਈ ਉਦੇਸ਼ ਹੋਵੇ। ਮਿਸਾਲ ਦੇ ਤੌਰ 'ਤੇ 'ਮਾਰਚਾ', 'ਖੂਰਾ', 'ਸੂਰਨੀ' ਤੇ 'ਦਰਦ ਮਿੱਟੀ ਦਾ ਰੰਗ' ਕਹਾਣੀਆਂ ਦੀ ਨਿਰਖ-ਪਰਖ ਕੀਤੀ ਜਾ ਸਕਦੀ ਹੈ।

'ਮਾਰਚਾ' ਕਹਾਣੀ ਵਿਚ ਪੰਜ ਬੰਦਿਆਂ ਨੂੰ ਪਾਤਰਾਂ ਵਜੋਂ ਲਿਆ ਗਿਆ ਹੈ। ਇਹ ਪੰਜੇ ਪਾਤਰ ਆਪਸ ਵਿਚ ਗੱਲਾਂ ਕਰਦੇ ਹੋਏ ਇਕ ਦੂਸਰੇ ਨੂੰ ਪੰਜ ਕਹਾਣੀਆਂ ਸੁਣਾਉਂਦੇ ਹਨ। ਪਹਿਲੀ ਕਹਾਣੀ ਵਿਚ ਲੁਹਾਰ ਤੇ ਬਾਬਾ ਪਾਤਰ ਦਾ ਜੁੱਟ ਹੈ, ਦੂਸਰੀ ਵਿਚ ਦੋ ਪਹਿਲਵਾਨਾਂ ਤੇ ਇਹਨਾਂ

ਨਾਲੋਂ ਤਾਕਤਵਰ ਦੋ ਔਰਤਾਂ ਦਾ ਹੈ, ਤੀਸਰੀ ਵਿਚ ਨਾਈ ਦਾ ਜ਼ਿਕਰ ਹੈ, ਚੌਥੀ ਵਿਚ ਸੋਨੇ ਦੀ ਨਗਰੀ ਵਿਚ ਰਹਿਣ ਵਾਲੇ ਲੋਕਾਂ ਦੀ ਜੀਵਨ-ਧਾਰਾ ਹੈ ਤੇ ਪੰਜਵੀਂ ਵਿਚ ਬੈਰੇ ਤੇ ਗਾਹਕਾਂ ਦਾ ਜ਼ਿਕਰ ਆਉਂਦਾ ਹੈ। ਇਹ ਪੰਜੇ ਕਹਾਣੀਆਂ ਲੋਕ ਕਹਾਣੀਆਂ ਦੀ ਯਾਦ ਦਵਾਉਂਦੀਆਂ ਹਨ। ਇਹਨਾਂ ਪੰਜੇ ਦੇ ਜੋੜ ਨੂੰ ਰੰਧਾਵਾ ਨੇ 'ਮਾਰਚਾ' ਕਹਾਣੀ ਦੀ ਰੂਪ-ਰਚਨਾ ਨਿਰਧਾਰਤ ਕਰਨ ਲਈ ਵਰਤਿਆ ਹੈ। ਕਿਸ ਮੰਤਵ ਲਈ? ਪੰਜਾਬੀ ਲੋਕਾਂ ਦੇ ਜੀਵਨ ਵਿਚੋਂ ਹੱਕਾਂ ਤੇ ਫ਼ਰਜ਼ਾਂ ਦੀ ਸਿਆਣ ਲਈ, ਰਿਸ਼ਤਿਆਂ ਦੀ ਪਛਾਣ ਲਈ, ਸੱਚ ਦੀ ਭਾਲ਼ ਲਈ, ਅਸੂਲ ਦੀ ਪ੍ਰਵਾਹ ਲਈ, ਧੱਕੇ -ਧਰੋਹ ਤੇ ਹੇਰਾ-ਫੇਰੀਆਂ ਦੇ ਖਾਤਮੇ ਲਈ, ਡਰ ਤੇ ਦਹਿਸ਼ਤ ਨੂੰ ਭਜਾਉਣ ਲਈ ਅਥਵਾ ਬੰਦੇ ਨੂੰ ਖੋਤੇ ਬਣਨੋਂ ਰੋਕ ਕੇ ਉਸ ਅੰਦਰਲੀ ਬੰਦਿਆਈ ਨੂੰ ਪਛਾਣਨ ਲਈ।

ਕਹਾਣੀ 'ਸੂਰਨੀ' ਦੀ ਰੂਪ-ਰਚਨਾ ਵੀ 'ਮਾਰਚਾ' ਕਹਾਣੀ ਵਰਗੀ ਜਾਪਦੀ ਹੈ। ਇਸ ਵਿਚ ਪੰਜ ਸ਼ਿਕਾਰੀ ਦੋਸਤ ਹਨ ਜੋ ਆਪਣੀ ਆਪਣੀ ਹੱਡ-ਬੀਤੀ ਦਾ ਇਕ ਇਕ ਟੁਕੜਾ ਸੁਣਾਉਂਦੇ ਹਨ। ਇਹਨਾਂ ਟੁਕੜਿਆਂ ਦਾ ਜਮ੍ਹਾ-ਜੋੜ 'ਸੂਰਨੀ' ਕਹਾਣੀ ਨੂੰ ਰੂਪ ਪ੍ਰਦਾਨ ਕਰਦਾ ਹੈ ਤੇ ਰੂਪ ਪ੍ਰਦਾਨ ਕਰਨ ਵਾਲਾ ਵੀ ਇਹਨਾਂ ਪੰਜਾਂ ਸ਼ਿਕਾਰੀ ਦੋਸਤਾਂ ਵਿਚੋਂ ਇਕ ਹੈ। ਏਥੇ ਸ਼ਤਰੰਜ ਦੀ ਚਾਲ ਚੱਲਣ ਵਰਗੀ ਕਲਾ ਦੀ ਵਰਤੋਂ ਰੰਧਾਵੇ ਨੇ ਪਾਤਰਾਂ ਨੂੰ ਸਿਰਜਣ ਲਈ ਕੀਤੀ ਹੈ। ਇਸੇ ਲਈ ਪੰਜ ਬੰਦਿਆਂ ਨੂੰ ਪਹਿਲਾ, ਦੂਜਾ, ਤੀਜਾ, ਚੌਥਾ ਤੇ ਪੰਜਵਾਂ ਨੰਬਰ ਦੇ ਕੇ ਉਹਨਾਂ ਦੀਆਂ ਕਹਾਣੀਆਂ ਦੇ ਕਿਰਦਾਰਾਂ ਲਈ ਅਲਫ਼, ਬੇ, ਜ਼ੀਮ ਜਿਹੇ ਫ਼ਰਜ਼ੀ ਨਾਂ ਵਰਤੇ ਹਨ। ਇਹ ਕਹਾਣੀ ਇਸ ਉਦੇਸ਼ ਨੂੰ ਲੈ ਕੇ ਲਿਖੀ ਗਈ ਹੈ ਕਿ ਹਰ ਬੰਦੇ ਦੇ ਅੰਦਰ ਇਕ ਭੇਤ-ਸੰਦੂਕ ਜ਼ਰੂਰ ਹੁੰਦਾ ਏ ਜਿਹਦੇ ਵਿਚ ਕੁਝ ਅਜਿਹੇ ਸੱਚ ਹੁੰਦੇ ਨੇ ਜਿਹੜੇ ਕਦੇ ਬਾਹਰ ਦਾ ਮੂੰਹ ਨਹੀਂ ਵੇਖ ਸਕਦੇ, ਸਗੋਂ ਬੰਦਾ ਉਹਨਾਂ ਸੱਚਾਂ ਨੂੰ ਆਪਣੇ ਆਪ ਤੋਂ ਵੀ ਲੁਕਾ-ਲੁਕਾ ਕੇ ਰੱਖਦਾ ਏ...ਕਦੇ ਬਾਹਰ ਨਹੀਂ ਕੱਢਦਾ ਜਾਂ ਕੱਢ ਨਹੀਂ ਸਕਦਾ। ਇਸ ਲਈ ਹਰ ਬੰਦੇ ਦੇ ਅੰਦਰ ਨਵਾਂ ਨਕੋਰ ਸੱਚ ਛੁਪਿਆ ਰਹਿੰਦਾ ਏ। ਅਜਿਹੇ ਸੱਚ ਦੀ ਪੇਸ਼ਕਾਰੀ ਰੰਧਾਵਾ ਦੀ ਗਲਪ-ਕਲਾ ਦਾ ਉਦੇਸ਼ ਹੈ। ਸੱਚ ਦੀ ਪੇਸ਼ਕਾਰੀ ਲਈ ਉਹ ਪ੍ਰਤੀਕ ਸ਼ੈਲੀ ਦਾ ਇਸਤੇਮਾਲ ਕਰਦਾ ਹੈ। ਏਥੋਂ ਤਕ ਕਿ ਪਾਤਰਾਂ ਨੂੰ ਵੀ ਪ੍ਰਤੀਕਾਂ ਦੇ ਰੂਪ ਵਿਚ ਵਰਤ ਲੈਂਦਾ ਹੈ ਜਿਵੇਂ 'ਖੂਰਾ' ਕਹਾਣੀ ਵਿਚ।

'ਖੂਰਾ' ਕਹਾਣੀ ਵਿਚ ਲਹਿੰਦੇ ਤੇ ਚੜ੍ਹਦੇ ਪਾਸਿਉਂ ਦੋ ਰਾਹ ਰੱਕੜ ਭੋਇੰ ਉੱਤੇ ਮਿਲਦੇ ਵਿਖਾਏ ਗਏ ਹਨ। ਉਸ ਰੱਕੜ ਭੋਇੰ ਉੱਤੇ ਬੈਠੇ ਤਿੰਨ ਵਿਅਕਤੀ ਗੱਲਾਂ ਕਰਦੇ ਹਨ। ਇਹਨਾਂ ਤਿੰਨ ਵਿਅਕਤੀਆਂ ਵਿਚੋਂ ਦੋ ਵਿਅਕਤੀ ਚੜ੍ਹਦੇ ਤੇ ਲਹਿੰਦੇ ਪੰਜਾਬ ਜਾਪਦੇ ਹਨ, ਜੋ ਪਾਤਰਾਂ ਦੇ ਰੂਪ ਵਿਚ ਆਪਣੇ ਆਪਣੇ ਢਿੱਡ ਫੋਲਦੇ ਹਨ। ਤੇ ਉਹਨਾਂ ਦੋਹਾਂ ਦੇ ਵਿਚਕਾਰ ਆ ਕੇ ਬੈਠਣ ਵਾਲਾ ਤੀਜਾ ਵਿਅਕਤੀ ਬਿਰਤਾਂਤਕਾਰ ਦੀ ਸਿਮਰਤੀ ਵਿਚ ਵਸਦਾ ਪੰਜਾਬ ਜਾਪਦਾ ਏ। ਇਸੇ ਲਈ ਉਹ ਕਹਾਣੀ ਦੇ ਅੰਤ ਉੱਤੇ ਆਪਣੇ ਬੋਦਿਆਂ ਵਿਚ ਕੰਘੀ ਫੇਰ ਕੇ ਜਿੱਥੇ ਬੈਠਾ ਸੀ ਉੱਥੇ ਹੀ ਬੈਠਾ ਰਹਿੰਦਾ ਹੈ। ਤੇ ਦੂਜੇ ਦੋਵੇਂ ਵਿਅਕਤੀ ਆਪਣੇ ਰਾਹ ਚਾਲੇ ਪਾ ਦਿੰਦੇ ਨੇ। ਸ਼ਾਇਦ ਇਸੇ ਲਈ ਚੌਧਵੀਂ ਦੀ ਰਾਤ ਦਾ ਚੰਨ ਲਹਿੰਦੇ ਵੱਲ ਉੱਗੇ ਹੋਏ ਦੂਰ ਇਕ ਬੋਹੜ ਉੱਤੇ ਖਲੋਤਾ ਚਮਕਦਾ ਵਿਖਾਇਆ ਹੈ।

ਇਸ ਕਹਾਣੀ ਰਾਹੀਂ ਰੰਧਾਵਾ ਨੇ ਪੰਜਾਬੀਅਤ ਦੀਆਂ ਜੜ੍ਹਾਂ ਤਲਾਸ਼ੀਆਂ ਹਨ। ਪੰਜਾਬੀਅਤ ਦੀ ਪਰਿਭਾਸ਼ਾ ਨੂੰ ਭੂਤਕਾਲ, ਵਰਤਮਾਨ ਤੇ ਭਵਿੱਖਤ ਤਕ ਫੈਲਾਅ ਦਿੱਤਾ ਹੈ, ਜਿਸ ਦੀ ਪੁਸ਼ਟੀ 'ਦਰਦ ਦਾ ਮਿੱਟੀ ਰੰਗ' ਕਹਾਣੀ ਦੇ ਮੈਂ ਪਾਤਰ ਦੇ ਇਹਨਾਂ ਬੋਲਾਂ 'ਚੋਂ ਵੀ ਹੋ ਜਾਂਦੀ ਹੈ: "ਮੈਂ ਲੱਭੇ ਹੋਏ ਨੂੰ ਗੁਆਉਣਾ ਨਹੀਂ ਚਾਹੁੰਦਾ ਸਗੋਂ ਗੁਆਚੇ ਹੋਏ ਨੂੰ ਲੱਭਣਾ ਤੇ ਆਪਣੇ ਨਾਲ ਜੋੜਨਾ ਚਾਹੁੰਦਾ ਹਾਂ। ਮੇਰਾ ਵੱਢਿਆ ਟੁੱਕਿਆ ਸਰੀਰ ਇਕੱਠਾ ਹੋ ਕੇ ਰਹੇਗਾ।...ਕਦੇ ਪੰਜ ਪਿਆਰੇ ਵੀ ਖਿੰਡੇ -ਵੰਡੇ ਰਹਿ ਸਕਦੇ ਨੇ, ਕਦੇ ਪੰਜ ਦਰਿਆਵਾਂ ਦਾ ਪਾਣੀ ਵੀ ਹੋਰ ਰੰਗਾਂ ਵਿਚ ਵੰਡਿਆ ਜਾ ਸਕਦਾ

ਹੈ? ਤੁਸੀਂ ਮੇਰਾ ਸਭ ਕੁਝ ਖੋਹ ਸਕਦੇ ਹੋ, ਪਰ ਮੇਰਾ ਆਪਣਾ ਆਪ, ਮੇਰੀ ਹੋਂਦ ਕੌਣ ਖੋਹ ਸਕਦਾ ਹੈ?"

ਕਹਾਣੀ 'ਦਰਦ ਦਾ ਮਿੱਟੀ ਰੰਗ' ਦਾ ਮੈਂ ਪਾਤਰ ਪੰਜਾਬੀ ਕੌਮ ਦੇ ਰੂਪ ਵਿਚ ਪੇਸ਼ ਕੀਤਾ ਗਿਆ ਹੈ। ਪੰਜਾਬੀ ਕੌਮ ਆਪਣੇ ਉੱਤੇ ਆਣ ਪਏ ਖਤਰਿਆਂ ਤੋਂ ਅਣਜਾਣ ਨਹੀਂ ਹੈ। ਉਹ ਆਪਣੀ ਹੋਂਦ ਅਥਵਾ ਪੰਜਾਬੀਅਤ ਨੂੰ ਖੋਹਣਾ ਨਹੀਂ ਚਾਹੁੰਦੀ। ਰੰਧਾਵਾ ਦੀ ਏਹੋ ਵਿਚਾਰਧਾਰਾ ਉਸਦੀ ਗਲਪ-ਦ੍ਰਿਸ਼ਟੀ ਦਾ ਨਿਰਮਾਣ ਕਰਦੀ ਹੈ। ਕਹਾਣੀ ਵਿਚ ਝੋਰਾ ਕੀਤਾ ਗਿਆ ਹੈ ਕਿ ਪਾਕਿਸਤਾਨ ਵਿਚ ਪੰਜਾਬੀ ਭਾਸ਼ਾ ਲਈ ਕੋਈ ਸੁਨਿਸ਼ਚਤ ਥਾਂ ਕਿਉਂ ਨਹੀਂ ਹੈ ਜਦਕਿ ਪੰਜਾਬੀ ਬੋਲਣ ਵਾਲੇ ਦੁਨੀਆਂ ਵਿਚ ਸਭ ਤੋਂ ਜ਼ਿਆਦਾ ਪਾਕਿਸਤਾਨ ਵਿਚ ਰਹਿੰਦੇ ਹਨ। ਇਸੇ ਲਈ ਮੈਂ ਪਾਤਰ ਆਪਣੇ ਬਾਲਾਂ ਲਈ ਆਪਣੀ ਜ਼ੁਬਾਨ ਬੋਲਣ ਤੇ ਲਿਖਣ ਦੇ ਸਰਕਾਰ ਪਾਸੋਂ ਹੱਕ ਮੰਗਦਾ ਹੈ। ਪੌਪ ਮਿਊਜ਼ਿਕ ਦੇ ਆਲਮ ਵਿਚ ਆਪਣੀ ਗੁਆਚੀ ਸਭਿਆਚਾਰਕ ਗਾਉਣ-ਪਰੰਪਰਾ ਦੀ ਭਾਲ਼ ਕਰਦਾ ਹੈ। ਸਾਮਰਾਜੀ ਮੁਲਕਾਂ ਤੇ ਵਿਅਕਤੀਆਂ ਦੇ ਜਬਰ, ਲੁੱਟ-ਖਸੁੱਟ, ਬੇਹਯਾਈ ਤੇ ਗ਼ੁਲਾਮੀ ਤੋਂ ਦੁਖੀ ਹੈ। ਇਕੱਲਤਾ ਦੇ ਡਰ ਤੋਂ ਸਹਿਮਿਆ ਹੋਇਆ ਉਹ ਲੀਰੋ ਲੀਰ ਹੋ ਰਿਹਾ ਹੈ। ਸਰਕਾਰੀ ਤਸ਼ੱਦਦ ਦਾ ਸ਼ਿਕਾਰ ਹੈ। ਮੈਂ ਪਾਤਰ ਭਾਰਤੀ ਪੰਜਾਬ ਦੇ ਪੰਜਾਬੀਆਂ ਦੇ ਉਸ ਦਰਦ ਨਾਲ ਵੀ ਵਿੰਨ੍ਹਿਆ ਪਿਆ ਹੈ ਜੋ 1984 ਵਿਚ ਦਰਬਾਰ ਸਾਹਿਬ ਉੱਤੇ ਹਮਲੇ ਦੇ ਰੂਪ ਵਿਚ ਪੈਦਾ ਹੋਇਆ ਸੀ। ਇੱਥੇ ਰੰਧਾਵਾ ਦੀ ਦ੍ਰਿਸ਼ਟੀ ਸਟੇਟ ਦੀ ਆਵਾਮ ਨੂੰ ਵੱਢਣ, ਕੁੱਟਣ, ਲੁੱਟਣ ਤੇ ਵੰਡਣ ਵਾਲੀ ਲਹਿਰ ਦੇ ਵਿਰੋਧ ਵਿਚ ਭੁਗਤਦੀ ਹੋਈ ਪੰਜਾਬ ਸਮੱਸਿਆ ਨੂੰ ਸਿੱਖਾਂ ਦੀ ਆਜ਼ਾਦੀ ਵਜੋਂ ਵੀ ਤਸਵੱਰ ਕਰਦੀ ਹੈ।

ਇੰਝ ਹੀ ਮੈਂ ਪਾਤਰ ਇਸਲਾਮੀ ਮੁਲਕ ਅੰਦਰ ਆਪਣੇ ਪਿਉਂ ਹੱਥੋਂ ਕਤਲ ਹੋ ਜਾਂਦਾ ਹੈ। ਕਿਉਂਕਿ ਉਸਦਾ ਪਿਉ ਸੋਚਦਾ ਹੈ ਕਿ ਭੁੱਖ ਨਾਲ ਮਰ ਜਾਵਣ ਤੋਂ ਚੰਗਾ ਹੈ ਕਿ ਉਹ ਆਪਣੇ ਹੱਥੀਂ ਹੀ ਆਪਣੇ ਮਾਸੂਮ ਬਾਲਾਂ ਦੀਆਂ ਧੌਣਾਂ ਛੁਰੀ ਨਾਲ ਵੱਢ ਦੇਵੇ। ਅਫਰੀਕਾ ਵਿਚ ਕੁਦਰਤੀ ਆਫਤਾਂ ਕਾਰਨ ਮਰੇ ਬਾਲਾਂ ਦੇ ਰੂਪ ਵਿਚ ਵੀ ਮੈਂ ਪਾਤਰ ਪੇਸ਼ ਹੁੰਦਾ ਹੈ। ਉਹ ਪ੍ਰਸ਼ਨ ਉਠਾਉਂਦਾ ਹੈ ਕਿ "ਸਾਰੀ ਦੁਨੀਆਂ ਵਿਚ ਜਗਣ ਵਾਲੀ ਬਿਜਲੀ ਦੇ ਬਿੱਲ ਬਰਾਬਰ ਰਕਮ ਦੀ ਇਮਦਾਦ ਮੈਨੂੰ ਤੇ ਇਥੋਪੀਆ ਨੂੰ ਕਹਿਤ, ਭੁੱਖ ਤੇ ਮੌਤ ਤੋਂ ਬਚਾ ਸਕਦੀ ਹੈ। ਜੰਗੀ ਸਾਮਾਨ ਉੱਤੇ ਖਰਚ ਹੋਣ ਵਾਲੀ ਰਕਮ ਨਾਲ ਸਾਰੀ ਦੁਨੀਆਂ ਦੇ ਬਾਲ ਹਮੇਸ਼ਾ ਲਈ ਕਹਿਤ ਤੋਂ ਆਜ਼ਾਦ ਹੋ ਸਕਦੇ ਨੇ। ਕੀ ਨਹੀਂ?" ਇੱਥੇ ਮੈਂ ਪਾਤਰ ਦੀ ਸੋਚ ਰਾਹੀਂ ਪੇਸ਼ ਹੋਈ ਰੰਧਾਵਾ ਦੀ ਵਿਚਾਰਧਾਰਾ ਉਸ ਨੂੰ ਕੌਮੀ ਹਿਤਾਂ ਤੋਂ ਅਗਾਂਹ ਕੌਮਾਂਤਰੀ ਪੱਧਰ ਦੀ ਇਨਸਾਨੀਅਤ ਦੇ ਸਰੋਕਾਰਾਂ ਨੂੰ ਉਭਾਰਨ ਵਾਲੇ ਲੇਖਕ ਦੇ ਤੌਰ 'ਤੇ ਪਛਾਣ ਪ੍ਰਦਾਨ ਕਰਦੀ ਹੈ।

ਆਦਮਜ਼ਾਦਾਂ ਦੇ ਵਿਭਿੰਨ ਰੂਪਾਂ ਨੂੰ ਬਿਆਨਣ ਲਈ ਰੰਧਾਵਾ ਨੇ ਆਪਣੇ ਪਾਤਰਾਂ ਦੀਆਂ ਸੋਚਾਂ ਤੇ ਕਾਰਜਾਂ ਵਿਚ ਪੰਜਾਬੀਅਤ ਦਾ ਜਿਹੜਾ ਰੰਗ ਘੋਲਿਆ ਹੈ, ਅਸਲ 'ਚ ਉਹ ਉਸਦੀ ਗਲਪ-ਭਾਸ਼ਾ ਹੈ। ਉਸਨੇ ਪੰਜਾਬੀਅਤ ਦੇ ਸੰਕਲਪ ਨੂੰ ਇਕ ਗਲਪੀ ਸੰਦ ਵਜੋਂ ਵਰਤ ਕੇ ਇਨਸਾਨੀਅਤ ਦੇ ਸਦੀਵੀ ਭਾਵਾਂ ਨੂੰ ਉਘਾੜਿਆ ਹੈ। ਮਿਸਾਲ ਦੇ ਤੌਰ 'ਤੇ 'ਉਧਲ ਗਈਆਂ ਦੇ ਚੋਰ' ਕਹਾਣੀ ਨੂੰ ਵਿਚਾਰਿਆ ਜਾ ਸਕਦਾ ਹੈ। ਇਹ ਕਹਾਣੀ ਦੇਸ਼-ਵੰਡ ਦੌਰਾਨ ਪਾਟੇ ਪੰਜਾਬ ਦੀ ਦਰਦੀਲੀ ਰੂਹ ਨੂੰ ਪਕੜਣ ਦਾ ਕਲਾਤਮਕ ਯਤਨ ਹੈ। ਕਹਾਣੀ ਵਿਚ ਵਿਚਰਦਾ ਸ਼ਾਇਰ ਪਾਤਰ, ਜੋ ਇਕ ਵਕੀਲ ਵੀ ਹੈ ਤੇ ਸਿਆਸਤਦਾਨ ਵੀ, ਮੈਂ ਪਾਤਰ ਅਤੇ ਪ੍ਰਾਹੁਣਾ ਪਾਤਰ ਦੇ ਰੂਪ ਵਿਚ ਵੀ ਪੇਸ਼ ਹੋਇਆ ਹੈ। ਕਹਾਣੀਕਾਰ ਨੇ ਉਸਦਾ ਸੰਬੰਧ ਦੋ ਸਵਾਣੀਆਂ ਨਾਲ ਜੋੜਿਆ ਹੈ। ਉਸਦੀ ਇਕ ਸਵਾਣੀ ਉਸਦੇ ਆਪਣੇ ਦੇਸ਼ ਰਹਿੰਦੀ ਹੈ, ਤੇ ਦੂਸਰੀ ਬਦੇਸ਼ੀ ਦੌਰੇ ਦੌਰਾਨ ਪਰਦੇਸ ਵਿਚ ਬਣ ਜਾਂਦੀ ਹੈ। ਦੋਵੇਂ ਸਵਾਣੀਆਂ ਉਸਨੂੰ ਰੁਮਾਂਟਿਕ ਅੰਦਾਜ਼ ਵਿਚ ਉਡੀਕਦੀਆਂ ਵਿਖਾਈਆਂ ਗਈਆਂ ਹਨ।

ਪਰ ਮੈਂ ਪਾਤਰ ਅਥਵਾ ਮਰਦ ਦੋਹਾਂ ਦੇ ਕੋਲ ਨਹੀਂ ਅੱਪੜਦਾ। ਕਿਉਂਜੁ, ਉਹ ਕਿਤੇ ਗੁਆਚ ਗਿਆ ਹੈ। ਉਹ ਬੰਦਾ, ਅਸਲ ਵਿਚ, ਰੰਧਾਵਾ ਦੀਆਂ ਯਾਦਾਂ ਵਾਲਾ ਪੰਜਾਬ ਹੈ, ਵੰਡਾਰੇ ਤੋਂ ਪਹਿਲਾਂ ਵਾਲਾ ਪੰਜਾਬ ਹੈ, ਜਿਸਨੂੰ ਉਸਨੇ ਪ੍ਰਤੀਕਕ ਸ਼ੈਲੀ 'ਚ ਰੂਪਮਾਨ ਕੀਤਾ ਹੈ। ਕਹਾਣੀ ਵਿਚ ਪੇਸ਼ ਹੋਣ ਵਾਲਾ ਗੱਭਰੂ ਪੰਜਾਬੀ ਸਭਿਆਚਾਰਕ ਚੇਤਨਾ ਦਾ ਪ੍ਰਤੀਕਕ ਰੂਪ ਹੈ ਜੋ ਪੰਜਾਬੀਆਂ ਦੇ ਕੁਰਬਾਨੀ, ਖੁਦੀ, ਬਹਾਦਰੀ, ਪਿਆਰ, ਤਿਆਗ, ਦੋਸਤੀ, ਸਵੈ-ਨਿਰਭਰਤਾ ਆਦਿ ਗੁਣਾਂ ਦਾ ਮੁਜੱਸਮਾ ਹੈ। ਅਜਿਹੇ ਗੁਣਾਂ ਦੀ ਭਾਲ 'ਗੋਖੜੂ" ਨਾਮਕ ਕਹਾਣੀ ਵਿਚੋਂ ਵੀ ਹੋ ਸਕਦੀ ਹੈ।

ਰੰਧਾਵਾ ਨੇ 'ਗੋਖੜੂ' ਕਹਾਣੀ ਦੀ ਗੋਂਦ ਨੂੰ ਸਿੱਧੀ ਨਾਮੀ ਪਾਤਰ ਦੇ ਦਸ ਤੋਲਿਆਂ ਦੇ ਗੋਖੜੂ ਅਤੇ ਭੋਲੇ ਭਰਾਈ ਦੀ ਨਹਿਣ (ਰੱਸਾ) ਨਾਲ ਪਾਈ ਤਿਲ੍ਹਕਵੀਂ ਗੰਢ ਰਾਹੀਂ ਗੁੰਦਿਆ ਹੈ। ਭੋਲਾ ਭਰਾਈ ਸਿੱਧੀ ਨੂੰ ਤਿਲ੍ਹਕਵੀਂ ਗੰਢ ਪਾਉਣਾ ਸਿਖਾਉਂਦਾ ਹੈ। ਤਿਲ੍ਹਕਵੀਂ ਗੰਢ ਸਿੱਧੀ ਆਪੇ ਫਾਹਾ ਲੈਣ ਲਈ ਸਿੱਖਦੀ ਹੈ। ਤਿਲ੍ਹਕਵੀਂ ਗੰਢ ਸਿੱਖਣ-ਸਿਖਾਉਣ ਦੀ ਪ੍ਰਕਿਰਿਆ ਵਿਚ ਹੀ ਗਰੀਬ ਭੋਲੇ ਦੀ ਮੌਤ ਹੋ ਜਾਂਦੀ ਹੈ। ਇਲਾਕੇ ਦੇ ਥਾਣੇਦਾਰ ਨੂੰ ਭੋਲੇ ਦੀ ਮੌਤ ਕਤਲ ਜਾਪਦੀ ਏ। ਸਿੱਟੇ ਵਜੋਂ ਉਹ ਸਾਰੇ ਪਿੰਡ ਨੂੰ ਮੁਸ਼ਕਾਂ ਬੰਨ੍ਹ ਕੇ ਥਾਣੇ ਵੱਲ ਤੋਰ ਲੈਂਦਾ ਹੈ। ਬੱਧਿਆਂ ਬੰਦਿਆਂ ਦੀਆਂ ਪਾਲ਼ਾਂ ਅੱਗੇ ਸਿੱਧੀ ਦੋਵੇਂ ਬਾਹਾਂ ਖਲਾਰ ਕੇ ਉਹਨਾਂ ਦਾ ਰਾਹ ਡੱਕ ਕੇ ਖਲੋ ਜਾਂਦੀ ਹੈ ਤੇ ਥਾਣੇਦਾਰ ਨੂੰ ਭੋਲੇ ਭਰਾਈ ਦੇ ਅਸਲ ਕਾਤਲ ਤਕ ਪਹੁੰਚ ਕਰਨ ਲਈ ਵੰਗਾਰਦੀ ਹੋਈ ਕਹਿੰਦੀ ਹੈ ਕਿ ਉਹ ਘੁੰਡੀ ਖੋਲ੍ਹੇ ਕਿ ਜਿਸ ਰੱਸੇ ਨਾਲ ਭੋਲੇ ਭਰਾਈ ਨੇ ਫਾਹਾ ਲਿਆ, ਉਹ ਰੱਸਾ ਕਿੱਥੋਂ ਆਇਆ ਤੇ ਭੋਲੇ ਦੇ ਬੋਝੇ ਵਿਚ ਕੀ ਹੈ? ਜਦੋਂ ਥਾਣੇਦਾਰ ਮੋੜਵੇਂ ਰੂਪ ਵਿਚ ਸਿੱਧੀ ਨੂੰ ਉਸਦਾ ਹੀ ਸਵਾਲ ਪੁੱਛਦਾ ਹੈ ਤਾਂ ਉਹ 'ਹੱਕੀ ਸੱਚੀ ਗੱਲ' ਉਸਨੂੰ ਕਹਿ ਸੁਣਾਉਂਦੀ ਹੈ ਜੋ ਕਿ ਪਿੰਡ ਵਾਲਿਆਂ ਤੇ ਉਸਦੇ ਲਈ ਮੰਨਣਯੋਗ ਹੈ। ਪਰ ਸ਼ੇਖ ਥਾਣੇਦਾਰ ਸਿੱਧੀ ਦੀ ਇਹ ਗੱਲ ਉਸਦੇ ਦਸ ਤੋਲਿਆਂ ਦੇ ਗੋਖੜੂ ਤੇ ਪੰਜਾਹ ਰੁਪਏ ਘਰ ਪ੍ਰਤੀ ਲੈ ਕੇ ਮੰਨਦਾ ਹੈ ਤੇ ਪਿੰਡ ਵਾਲੇ ਭੋਲੇ ਭਰਾਈ ਦੇ ਵਾਰਿਸਾਂ ਨੂੰ ਇਕ ਭਰੀ ਕਣਕ ਘਰ ਪ੍ਰਤੀ ਦੀ ਥਾਂ ਇਕ ਪੰਡ ਕਣਕ ਘਰ ਪ੍ਰਤੀ ਤੇ ਭੋਲੇ ਦੇ ਕਫ਼ਨ ਦਾ ਖਰਚ ਦੇਣਾ ਮੰਨਦੇ ਹਨ। ਇੰਝ ਇਹ ਕਹਾਣੀ ਥਾਣੇਦਾਰ ਦੀ ਬੇਈਮਾਨੀ ਤੇ ਲੋਕ-ਵਿਰੋਧੀ ਕਿਰਦਾਰ ਰਾਹੀਂ ਜਿੱਥੇ ਸਟੇਟ ਮਸ਼ੀਨਰੀ ਦੇ ਜ਼ੁਲਮ ਨੂੰ ਦਰਸਾਉਂਦੀ ਹੈ ਉਥੇ ਰੱਬ ਰੂਪੀ ਬਾਬਾ ਅੱਲ੍ਹਾ ਵਰਗੇ ਪਿੰਡ ਦੇ ਮੋਹਤਬਰ ਬੰਦਿਆਂ ਨੂੰ ਵੀ ਆਪਣੇ ਬਣਾਏ ਕਾਨੂੰਨ ਅੱਗੇ ਸਿਰ ਝੁਕਾਉਣ ਲਈ ਮਜਬੂਰ ਕਰਦੀ ਹੈ। 'ਤਿਲ੍ਹਕਵੀਂ ਗੰਢ' ਸ਼ਬਦ ਜਿੱਥੇ ਸਰਕਾਰੀ ਤਸ਼ੱਦਦ ਦਾ ਪ੍ਰਤੀਕ ਹੋ ਨਿਬੜਿਆ ਹੈ ਉੱਥੇ ਗੋਖੜੂ ਅਫ਼ਸਰਾਂ ਵੱਲੋਂ ਆਮ ਲੋਕਾਂ ਦੀ ਕੀਤੀ ਜਾਂਦੀ ਲੁੱਟ ਦਾ । ਕਹਾਣੀ ਦਾ ਯਥਾਰਥ ਤਾਂ ਏਹੋ ਏ ਕਿ ਭੋਲਾ ਭਰਾਈ ਫਾਹਾ ਲੈ ਕੇ ਮਰ ਗਿਆ ਤੇ ਉਸਦੀ ਮੌਤ ਦੀ ਜ਼ਿੰਮੇਵਾਰੀ ਸਿੱਧੀ ਨੇ ਲੈ ਲਈ। ਪਰ ਸਿੱਧੀ ਫਾਹਾ ਕਿਉਂ ਲੈਣਾ ਚਾਹੁੰਦੀ ਸੀ। ਇਹ ਬੁਝਾਰਤ ਤਾਂ ਕਾਇਮ ਰਹਿੰਦੀ ਹੈ। ਅਜਿਹੇ ਬੁਝਾਰਤ ਰੂਪੀ ਗਲਪ-ਬਿੰਬ ਦੀ ਸਿਰਜਣਾ ਰੰਧਾਵਾ ਦੀ ਕਲਾ ਦੀ ਵਿਸ਼ੇਸ਼ ਖੂਬੀ ਹੈ। ਅਜਿਹੀ ਖੂਬੀ 'ਰੰਨ, ਤਲਵਾਰ ਤੇ ਘੋੜਾ' ਸੰਗ੍ਰਹਿ ਵਿਚ ਸ਼ਾਮਲ ਏਸੇ ਹੀ ਸ਼ੀਰਸ਼ਕ ਵਾਲੀ ਕਹਾਣੀ ਦੇ ਨਾਲ ਨਾਲ 'ਵੱਡਾ ਆਦਮੀ', 'ਰੰਡੀ', 'ਦੁਸ਼ਮਣੀ', 'ਜਨੱਤੀ','ਜ਼ੁਦੈਣ','ਦਿਨ ਦਾ ਚੰਨ' ਅਤੇ 'ਨਮੋਸ਼ੀ' ਕਹਾਣੀਆਂ ਵਿਚ ਵੀ ਨਜ਼ਰ ਆਉਂਦੀ ਹੈ।

'ਰੰਨ, ਤਲਵਾਰ ਤੇ ਘੋੜਾ' ਕਹਾਣੀ ਦੇ ਪਲਾਟ ਦਾ ਮੂਲ ਉਦੈਸ਼ ਇਹ ਹੈ ਕਿ ਵਿਅਕਤੀ ਆਪਣੀ ਸ਼ੱਕੀ ਭਾਵਨਾ ਤਹਿਤ ਆਪਣੇ ਹੀ ਕਿਸੇ ਸਕੇ ਸੰਬੰਧੀ ਦਾ ਖੂਨ ਕਰ ਬੈਠਦਾ ਹੈ। ਸਰਦਾਰ ਸ਼ਾਮ ਸਿੰਘ ਸਫ਼ੈਦਪੋਸ਼ ਦੇ ਦੋ ਪੁੱਤਰਾਂ ਲੱਖਣ ਸਿੰਘ ਤੇ ਮੱਖਣ ਸਿੰਘ ਦੇ ਜੀਵਨ-ਚਰਿੱਤਰ ਨੂੰ ਬਿਆਨਦੀ ਇਹ ਕਹਾਣੀ ਦੱਸ ਪਾਉਂਦੀ ਹੈ ਕਿ ਜਿੱਥੇ ਲੱਖਣ ਸਿੰਘ ਆਪਣੇ ਪਿਉ ਵਰਗਾ ਭਲਾਮਾਣਸ ਤੇ ਚੁੱਪ-ਚੁਪੀਤਾ ਬੰਦਾ ਹੈ ਉੱਥੇ ਮੱਖਣ ਸਿੰਘ ਖੱਪੀ, ਤਰਿੱਖਾ, ਲੜਾਕੇ ਤੇ ਦਲੇਰ ਸੁਭਾਅ ਦਾ ਹੈ। ਉਹਨਾਂ ਦਾ ਸ਼ੌਕ ਕਬੱਡੀ ਖੇਡਣਾ ਹੈ। ਕਬੱਡੀ ਖੇਡਦਿਆਂ ਖੇਡਦਿਆਂ ਉਹਨਾਂ ਦੀ

ਲੜਾਈ ਉਹਨਾਂ ਦੇ ਨੇੜਲੇ ਪਿੰਡ ਦੇ ਕਰਤਾਰੇ ਨਾਮੀ ਖਿਡਾਰੀ ਨਾਲ ਹੋ ਜਾਂਦੀ ਹੈ। ਇਹ ਲੜਾਈ ਵਧਦੀ ਵਧਦੀ ਦੋ ਪਿੰਡਾਂ 'ਨਵੇਂ ਪਿੰਡ' ਦੇ 'ਬੜੇ ਪਿੰਡ' ਦੀ ਬਣ ਜਾਂਦੀ ਹੈ। ਲੜਾਈ ਦੌਰਾਨ ਛਵੀਆਂ ਦੇ ਕਿੱਲ ਟੁੱਟਦੇ ਤੇ ਬਲਮਾਂ ਦੇ ਫਲ ਵੀ ਡਿੰਗੇ ਹੁੰਦੇ ਵਿਖਾਏ ਹਨ। ਲੜਾਈ ਦੌਰਾਨ ਕਰਤਾਰੇ ਦੀ ਲੱਤ ਟੁੱਟ ਜਾਂਦੀ ਹੈ। ਸਿੱਟੇ ਵਜੋਂ, ਮੱਖਣ ਸਿੰਘ ਨੂੰ ਤਿੰਨ ਸਾਲ ਦੀ ਜੇਲ੍ਹ। ਜੇਲ੍ਹ ਤਾਂ ਲੱਖਣ ਸਿੰਘ ਨੂੰ ਵੀ ਹੋ ਜਾਣੀ ਸੀ ਪਰ ਥਾਣੇਦਾਰ ਨੂੰ ਰਿਸ਼ਵਤ ਵਜੋਂ ਦਿੱਤੀ ਚਿੱਟੀ ਘੋੜੀ ਤੇ ਹਜ਼ਾਰ ਰੁਪਏ ਉਹਨੂੰ ਬਚਾ ਲੈਂਦੇ ਹਨ। ਕਹਾਣੀ ਵਿਚ ਤਿੰਨ ਸਾਲ ਦਾ ਵਕਫਾ ਸਿਰਜਿਆ ਗਿਆ ਹੈ।

ਐਪਰ ਕਹਾਣੀ ਨੇ ਉਹਨਾਂ ਦੀ ਲੜਾਈ ਦਾ ਅਸਲ ਕਾਰਨ ਕਬੱਡੀ ਨੂੰ ਨਹੀਂ ਬਲਕਿ 'ਬੁੱਢੇ ਪਿੰਡ' ਵਾਲੀ ਜੀਤੋ ਨਾਮੀ ਰੰਨ ਨੂੰ ਬਣਾਇਆ ਹੈ। ਅਤੇ ਇਸ ਕਾਰਨ ਨੂੰ ਉਸਨੇ ਨੂਰੇ ਖਰਲ ਦੀ ਸੁਰਤ ਵਿਚ ਟਿਕਾਇਆ ਹੈ। ਨੂਰਾ ਖਰਲ ਜੇਲ੍ਹੋਂ ਛੁੱਟ ਕੇ ਆਏ ਮੱਖਣ ਸਿੰਘ ਨੂੰ ਸਟੇਸ਼ਨ ਉੱਤੇ ਲੈਣ ਜਾਂਦਾ ਹੈ। ਉਹ ਮੱਖਣ ਸਿੰਘ ਦੇ ਘਰ ਪਹੁੰਚਣ ਤੋਂ ਪਹਿਲਾਂ ਹੀ ਉਸਦੇ ਦਿਮਾਗ਼ ਵਿਚ ਜੀਤੋ ਤੇ ਕਰਤਾਰੇ ਦੇ ਪ੍ਰੇਮ-ਸੰਬੰਧਾਂ ਦਾ ਜ਼ਿਕਰ ਕਰਦਾ ਹੈ, ਜੋ ਉਸਦੇ ਮਨ 'ਚ ਜੀਤੋ ਲਈ ਸ਼ੱਕ ਦੇ ਬੀਜ ਬੋਅ ਦਿੰਦਾ ਹੈ। ਇਸੇ ਲਈ ਮੱਖਣ ਸਿੰਘ ਪਿੰਡ ਜਾਣ ਦੀ ਬਜਾਏ ਜੀਤੋ ਦੇ ਪਿੰਡ ਜਾਣ ਨੂੰ ਪਹਿਲ ਦਿੰਦਾ ਹੈ। ਉਹ ਰਾਤ ਦੇ ਹਨੇਰੇ ਵਿਚ ਜੀਤੋ ਦੇ ਬੁੱਢੇ ਪਿੰਡ ਦੀਆਂ ਮੜ੍ਹੀਆਂ ਤੋਂ ਦੋ ਪੈਲ਼ੀਆਂ ਉਰ੍ਹਾਂ ਹੀ ਆਪਣੇ ਘੋੜੇ ਨੂੰ ਡੱਕ ਲੈਂਦਾ ਹੈ। ਤੇ ਘੋੜੇ ਸਮੇਤ ਹੌਲੇ-ਹੌਲੇ ਤੁਰਦੇ ਦੀ ਨਿਗਾਹ ਖੂਹ ਦੀ ਮੌਣ ਉੱਤੇ ਬੈਠ ਕੇ ਕਲੋਲਾਂ ਕਰਦੇ ਔਰਤ-ਮਰਦ ਦੇ ਜੋੜੇ ਉੱਤੇ ਪੈਂਦੀ ਹੈ। ਉਹਨਾਂ ਨੇੜੇ ਢੁੱਕਣ 'ਤੇ ਉਸਨੂੰ ਪਤਾ ਲਗਦਾ ਹੈ ਕਿ ਇਕ ਆਵਾਜ਼ ਤਾਂ ਜੀਤੋ ਦੀ ਹੈ ਤੇ ਦੂਸਰੀ ਸ਼ਾਇਦ ਕਰਤਾਰੇ ਦੀ ਹੋਵੇ। ਕਰਤਾਰੇ ਤੋਂ ਬਦਲਾ ਲੈਣ ਦੀ ਭਾਵਨਾ ਤਹਿਤ ਮੱਖਣ ਸਿੰਘ ਆਪਣੇ ਵੱਲ ਕੰਡ ਕਰਕੇ ਬੈਠੇ ਗੱਭਰੂ ਉੱਤੇ ਬਲਮ ਨਾਲ ਵਾਰ ਕਰਦਾ ਹੈ। ਗੱਭਰੂ ਥਾਏਂ ਮਾਰਿਆ ਜਾਂਦਾ ਹੈ, ਪਰ ਮਰਨ ਤੋਂ ਪਹਿਲੋਂ "ਓਇ-ਮੱਖਣ-ਓਇ" ਦੀ ਹਾਅ ਮਾਰਦਾ ਹੈ। ਗੱਭਰੂ ਦੀ ਮਾਰੀ ਹਾਅ ਕਹਾਣੀ ਦੀ ਸਿਰਜਣਾ ਦਾ ਅੰਤਮ ਚਰਣ ਹੈ। ਤੇ ਮੱਖਣ ਨੂੰ ਉਸਦੀ ਹਾਅ ਤੋਂ ਪਤਾ ਲਗਦਾ ਹੈ ਕਿ ਉਸਨੇ ਤਾਂ ਕਰਤਾਰੇ ਦੀ ਜਗ੍ਹਾ ਆਪਣੇ ਭਰਾ ਲੱਖਣ ਸਿੰਘ ਨੂੰ ਮਾਰ ਦਿੱਤਾ। ਉਹ ਪਛਤਾਵੇ ਲਈ ਮਰੇ ਪਏ ਲੱਖਣ ਸਿੰਘ ਨੂੰ ਛੱਡ ਕੇ ਥਾਣੇ ਵੱਲ ਤੁਰ ਪੈਂਦਾ ਹੈ। ਬਿਰਤਾਂਤਕਾਰ ਨੇ ਮੱਖਣ ਸਿੰਘ ਸਾਹਵੇਂ ਕਲੋਲਾਂ ਕਰਦੇ ਔਰਤ ਮਰਦ ਦੀ ਪਿਆਰ ਰੂਪੀ ਸਥਿਤੀ ਸਿਰਜ ਕੇ ਇਕ ਬੁਝਾਰਤ ਹੀ ਪਾਈ ਲਗਦੀ ਹੈ ਜਿਸਨੂੰ ਬੁੱਝਣੋਂ ਉਹ ਅਸਮਰੱਥ ਰਹਿੰਦਾ ਹੈ।

ਜਿਵੇਂ 'ਰੰਨ, ਤਲਵਾਰ ਤੇ ਘੋੜਾ' ਕਹਾਣੀ ਦੀ ਗੋਂਦ ਦੋ ਸਕੇ ਭਰਾਵਾਂ ਦੀ ਇਕੋ ਕੁੜੀ ਨੂੰ ਪਿਆਰ ਕਰਨ ਦੀਆਂ ਭਾਵਨਾਵਾਂ ਨਾਲ ਗੁੰਦੀ ਗਈ ਹੈ, ਉਵੇਂ ਦੀ ਗੋਂਦ 'ਵੱਡਾ ਆਦਮੀ' ਕਹਾਣੀ ਦੀ ਵੀ ਹੈ। 'ਵੱਡਾ ਆਦਮੀ'[1] ਕਹਾਣੀ ਵੀ ਦੋ ਸਕੇ ਭਰਾਵਾਂ ਬਚਨ ਸਿੰਘ ਤੇ ਰਤਨ ਸਿੰਘ ਉਰਫ ਰੱਤੂ ਦੇ ਜੀਵਨ-ਚਰਿੱਤਰ ਨੂੰ ਉਘਾੜਦੀ ਹੈ। ਉਹਨਾਂ ਦਾ ਪਿਉ ਆਪਣੇ ਵੇਲ਼ਿਆਂ ਦਾ ਮੰਨਿਆ ਪਰਮੰਨਿਆ ਸੂਰਮਾ ਹੁੰਦਾ ਹੈ। ਉਹ ਬਚਨ ਸਿੰਘ ਤੇ ਰਤਨ ਸਿੰਘ ਨੂੰ ਆਪਣੀ ਸੱਜੀ-ਖੱਬੀ ਅੱਖ ਦਾ ਚਾਨਣ ਮੰਨਦਾ ਹੈ। ਉਸਦਾ ਵਿਸ਼ਵਾਸ ਹੈ ਕਿ ਜਦੋਂ ਤਕ ਉਸ ਦੀਆਂ ਦੋਵੇਂ ਅੱਖਾਂ ਵਿਚ ਚਾਨਣ ਰਹੇਗਾ ਉਦੋਂ ਤਕ ਉਸਨੂੰ ਕਿਸੇ ਦੀ ਵੀ ਪ੍ਰਵਾਹ ਨਹੀਂ ਹੈ। ਐਪਰ ਉਸਦੀ ਮੌਤ ਤੋਂ ਬਾਅਦ ਉਸ ਦੀਆਂ ਅੱਖਾਂ ਦਾ ਚਾਨਣ ਵੀ ਖਤਮ ਹੋ ਜਾਂਦਾ ਹੈ। 'ਚਾਨਣ' ਸ਼ਬਦ ਰਿਸ਼ਤਿਆਂ ਦੀ ਸੁੱਚਤਾ ਤੇ ਪਰਿਪੱਕਤਾ ਦਾ ਪ੍ਰਤੀਕ ਹੈ।

ਪਿਉ ਦੀ ਮੌਤ ਪਿੱਛੋਂ ਬਚਨ ਸਿੰਘ ਸ਼ਹਿਰੋਂ ਪੜ੍ਹਾਈ ਛੱਡ ਕੇ ਆਪਣੇ ਛੋਟੇ ਭਰਾ ਰਤਨ ਸਿੰਘ ਕੋਲ ਪਿੰਡ ਆ ਕੇ ਰਹਿਣ ਲੱਗ ਪੈਂਦਾ ਹੈ। ਦੋਵੇਂ ਭਰਾ ਪਿੰਡ ਦੇ ਕਿਸੇ ਵੀ ਬੰਦੇ ਦੀ ਪ੍ਰਵਾਹ ਨਾ ਕਰਦਿਆਂ ਖੁਸ਼ੀ ਖੁਸ਼ੀ ਇਕੱਠੇ ਰਹਿ ਕੇ ਆਪਣਾ ਜੀਵਨ ਬਸਰ ਕਰਦੇ ਹਨ। ਬਚਨ ਸਿੰਘ ਪਿੰਡੋਂ ਬਾਹਰ ਹਵੇਲੀ ਵਿਚ ਤੇ ਰਤਨ ਸਿੰਘ ਘਰ ਆਪਣੀ ਬੇਬੇ ਕੋਲ ਸੌਂਦੇ ਵਿਖਾਏ ਹਨ। ਬਚਨ

ਸਿੰਘ ਦਾ ਨੇਹੁੰ ਆਪਣੇ ਪਿੰਡ ਦੇ ਨੇੜਲੇ ਪਿੰਡ ਬਾਲ਼ੀਆਂ ਦੇ ਹਰਨਾਮ ਸਿੰਘ ਦੀ 'ਕੱਲੀਕਾਰੀ ਧੀ ਚੰਦੋ ਨਾਲ ਲੱਗ ਜਾਂਦਾ ਹੈ। ਉਹ ਰੋਜ਼ ਰਾਤ ਨੂੰ ਉਸਨੂੰ ਮਿਲਣ ਜਾਂਦਾ ਹੈ। ਇਕ ਦਿਨ ਰਤਨ ਸਿੰਘ ਉਸਨੂੰ ਦੇਖ ਲੈਂਦਾ ਹੈ ਤੇ ਉਸਨੂੰ ਨਾ ਜਾਣ ਦਾ ਵਾਸਤਾ ਪਾਉਂਦਾ ਹੈ। ਪਰ ਬਚਨ ਸਿੰਘ ਉਸਦੇ ਵਾਸਤੇ ਨੂੰ ਆਪਣੀ ਇਸ ਦਲੀਲ ਨਾਲ ਨਿਹਫਲ ਬਣਾ ਦਿੰਦਾ ਹੈ ਕਿ ਅੱਜ ਉਹ ਉਸਨੂੰ ਉਸਦੀ ਭਾਬੀ ਵਿਖਾਏਗਾ ਤੇ ਦੋਵੇਂ ਬਰਛੀਆਂ ਲੈ ਕੇ ਇਕੋ ਘੋੜੀ ਉੱਤੇ ਸਵਾਰ ਹੋ ਕੇ ਉਸਨੂੰ ਮਿਲਣ ਜਾਂਦੇ ਹਨ। ਰਸਤੇ ਵਿਚ ਰਤਨ ਸਿੰਘ ਕੋਲੋਂ ਭਾਬੀ ਦਾ ਇਹ ਰਾਜ਼ ਖੁੱਲ੍ਹਵਾਇਆ ਗਿਆ ਕਿ ਉਹ ਤਾਂ ਉਹੀ ਚੰਦੋ ਹੈ, ਜਿਸਨੂੰ ਉਹ ਵੀ ਪਿਆਰ ਕਰਦਾ ਹੈ। ਦੋਹਾਂ ਭਰਾਵਾਂ ਨੂੰ ਇਕ ਦੂਸਰੇ ਦੇ ਪਿਆਰ-ਭੇਤ ਦਾ ਪਤਾ ਲੱਗਣ ਉਪਰੰਤ ਦੋਹਾਂ ਦੀ ਇਕ ਪਾਸੜ ਲੜਾਈ ਹੁੰਦੀ ਹੈ ਕਿਉਂਕਿ ਵੱਡਾ ਭਰਾ ਬਚਨ ਸਿੰਘ ਆਪਣੇ ਛੋਟੇ ਭਰਾ ਰਤਨ ਸਿੰਘ ਨੂੰ ਇਹ ਸ਼ਬਦ ਬੋਲ ਕੇ ਪਾਸੇ ਹੋ ਜਾਂਦਾ ਹੈ ਕਿ "ਤੂੰ ਜਿੱਤ ਜਾ ਉਏ ਰਤਨ ਸਿੰਘਾ...।" ਪਿੱਛੋਂ ਰਤਨ ਸਿੰਘ ਤੇ ਚੰਦੋ ਵਿਆਹ ਕਰਵਾ ਕੇ ਪਿੰਡ ਰਹਿਣ ਲੱਗ ਪੈਂਦੇ ਹਨ ਤੇ ਉਹਨਾਂ ਦੇ ਇਕ ਪੁੱਤਰ ਵੀ ਜਨਮਦਾ ਹੈ ਜਿਸਦਾ ਨਾਂ ਉਹ ਬਚਨ ਸਿੰਘ ਰੱਖਦੇ ਹਨ ਕਿਉਂਕਿ ਅਜਿਹੀ ਘਟਨਾ ਤੋਂ ਬਾਅਦ ਬਚਨ ਸਿੰਘ ਮੁੜ ਪਿੰਡ ਨਹੀਂ ਵੜਦਾ ਬਲਕਿ ਫੌਜ ਵਿਚ ਸੱਤ ਸਾਲ ਗੁਜ਼ਾਰ ਕੇ ਕਿਸੇ ਸ਼ਹਿਰ ਵਿਚ ਜਾ ਕੇ ਨੌਕਰੀ ਕਰਨ ਲੱਗ ਪੈਂਦਾ ਹੈ। ਉਸਨੂੰ ਇਹਨਾਂ ਸੱਤ ਸਾਲਾਂ ਵਿਚ ਕੋਈ ਐਸੀ ਰਾਤ ਤੇ ਦਿਨ ਨਹੀਂ ਲੱਭਦਾ, ਜਿਸ ਵਿਚ ਉਸਨੇ ਰਤਨ ਸਿੰਘ ਨੂੰ ਯਾਦ ਨਾ ਕੀਤਾ ਹੋਵੇ। ਤੇ ਏਹੋ ਹਾਲ ਰਤਨ ਸਿੰਘ ਤੇ ਚੰਦੋ ਦਾ ਵੀ ਏ। ਕਹਾਣੀ ਵਿਚ ਬਚਨ ਸਿੰਘ ਜੇ ਬਿਰਤਾਂਤਕਾਰ ਵਜੋਂ ਵਿਚਰਦਾ ਹੈ ਤਾਂ ਨਾਇਕ ਬਣਨ ਦੀ ਸੰਭਾਵਨਾ ਵੀ ਓਹੀ ਰੱਖਦਾ ਹੈ। ਕਿਉਂਜੁ ਜਿਸ ਚਾਨਣ ਦੀ ਆਸ ਉਹਨਾਂ ਦੋਹਾਂ ਦੇ ਪਿਉ ਨੂੰ ਸੀ, ਉਹ ਚਾਨਣ ਤਾਂ ਬਚਨ ਸਿੰਘ ਹੀ ਬਿਖੇਰ ਸਕਿਆ ਹੈ, ਰਤਨ ਸਿੰਘ ਨਹੀਂ।

'ਸ਼ੁਦੈਣ' ਕਹਾਣੀ ਵਿਚਲਾ ਮੈਂ ਪਾਤਰ ਵੀ ਬਚਨ ਸਿੰਘ ਦੀ ਸ਼ਖਸੀਅਤ ਦਾ ਵਿਸਥਾਰ ਜਾਪਦਾ ਹੈ। ਉਸਨੂੰ ਵੀ ਬਚਨ ਸਿੰਘ ਵਾਂਗ ਤੋਰੀ ਦੇ ਫੁੱਲ ਚੰਗੇ ਲਗਦੇ ਹਨ। ਉਸ ਅਨੁਸਾਰ ਤੋਰੀ ਦੇ ਫੁੱਲ ਵੱਡਿਆਂ ਸ਼ਹਿਰਾਂ ਵਿਚੋਂ ਨਹੀਂ ਸਗੋਂ ਪਿੰਡਾਂ ਵਿਚੋਂ ਲੱਭਦੇ ਹਨ। ਰੰਧਾਵਾ ਨੇ ਤੋਰੀ ਦੇ ਫੁੱਲਾਂ ਨੂੰ ਅਜਿਹੇ ਪਿਆਰ ਦੀ ਸੁੱਚਤਾ ਨੂੰ ਪ੍ਰਗਟਾਉਣ ਲਈ ਪ੍ਰਤੀਕ ਵਜੋਂ ਸਿਰਜਿਆ ਹੈ ਜਿਸਦੀ ਪਛਾਣ ਗੁਰਬਖਸ਼ ਸਿੰਘ ਪ੍ਰੀਤਲੜੀ ਨੇ 'ਕਬਜ਼ਾ ਨਹੀਂ ਪਛਾਣ' ਵਜੋਂ ਕੀਤੀ ਹੈ। ਇਸ ਕਹਾਣੀ ਦਾ ਮੈਂ ਪਾਤਰ ਵੀ ਬਚਨ ਸਿੰਘ ਵਾਂਗ ਆਪਣੇ ਬਾਪੂ ਦੀ ਬੇਵਕਤ ਮੌਤ ਕਾਰਨ ਸ਼ਹਿਰ ਦਾ ਕਾਲਿਜ ਛੱਡ ਕੇ ਹਮੇਸ਼ਾ ਲਈ ਪਿੰਡ ਦੀ ਦੁਨੀਆਂ ਵਿਚ ਆਣ ਵੜਦਾ ਹੈ। ਉਹ ਆਪਣੇ ਬਾਪੂ ਦੇ ਇਸ ਕੌਲ ਨੂੰ ਹਮੇਸ਼ਾ ਯਾਦ ਰੱਖਦਾ ਹੈ ਕਿ ਕਿਸੇ ਲਈ ਆਪਣਾ ਆਪ ਮਾਰ ਲੈਣਾ ਸੂਰਮਿਆਂ ਦਾ ਕੰਮ ਹੈ ਤੇ ਯਾਰੀਆਂ ਨੂੰ ਨਿਭਾਉਣਾ ਦੁਸ਼ਮਣੀ ਪਾਲਣ ਨਾਲੋਂ ਔਖਾ। ਮੈਂ ਪਾਤਰ ਆਪਣੇ ਬਾਪੂ ਦੀ ਅਜਿਹੀ ਸੋਚ ਉੱਤੇ ਤੁਰਦਾ ਹੋਇਆ ਜਿੰਦੋ ਨੂੰ ਇਕ ਫੈਸਲਾ ਸੁਣਾਉਂਦਾ ਹੈ। ਫੈਸਲਾ ਹੀ ਉਹ ਧੁਨੀ ਹੈ ਜੋ 'ਸ਼ੁਦੈਣ' ਕਹਾਣੀ ਨੂੰ ਕਹਾਣੀ ਦਾ ਰੂਪ ਪ੍ਰਦਾਨ ਕਰਦੀ ਹੈ। ਫੈਸਲਾ ਹੈ: "ਜਿੰਦੋ ਮੇਰੀ ਕੋਈ ਭੈਣ ਨਹੀਂ। ਅੱਜ ਤੋਂ ਰੱਬ ਸੱਚੇ ਦੇ ਸਾਹਮਣੇ ਮੈਂ ਤੈਨੂੰ ਆਪਣੀ ਮਾਂ ਜਾਈ ਭੈਣ ਆਖਦਾਂ ਵਾਂ।" ਉਸਦੇ ਇਸ ਫੈਸਲੇ ਨੇ ਜਿੰਦੋ ਦੀ ਜਾਨ ਲੈ ਲਈ। ਤੇ ਮੈਂ ਪਾਤਰ ਮਹਿਸੂਸ ਕਰਦਾ ਹੈ ਕਿ ਜਿੰਦੋ ਉਹਨਾਂ ਵਿਚੋਂ ਇੰਝ ਲੰਘ ਗਈ ਜਿਵੇਂ ਤੋਰੀ ਦਿਆਂ ਫੁੱਲਾਂ ਤੋਂ ਸਵੇਰ ਦੀ ਹਵਾ ਦਾ ਕੋਈ ਝੋਂਕਾ। ਜਿੰਦੋ ਜੇ ਜਿਉਂਦੇ ਜਾਗਦੇ ਰੂਪ ਵਿਚ ਪੇਸ਼ ਹੋਈ ਹੈ ਤਾਂ ਮਰਨ ਉਪਰੰਤ ਹੀ ਉਹ ਆਪਣੇ ਆਪ ਤੇ ਕਹਾਣੀ ਦੀ ਰੂਪ-ਰਚਨਾ ਨਾਲ ਨਿਆਂ ਕਰ ਸਕੀ ਹੈ।

ਅਜਿਹੀ ਪ੍ਰੀਤ ਹੀ ਆਪਣੀਆਂ ਪੁਸ਼ਪ-ਕੁੜੀਆਂ ਨਾਲ 'ਦਿਨ ਦਾ ਚੰਨ' ਕਹਾਣੀ ਦੇ ਮੈਂ ਪਾਤਰ ਤੇ ਬੁਰਕੇ ਪਾਈ ਔਰਤ ਨੂੰ ਕਸਦੀ ਹੈ। ਆਪਣੀ ਕੱਸ ਤੇ ਢਿੱਲ ਰਾਹੀਂ ਆਪਣਾ ਇਕ ਨਿਵੇਕਲਾ ਮੁਹਾਂਦਰਾ ਉਘਾੜਦੀ ਹੈ, ਜਿਸਦੀ ਪਛਾਣ ਮੈਂ ਪਾਤਰ ਨੂੰ ਬੋਲੇ ਬੁਰਕੇ ਵਾਲੀ ਔਰਤ ਦੇ

ਇਹ ਬੋਲ ਕਰਵਾਉਂਦੇ ਹਨ : "ਤੂੰ ਮੈਨੂੰ ਬੜਾ ਚੰਗਾ ਲਗਨਾ ਏਂ, ਐਸ ਈ ਵਾਸਤੇ ਮੈਂ ਤੈਨੂੰ ਘਰ ਨਹੀਂ ਖੜਨਾ। ਤੂੰ ਹੁਣ ਪਰਤ ਜਾ–ਤੇ ਫੇਰ ਕਦੀ ਨਾ ਐਧਰ ਆਵੀਂ?" ਉਸਦੇ ਇਹਨਾਂ ਬੋਲਾਂ ਅਤੇ ਕਹਾਣੀ ਦੇ ਵਾਰਤਾਲਾਪਾਂ ਵਿਚ ਵਰਣਨ ਕੀਤੀ ਬੁਝਾਰਤੀ ਘੁੰਡੀ ਤੋਂ ਪਤਾ ਲਗਦਾ ਹੈ ਕਿ ਬੁਰਕੇ ਵਾਲੀ ਔਰਤ ਸ਼ਾਇਦ ਰੋਜ਼ ਸ਼ਹਿਰ ਵਿਚ ਜਾ ਕੇ ਆਪਣਾ ਜਿਸਮ ਵੇਚਣ ਵਾਲੀ ਇਕ ਅਜਿਹੀ ਵੇਸਵਾ ਹੈ ਜਿਸਦੀ ਰੂਹ ਸਦੀਵੀ ਪ੍ਰੀਤ ਦੀ ਪੂਜਾ ਤੇ ਸਤਿਕਾਰ ਕਰਨਾ ਜਾਣਦੀ ਹੋਵੇ।

ਏਸੇ ਤਰ੍ਹਾਂ 'ਪੁੱਠਿਆਂ ਪੈਰਾਂ ਵਾਲੀ' ਕਹਾਣੀ ਵਿਚ ਪ੍ਰੀਤ ਦੀ ਉੱਚਤਾ ਤੇ ਸੁੱਚਤਾ ਨੂੰ ਸਾਬਤ ਕਰਨ ਲਈ ਇਸ ਵਿਚਾਰ ਨੂੰ ਮੰਥਿਆ ਗਿਆ ਹੈ ਕਿ ਕਿਸੇ ਔਰਤ ਦੀ ਇੱਜ਼ਤ ਲੁੱਟ ਲੈਣਾ ਉਸਦੀ ਜਾਨ ਲੈਣ ਤੋਂ ਵੱਡਾ ਪਾਪ ਤੇ ਉਸ ਨਾਲ ਵੱਡਾ ਧਰੋਹ ਕਮਾਉਣਾ ਹੈ। ਇਸ ਕਹਾਣੀ ਵਿਚ ਚਿਤਰੀ ਗਈ ਔਰਤ ਲੋਕਾਂ ਦੀ ਨਜ਼ਰ 'ਚ ਡੈਣ, ਪੁੱਠਿਆਂ ਪੈਰਾਂ ਵਾਲੀ ਤੇ ਨਹਿਸ਼ ਇਸ ਲਈ ਬਣੀ ਹੈ ਕਿਉਂਕਿ ਉਹ ਗ਼ਰੀਬਣੀ ਹੈ ਤੇ ਆਪਣੀ ਇੱਜ਼ਤ ਦੀ ਆਪ ਰਾਖੇਦਾਰ। ਉਹ ਆਪਣੀ ਮਰ ਚੁੱਕੀ ਮਾਂ ਵਾਂਗ ਸਾਊ, ਨੇਕ ਤੇ ਦਲੇਰ ਸਵਾਣੀ ਹੈ। ਪਰ ਗ਼ਰੀਬ ਹੋਣ ਕਾਰਨ ਲੋਕ ਉਸਦੇ ਪਤੀ, ਰੱਖੇ, ਦੇ ਕੰਨਾਂ ਵਿਚ ਉਸ ਬਾਰੇ ਕਈ ਤਰ੍ਹਾਂ ਦੀਆਂ ਗ਼ਲਤ ਗੱਲਾਂ ਪਾਉਂਦੇ ਹਨ। ਰੱਖਾ ਉਸਨੂੰ ਮਾਰਦਾ ਕੁੱਟਦਾ ਹੈ। ਇਕ ਦਿਨ ਪੁੱਠਿਆਂ ਪੈਰਾਂ ਵਾਲੀ ਔਰਤ ਆਪਣੇ ਪਤੀ ਰੱਖੇ ਕੋਲੋਂ ਆਪਣੇ ਆਪਨੂੰ ਬਾਪ ਦੀ ਨਾਜਾਇਜ਼ ਔਲਾਦ ਕਹਿਣ 'ਤੇ ਗੁੱਸੇ ਵਿਚ ਭੜਕ ਜਾਂਦੀ ਹੈ। ਦੋਹਾਂ ਦੀ ਲੜਾਈ ਹੁੰਦੀ ਹੈ। ਇਸ ਲੜਾਈ ਦੌਰਾਨ ਉਹਨਾਂ ਦਾ ਤਿੰਨ ਵਰ੍ਹਿਆਂ ਦਾ ਪੁੱਤਰ ਮਾਰਿਆ ਜਾਂਦਾ ਹੈ। ਪੁੱਤਰ ਦੀ ਮੌਤ ਦਾ ਬਦਲਾ ਪੁੱਠਿਆਂ ਪੈਰਾਂ ਵਾਲੀ ਔਰਤ ਆਪਣੇ ਪਤੀ ਰੱਖੇ ਨੂੰ ਮਾਰ ਕੇ ਲੈਂਦੀ ਹੈ। ਪੁੱਠਿਆਂ ਪੈਰਾਂ ਵਾਲੀ ਔਰਤ ਦੇ ਮੂੰਹੋਂ ਮੈਂ ਪਾਤਰ ਨੂੰ ਦਿੱਤਾ ਇਹ ਸਾਰਾ ਬਿਆਨ ਕਹਾਣੀ ਵਿਚ ਕਾਰਜ ਪੈਦਾ ਕਰਕੇ ਇਕ ਕਿਸਮ ਦਾ ਤਣਾਉ ਹੀ ਉਪਜਾਉਂਦਾ ਹੈ। ਇਸ ਤਣਾਉ ਕਾਰਨ ਹੀ ਕਹਾਣੀ ਵਿਚਲੀ ਔਰਤ ਮੈਂ ਪਾਤਰ ਨੂੰ ਆਪਣੇ ਬਾਰੇ ਫੈਸਲਾ ਦੇਣ ਲਈ ਕਹਿੰਦੀ ਹੈ ਕਿ ਕੀ ਉਹ ਸੱਚਮੁੱਚ ਡੈਣ, ਨਹਿਸ਼ ਜਾਂ ਪੁੱਠਿਆਂ ਪੈਰਾਂ ਵਾਲੀ ਹੈ ਜਾਂ ਲੋਕਾਂ ਨੇ ਉਸਦੀ ਗ਼ਰੀਬੀ ਤੇ ਅਣਖ ਕਾਰਨ ਉਸਨੂੰ ਅਜਿਹੇ ਨਾਮ ਦਿੱਤੇ ਹਨ?

ਪਿੰਡ ਦੇ ਸੁੰਨਸਾਨ ਸਟੇਸ਼ਨ ਉੱਤੇ ਪਾਤਰਾਂ ਦੇ ਆਪਸੀ ਵਾਰਤਾਲਾਪ ਰਾਹੀਂ ਘੜਿਆ 'ਲਹੂ ਦੀ ਲੋਅ' ਕਹਾਣੀ ਦਾ ਪਲਾਟ ਵੀ ਪ੍ਰੀਤ ਦੀ ਭਾਵਨਾ ਅਤੇ ਸਭਿਆਚਾਰਕ ਨੇਮ-ਵਿਧਾਨ ਦੇ ਟਕਰਾਉ ਨੂੰ ਰੂਪਮਾਨ ਕਰਦਾ ਹੈ। ਕਹਾਣੀਕਾਰ ਨੇ ਪ੍ਰੀਤ ਦੀ ਭਾਵਨਾ ਨੂੰ ਕਹਾਣੀ ਦੇ ਬਿਰਤਾਂਤ ਵਿਚ ਇੰਝ ਸਮੋਇਆ ਹੈ ਜਿਵੇਂ ਇਹ ਚੰਗੀਆਂ ਸਭਿਆਚਾਰਕ ਕੀਮਤਾਂ ਦੀ ਪਹਿਰੇਦਾਰ ਹੋਵੇ। ਤਿੰਨ ਪਾਤਰਾਂ ਦੀਆਂ ਤਿੰਨ ਭਾਵਨਾਤਮਕ ਸਥਿਤੀਆਂ ਦਾ ਸਿਰਜਣਾਤਮਕ ਘੋਲ-ਮਥੋਲਾ ਇਸ ਕਹਾਣੀ ਦੇ ਰੂਪ ਨੂੰ ਨਿਖਾਰਦਾ ਹੈ। ਪਹਿਲੀ ਸਥਿਤੀ ਹੈ ਲਾਲਾ ਧਨੀ ਰਾਮ ਦੀ ਧੀ ਦਾ ਆਪਣੀ ਮਰਜ਼ੀ ਨਾਲ ਸੁੰਦਰ ਸਿੰਘ ਸਫੈਦਪੋਸ਼ ਦੇ ਗੱਭਰੂ ਪੁੱਤਰ ਨਾਲ ਭੱਜਣਾ। ਦੂਸਰੀ ਸਥਿਤੀ ਸਟੇਸ਼ਨ ਬਾਊ ਦੀ ਉਸ ਨਜ਼ਰ 'ਚੋਂ ਸਾਕਾਰ ਹੁੰਦੀ ਹੈ ਜਿਹੜੀ ਪਿੰਡ ਦੀ ਕੁੜੀ ਨੂੰ ਭਜਾਉਣਾ ਪਾਪ ਮੰਨਦੀ ਹੈ। ਤੀਸਰੀ ਸਥਿਤੀ, ਗੱਭਰੂ ਦੀ ਉਸ ਸੋਚ ਅੰਦਰ ਕਾਰਜਸ਼ੀਲ ਹੈ ਜਿਹੜੀ ਅਜਿਹੇ ਪਾਪ ਨੂੰ ਬਦਲਾ ਲੈਣ ਦਾ ਇਕ ਤਰੀਕਾ ਖਿਆਲਦੀ ਹੈ। ਉਸਦਾ ਇਹ ਤਰੀਕਾ ਉਦੋਂ ਨਿਸਫਲ ਹੋ ਜਾਂਦਾ ਹੈ ਜਦੋਂ ਬਾਊ ਗੱਭਰੂ ਨੂੰ ਉਸਦੇ ਪਿਉ ਅਤੇ ਆਪਣੇ ਚਿੱਟੇ ਵਾਲਾਂ ਦੀ ਸਹੁੰ ਦਿੰਦਾ ਹੈ। ਗੱਭਰੂ ਸਹੁੰ ਦੀ ਪ੍ਰਵਾਹ ਨਾ ਕਰਦਿਆਂ ਉਸ ਸਵਾਣੀ ਨੂੰ ਬਾਊ ਵੱਲ ਧੱਕਾ ਦੇ ਕੇ ਆਪ ਦੌੜੀ ਜਾਂਦੀ ਗੱਡੀ ਦੇ ਆਖਰੀ ਡੱਬੇ ਦੀ ਸੀਖ ਨਾਲ ਜਾ ਚੰਬੜਦਾ ਹੈ। ਇੰਝ ਹੀ 'ਰੰਡੀ' ਕਹਾਣੀ ਵਿਚਲੀ ਭਾਬੀ ਦੀ ਆਪਣੇ ਅੰਦਰ ਸੁਲੱਖਣ ਸਿੰਘ ਲਈ ਡੱਕੀ ਗੁੱਝੀ ਪ੍ਰੀਤ ਨੂੰ ਇਸ ਕਹਾਣੀ ਦਾ ਘਟਨਾਤਮਕ ਪ੍ਰਕਾਰਜ ਬਣਾਇਆ ਗਿਆ ਹੈ। ਉਹ ਉਪਰੋਂ ਉਪਰੋਂ ਸੁਲੱਖਣ ਸਿੰਘ ਲਈ ਘਿਰਣਾ ਦੇ ਭਾਵ ਪ੍ਰਗਟ ਕਰਦੀ ਹੈ ਪਰ ਅਸਲ ਵਿਚ ਉਹ ਉਸ ਨਾਲ ਆਪਣੀ ਪ੍ਰੀਤ ਨੂੰ ਕਿਸੇ ਦੂਸਰੇ ਮਰਦ ਨਾਲ

ਵਿਆਹ ਉਪਰੰਤ ਵੀ ਇਕ ਬੁਝਾਰਤ ਵਾਂਗ ਸਾਂਭੀ ਬੈਠੀ ਹੈ। ਇਹ ਕਹਾਣੀ ਇਕ ਸਾਧਾਰਨ ਵਿਅਕਤੀ ਦੀ ਅਸਾਧਾਰਨ ਸਥਿਤੀ ਨੂੰ ਮੂਰਤੀਮਾਨ ਕਰਨ ਦੀ ਉਸ ਕਲਾਤਮਕ ਜੁਗਤ ਵਿਚੋਂ ਪੈਦਾ ਹੁੰਦੀ ਹੈ ਜਿਸਦਾ ਸੰਬੰਧ ਕਹਾਣੀਕਾਰ ਦੀ ਦ੍ਰਿਸ਼ਟੀ ਨਾਲ ਹੈ। ਅਜਿਹੀ ਦ੍ਰਿਸ਼ਟੀ ਰਾਹੀਂ ਹੀ ਕਹਾਣੀਕਾਰ ਨੇ 'ਨਮੋਸ਼ੀ' ਕਹਾਣੀ ਦੀ ਸਿਰਜਣਾ ਕੀਤੀ ਹੈ।

'ਨਮੋਸ਼ੀ' ਕਹਾਣੀ ਵਿਚ ਇਕ ਤਕੜੇ ਭਲਵਾਨ ਨੂੰ ਦੋ ਤਰ੍ਹਾਂ ਦੀਆਂ ਨਮੋਸ਼ੀਆਂ ਦਾ ਸਾਹਮਣਾ ਕਰਨਾ ਪੈਂਦਾ ਹੈ। ਪਹਿਲੀ, ਜਿਸ ਨੀਲੀ ਮੱਝ ਦੇ ਪੀਤੇ ਦੁੱਧ ਨਾਲ ਉਹ ਭਲਵਾਨ ਬਣਦਾ ਹੈ, ਉਸੇ ਨੂੰ ਹੀ ਇਕ ਦਿਨ ਮਾਰ ਦਿੰਦਾ ਹੈ। ਮੱਝ ਨੂੰ ਮਾਰਨ ਦਾ ਕਾਰਨ ਭਲਵਾਨ ਦੀ ਉਸ ਨਮੋਸ਼ੀ ਨੂੰ ਬਣਾਇਆ ਗਿਆ ਹੈ ਕਿ ਲੋਕ ਵੇਖਣਗੇ ਤਾਂ ਕੀ ਆਖਣਗੇ ਕਿ ਇਕ ਭਲਵਾਨ ਨੂੰ ਮੱਝ ਧੂਹੀ ਜਾਂਦੀ ਹੈ। ਉਹ ਗੁੱਸੇ ਤੇ ਨਮੋਸ਼ੀ ਦਾ ਮਾਰਿਆ ਗੱਡੇ 'ਚੋਂ ਮੁੰਨਾ ਕੱਢ ਕੇ ਮੱਝ ਦੇ ਲੱਕ ਦੇ ਟੋਟੇ ਕਰ ਦਿੰਦਾ ਹੈ ਤੇ ਪੰਜਵੇਂ ਦਿਨ ਮੱਝ ਮਰ ਜਾਂਦੀ ਹੈ। ਦੂਸਰੀ ਨਮੋਸ਼ੀ ਉਸ ਭਲਵਾਨ ਨੂੰ ਉਦੋਂ ਹੁੰਦੀ ਹੈ ਜਦੋਂ ਇਕ ਨਵ-ਵਿਆਹੀ ਕੁੜੀ ਦੇ ਹੱਥ ਜਮੂਰ ਵਾਂਗ ਉਸਦੀ ਵੀਣੀ ਨੂੰ ਜਕੜ ਲੈਂਦੇ ਹਨ ਤੇ ਉਸਨੂੰ ਆਪਣੀ ਤਾਕਤ ਉਸ ਸਾਹਵੇਂ ਖਤਮ ਹੋ ਗਈ ਜਾਪਦੀ ਹੈ। ਉਸਦੀ ਤਾਕਤ ਦੇ ਖਾਤਮੇ ਦਾ ਕਾਰਨ ਕੁੜੀ ਦੇ ਹੱਥ ਨਹੀਂ ਬਲਕਿ ਭਲਵਾਨ ਦੀ ਉਹ ਸਭਿਆਚਾਰਕ ਸੋਚ ਬਣਦੀ ਹੈ ਜਿਸ ਅਨੁਸਾਰ ਕਿਸੇ ਗੱਭਰੂ ਦਾ ਧੀਆਂ ਭੈਣਾਂ ਨਾਲ ਯੁੱਧ ਕਰਨਾ ਤਾਂ ਇਕ ਪਾਸੇ ਰਿਹਾ ਉਹਨਾਂ ਨਾਲ ਗੱਲਾਂ ਕਰਨਾ ਵੀ ਠੀਕ ਨਹੀਂ ਹੈ।

ਅਫ਼ਜ਼ਲ ਅਹਿਸਨ ਰੰਧਾਵਾ ਦੀਆਂ ਕਹਾਣੀਆਂ ਵਿਚ ਪਾਤਰਾਂ ਦੀਆਂ ਦੁਸ਼ਮਣੀਆਂ, ਦੋਸਤੀਆਂ ਤੇ ਨਮੋਸ਼ੀਆਂ ਦਾ ਮਾਨਸਿਕ ਵੇਗ ਇਕ ਨਿਵੇਕਲੇ ਸਮਾਜਕ ਤੇ ਸਭਿਆਚਾਰਕ ਕਦਰ-ਪ੍ਰਬੰਧ ਦੇ ਦ੍ਰਿਸ਼ਟਾਂਤਕ ਗਲਪ ਬਿੰਬ ਸਿਰਜਦਾ ਹੈ ਜਿਵੇਂ 'ਬੇੜੀਆਂ', 'ਹੱਕਦਾਰ', 'ਦੁਸ਼ਮਣੀ', 'ਚਾਨਣੀ ਦੇ ਪੁੱਤਰ', 'ਜ਼ੋਰਾਵਰ', 'ਖੁਸ਼ਬੂ ਦਾ ਇਕ ਰੂਪ' ਅਤੇ 'ਬੰਨੇ ਚੰਨੇ ਦੇ ਭਰਾ' ਕਹਾਣੀਆਂ ਵਿਚ। ਇਹਨਾਂ ਕਹਾਣੀਆਂ ਦਾ ਤਫ਼ਸੀਲੀ ਵਿਵਰਣ ਦੇਣ ਦੀ ਥਾਂ ਇਸ਼ਾਰੇ ਮਾਤਰ ਏਨਾ ਕਿਹਾ ਜਾ ਸਕਦਾ ਹੈ ਕਿ ਇਹਨਾਂ ਕਹਾਣੀਆਂ ਵਿਚ ਚੋਰ ਤੇ ਡਾਕੂ ਪਾਤਰਾਂ ਰਾਹੀਂ ਘਟਦੀਆਂ ਘਟਨਾਵਾਂ ਵਿਚੋਂ ਪੰਜਾਬ ਦੇ ਲੋਕਾਂ ਦੇ ਜੀਵਨ ਦੇ ਸਮਾਜਕ, ਸਭਿਆਚਾਰਕ ਤੇ ਮਾਨਸਿਕ ਪ੍ਰਤਿਕਰਮ ਝਲਕਦੇ ਹਨ, ਖਾਸਕਰ ਵੰਡਾਰੇ ਤੋਂ ਪਹਿਲਾਂ ਦੇ ਪੰਜਾਬ ਦੇ ਮਾਝੇ ਇਲਾਕੇ ਵਿਚ ਵਿਰਕ ਜੱਟਾਂ ਦੇ। ਕੁਲਵੰਤ ਸਿੰਘ ਵਿਰਕ ਨੇ 'ਕਹਾਣੀ ਕਲਾ ਤੇ ਮੇਰਾ ਅਨੁਭਵ' ਪੁਸਤਕ ਵਿਚ ਗੁਜਰਾਂਵਾਲੇ ਜ਼ਿਲ੍ਹੇ ਦੇ ਗਜ਼ਟੀਅਰ ਦੇ ਹਵਾਲੇ ਨਾਲ ਵਿਰਕਾਂ ਬਾਰੇ ਲਿਖਿਆ ਸੀ ਕਿ "ਇਹ ਇਕ ਵਧੀਆ ਰਿਸ਼ਟ ਪੁਸ਼ਟ ਅਤੇ ਬਹਾਦਰ ਲੋਕਾਂ ਦੀ ਨਸਲ ਹੈ ਜਿਹੜੇ ਆਪਣੇ ਦੁਵਾਲੇ ਵਸਦੇ ਲੋਕਾਂ ਤੋਂ ਬਹੁਤ ਉਚੇਰੇ ਹਨ।...ਇਹ ਵਾਹੀ ਕਰਨਾ ਬਹੁਤਾ ਪਸੰਦ ਨਹੀਂ ਕਰਦੇ। ਇਹਨਾਂ ਦੇ ਮਨ-ਪਸੰਦ ਦੇ ਕੰਮ ਚੋਰੀ ਕਰਨਾ ਜਾਂ ਜੰਗ ਲੜਨਾ ਹਨ।"

ਰੰਧਾਵਾ ਨੇ ਚੋਰਾਂ, ਯਾਰਾਂ ਤੇ ਡਾਕੂਆਂ ਨੂੰ ਆਪਣੀਆਂ ਕਹਾਣੀਆਂ ਵਿਚ ਅਜਿਹੇ ਨਾਇਕ ਵਜੋਂ ਪੇਸ਼ ਕੀਤਾ ਹੈ ਜੋ ਸਰਦਾਰ ਰਾਜਿੰਦਰ ਸਿੰਘ ਰੰਧਾਵਾ ਦੇ ਰੂਪ ਵਿਚ ਯਾਰ ਦੀ ਯਾਰੀ ਨਿਭਾਉਂਦਾ ਹੋਇਆ ਆਪਣੇ ਪਿਉ ਤੇ ਭਰਾਵਾਂ ਦਾ ਕਾਤਲ ਬਣ ਜਾਂਦਾ ਹੈ (ਦੁਸ਼ਮਣੀ), ਜੋ ਪਾਲ ਸਿੰਘ ਦੇ ਰੂਪ ਵਿਚ ਆਪਣੇ ਉੱਤੇ ਯਾਰ ਦਾ ਅਹਿਸਾਨ ਨਾ ਲੈਣ ਕਾਰਨ ਆਪੇ ਆਪਣੇ ਯਾਰ ਕੋਲੋਂ ਆਪਣੇ ਘਰ ਚੋਰੀ ਕਰਵਾ ਸਕਦਾ ਹੈ (ਚਾਨਣੀ ਦੇ ਪੁੱਤਰ), ਜੋ ਮੰਗਲ ਸਿੰਘ ਦੇ ਰੂਪ ਵਿਚ ਇਹ ਸਿੱਧ ਕਰਦਾ ਹੈ ਕਿ ਮੌਤ ਨਾਲੋਂ ਅਣਖ ਜ਼ੋਰਾਵਰ ਹੁੰਦੀ ਏ (ਜ਼ੋਰਾਵਰ), ਜੋ ਖ਼ਾਨੂੰ ਵਿਰਕ ਦੇ ਰੂਪ ਵਿਚ ਡਾਕੂਪੁਣੇ ਨੂੰ ਲੋਕ ਭਲਾਈ ਲਈ ਵਰਤਦਾ ਹੈ (ਖੁਸ਼ਬੂ ਦਾ ਇਕ ਰੂਪ), ਜੋ ਰਘਬੀਰ ਸਿੰਘ ਵਿਰਕ ਦੇ ਰੂਪ ਵਿਚ ਆਪਣੀ ਅਣਖ ਉੱਤੇ ਕੀਤੇ ਵਾਰ ਨੂੰ ਮੋੜਨ ਦੀ ਤੌਫ਼ੀਕ ਰੱਖਦਾ ਏ (ਬੇੜੀਆਂ), ਜੋ ਪੰਜ ਹੱਥੇ ਅੱਲ੍ਹ ਵਾਲੇ ਡਾਕੂਆਂ ਦੇ ਰੂਪ ਵਿਚ ਕਿਸੇ ਖਾਸ ਵਸਤੂ ਨੂੰ ਪਾਉਣ ਲਈ ਆਪਣੀ ਅਣਖ ਨੂੰ ਆਪਣੇ ਹੱਥੀਂ ਤਾਰ ਤਾਰ ਕਰ ਸਕਦਾ ਹੈ (ਬੰਨੇ ਚੰਨੇ ਦੇ ਭਰਾ), ਜੋ ਬਹਾਦਰ

ਸਿੰਘ ਵਿਰਕ ਦੇ ਰੂਪ ਵਿਚ ਇਕ ਬਹਾਦਰ ਕੁੜੀ ਨਾਲ ਮੁਕਾਬਲੇ ਵਿਚ ਹਾਰ ਸਕਦਾ ਹੈ (ਹੱਕਦਾਰ), ਜੋ ਚੋਰ ਦੇ ਰੂਪ ਵਿਚ ਲੋਕਾਂ ਨੂੰ ਆਪਣੇ ਈਮਾਨ ਉੱਤੇ ਕਾਇਮ ਰਹਿਣ ਦਾ ਸੰਦੇਸ਼ ਦੇ ਸਕਦਾ ਹੈ (ਮੁੰਨਾ ਕੋਹ ਲਹੌਰ)।

ਰੰਧਾਵਾ ਨੇ ਚੋਰਾਂ, ਯਾਰਾਂ ਤੇ ਡਾਕੂਆਂ ਦੇ ਨਾਲ ਨਾਲ ਜਾਗੀਰਦਾਰਾਂ, ਚੰਗਿਆਂ ਬੰਦਿਆਂ ਤੇ ਔਰਤਾਂ ਨੂੰ ਵੀ ਨਾਇਕ ਵਜੋਂ ਉਭਾਰਿਆ ਹੈ। ਜਿਵੇਂ 'ਗੁਆਚੀ ਹੋਈ ਖੁਸ਼ਬੂ' ਵਿਚ ਟਹਿਲ ਸਿੰਘ ਰੰਧਾਵਾ ਦੇ ਰੂਪ ਵਿਚ ਇਕ ਵੱਡੇ ਜ਼ਿੰਮੀਂਦਾਰ ਸਰਦਾਰ ਦੇ ਜੀਵਨ-ਚਰਿੱਤਰ ਨੂੰ ਉਘਾੜਨ ਵੇਲੇ ਉਹ ਉਸਦੇ ਮਾਨਵੀ ਗੁਣਾਂ ਨੂੰ ਉਜਾਗਰ ਕਰਦਾ ਹੈ। ਟਹਿਲ ਸਿੰਘ ਵੱਡਾ ਸਰਦਾਰ ਹੋ ਕੇ ਵੀ ਆਪਣੇ ਨੌਕਰਾਂ ਨੂੰ ਪੁੱਤਰਾਂ ਵਾਗ ਰੱਖਦਾ ਹੈ ਤੇ ਪਿੰਡ ਦੀ ਧੀ ਭੈਣ ਨੂੰ ਆਪਣੀ ਧੀ ਭੈਣ ਸਮਝਦਾ ਹੈ। ਉਹ ਹਰ ਬੰਦੇ ਦੇ ਦੁੱਖ ਨੂੰ ਆਪਣਾ ਦੁੱਖ ਜਾਣਦਾ ਹੈ। 'ਗੋਖਰੂ' ਕਹਾਣੀ ਦੀ ਸਿੱਧੀ ਆਪਣੇ ਪਿੰਡ ਦੇ ਬੰਦਿਆਂ ਨੂੰ ਕਾਨੂੰਨ ਦੇ ਸ਼ਿਕੰਜੇ ਤੋਂ ਬਚਾਉਣ ਲਈ ਆਪਣੇ ਚਰਿੱਤਰ ਨੂੰ ਢਾਲ਼ ਦੇ ਰੂਪ ਵਿਚ ਵਰਤ ਕੇ ਨਾਇਕ ਬਣਦੀ ਹੈ। 'ਹੱਕਦਾਰ' ਕਹਾਣੀ ਵਿਚ ਜਵਾਨੋਂ ਨਾਂ ਦੀ ਔਰਤ ਆਪਣੀ ਸਰੀਰਕ ਤਾਕਤ ਦਾ ਇਸਤੇਮਾਲ ਕਰਕੇ ਇਲਾਕੇ ਦੇ ਨਾਮੀ-ਗਰਾਮੀ ਚੋਰ ਨੂੰ ਹਰਾ ਦਿੰਦੀ ਹੈ। ਇਵੇਂ ਹੀ 'ਚਾਨਣੀ ਦੇ ਪੁੱਤਰ' ਦੀ ਔਰਤ ਚੋਰ ਨੂੰ ਸਭਿਆਚਾਰਕ ਦਲੀਲ ਦੇ ਕੇ ਆਪਣੇ ਘਰੋਂ ਚੋਰੀ ਕਰਨੋਂ ਰੋਕ ਦਿੰਦੀ ਹੈ। 'ਪੁੱਠਿਆਂ ਪੈਰਾਂ ਵਾਲੀ' ਕਹਾਣੀ ਦੀ ਔਰਤ ਨੇਕੀ ਦਾ ਮੁੱਲ ਪਾਉਣ ਤੇ ਬਦੀ ਤੋਂ ਬਦਲਾ ਲੈਣ ਦੀ ਧਾਰਨਾ ਉੱਤੇ ਚਲਦੀ ਹੋਈ ਨਾਇਕ ਬਣਦੀ ਹੈ।

ਮਨੁੱਖੀ ਕਿਰਦਾਰਾਂ ਨੂੰ ਫਰਿਸ਼ਤਿਆਂ ਵਰਗੇ ਰੂਪ ਵਿਚ ਸਿਰਜਦੀ ਅਫ਼ਜ਼ਲ ਅਹਿਸਨ ਰੰਧਾਵਾ ਦੀ ਕਹਾਣੀ ਵਿਚੋਂ ਅਕਸਰ ਪੁਰਾਤਨ ਕਹਾਣੀਆਂ ਵਾਲੀ ਤਲਿਸਮੀ ਜੁਗਤ ਦਾ ਝਾਉਲਾ ਵੀ ਪੈਂਦਾ ਹੈ, ਜਿਵੇਂ 'ਬੇੜੀਆਂ' ਕਹਾਣੀ ਦਾ ਰਘਬੀਰ ਸਿੰਘ ਵਿਰਕ ਜਦੋਂ ਅਛੋਪਲੇ ਜਿਹੇ ਹਜ਼ਾਰਾ ਸਿੰਘ ਦਾ ਲੁੱਟਿਆ ਮਾਲ ਵਾਪਸ ਮੋੜਨ ਜਾਂਦਾ ਹੈ ਤਾਂ ਘਰ ਦੇ ਕਿਸੇ ਵੀ ਵਿਅਕਤੀ ਨੂੰ ਨਾ ਤਾਂ ਉਸਦੇ ਆਉਣ ਦਾ ਪਤਾ ਲਗਦਾ ਹੈ ਤੇ ਨਾ ਹੀ ਜਾਣ ਦਾ। ਪਰ ਜਾਣ ਲਈ ਜਦੋਂ ਪਿੰਡੋਂ ਬਾਹਰ ਟਾਹਲੀ ਨਾਲ ਬੱਧੀ ਆਪਣੀ ਮੁਸ਼ਕੀ ਘੋੜੀ ਖੋਲ੍ਹਦਾ ਹੈ ਤਾਂ ਇਕ ਜਵਾਨ ਕੁੜੀ ਹੌਲ਼ੀ ਜਿਹੇ ਉਸਦੇ ਮੋਢੇ ਉੱਤੇ ਹੱਥ ਧਰ ਦਿੰਦੀ ਹੈ। ਉਪਰੰਤ, ਦੋਹਾਂ ਦੀ ਗੱਲਬਾਤ ਹੁੰਦੀ ਹੈ, ਜਿਸ ਵਿਚੋਂ ਆਧੁਨਿਕ ਕਹਾਣੀ ਦੀ ਕਲਾ ਦੇ ਦੀਦਾਰ ਹੁੰਦੇ ਹਨ। ਏਹੋ ਜਿਹੀ ਜੁਗਤ ਦੀ ਵਰਤੋਂ 'ਹੱਕਦਾਰ' ਕਹਾਣੀ ਵਿਚ ਵੀ ਕੀਤੀ ਗਈ ਹੈ।

ਕੁਝ ਵੀ ਕਿਹਾ ਜਾਵੇ, ਇਹ ਗੱਲ ਤਾਂ ਸਾਫ ਨਜ਼ਰ ਆਉਂਦੀ ਹੈ ਕਿ ਰੰਧਾਵਾ ਦੀਆਂ ਕਹਾਣੀਆਂ ਦੇ ਪਾਤਰ ਤੇ ਉਹਨਾਂ ਦਾ ਚਰਿੱਤਰ-ਚਿਤਰਣ, ਪਲਾਟ, ਸਮਾਂ, ਸਥਾਨ ਤੇ ਕਾਰਜ ਆਪਸ ਵਿਚ ਜੁੜ ਕੇ ਕਹਾਣੀ ਰੂਪੀ ਮਾਲਾ ਦੇ ਹੀ ਮੋਤੀ ਹਨ। ਕਿਉਂਜੁ, ਰੰਧਾਵਾ ਦੀ ਪਾਰਦਰਸ਼ੀ ਗਲਪ ਦ੍ਰਿਸ਼ਟੀ ਚੋਰਾਂ, ਡਾਕੂਆਂ ਤੇ ਆਮ ਵਿਅਕਤੀਆਂ ਦੇ ਅੰਤਰੀਵੀ ਸੱਚ ਦੀਆਂ ਪਰਤਾਂ ਨੂੰ ਪੰਜਾਬੀ ਸਭਿਆਚਾਰਕ ਸੰਦਰਭਾਂ ਸਮੇਤ ਉਘਾੜਦੀ ਹੈ। ਇਸੇ ਲਈ ਬੀਤ ਚੁੱਕੇ ਸਮੇਂ ਨੂੰ ਵੀ ਮੁੜ ਸਿਰਜਣ ਲਈ ਪਾਤਰਾਂ ਦੀ ਮਾਨਸਿਕਤਾ ਵਿਚ ਟਿਕਾਉਣਾ ਜ਼ਰੂਰੀ ਬਣ ਜਾਂਦਾ ਹੈ। ਡਾ. ਅਤਰ ਸਿੰਘ ਨੇ ਠੀਕ ਹੀ ਲਿਖਿਆ ਸੀ ਕਿ 'ਅਫ਼ਜ਼ਲ ਧਰਤੀ ਦੇ ਬੜਾ ਨੇੜੇ ਏ ਤੇ ਉਸਦੀਆਂ ਘਟਨਾਵਾਂ ਤੇ ਪਾਤਰਾਂ ਨੂੰ ਪੰਜਾਬੀ ਲੋਕਾਂ ਦੇ ਦੁੱਖਾਂ, ਦਰਦਾਂ ਦੀ ਡੂੰਘੀ ਸਮਝ ਏ।' ਉਹ ਪੰਜਾਬੀਆਂ ਦੀ ਅਣਖ, ਦਲੇਰੀ, ਉੱਚੇ ਹੌਸਲੇ ਤੇ ਜ਼ਿੰਦਗੀ ਨੂੰ ਜੀਣ-ਮਾਨਣ ਦੇ ਸ਼ੌਕ ਤੇ ਹੱਥੀਂ ਮਿਹਨਤ-ਮੁਸ਼ੱਕਤ ਕਰਨ ਦਾ ਮਾਣ ਆਦਿ ਗੁਣਾਂ ਦੇ ਹਕੀਕੀ ਇਜ਼ਹਾਰ ਨੂੰ ਆਪਣੀ ਤਾਕਤ ਬਣਾ ਕੇ ਵਰਤਦਾ ਏ। ਸ਼ਾਇਦ ਏਸੇ ਲਈ ਰੰਧਾਵਾ ਕਹਾਣੀ ਸਿਰਜਣ ਵਕਤ ਪਾਤਰਾਂ ਦੇ ਚਰਿੱਤਰ-ਚਿਤਰਣ ਨੂੰ ਵਧੇਰੇ ਮਹੱਤਵ ਦਿੰਦਾ ਹੈ।

[ਐਸੋਸ਼ੀਏਟ ਪ੍ਰੋਫੈਸਰ, ਈਵਨਿੰਗ ਸਟੱਡੀਜ਼, ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ]

ਦੁਪਹਿਰ ਦਾ ਸਫਾ (ਕਾਵਿ ਸੰਗ੍ਰਹਿ) ਦੇਵਿੰਦਰ ਸੈਫ਼ੀ

ਦੇਵਿੰਦਰ ਸੈਫ਼ੀ ਦੀ ਕਵਿਤਾ ਪੜ੍ਹਨ ਤੇ ਮਾਨਣ ਵਾਲੀ ਹੈ। ਭਾਸ਼ਾ ਦੀ ਸਰਲਤਾ, ਬਿੰਬਾਂ ਦੀ ਸੂਖਮਤਾ ਅਤੇ ਅਰਥਾਂ ਦੀ ਸਾਦਗੀ ਉਸਦੀ ਕਾਵਿ ਉੱਤਮਤਾ ਨੂੰ ਰਵਾਨੀ ਬਖਸ਼ਦੇ ਹਨ। ਮਾਨਵ ਤੇ ਮਾਨਵੀ ਸਰੋਕਾਰਾਂ ਨੂੰ ਪਰਨਾਈ ਉਸਦੀ ਕਵਿਤਾ ਦੀ ਵਿਲੱਖਣਤਾ ਸੈਫ਼ੀ ਦੇ ਪਹਿਲੇ ਸੰਗ੍ਰਹਿ 'ਦੁਪਹਿਰ ਦਾ ਸਫਾ' (ਆਰਸੀ ਪਬਲਿਸ਼ਰਜ਼, ਦਿੱਲੀ, ਪੰਨੇ 128, ਮੁੱਲ 150 ਰੁਪਏ) ਵਿਚ ਪ੍ਰਤੱਖ ਹੈ। ਸੰਨ 2005 ਦੀ ਪ੍ਰਕਾਸ਼ਤ ਇਸ ਪੁਸਤਕ ਦਾ ਸਵਾਗਤ ਓਸ ਤਰ੍ਹਾਂ ਦਾ ਨਹੀਂ ਹੋਇਆ ਜਿਵੇਂ ਦਾ ਹੋਣਾ ਚਾਹੀਦਾ ਸੀ। ਇਸ ਵਿਚਲੀ ਕਵਿਤਾ ਦੇ ਪ੍ਰਮਾਣ ਦੇਣ ਤੋਂ ਪਹਿਲਾਂ ਮੈਨੂੰ ਆਪਣੇ ਮਨ ਦੇ ਧੁਰ ਅੰਦਰਲੇ ਸਗਾਵਤ ਨਾਲ ਗੱਲ ਤੋਰਨਾ ਚੰਗਾ ਲਗਦਾ ਹੈ।

ਦੇਵਿੰਦਰ ਸੈਫ਼ੀ ਮਾਨਵ ਦੀ ਗੱਲ ਕਰੇ, ਮਾਨਵਤਾ ਦੀ ਜਾਂ ਮਾਨਵੀ ਸਰੋਕਾਰਾਂ ਦੀ, ਉਹ ਜ਼ਿੰਦਗੀ ਦੇ ਉਜਲੇ ਪੱਖ ਦਾ ਪੱਲਾ ਨਹੀਂ ਛੱਡਦਾ। ਇਹ ਵਾਲੀ ਪਹੁੰਚ ਹੀ ਉਸਦੇ ਕਲਾਮ ਨੂੰ 'ਸੈਫ਼ੀ' ਬਣਾਉਂਦੀ ਹੈ। ਪ੍ਰਮਾਣ ਵਜੋਂ ਇਕ ਨਿੱਕੀ ਜਿਹੀ ਕਵਿਤਾ:

ਮੈਂ ਨਦੀ ਕਿਨਾਰੇ ਖੜ੍ਹਾ ਹੋ ਪੁੱਛਣ ਲੱਗਾ:
ਐ ਨਦੀ! ਮੈਂ ਤੇਰੇ ਵਿਚ ਤਾਂ ਹੀ ਨਹਾਵਾਂਗਾ
ਜੇ ਤੇਰਾ ਪਾਣੀ ਸੁੱਚਾ ਹੋਵੇ
ਪਹਿਲਾਂ ਕੋਈ ਨਹਾਤਾ ਨਾ ਹੋਵੇ
ਨਦੀ ਨੇ ਕਿਹਾ:
"ਮੈਂ ਤੈਨੂੰ ਫਿਰ ਨੁਹਾਵਾਂਗੀ
ਜੇ ਤੂੰ ਪਹਿਲਾਂ ਹੋਰ ਕਿਸੇ
ਨਦੀ ਵਿਚ ਨਾ ਨਹਾਤਾ ਹੋਵੇਂ।"
ਫਿਰ ਮੈਂ ਤੇ ਨਦੀ ਇਕ ਦੂਜੇ ਦੀ
ਸੁੱਚਮ ਨਹੀਂ ਪੁੱਛੀ

ਕੀ ਨਿੱਜ, ਕੀ ਪਰਿਵਾਰ ਤੇ ਕੀ ਦੇਸ਼ ਵਿਦੇਸ਼ਾਂ ਦੇ ਆਪਸੀ ਸਰੋਕਾਰ ਇਹ ਵਾਲੀ ਪਹੁੰਚ ਅਪਣਾਏ ਬਿਨਾਂ ਸੁਖਦਾਈ ਨਹੀਂ ਹੋ ਸਕਦੇ।

ਇਕ ਹੋਰ ਕਵਿਤਾ ਵਿਚ ਸੈਫ਼ੀ ਇਹੀਓ ਗੱਲ ਵਿਅੰਗ/ਕਟਾਖਸ਼ ਨਾਲ ਕਹਿੰਦਾ ਹੈ:

ਪਿਆਸਿਆਂ ਲਈ ਖੂਹ ਪੁੱਟਣ ਲੱਗੇ
ਪਾਣੀ ਨਿਕਲਣ ਹੀ ਵਾਲਾ ਸੀ, ਇਰਾਦਾ ਬਦਲ ਗਿਆ
ਪੁੱਟੇ ਟੋਇਆਂ ਨੂੰ ਕਬਰਾਂ ਦੀ ਸ਼ਕਲ ਦੇ ਦਿੱਤੀ
ਤੇ ਉਹਨਾਂ ਸਿਰਹਾਣੇ ਬੈਠ ਕੇ
ਮੁਰਦਿਆਂ ਦੀ ਉਡੀਕ ਕਰਨ ਲੱਗੇ

ਆਲੋਚਨਾਤਮਕ ਪ੍ਰਸ਼ੰਸਾ ਦੀ ਟੇਕ ਲਏ ਬਿਨਾਂ ਹੀ ਕੁਝ ਨਿੱਕੀਆਂ ਕਵਿਤਾਵਾਂ:

1. ਰਿਸ਼ਤੇ ਚਾਰੇ ਪਾਸਿਉਂ ਘਸੀ, ਟੁੱਟੀ
ਤੇ ਪੁਰਾਣੀ ਜੁੱਤੀ ਵਰਗੇ ਲੱਗੇ
ਜੀਹਨੂੰ ਪਹਿਨਣ-ਯੋਗ ਬਣਾਉਣ ਲਈ ਹਰ ਵਾਰ
ਆਪਣੀ ਚਮੜੀ ਦੀਆਂ ਟਾਕੀਆਂ ਲਾਉਣੀਆਂ ਪੈਂਦੀਆਂ

2. ਪਤੀ-ਪਤਨੀ ਦੋ ਸੈਕਿੰਡ ਹੈਂਡ ਪੁਰਜ਼ੇ

ਜੋ ਕਬੀਲਦਾਰੀ ਦੀ ਮਸ਼ੀਨ ਚਲਾਉਣ ਲਈ
ਰਾਖਵੇਂ ਰੱਖੇ ਜਾਂਦੇ ਨੇ

3. *ਇਕ ਦੂਜੇ ਨੂੰ ਮਾਰ ਦਿੱਤਾ, ਸਜ਼ਾ-ਏ-ਮੌਤ ਹੋ ਗਈ*
ਇਕ ਦੇਸ਼ ਨੇ ਦੂਜੇ ਦੇਸ਼ ਨੂੰ ਮਾਰ ਦਿੱਤਾ
ਪਰਮਵੀਰ ਦੀ ਉਪਾਧੀ ਮਿਲ ਗਈ
ਇਕ ਧਰਮ ਨੇ ਦੂਜੇ ਧਰਮ ਨੂੰ ਮਾਰ ਦਿੱਤਾ
ਗਲ਼ ਵਿਚ ਫੁੱਲਾਂ ਦੇ ਹਾਰ ਪਾ
ਕੌਮ ਦੀ ਸਰਦਾਰੀ ਮਿਲ ਗਈ

ਦੇਵਿੰਦਰ ਸੈਫ਼ੀ ਦੀ ਕਵਿਤਾ ਦੀ ਗੱਲ ਕਰਦਿਆਂ ਪ੍ਰਸ਼ੰਸਾਤਮਕ ਵਿਸ਼ਲੇਸ਼ਣ ਦੀ ਲੋੜ ਨਹੀਂ ਪੈਂਦੀ। ਬੱਸ ਪੜ੍ਹੋ ਤੇ ਮਾਣੋ। ਜ਼ਿੰਦਗੀ ਨੂੰ ਪਰਨਾਈ ਇਕ ਹੋਰ ਕਵਿਤਾ:

ਜਿੰਦ-ਕੁਆਰੀ ਅੰਬਰੋਂ ਟੁੱਟਦੇ, ਨਿੱਤ ਰੀਝਾਂ ਦੇ ਤਾਰੇ
ਖਾਬਾਂ ਦੀ ਟਹਿਣੀ 'ਤੇ ਬੁਲਬੁਲ, ਬੈਠੀ ਚੁੰਝ ਸੰਵਾਰੇ
ਉਮਰ-ਪਿਆਸੀ ਖੂਹ ਨਿੱਤ ਪੁੱਟੇ, ਪਾਣੀ ਨਿਕਲਣ ਖਾਰੇ
ਲੰਮੇ ਪੈਂਡੇ ਮੰਜ਼ਲ ਬਾਝੋਂ, ਤੁਰ ਤੁਰ ਆਖਰ ਹਾਰੇ
ਕੀਹਨੇ ਸੀ ਫਿਰ ਪਾ ਕੇ ਦੇਣੇ, ਇਸ਼ਕੇ ਤਾਈਂ ਚੁਬਾਰੇ

ਕਵੀ ਨੇ 'ਦੁਪਹਿਰ ਦਾ ਸਫਾ' ਦੀ ਵਿਆਖਿਆ ਕਰਦਿਆਂ ਇਸਨੂੰ ਨਜ਼ਮਾਂ, ਰੁਬਾਈਆਂ, ਗੀਤ, ਪ੍ਰਗੀਤ ਤੇ ਕਾਵਿ ਖਿਆਲਾਂ ਦਾ ਸੰਗ੍ਰਹਿ ਦੱਸਣਾ ਜ਼ਰੂਰੀ ਸਮਝਿਆ ਹੈ। ਪਹਿਲੀ ਪੁਸਤਕ ਛਾਪਦਿਆਂ ਆਪਣੀ ਸਿਰਜਣ ਕਲਾ ਬਾਰੇ ਸ਼ੰਕੇ ਲੈ ਕੇ ਤੁਰਨਾ ਮੁਆਫ ਤਾਂ ਕੀਤਾ ਜਾ ਸਕਦਾ ਹੈ ਪਰ ਇਹ ਅਮਲ ਪਾਠਕ ਦੀ ਦੁਚਿੱਤੀ ਵਿਚ ਵਾਧਾ ਕਰਦਾ ਹੈ ਅਤੇ ਰਚਨਾ ਦੇ ਸਮੁੱਚੇ ਪ੍ਰਭਾਵ ਲਈ ਹਾਨੀਕਾਰਕ ਹੈ। ਬੇਲੋੜੀਆਂ ਰਾਵਾਂ ਛਾਪਣ ਦਾ ਪ੍ਰਭਾਵ ਵੀ ਏਸੇ ਤਰ੍ਹਾਂ ਦਾ ਪੈਂਦਾ ਹੈ। ਦੇਖਣ ਵਾਲੀ ਗੱਲ ਤਾਂ ਕੇਵਲ ਏਨੀ ਹੀ ਹੁੰਦੀ ਹੈ ਕਿ ਕਵਿਤਾ ਵਿਚ ਉੱਤਮਤਾ ਹੈ ਜਾਂ ਨਹੀਂ। ਇਹ ਧਾਰਨਾ ਸੈਂਕੜੇ ਵਾਰ ਦੁਹਰਾਈ ਜਾ ਚੁੱਕੀ ਹੈ ਕਿ ਸਰੋਦੀ ਰਸ ਕਵਿਤਾ ਨੂੰ ਪ੍ਰਭਾਵਸ਼ਾਲੀ ਬਣਾਉਂਦਾ ਹੈ। ਜੇ ਇਸਨੂੰ ਵਿਸਮਾਦ ਤੇ ਲੋਕ-ਧਾਰਾ ਦੇ ਰੰਗ ਵਿਚ ਡੁਬੋ ਕੇ ਕੱਢਿਆ ਹੋਵੇ ਤਾਂ ਸੋਨੇ ਨੂੰ ਸੁਹਾਗਾ ਮਿਲ ਜਾਂਦਾ ਹੈ। ਦੇਵਿੰਦਰ ਸੈਫ਼ੀ ਦੀ ਕਵਿਤਾ ਵਿਚ ਇਹ ਸੁਮੇਲ ਪ੍ਰਤੱਖ ਹੈ:

- *ਛੱਪੜ ਕੰਢੇ ਬੈਠਿਆਂ ਨੂੰ ਮੱਤ ਕੀ ਆਉਂਦੀ*
ਜਿੰਦ ਨਿਮਾਣੀ ਕਿਸ ਤਰ੍ਹਾਂ ਸਰਵਰ ਵਿਚ ਨ੍ਹਾਉਂਦੀ
ਜਦੋਂ ਕਥੂਰੀ ਵੰਡੀ ਤਾਂ ਅਸੀਂ ਰਹਿ ਗਏ ਸੁੱਤੇ
ਫਿਰ ਮੱਥੇ ਰਗੜਨ ਲੱਗ ਪਏ ਜਾ ਪੱਥਰਾਂ ਉੱਤੇ

- *ਧਰਮ ਗੁਰੂ ਤੇ ਰਾਜੇ ਨੇ ਕੇਹੀ ਬਣਤ ਬਣਾਈ*
ਸਾਡੇ ਅੱਗੇ ਟੋਆ ਪੁੱਟਿਆ ਤੇ ਪਿੱਛੇ ਖਾਈ
ਅਸੀਂ ਕੱਠਿਆਂ ਬੁਣੀਆਂ ਟੋਪੀਆਂ ਤੇ ਸੀਤੀਆਂ ਪੱਗਾਂ
ਸਿਰ ਇਹਨਾਂ ਵਿਚ ਰੱਖ ਕੇ ਸੁੱਟੇ ਵਿਚ ਅੱਗਾਂ

ਟੋਟੇ ਕਰਕੇ ਧਰਮ ਦੇ ਕਈ ਇਸ਼ਟ ਅਰਾਧੇ
ਸਿਰ ਉੱਖਲੀ ਵਿਚ ਦੇ ਲਏ ਤੇ ਮੋਲ੍ਹੇ ਖਾਧੇ
ਸਾਡੇ ਝੰਡੇ ਉੱਚੇ ਹੋ ਗਏ ਅਸੀਂ ਨੀਵੇਂ ਈ ਰਹਿਗੇ
ਰਾਜੇ ਚੱਕੀਆਂ ਚੱਟ ਕੇ ਵਿਹਲੇ ਹੋ ਬਹਿਗੇ

- *ਸੋਈ ਕਦਮ ਮੁਬਾਰਕ ਜਿਹੜੇ, ਰਾਹਾਂ ਸੰਗ ਪਰਨਾਏ*
ਭਟਕ ਰਹੇ ਕਦਮਾਂ ਦੇ ਅੱਗੇ, ਰਾਹਾਂ ਦੀਪ ਜਗਾਏ
ਰਾਹਾਂ ਖਾਤਰ ਜਦ ਵੀ ਪੈਰਾਂ, ਨਵੀਆਂ ਪੈੜਾਂ ਪਾਈਆਂ
ਸਭ ਤੋਂ ਪਹਿਲਾਂ ਕਰਨ ਇਬਾਦਤ, ਮੰਜ਼ਲਾਂ ਚੱਲ ਕੇ ਆਈਆਂ

- *ਮਿਰਜ਼ੇ ਜੱਟ 'ਤੇ ਜਦ ਵੀ ਆਉਂਦੀ, ਹੜ੍ਹ ਦੇ ਵਾਂਗ ਜਵਾਨੀ*
ਵਿਹੰਦਿਆਂ ਵਿਹੰਦਿਆਂ ਉਸਦੀ ਕੋਈ, ਭੰਨ ਜਾਂਦਾ ਏ ਕਾਨੀ

- *ਐਵੇਂ ਲੋਕੀਂ ਆਖਣ ਪਵੇ ਨਾ, ਪਾਣੀ ਵਿਚ ਲਕੀਰ*
ਲੈ ਦਲਾਲੀ ਉਹਨਾਂ ਸਾਡੇ, ਪਾਣੀ ਦਿੱਤੇ ਚੀਰ

- *ਆਉਣ ਬਰਾਤਾਂ ਸ਼ਗਨਾਂ ਭਰੀਆਂ, ਜੱਗੋਂ ਮਿਲਣ ਵਧਾਈਆਂ*
ਉਹ ਸੋਚੇ 'ਅਜੇ ਮਰੀ ਨਹੀਂ ਮੈਂ', ਗਿਰਝਾਂ ਕਾਹਤੋਂ ਆਈਆਂ

ਉਂਝ ਤਾਂ ਦੇਵਿੰਦਰ ਸੈਫ਼ੀ ਦੀ ਜੀਵਨ ਪ੍ਰਤੀ ਪਹੁੰਚ ਉਸਦੀ ਕਵਿਤਾ ਦੀ ਹਰ ਇਕ ਟੁਕੜੀ ਵਿਚ ਸਪਸ਼ਟ ਹੈ ਪਰ ਜੇ ਇਸਦੇ ਖੁਲ੍ਹੇ ਦਰਸ਼ਨ ਕਰਨੇ ਹੋਣ ਤਾਂ 'ਧਰਮ', 'ਜ਼ਿੰਦਗੀ', 'ਮਾਨਸ ਜਨਮ ਦੁਲੰਭੁ', 'ਇਕ ਚਿੱਠੀ', 'ਮੰਥਨ', 'ਆ ਬਿਰਖ' ਆਦਿ ਖੁਲ੍ਹੀਆਂ ਨਜ਼ਮਾਂ ਵਿਚ ਵੇਖੀ ਜਾ ਸਕਦੀ ਹੈ। 'ਮੰਥਨ' ਦੀ ਇਕ ਟੁਕੜੀ ਪੇਸ਼ ਹੈ:

ਬੁੱਧ ਨੂੰ ਦੇ ਕੇ ਕ੍ਰਿਸ਼ਨ ਦੀਆਂ ਕੁਝ ਗੋਪੀਆਂ
ਕਰ ਲੈਣ ਦਿਓ ਰਾਸ ਦੀ ਤਿਆਰੀ
ਤੇ ਕ੍ਰਿਸ਼ਨ ਨੂੰ ਕੁਝ ਪਲ ਜੰਗਲ ਵਿਚ
ਇਕੱਲਿਆਂ ਬੈਠ ਲੈਣ ਦਿਓ

ਦੇਵਿੰਦਰ ਸੈਫ਼ੀ ਕਵਿਤਾ ਦੀ ਸੁੱਚਮਤਾ ਨੂੰ ਕਿਹੋ ਕਿਹਾ ਸਥਾਨ ਦਿੰਦਾ ਹੈ, 'ਕਵਿਤਾ ਦੀ ਖੁਦਕੁਸ਼ੀ' ਵਿਚ ਸਪਸ਼ਟ ਹੈ। ਇਕ ਹੋਰ ਥਾਂ ਇਕ ਰੁਬਾਈ ਦੀਆਂ ਪਹਿਲੀਆਂ ਦੋ ਲਾਈਨਾਂ ਵੀ ਇਹੀਓ ਦੱਸਦੀਆਂ ਹਨ:

ਮੈਂ ਅਗਨੀ ਦਾ ਅਗਨੀ ਮੇਰੀ, ਸਾਡਾ ਏ ਸਾਥ ਚਿਰੋਕਾ
ਅਗਨੀ ਨੇ ਹੱਥ ਕਲਮ ਫੜਾਈ, ਦੇਣਾ ਪੈ ਗਿਆ ਹੋਕਾ

ਮੈਂ ਆਪਣੀ ਗੱਲ ਨੂੰ ਸਮੇਟਣ ਲਈ ਏਨਾ ਹੀ ਕਹਾਂਗਾ ਕਿ 'ਦੁਪਹਿਰ ਦਾ ਸਫਾ' ਦੇ ਰਚਨਾਕਾਰ ਤੇ ਪ੍ਰਕਾਸ਼ਕਾਂ ਨੂੰ ਸੁਰਜੀਤ ਪਾਤਰ ਦੇ ਸ਼ਬਦਾਂ ਤੋਂ ਅੱਗੇ ਰੰਗ ਬਰੰਗੀਆਂ ਰਾਵਾਂ ਦੇਣ ਦੀ ਲੋੜ ਨਹੀਂ ਸੀ। ਸੁਤਿੰਦਰ ਸਿੰਘ ਨੂਰ ਦੇ ਸਵਾਗਤੀ ਬੋਲ ਵੀ ਰਸਮੀ ਹੀ ਕਹੇ ਜਾ ਸਕਦੇ ਹਨ। ਜਿੱਥੋਂ ਤਕ ਮੇਰਾ ਸੰਬੰਧ ਹੈ, ਮੈਂ ਇਸ ਪੁਸਤਕ ਦਾ ਰੀਵੀਊ ਲਿਖਣ ਸਮੇਂ ਮੁੱਢਲੇ ਸ਼ਬਦਾਂ ਵਿਚ ਹੀ ਸੈਫ਼ੀ ਦੀ ਸਮੁੱਚੀ ਕਵਿਤਾ ਦਾ ਸਵਾਗਤ ਕਰ ਚੁੱਕਾ ਹਾਂ। ਮੇਰੇ ਨਾਲ਼ ਤੁਰ ਕੇ ਵੇਖੋ ਤਾਂ ਜ਼ਰਾ।

-ਗੁਲਜ਼ਾਰ ਸਿੰਘ ਸੰਧੂ

ਮੇਰੇ ਮਨ ਦੀ ਕੋਇਲ (ਕਾਵਿ ਸੰਗ੍ਰਹਿ) ਸ਼ਸ਼ੀ ਸਮੁੰਦਰਾ

ਵੀਹ ਸਾਲ ਪਹਿਲਾਂ 1992 ਵਿਚ ਪੰਜਾਬੀ ਸਾਹਿਤ-ਜਗਤ ਦੇ ਵਿਹੜੇ 'ਬੋਗਨਵਿਲਾ ਦੇ ਵਸਤਰ' ਨਾਲ ਪੱਬ ਧਰਨ ਵਾਲੀ ਸ਼ਸ਼ੀ ਸਮੁੰਦਰਾ ਉਸੇ ਰੰਗ ਵਿਚ ਇਕ ਵਾਰ ਫਿਰ 'ਮੇਰੇ ਮਨ ਦੀ ਕੋਇਲ' (ਸਫ਼ੇ 152, ਮੁੱਲ 200 ਰੁਪਏ, ਚੇਤਨਾ ਪ੍ਰਕਾਸ਼ਨ, ਲੁਧਿਆਣਾ) ਲੈ ਕੇ ਆਈ ਹੈ। ਇੰਨੀ ਲੰਮੀ ਚੁੱਪ ਤੋਂ ਬਾਅਦ ਹੁਣ ਜਦੋਂ ਉਹਨੇ ਆਪਣੀ ਇਸ ਪੁਸਤਕ ਦੀ ਪੂਣੀ ਛੋਹੀ ਹੈ ਤਾਂ ਇਸ ਦੀਆਂ ਕੱਚੀਆਂ ਤੰਦਾਂ ਵਿਲਕਦੇ ਰਿਸ਼ਤਿਆਂ, ਡੋਲਦੇ ਵਕਤਾਂ ਅਤੇ ਜ਼ਖ਼ਮੀ ਪਰਵਾਜ਼ਾਂ ਨੂੰ ਪੱਕੇ ਪੈਰੀਂ ਟੱਕਰੀਆਂ ਹਨ। ਪੁਸਤਕ ਦੇ ਸ਼ੁਰੂ ਵਿਚ ਦਰਜ ਉਹਦੇ 'ਕੁਝ ਸ਼ਬਦ...' ਵਿਚ ਸੱਚ ਦੀ ਜੋਤ ਜਗਦੀ ਦਿਸਦੀ ਹੈ; ਸਵਾਰਥ

ਦੀ ਡੰਡੀ ਉਹਨੇ ਰਤਾ ਪਰ੍ਹਾਂ ਰੱਖ ਛੱਡੀ ਹੈ। ਆਪਣੀਆਂ ਲਿਖਤਾਂ ਤੋਂ ਮੋਹ-ਭੰਗ ਦੀ ਗੱਲ ਸਵੀਕਾਰ ਕਰਨੀ ਅਤੇ ਫਿਰ 'ਮੇਰੇ ਅਹਿਸਾਸ ਕੌਣ ਲਿਖੂ?' ਵਾਲਾ ਆਪੂੰ ਕੀਤਾ ਸਵਾਲ, ਇਕੋ ਸਿੱਕੇ ਦੀਆਂ ਦੋ ਪਰਤਾਂ ਹਨ। ਸ਼ਸ਼ੀ ਇਨ੍ਹਾਂ ਦੋਹਾਂ ਪਰਤਾਂ ਦੇ ਰੂ-ਬ-ਰੂ ਹੋ ਕੇ ਇਸ ਪੁਸਤਕ ਵਿਚ ਆਪਣੇ ਮਨ ਦੀ ਕੋਇਲ ਦਾ ਨਾਂ ਜਪਦੀ ਹੈ ਅਤੇ ਪਾਠਕਾਂ ਨਾਲ ਉਹ ਗੱਲਾਂ ਸਾਂਝੀਆਂ ਕਰਦੀ ਹੈ ਜੋ ਸੱਚ-ਮੁੱਚ ਪਾਠਕਾਂ ਦੀਆਂ ਹਨ। ਇਨ੍ਹਾਂ ਗੱਲਾਂ ਤੋਂ ਬਗ਼ੈਰ ਸ਼ਾਇਦ ਜ਼ਿੰਦਗੀ ਦੀ ਕੋਈ ਵੀ ਕਥਾ ਅਧੂਰੀ ਹੈ।

ਇਸ ਪੁਸਤਕ ਦੀ ਪੂਰੀ ਕਥਾ ਕਿਸੇ ਕੁੜੀ ਦੇ ਖੰਭਾਂ ਵਿਚ ਹਵਾ ਭਰ-ਭਰ ਲੰਘਦੀ-ਉਲੰਘਦੀ ਪਰਵਾਜ਼ ਹੈ। ਇਸ ਪਰਵਾਜ਼ ਦੀ ਸਾਂਝ ਪਹਿਲਾਂ 'ਕੂਲ਼ੀ' ਕੁਦਰਤ ਅਤੇ ਫਿਰ 'ਅਨੰਤ' ਅੰਬਰ ਨਾਲ ਹੈ। ਇਹ ਪਰਵਾਜ਼ ਜਾਂ ਇਸ ਪਰਵਾਜ਼ ਦੀ ਤਾਂਘ ਸ਼ਸ਼ੀ ਦੀਆਂ ਕਵਿਤਾਵਾਂ ਦੀ ਚੂਲ ਹੈ। ਦਰਅਸਲ ਇਸ ਪਰਵਾਜ਼ ਦੀਆਂ ਲੜੀਆਂ ਪੁਸਤਕ ਦੇ ਪਿਛਲੇ ਹਿੱਸੇ ਵਿਚ ਸ਼ਾਮਲ ਕੀਤੀਆਂ ਕੁਝ ਕਵਿਤਾਵਾਂ ਵਿਚ ਲਗਾਤਾਰ ਰਿਸ ਰਹੇ ਦਰਦ ਨਾਲ ਜੁੜੀਆਂ ਹੋਈਆਂ ਹਨ। ਬਹੁਤ ਥਾਈਂ ਇਹ ਦਰਦ ਨਾਸੂਰ ਦੀ ਜੂਨੇ ਵੀ ਪੈ ਗਿਆ ਜਾਪਦਾ ਹੈ, ਪਰ ਸ਼ਾਇਰਾ ਜਦੋਂ ਇਸ ਦਰਦ ਨੂੰ ਬਿਆਨ ਕਰਦੀ ਹੈ ਤਾਂ ਨਾਸੂਰ ਦੀਆਂ ਜੜ੍ਹਾਂ ਵਿਚ ਕਿਤੇ ਆਰੀ ਫਿਰਦੀ ਪ੍ਰਤੀਤ ਹੁੰਦੀ ਹੈ। ਇਹ ਸਾਰਾ ਬੰਨ੍ਹ-ਸੁੱਬ ਪੁਸਤਕ ਦੇ ਪਹਿਲੇ ਹਿੱਸੇ ਵਿਚ ਵਾਰ-ਵਾਰ ਆਈ ਪਰਵਾਜ਼ ਲਈ ਹੈ। ਇਹ ਪਰਵਾਜ਼ ਕਿੱਥੋਂ ਅਤੇ ਕਦੋਂ ਸ਼ੁਰੂ ਹੁੰਦੀ ਹੈ, ਇਸ ਬਾਰੇ ਪੁਸਤਕ ਦਾ ਹਰ ਸਫਾ ਗਵਾਹ ਬਣਦਾ ਹੈ; ਇਸ ਨੇ ਮੁੱਕਣਾ ਕਿੱਥੇ ਹੈ, ਇਸ ਬਾਰੇ ਲੇਖਕ ਜਾਂ ਪਾਠਕ ਦੀ ਸੋਚ ਅੰਗੜਾਈਆਂ ਭਰਨ ਲਗਦੀ ਹੈ। ਇਹੀ ਅੰਗੜਾਈ ਇਸ ਪੁਸਤਕ ਦਾ ਹਾਸਲ ਹੈ। ਪੁਸਤਕ ਦੀ ਪਹਿਲੀ ਹੀ ਕਵਿਤਾ 'ਇਸ ਕਮਰੇ ਵਿਚ' ਵਿਚ 'ਖੂੰਜੇ ਲੱਗੀ' ਮੱਕੜੀ ਦਾ ਜ਼ਿਕਰ ਹੈ ਜਿਹੜੀ, *ਸਾਰਾ ਦਿਨ ਸੌਂਦੀ ਹੈ, ਰਾਤ ਨੂੰ ਬੱਤੀ ਬੁਝਣ 'ਤੇ ਬਾਹਰ ਬਗੀਚੇ ਵਿਚ, ਮਨ ਆਈਆਂ ਕਰਨ ਜਾਂਦੀ ਹੈ।*

'ਜਦ ਜੀਅ ਕੀਤਾ' ਕਵਿਤਾ ਵਿਚ ਇਹੀ ਰਾਗ *'ਜਦ ਜੀਅ ਕੀਤਾ/ ਸਤਰੰਗੀ ਪਹਿਨ/ ਮੈਂ ਬ੍ਰਹਿਮੰਡ ਵਿਚ ਘੁੰਮਣ ਜਾਂਦੀ ਹਾਂ'* ਨਾਲ ਛਿੜਦਾ ਹੈ। ਇਸ ਦੀਆਂ ਤਰੰਗਾਂ 'ਤ੍ਰਿੰਝਣ' ਕਵਿਤਾ ਵਿਚ ਉੱਠਦੀਆਂ ਹਨ ਜਿਸ ਵਿਚ ਧੀ *'ਸਵੇਰ ਤੋਂ ਸ਼ਾਮ ਤਕ ਕੱਤਦੀ ਹੈ ਚਰਖਾ ਧੀ/ ਸੁਫਨਿਆਂ ਦਾ/ ਰੰਗਾਂ ਦਾ/ ਤੇ ਕਿਧਰੇ ਉੱਡ ਜਾਣ ਦਾ' ਮੌਕਾ ਤਲਾਸ਼ਦੀ ਹੈ'।* ਇਸੇ ਕਰਕੇ ਹੀ ਤਾਂ *'ਤੂੰ ਸਦਾ ਬਾਰਿਸ਼ ਦੇ ਰੂਪ 'ਚ ਹੀ ਕਿਉਂ ਆਉਂਦਾ ਹੈਂ/ ਤੂੰ ਬਿਜਲੀਆਂ ਬਣ ਕੇ ਆ'* ਦਾ ਹੋਕਰਾ ਲਗਦਾ ਹੈ। ਇਸ ਕਵਿਤਾ ਦੀ ਅਗਲੀ ਸਤਰ *'ਤੂੰ ਆਪਣੇ ਅਸਲ ਰੂਪ 'ਚ ਆ'* ਪੜ੍ਹ ਕੇ ਤਲਾਸ਼ ਅਤੇ ਤਾਂਘ ਦੀ ਤੀਬਰਤਾ ਦੀ ਥਹੁ ਪੈਂਦੀ ਹੈ। ਇਹ ਤੀਬਰਤਾ ਹੀ ਉਸ ਨੂੰ *'ਅੱਜ ਮੈਂ ਉਹ ਸਭ ਕਰਨਾ ਹੈ/ ਜੋ ਔਰਤ ਲਈ ਬਣੇ ਕਾਇਦਿਆਂ ਤੋਂ ਬਾਹਰ ਹੈ'* ਤਕ ਪੁੱਜਣ ਦਾ ਬਲ ਬਖ਼ਸ਼ਦੀ ਹੈ। 'ਗਾਉਂਦਿਆਂ ਜੰਗਲੀਂ ਘੁੰਮਣਾ' ਚੌਥੀ ਕੂਟ ਵਿਚ ਸਫਰ ਕਰਦੇ ਨਾਇਕ ਤੋਂ ਕਿਸੇ ਵੀ ਲਿਹਾਜ਼ ਘੱਟ ਨਹੀਂ। ਇਹ ਅਲਫਾਜ਼ ਪਿੰਜਰੇ ਵਿਚ ਬੈਠੇ ਪੰਛੀ ਦੇ ਆਜ਼ਾਦ ਹੋਣ ਦੇ ਸੁਫਨੇ ਦੀਆਂ ਹੇਕਾਂ ਹਨ।

ਸ਼ਸ਼ੀ ਨੇ ਕੁਦਰਤ ਨਾਲ ਜੁੜ ਕੇ ਜਿਹੜੀਆਂ ਕਵਿਤਾਵਾਂ ਦੀ ਰਚਨਾ ਕੀਤੀ ਹੈ, ਉਨ੍ਹਾਂ ਵਿਚ ਪਰਵਾਜ਼ ਬਹੁਤ ਅਛੋਪਲੇ ਜਿਹੇ ਅਤੇ ਬਹੁਤ ਸਹਿਜ ਨਾਲ ਆਣ ਕੇ ਬੈਠ ਗਈ ਹੈ। ਇਹ ਗੋਦ ਵਿਚ ਬੈਠ ਕੇ ਗੱਲਾਂ ਕਰਨ ਅਤੇ ਸੁਣਨ ਦਾ ਅਹਿਸਾਸ ਸਿਰਜਦੀ ਹੈ। ਇਹਦੇ ਵਿਚ ਰਲ਼ਦੀ ਬਗ਼ਾਵਤ ਦੀ ਸੁਰ ਆਪਣੀ ਥਾਂ ਸੁਫਨਿਆਂ ਨੂੰ ਜਾਗ ਲਾਉਂਦੀ ਹੈ। ਸ਼ਸ਼ੀ ਦੀ ਕਵਿਤਾ ਦਾ ਬੱਸ ਇਹੀ ਕਸਬ ਹੈ, ਇਹੀ ਵਣਜ ਤੇ ਇਹੀ ਵਪਾਰ ਹੈ। ਇਹ ਔਰਤ ਦੀ ਭਰੀ ਗਈ ਜਾਂ ਭਰਨੋਂ ਖੁੰਝ ਗਈ ਪਰਵਾਜ਼ ਦਾ ਵਿਸਥਾਰ ਹੈ। ਇਹਦੇ ਵਿਚ ਆਮ ਨਾਰੀ-ਕਾਵਿ ਵਾਂਗ ਉਲ਼ਾਂਭਿਆਂ ਦੀ ਝੜੀ ਨਹੀਂ। ਇਨ੍ਹਾਂ ਕਵਿਤਾਵਾਂ ਵਿਚਲਾ ਦਰਦ ਆਪਣੇ-ਆਪ ਪਹਿਲਾਂ ਪਰਵਾਜ਼ ਅਤੇ ਫਿਰ ਬਗ਼ਾਵਤ ਵੱਲ ਪੈਰ ਪੁੱਟਣ ਲੱਗਦਾ ਹੈ।

ਉਂਝ, ਜਿਉਂ-ਜਿਉਂ ਪੁਸਤਕ ਅਗਾਂਹ ਤੁਰਦੀ ਜਾਂਦੀ ਹੈ, ਉਲ਼ਾਂਭਿਆਂ ਦੀ ਲੇਸ ਹੌਲ਼ੀ-ਹੌਲ਼ੀ ਕਵਿਤਾ ਵਿਚ ਥਾਂ ਮੱਲਣੀ ਆਰੰਭ ਕਰ ਦਿੰਦੀ ਹੈ। ਅਗਾਂਹ ਇਹ ਕਵਿਤਾਵਾਂ ਪਹਿਲੀਆਂ

ਕਵਿਤਾਵਾਂ ਦੇ ਮੁਕਾਬਲੇ ਲੰਮੀਆਂ ਵੀ ਹੁੰਦੀਆਂ ਜਾਂਦੀਆਂ ਹਨ। ਇਨ੍ਹਾਂ ਵਿਚ ਪ੍ਰਭਾਵ ਦੀਆਂ ਲਹਿਰਾਂ ਵੀ ਲਗਾਤਾਰ ਉੱਚੀਆਂ ਹੁੰਦੀਆਂ ਜਾਂਦੀਆਂ ਹਨ। ਇੰਨੀਆਂ ਉੱਚੀਆਂ ਕਿ ਦਿਲ ਕਰਦਾ ਹੈ, ਇਸ ਪੁਸਤਕ ਵਿਚ ਸ਼ਾਮਲ 'ਹੱਤਕ' ਨਾਂ ਦੀ ਕਵਿਤਾ ਪਾੜ ਦਿੱਤੀ ਜਾਵੇ ਤਾਂ ਚੰਗਾ ਹੈ।

ਕੁਦਰਤ ਤੇ ਪਰਵਾਜ਼ ਅਤੇ ਉਲ਼ਾਂਭਿਆਂ ਵਾਲੀ ਕਵਿਤਾ ਤੋਂ ਇਲਾਵਾ ਇਸ ਪੁਸਤਕ ਵਿਚ ਕਵਿਤਾਵਾਂ ਦੀ ਇਕ ਹੋਰ ਵੰਨਗੀ ਹੈ ਜੋ ਪੁਸਤਕ ਵਿਚ ਬਿਖਰ ਕੇ ਰਹਿ ਗਈ ਹੈ। ਇਨ੍ਹਾਂ ਕਵਿਤਾਵਾਂ ਦਾ ਸਾਰ-ਤੱਤ 'ਫੁੱਲਾਂ ਦੇ ਬੀਅ' ਨਾਂ ਦੀ ਕਵਿਤਾ ਵਿਚ ਪੇਸ਼ ਹੋਇਆ ਹੈ। ਇਸ ਦੀ ਗੂੰਜ ਇਸ ਪੁਸਤਕ ਦੀ ਟਾਈਟਲ ਕਵਿਤਾ 'ਮੇਰੇ ਮਨ ਦੀ ਕੋਇਲ' ਵਿਚ ਬਹੁਤ ਸਾਫ ਸੁਣਾਈ ਦਿੰਦੀ ਹੈ। ਇਨ੍ਹਾਂ ਕਵਿਤਾਵਾਂ ਦਾ ਫੈਲਾਅ ਬਾਹਰ ਵੱਲ ਹੈ। ਅੰਦਰ ਵੱਲ ਤੁਰਦੀ ਕਵਿਤਾ ਤਾਂ ਸਦਾ ਮਨ ਦੇ ਬੂਹੇ ਭੇੜ ਕੇ ਬੈਠ ਜਾਂਦੀ ਹੁੰਦੀ ਹੈ, ਡੁਸਕਦੀ ਹੈ, ਤੜਫਦੀ ਹੈ ਬੱਸ; ਜਾਂ ਫਿਰ ਉਲ਼ਾਂਭਿਆਂ ਦੀ ਜੂਨੇ ਪੈ ਜਾਂਦੀ ਹੈ। ਇਸ ਵੰਨਗੀ ਦੀਆਂ ਕਵਿਤਾਵਾਂ ਦੀ ਤਾਕਤ ਹੀ ਇਹ ਹੈ ਕਿ ਇਹ ਦੜ ਵੱਟ ਕੇ ਨਹੀਂ ਬੈਠਦੀਆਂ। ਇਹ ਕਵਿਤਾਵਾਂ ਕਿਸੇ ਬੀਅ ਦੇ ਬੇ-ਆਵਾਜ਼ ਪੁੰਗਰਨ ਵਾਂਗ ਸੁਫਨਿਆਂ ਨੂੰ ਜਾਗ ਲਾਉਂਦੀਆਂ ਹਨ। ਇਕੱਲੇ ਨਾਰੀ-ਕਾਵਿ ਨੂੰ ਹੀ ਨਹੀਂ, ਸਮੁੱਚੇ ਕਾਵਿ ਨੂੰ ਇਸ ਵੰਨਗੀ ਦੀ ਵੱਧ ਜ਼ਰੂਰਤ ਹੈ।

ਇਕ ਗੱਲ ਹੋਰ ਵੀ ਹੈ। ਮੁੱਕ ਰਹੀਆਂ ਚਿੜੀਆਂ ਦੇ ਇਸ ਦੌਰ ਵਿਚ ਦੋਚਿੱਤੀਆਂ ਵੀ ਤਾਂ ਬਥੇਰੀਆਂ ਹਨ। 'ਚੱਲ ਸਮੁੰ' ਅਤੇ 'ਹਵਾ ਦੇ ਰੁਖ਼' ਕਵਿਤਾਵਾਂ ਵਿਚ ਇਸ ਦੋਚਿੱਤੀ ਦਾ ਹੀ ਜ਼ਿਕਰ ਹੈ। ਇਸ ਦਾ ਪ੍ਰਤੱਖ ਜਵਾਬ 'ਮੇਰੀ ਬਾਰੀ ਕੋਲ' ਕਵਿਤਾ ਦੀਆਂ ਇਹ ਸਤਰਾਂ ਬਣਦੀਆਂ ਹਨ ਸ਼ਾਇਦ:

ਮਸਾਂ-ਮਸਾਂ ਰੁਕੀ ਹੈ ਮਾਹੌਲ 'ਚੋਂ
ਕਾਰਾਂ, ਮਸ਼ੀਨਾਂ ਤੇ ਇਨਸਾਨਾਂ ਦੀ ਕਾਵਾਂਰੌਲੀ

ਪੁਸਤਕ ਵਿਚ ਇਹੋ ਜ਼ਿਕਰ ਇਕ ਵਾਰ ਨਹੀਂ, ਸਗੋਂ ਦੋ ਵਾਰ ਆਇਆ ਹੈ। ਇਨ੍ਹਾਂ ਸਤਰਾਂ ਦੀ ਅਧੂਰੀ ਕਥਾ 'ਟਿਕੀ ਰਾਤ ਵਿਚ' ਨਾਲ ਹੀ ਪੂਰੀ ਹੁੰਦੀ ਹੈ, ਜਾਂ ਕਹੋ ਕਿ ਪੂਰੀ ਹੋ ਸਕਦੀ ਹੈ। ਅਤੇ ਜਦੋਂ ਟਿਕੀ ਰਾਤ ਵਿਚ ਅਚਾਨਕ ਸਮੁੱਚੀ ਡੱਡੂਆਂ ਦੀ ਬਸਤੀ' ਜਾਗ ਪੈਂਦੀ ਹੈ ਤਾਂ ਦਿਲ ਚਾਹੁੰਦਾ ਹੈ *'ਇਹ ਰਾਤ ਨਾ ਮੁੱਕੇ ਤਾਂ ਚੰਗਾ'*।...ਤੇ 'ਮੇਰੇ ਮਨ ਦੀ ਕੋਇਲ' ਨਾ ਰੁਕਣ ਵਾਲਾ ਕੋਈ ਸਿਲਸਿਲਾ ਹੀ ਹੈ। ਸ਼ਸ਼ੀ ਨੇ ਆਪਣੀ ਪਹਿਲੀ ਕਾਵਿ-ਪੁਸਤਕ 'ਬੋਗਨਵਿਲਾ ਦੇ ਵਸਤਰ' ਤੋਂ ਬਾਅਦ ਇਹ ਸਿਲਸਿਲਾ ਰੋਕ ਕੇ ਦੇਖ ਹੀ ਲਿਆ ਹੈ, ਪਰ 'ਬੋਗਨਵਿਲਾ ਦੇ ਵਸਤਰ' ਪਹਿਨ ਕੇ ਅਤੇ 'ਆਪਣੇ ਮਨ ਦੀ ਕੋਇਲ' ਦਾ ਗੀਤ ਸੁਣਾ ਕੇ ਕੋਈ ਸ਼ਸ਼ੀ ਖਾਮੋਸ਼ ਨਹੀਂ ਹੋ ਸਕਦੀ ਅਤੇ ਨਾ ਉਹਦੀ ਕਵਿਤਾ ਹੀ ਚੁੱਪ ਵੱਟ ਸਕਦੀ ਹੈ। ਇਹ ਕਵਿਤਾ ਕੁਦਰਤ ਦਾ ਗੀਤ ਹੈ ਜਿਹੜਾ ਸ਼ਸ਼ੀ ਨੇ ਵੀਹ ਵਰ੍ਹਿਆਂ ਬਾਅਦ ਸੁਣਾਇਆ ਹੈ। ਇਸ ਗੀਤ ਵਿਚ 'ਮਰ ਜਾਣੀਆਂ ਚਿੜੀਆਂ' ਲਈ ਸੁੱਖਾਂ ਲੱਦਿਆ, ਜੀਣ ਦਾ ਸੁਨੇਹਾ ਹੈ। ਇਹ ਸੁਨੇਹਾ ਬ੍ਰਹਿਮੰਡ ਵਿਚ ਘੁੰਮਣ ਜਾਣ ਦਾ ਹੈ। ਮਰ ਮੁੱਕ ਰਹੀਆਂ ਚਿੜੀਆਂ ਦੇ ਇਸ ਦੌਰ ਵਿਚ ਇਸ ਤੋਂ ਘੱਟ ਪਰਵਾਜ਼ ਦਾ ਹੁਣ ਮਤਲਬ ਵੀ ਕੋਈ ਨਹੀਂ ਹੈ:

ਤੂੰ ਫੈਲ ਜਾ-ਹਵਾਵਾਂ ਦੀ ਬੇ-ਪ੍ਰਵਾਹ ਮੌਜ ਵਿਚ ...
ਤੂੰ ਮਹਿਜ਼ ਜਿਸਮ ਨਹੀਂ
ਜੋ ਉੱਠਦਾ ਹੈ, ਔਂਨ ਖਾਂਦਾ ਹੈ
ਦੋਸਤੀਆਂ ਤੇ ਦੁਸ਼ਮਣੀਆਂ ਨਿਭਾਉਂਦਾ
ਕਿਤੇ ਸਿਫਤਾਂ, ਕਿਤੇ ਚੁਗਲੀਆਂ ਕਰਦਾ ਸੌਂ ਜਾਂਦਾ ਹੈ ...
ਰਾਤ ਬਹੁਤ ਬਦਨਾਮ ਹੈ...ਬਾਤ ਬਹੁਤ ਬਦਨਾਮ ਹੈ...

ਸ਼ਸ਼ੀ ਦੀ ਕਵਿਤਾ ਵਿਚ ਰਾਤ ਨੂੰ ਪੁੰਨਿਆ ਦਾ ਚੰਦ ਰੁੱਖਾਂ 'ਚੋਂ ਝਾਕਦਾ ਹੈ। ਇਸ ਦੇ ਅਰਥ ਬਹੁਤ ਸਾਫ ਅਤੇ ਸਪਸ਼ਟ ਹਨ। ਇਨ੍ਹਾਂ ਅਰਥਾਂ ਦਾ ਦੀਵਾ ਬਾਲਣ ਅਤੇ ਚੰਦ ਵਾਲੀ ਝਾਤੀ ਮਰਵਾਉਣ ਲਈ ਸ਼ੁਕਰੀਆ ਸ਼ਸ਼ੀ...!

-ਜਸਬੀਰ

ਆਸ ਨਿਰਾਸੀ (ਨਾਵਲ) ਅਮਰਜੀਤ ਸਿੰਘ

'ਆਸ ਨਿਰਾਸੀ' (ਨੈਸ਼ਨਲ ਬੁੱਕ ਸ਼ਾਪ, ਦਿੱਲੀ, ਪੰਨੇ 191, ਮੁੱਲ 300 ਰੁਪਏ) ਡਾ. ਅਮਰਜੀਤ ਸਿੰਘ ਦਾ ਨਵ-ਪ੍ਰਕਾਸ਼ਤ ਨਾਵਲ ਹੈ। ਇਹ ਨਾਵਲ 'ਰੈਣ ਭਈ ਚਹੁੰ ਦੇਸ਼' ਚੁਲੜੀ ਨਾਵਲ ਦਾ ਅੰਗ ਹੈ। ਇਸ ਚੁਲੜੀ ਦਾ ਪਹਿਲਾ ਭਾਗ ਅਤੇ ਤੀਸਰਾ ਭਾਗ ਕਰਮ ਵਾਰ 'ਆਸ ਪਿਆਸੀ' ਅਤੇ 'ਚੱਲ ਖੁਸਰੋ ਘਰ ਆਪਣੇ' ਨਾਮ ਹੇਠ ਪ੍ਰਕਾਸ਼ਤ ਹੋਏ ਹਨ। ਅਮਰਜੀਤ ਸਿੰਘ ਦੇ ਇਸ ਨਾਵਲ ਦੇ ਕਥਾ ਵਿਵੇਕ ਨੂੰ ਦੋ ਭਾਗਾਂ ਵਿਚ ਵਿਭਾਜਤ ਕਰ ਕੇ ਸਮਝ ਸਕਦੇ ਹਾਂ। ਪਹਿਲਾ ਭਾਗ ਕਾਂਡ ਨੰਬਰ ਪੰਜ ਤਕ ਹੈ ਜਿਸ ਵਿਚ ਕੇਂਦਰੀ ਪਾਤਰ ਰਤਨ ਸਿੰਘ ਦੇ ਇਨਕਲਾਬੀ ਪ੍ਰਤਿਬੱਧਤਾ ਅਤੇ ਕ੍ਰਾਂਤੀਕਾਰੀ ਸੋਚ ਨਾਲ ਜੁੜੇ ਬਿਰਤਾਂਤਕ ਵਿਹਾਰ ਨੂੰ ਸਨਮੁਖ ਕੀਤਾ ਗਿਆ ਹੈ। ਇਸ ਤੋਂ ਅਗਲੇਰੇ ਭਾਗ ਵਿਚ ਕੇਂਦਰੀ ਪਾਤਰ ਦੀ ਉੱਚ ਮੱਧਵਰਗੀ ਜੀਵਨ-ਜਾਚ ਅਪਣਾਉਣ ਦੀ ਅਕਾਂਖਿਅਕ ਬਿਰਤੀ ਉਸ ਦੀ ਮਾਰਕਸਵਾਦੀ ਪ੍ਰਤਿਬੱਧਤਾ ਨੂੰ ਢਾਹ ਲਾਉਂਦੀ ਹੈ। ਭਾਵੇਂ ਇਸ ਉਪਰੰਤ ਉਸ ਅੰਦਰਲਾ ਕਾਮਰੇਡ ਮਰਦਾ ਨਹੀਂ ਪਰ ਉਸ ਦਾ ਬੌਧਿਕ ਚਿੰਤਨ ਮਧਵਰਗੀ ਦੁਬਿਧਾ ਦਾ ਸ਼ਿਕਾਰ ਜ਼ਰੂਰ ਬਣਦਾ ਹੈ।

ਇਸ ਨਾਵਲ ਦਾ ਕੇਂਦਰੀ ਲੋਕੇਲ ਪੰਜਾਬ ਦੇ ਲੁਧਿਆਣੇ ਦਾ ਇਲਾਕਾ ਹੈ। ਰਤਨ ਸਿੰਘ ਇਥੇ ਕਾਲਿਜ ਵਿਚ ਗਣਿਤ ਦਾ ਵਿਦਿਆਰਥੀ ਹੈ। ਰਤਨ ਸਿੰਘ ਵਿਦਿਆਰਥੀਆਂ ਵਿਚ ਇਨਕਲਾਬੀ ਜਾਗ੍ਰਿਤੀ ਪੈਦਾ ਕਰਨ ਅਤੇ ਜਥੇਬੰਦਕ ਕਾਰਵਾਈਆਂ ਨੂੰ ਅੰਜਾਮ ਦੇਣ ਵਾਲਾ ਪ੍ਰਤਿਨਿਧ ਪਾਤਰ ਹੈ। ਇਸ ਦੇ ਸਮਾਨਅੰਤਰ ਹੀ ਪ੍ਰੋ. ਸੰਧੂ ਵਰਗੇ ਮਧਵਰਗੀ ਬੋਧ ਨੂੰ ਢੋਣ ਦੇ ਆਹਰ ਵਿਚ ਲੱਗੇ ਕਾਮਰੇਡੀ ਪਾਤਰ ਵੀ ਚਿਤਰੇ ਗਏ ਹਨ। ਪ੍ਰੋ. ਸੰਧੂ ਲੁਕਵੇਂ ਰੂਪ ਵਿਚ ਰਤਨ ਸਿੰਘ ਦੀ ਮਦਦ ਕਰਨਾ ਚਾਹੁੰਦਾ ਹੈ ਪਰੰਤੂ ਉਹ ਆਪਣੀ ਸਰਕਾਰੀ ਨੌਕਰੀ ਨੂੰ ਕਿਸੇ ਵੀ ਤਰ੍ਹਾਂ ਦੇ ਖਤਰੇ ਤੋਂ ਬਚਾਈ ਰੱਖਣਾ ਵੀ ਲੋੜਦਾ ਹੈ। ਰਤਨ ਸਿੰਘ ਪ੍ਰੋ. ਸੰਧੂ ਦੇ ਇਸ ਪੈਂਤੜੇ ਤੋਂ ਵਾਕਫ ਹੈ ਪਰੰਤੂ ਉਸ ਦੀ ਸੋਚ ਹੈ ਕਿ 'ਪ੍ਰੋ. ਸੰਧੂ ਵਰਗੇ ਸਿਆਣੇ ਬੰਦੇ ਸਿਧਾਂਤਕ ਤੇ ਅਮਲੀ ਪੈਂਤੜੇ ਬਾਰੇ ਸਲਾਹ ਤਾਂ ਦੇ ਹੀ ਸਕਦੇ ਨੇ।'

ਮਾਰਕਸੀ ਵਿਚਾਰਧਾਰਾ ਅਤੇ ਕ੍ਰਾਂਤੀਕਾਰੀ ਲਹਿਰ ਦੇ ਸਮਾਜਵਾਦੀ ਸਿਧਾਂਤ ਅਮਰਜੀਤ ਸਿੰਘ ਦੀ ਨਾਵਲ ਨਿਗਾਰੀ ਦਾ ਮਰਕਜ਼ ਬਣਦੇ ਰਹੇ ਹਨ। ਨਾਵਲਕਾਰ ਇਸੇ ਵਿਚਾਰਧਾਰਾ ਦੀ ਲੋਅ ਵਿਚ ਇਨਕਲਾਬੀ ਪਾਤਰਾਂ ਦੀ ਸਿਰਜਣਾ ਕਰਦਾ ਹੈ। ਨਾਵਲਕਾਰ ਪਹਿਲੇ ਭਾਗ ਵਿਚ ਕਾਮਰੇਡ ਰਤਨ ਸਿੰਘ ਦੀਆਂ ਇਨਕਲਾਬੀ ਕਾਰਵਾਈਆਂ ਅਤੇ ਇਨਟੈਰੋਗੇਸ਼ਨ ਸੈਂਟਰ ਦੇ ਤਸੀਹਿਆਂ ਨੂੰ ਚਿਤਰ ਕੇ ਕੁਲਵਕਤੀ ਕਾਡਰ ਦੇ ਸੰਕਟਮਈ ਜੀਵਨ-ਯਥਾਰਥ ਨੂੰ ਉਲੀਕਦਾ ਹੈ। ਰਤਨ ਸਿੰਘ ਦੇ ਲਹਿਰ ਨਾਲ ਜੁੜਨ, ਗੁਪਤ ਵਾਸੀ ਹੋਣ ਅਤੇ ਲਹਿਰ ਦੇ ਖੇਰੂੰ-ਖੇਰੂੰ ਹੋਣ ਉਪਰੰਤ ਮੱਧਵਰਗੀ ਦੁਬਿਧਾਵਾਂ ਦੇ ਮਨੋ-ਸੰਕਟ ਨੂੰ ਹੰਢਾਉਣ ਦਾ ਗਲਪੀ ਚਿਤਰਨ ਲਹਿਰ ਦੇ ਤਤਕਾਲੀ ਇਤਿਹਾਸਕ ਯਥਾਰਥ ਨੂੰ ਸਨਮੁਖ ਕਰਦਾ ਹੈ। ਨਾਵਲਕਾਰ ਵੱਲੋਂ ਚਿਤਰਤ ਰਤਨ ਸਿੰਘ ਦਾ ਪਾਤਰ ਨਿਰਸੰਦੇਹ ਪ੍ਰਤਿਬੱਧ ਪਾਤਰ ਹੈ। ਇਸੇ ਦ੍ਰਿੜਤਾ ਸਦਕਾ ਉਹ ਇਨਟੈਰੋਗੇਸ਼ਨ ਦੇ ਤਸੀਹਿਆਂ ਨੂੰ ਝੱਲਣ ਉਪਰੰਤ ਵੀ ਲਹਿਰ ਨਾਲੋਂ ਨਾਤਾ ਤੋੜਨ ਦਾ ਬਿਆਨ ਦਰਜ ਨਹੀਂ ਕਰਵਾਉਂਦਾ।

ਪਰੰਤੂ ਲਹਿਰ ਦੀ ਨਿਘਰਦੀ ਹਾਲਤ ਅਤੇ ਸਮਾਜਵਾਦੀ ਅੰਦੋਲਨਾਂ ਵਿਚ ਆਮ ਲੋਕਾਂ ਦਾ ਘਟਦਾ ਸਮਰਥਨ ਰਤਨ ਸਿੰਘ ਦੀ ਸੋਚ ਨੂੰ ਨਵੇਂ ਚਿੰਤਨੀ ਅਯਾਮ ਵੱਲ ਤੋਰਦਾ ਹੈ। ਉਹ ਇਨਕਲਾਬੀ ਲਹਿਰ ਵਿਚਲੇ ਧੜੇਬੰਦੀ ਦੇ ਸੰਕਟ ਨੂੰ ਪ੍ਰਤਿਬੱਧ ਵਿਚਾਰਾਂ ਦੇ ਔਝੜੇ ਪੈਣ ਵਜੋਂ ਲੈਂਦਾ ਹੈ ਅਤੇ ਆਪਣੇ ਆਪ ਨੂੰ ਇਕ ਵੱਖਰੀ ਲੀਹ 'ਤੇ ਚੱਲਣ ਲਈ ਰਾਜ਼ੀ ਕਰ ਲੈਂਦਾ ਹੈ। ਬਿਰਤਾਂਤ ਵਿਚ ਇਸ ਉਪਰੰਤ ਵਿਆਹ ਕਰਵਾ ਕੇ ਮਧਵਰਗੀ ਜੀਵਨ-ਜਾਚ ਨੂੰ ਸਮਰਪਤ ਰਤਨ ਸਿੰਘ ਦਾ ਕਿਰਦਾਰ ਸਨਮੁਖ ਹੁੰਦਾ ਹੈ। ਰਤਨ ਸਿੰਘ ਆਦਰਸ਼ਕ ਪ੍ਰਤਿਬੱਧਤਾ ਨੂੰ ਢਾਹ ਲੱਗਣ ਦੇ ਮਨੋ-ਸੰਕਟ ਦਾ ਵਿਕਲਪ ਔਰਤ ਨਾਲ ਜਿਨਸੀ ਸੰਬੰਧਾਂ ਦੀ ਪੂਰਤੀ ਵਿਚੋਂ ਤਲਾਸ਼ਦਾ ਹੈ। ਨਾਵਲਕਾਰ ਨੇ ਪਾਤਰ ਦੇ ਦੋਹਰੇ ਮਨੋ-ਸੰਕਟ ਅਤੇ ਦੁਖਾਂਤ ਨੂੰ ਇਤਿਹਾਸਕ ਰੇਖਾ ਵਿਚ ਚਿਤਰਿਆ

ਹੈ। ਕੇਂਦਰੀ ਪਾਤਰ ਰਤਨ ਸਿੰਘ ਇਸ ਤੋਂ ਅਗਲੇਰੇ ਬਿਰਤਾਂਤ ਵਿਚ ਮਾਨਸਿਕ ਅੰਤਰ-ਵਿਰੋਧਾਂ ਵਿਚ ਘਿਰਿਆ ਦੋਹਰੀ ਸਥਿਤੀ ਨੂੰ ਭੋਗਦਾ ਹੈ। ਨਾਵਲਕਾਰ ਪਾਤਰ ਦੀ ਅਸਾਵੀਂ ਮਨੋ-ਅਵਸਥਾ ਦੇ ਪਰਿਪੇਖ ਵਿਚ ਉਸ ਦੇ ਪਹਿਲੇ ਵਿਆਹ ਦੀ ਅਸਫ਼ਲਤਾ ਨੂੰ ਵੀ ਉਲੀਕਦਾ ਹੈ। ਜੀਵਨ-ਪੰਧ ਦੇ ਪਹਿਲੇ ਪਹਿਰ ਵਿਚ ਦੋ ਵੱਡੀਆਂ ਅਸਫ਼ਲਤਾਵਾਂ ਨੂੰ ਅਨੁਭਵ ਕਰਨ ਉਪਰੰਤ ਰਤਨ ਸਿੰਘ ਮਨੋ-ਸਮਾਜਕ ਸਥਿਤੀ ਦੇ ਸੱਚ ਨੂੰ ਤਜ ਕੇ ਔਰਤ ਦੀ ਸਰੀਰਕ ਨੇੜਤਾ ਦੇ ਅਹਿਸਾਸ ਨੂੰ ਭੋਗਣ ਲਈ ਵਰਜਤ ਜਾਂ ਵਿਆਹ-ਬਾਹਰੇ ਸੰਬੰਧਾਂ ਦਾ ਅਨੈਤਿਕ ਵਿਕਲਪ ਚੁਣਦਾ ਹੈ। ਨਾਵਲਕਾਰ ਰਤਨ ਸਿੰਘ ਦੀਆਂ ਜਿਨਸੀ ਖਾਹਿਸ਼ਾਂ ਦੇ ਵਹਿਣ ਨੂੰ ਭਾਵੇਂ ਸਿੱਧੇ ਤੌਰ 'ਤੇ ਫ਼ਰਾਇਡੀਅਨ ਚੇਤਨਤਾ ਦੇ ਆਧਾਰ 'ਤੇ ਅਗਰਭੂਮਿਤ ਨਹੀਂ ਕਰਦਾ ਪਰੰਤੂ ਅਵਚੇਤਨੀ ਤੌਰ 'ਤੇ ਇਹ ਸਿਧਾਂਤ-ਚੇਤਨਾ ਪਾਤਰ-ਸਿਰਜਣਾ ਦਾ ਅਧਾਰ ਜ਼ਰੂਰ ਬਣਦੀ ਹੈ। ਰਤਨ ਸਿੰਘ ਪਰਿਵਾਰਕ ਅਤੇ ਸਮਾਜਕ ਪਰਿਸਥਿਤੀਆਂ ਦੀ ਪ੍ਰਤਿਕੂਲਤਾ ਦੇ ਸੰਕਟ ਦੇ ਮਨੋ-ਵਿਸ਼ਾਦੀ ਅਮਲ ਤੋਂ ਨਿਰਲੇਪ ਰਹਿਣ ਲਈ ਪ੍ਰੋ. ਸੰਧੂ ਦੀ ਪਤਨੀ ਗੁਰਜੀਤ ਨਾਲ ਸਰੀਰਕ ਸੰਬੰਧਾਂ ਦੇ ਹੁਲਾਸ ਨੂੰ ਮਾਨਣ ਦਾ ਅਨੈਤਿਕ ਕਾਰਜ ਕਰਦਾ ਹੈ। ਉਸ ਅੰਦਰ ਪੈਦਾ ਹੋਈ ਸਰਮਾਇਆ ਅਤੇ ਪ੍ਰਤਿਸ਼ਠਾ ਹਾਸਲ ਕਰਨ ਦੀ ਅਨੈਤਿਕ ਬਿਰਤੀ ਵੀ ਇਸੇ ਸੰਕਟ ਦੇ ਸਨਮੁਖ ਤਲਾਫੀਆ ਮਾਨਵੀ ਪ੍ਰਵਿਰਤੀ ਦਾ ਬਿੰਬ ਸਿਰਜਦੀ ਹੈ। ਉਹ ਦੇਹਵਾਦੀ ਅਤੇ ਸਰਮਾਏਦਾਰੀ ਰੁਚੀਆਂ ਵਿਚ ਐਨਾ ਗ੍ਰਸਤ ਹੋ ਜਾਂਦਾ ਹੈ ਕਿ ਦੂਸਰੀ ਪਤਨੀ ਚਰਨੀ ਦੇ ਸੁਹਿਰਦ ਭਾਵ ਨੂੰ ਅਣਗੌਲੇ ਕਰਦਾ ਹੈ ਅਤੇ ਪੱਤਰਕਾਰੀ ਵਰਗੇ ਲੋਕ ਹਿਤੈਸ਼ੀ ਕਾਰਜ ਨੂੰ ਵੀ ਆਪਣੇ ਸਵਾਰਥੀ ਹਿਤਾਂ ਦੀ ਪੂਰਤੀ ਲਈ ਵਰਤਣੋਂ ਗੁਰੇਜ਼ ਨਹੀਂ ਕਰਦਾ।

ਐਸ਼ੋ-ਇਸ਼ਰਤ ਦੇ ਰਾਹ ਤੁਰੇ ਰਤਨ ਸਿੰਘ ਨੂੰ ਦੋ ਦਹਾਕੇ ਬੀਤਣ ਉਪਰੰਤ ਕਾਮਰੇਡ ਪੰਡਿਤ ਦੀ ਮੌਤ ਉਸ ਨੂੰ ਫਿਰ ਤੋਂ ਇਨਕਲਾਬੀ ਲਹਿਰ ਦੇ ਦਮਨਕਾਰੀ ਦੌਰ ਅਤੇ ਤਤਕਾਲੀ ਵਿਵਸਥਾ ਬਾਰੇ ਸੋਚਣ 'ਤੇ ਮਜਬੂਰ ਕਰ ਦਿੰਦੀ ਹੈ। ਪਰੰਤੂ ਉਪਭੋਗੀ ਸਿਸਟਮ ਵਿਚ ਗ੍ਰੱਸਿਆ ਉਸ ਦਾ ਉੱਚ ਮੱਧਵਰਗੀ ਬੋਧ ਉਸ ਦੇ ਕ੍ਰਾਂਤੀਕਾਰੀ ਸਿਮਰਤੀ ਅੰਸ਼ਾਂ ਨੂੰ ਦਮਿਤ ਕਰਕੇ ਨਵਾਂ ਪੈਂਤੜਾ ਉਲੀਕਦਾ ਹੈ ਕਿ 'ਹਾਰੀ ਹੋਈ ਬਾਜ਼ੀ ਨੂੰ ਮੁੜ ਕੇ ਮੁਢੋਂ-ਸੁਢੋਂ ਹਰੀ ਨਹੀਂ ਕੀਤਾ ਜਾ ਸਕਦਾ।'

ਅਮਰਜੀਤ ਸਿੰਘ ਦੇ ਇਸ ਨਾਵਲ ਦਾ ਰਚਨਾ ਸੁਭਾਉ ਪ੍ਰਤਿਰੂਪਕ ਗਲਪ ਵਾਲਾ ਹੈ। ਇਸ ਦਾ ਵਸਤੂ ਵਿਧਾਨ ਪੰਜਾਬ ਵਿਚਲੀ ਇਨਕਲਾਬੀ ਲਹਿਰ ਦੀਆਂ ਸਰਗਰਮੀਆਂ 'ਤੇ ਆਧਾਰਤ ਹੈ; ਇਸੇ ਸਦਕਾ ਨਾਵਲ ਦਾ ਵਸਤੂ-ਨਿਸ਼ਠ ਪੱਖ ਸੰਭਾਵੀ ਯਥਾਰਥ ਦੇ ਨੇੜੇ ਜਾਪਦਾ ਹੈ। ਨਾਵਲਕਾਰ ਨੇ ਪਰੰਪਰਕ ਸਰਬ ਗਿਆਤਾ ਵਰਣਨੀ-ਵਿਧੀ ਰਾਹੀਂ ਨਾਵਲ ਦੀ ਬਿਰਤਾਂਤਕਾਰੀ ਨਿਭਾਈ ਹੈ। ਜਿਸ ਵਿਚ ਪਾਤਰਾਂ ਦੇ ਪਰਸਪਰ ਡਾਇਲਾਗ, ਬਿਰਤਾਂਤਕ ਸੰਵਾਦ ਅਤੇ ਮਨੋਲਾਗ ਜਿਹੀਆਂ ਫ਼ੋਕਸੀਕਰਨ ਦੀਆਂ ਵਿਭਿੰਨ ਸੰਭਾਵਨਾਵਾਂ ਦੀ ਸਫ਼ਲ ਪੇਸ਼ਕਾਰੀ ਹੋਈ ਹੈ। ਕਈ ਥਾਵਾਂ 'ਤੇ ਬਿਰਤਾਂਤਕਾਰ ਦੇ ਮਾਰਕਸੀ ਫ਼ਲਸਫੇ ਦੇ ਤਰਕਯੁਕਤ ਸੰਵਾਦ ਨਾਵਲਕਾਰ ਦੀ ਪ੍ਰਤਿਬੱਧ ਸੋਚ ਦੀ ਸੋਅ ਦਿੰਦੇ ਜਾਪਦੇ ਹਨ। ਪਾਤਰ ਉਸਾਰੀ ਅਤੇ ਸਥਿਤੀਆਂ ਦੇ ਸੰਭਾਵੀ ਯਥਾਰਥ ਨੂੰ ਉਲੀਕਣ ਹਿਤ ਮਨੋਵਿਗਿਆਨਕ ਦ੍ਰਿਸ਼ਟੀ-ਬਿੰਦੂ ਅਤੇ ਸਾਮਿਅਕ ਦ੍ਰਿਸ਼ਟੀ-ਬਿੰਦੂ ਦੀ ਸਾਪੇਖਤਾ ਅਤੇ ਸਾਰਥਕਤਾ ਵੀ ਉਜਾਗਰ ਹੁੰਦੀ ਹੈ। ਸਮੁੱਚੇ ਤੌਰ 'ਤੇ ਇਹ ਨਾਵਲ ਮੂਲ ਰੂਪ ਵਿਚ ਇਨਕਲਾਬੀ ਲਹਿਰ ਨਾਲੋਂ ਵੱਖ ਹੋਏ ਪਾਤਰਾਂ ਦੀ ਅਖੌਤੀ ਪ੍ਰਤਿਬੱਧਤਾ, ਸਾਹਿਤਕ ਸਮਾਗਮਾਂ ਵਿਚ ਹੁੰਦੇ ਨੈਤਿਕਤਾ ਦੇ ਘਾਣ ਅਤੇ ਪੀਲੀ ਪੱਤਰਕਾਰੀ ਦੇ ਸਵਾਰਥੀ ਹਿਤਾਂ ਦੇ ਪਾਜ ਉਘਾੜਨ ਵਾਲਾ ਸਫ਼ਲ ਨਾਵਲ ਹੈ।

-ਡਾ. ਰਾਜਵੰਤ ਕੌਰ

ਨਮਸਕਾਰ (ਕਹਾਣੀ ਸੰਗ੍ਰਹਿ) ਦਰਸ਼ਨ ਜੋਗਾ

'ਨਮਸਕਾਰ' (ਪੰਨੇ 103, ਮੁੱਲ 130 ਰੁਪਏ, ਲੋਕਗੀਤ ਪ੍ਰਕਾਸ਼ਨ, ਚੰਡੀਗੜ੍ਹ) ਨਵੀਂ ਪੀੜ੍ਹੀ ਦੇ ਕਹਾਣੀਕਾਰ ਦਰਸ਼ਨ ਜੋਗਾ ਦਾ ਪਲੇਠਾ ਕਥਾ-ਸੰਗ੍ਰਹਿ ਹੈ, ਜਿਸ ਵਿਚ ਨੌਂ ਕਹਾਣੀਆਂ

ਸ਼ਾਮਲ ਹਨ। ਇਹ ਕਹਾਣੀਆਂ ਪੇਂਡੂ ਤੇ ਕਸਬਾਈ ਜੀਵਨ-ਯਥਾਰਥ ਦੇ ਤੇਜ਼ੀ ਨਾਲ ਬਦਲਦੇ ਸਰੋਕਾਰਾਂ ਦਾ ਗ਼ਲਪੀ-ਸੱਚ ਹਨ। ਪਿਛਲੇ ਦੋ ਦਹਾਕਿਆਂ ਦੌਰਾਨ ਪੰਜਾਬ ਦੀਆਂ ਬਦਲੀਆਂ ਵਸਤੂ-ਸਥਿਤੀਆਂ ਦੇ ਪ੍ਰਸੰਗ ਵਿਚ ਪੇਂਡੂ ਤੇ ਸ਼ਹਿਰੀ ਸਮਾਜ ਦੇ ਮੱਧ ਵਰਗ ਤੇ ਨਿਮਨ ਵਰਗ ਨੂੰ ਦਰਪੇਸ਼ ਸੰਕਟਾਂ ਨੂੰ ਲੇਖਕ ਨੇ ਦੁਖਾਂਤਕ ਭਾਵ-ਬੋਧ ਦੁਆਰਾ ਚਿਤਰਿਆ ਹੈ। ਕਹਾਣੀਆਂ ਵਿਚ ਪਾਤਰਾਂ ਦੀ ਮਾਨਸਿਕ ਉਥਲ-ਪੁਥਲ, ਬਿਰਤਾਂਤ ਦੀ ਫਲੈਸ਼ ਬੈਕ ਤੋਰ, ਪਾਤਰਾਂ ਦੇ ਆਤਮ-ਸੰਵਾਦ, ਉੱਤਮ ਪੁਰਖੀ ਕਥਾ-ਜੁਗਤ, ਮਨੋ-ਸਥਲ 'ਤੇ ਉਸਰਦਾ ਸੂਚਨਾਮੁਖੀ ਬਿਰਤਾਂਤ ਅਤੇ ਹਰ ਕਹਾਣੀ ਵਿਚ ਮੌਤ-ਚਿੰਤਨ ਨਾਲ ਜੁੜੇ ਸਰੋਕਾਰ ਇਹਨਾਂ ਰਚਨਾਵਾਂ ਨੂੰ ਥੀਮਿਕ ਤੇ ਸੁਹਜ-ਸੰਚਾਰ ਪੱਖੋਂ ਦੁਹਰਾਅ-ਮੂਲਕ ਕਥਾ-ਪੈਟਰਨ ਨਾਲ ਜੋੜਦੇ ਹਨ। ਕਹਾਣੀਆਂ ਵਿਚ ਰਚਨਾਕਾਰ ਦੀ ਤਰੱਕੀ ਪਸੰਦ, ਆਸ਼ਾਵਾਦੀ ਤੇ ਆਦਰਸ਼ਵਾਦ ਦੇ ਬਦਲਦੇ ਪ੍ਰਤਿਮਾਨਾਂ ਵਾਲੀ ਚਿੰਤਨ-ਦ੍ਰਿਸ਼ਟੀ ਝਲਕਦੀ ਹੈ। ਇਹਨਾਂ ਰਚਨਾਵਾਂ ਦੇ ਜਟਿਲ ਬਿਰਤਾਂਤ, ਵਸਤੂ-ਜਗਤ ਦੇ ਸਮਕਾਲੀ ਯਥਾਰਥ ਅੰਦਰ ਪਰੰਪਰਾਗਤ ਕੰਮ ਧੰਦਿਆਂ ਦੇ ਬਦਲਦੇ ਸਰੂਪ, ਖੇਤੀ ਸੈਕਟਰ ਦੇ ਸੰਕਟ, ਰਿਸ਼ਤਿਆਂ ਦੀ ਖਿੰਡ-ਪੁੰਡ, ਜੀਵਨ-ਮੁੱਲਾਂ ਦੇ ਵਿਗਠਨ ਤੇ ਮੌਜੂਦਾ ਜੀਵਨ-ਸ਼ੈਲੀ ਦੇ ਖੋਖਲੇਪਣ, ਸਵਾਰਥੀ ਤੇ ਆਪਾ ਕੇਂਦਰਤ ਵਿਵਹਾਰ ਨੂੰ ਗੁੰਝਲਦਾਰ ਕਥਾ-ਜੁਗਤਾਂ ਦੇ ਮਾਧਿਅਮ ਨਾਲ ਰੂਪਮਾਨ ਕਰਦੇ ਹਨ। ਕਹਾਣੀਆਂ ਦੇ ਪਾਤਰਾਂ ਦੀਆਂ ਮਾਨਸਿਕ ਘੁੰਮਣਘੇਰੀਆਂ ਪਿਛਲਾ ਬਿਰਤਾਂਤਕ ਤਰਕ ਉਸਾਰਨ ਲਈ ਲੇਖਕ ਨੇ ਮੌਤ-ਚਿੰਤਨ ਨੂੰ ਆਪਣੀ ਹਰ ਕਥਾ ਦਾ ਆਧਾਰ-ਸਰੋਤ ਬਣਾਇਆ ਹੈ।

'ਨਮਸਕਾਰ' ਕਹਾਣੀ ਵਿਚ ਉੱਤਮ-ਪੁਰਖੀ ਔਰਤ ਪਾਤਰ ਦੀ ਮਾਂ ਦਾ ਸਦੀਵੀ ਵਿਛੋੜਾ ਉਸਦੀ ਜ਼ਿੰਦਗੀ ਦੀ ਬੇਤਰਤੀਬੀ ਦਾ ਕਾਰਨ ਬਣਦਾ ਹੈ। 'ਕੱਚੀਆਂ ਇੱਟਾਂ' ਕਹਾਣੀ ਵਿਚ ਸੀਰੀ ਜੈਲੇ ਦੀ ਮੌਤ ਪਿੱਛੋਂ ਉਸਦੇ ਪਰਿਵਾਰ ਦੀਆਂ ਆਰਥਿਕ ਤੰਗੀਆਂ ਹੋਰ ਭਿਆਨਕ ਹੋ ਉੱਠਦੀਆਂ ਹਨ ਪਰ ਉਸਦਾ ਪੁੱਤਰ ਸੀਰੀਪੁਣੇ ਤੋਂ ਕਿਨਾਰਾ ਕਰਕੇ ਸ਼ਹਿਰੀ ਸਮਾਜ ਵਿਚ ਸਕਿਲਡ ਵਰਕਰ ਵਜੋਂ ਦਾਖਲ ਹੁੰਦਾ ਪੇਂਡੂ ਸਮਾਜ ਦੀ ਆਰਥਿਕ ਤੇ ਸਮਾਜਕ ਜ਼ਿੱਲਤ ਤੋਂ ਛੁਟਕਾਰਾ ਪਾਉਂਦਾ ਹੈ। 'ਛਲ' ਕਹਾਣੀ ਵਿਚ ਤੇਜੋ ਦੀ ਮੌਤ ਉਸਦੇ ਜੀਵਨ-ਸਾਥੀ ਦੇ ਇਕਲਾਪੇ ਤੇ ਅਲਗਾਵ ਨੂੰ ਹੋਰ ਵਧਾਉਂਦੀ ਰਿਸ਼ਤਾ-ਨਾਤਾ ਪ੍ਰਬੰਧ ਦੀ ਸਮਾਜਕ ਤੇ ਗ਼ੈਰ-ਸਮਾਜਕ ਪ੍ਰਵਾਨਗੀ ਦਾ ਕਥਾ-ਚਿੰਤਨ ਹੈ। ਕਹਾਣੀ ਵਿਚ ਤਾਰਾ ਸਿੰਘ ਦੀ ਮਾਨਸਿਕ ਮੌਤ ਦਾ ਕਾਰਨ ਉਸਦੀ ਜੀਵਨ-ਸਾਥਣ ਤੇਜੋ ਦੀ ਭੌਤਿਕ ਮੌਤ ਬਣਦੀ ਹੈ। 'ਟੈਂਅ' ਕਹਾਣੀ ਵਿਚ ਸੁਨਿਆਰੇ ਦਾ ਕੰਮ ਕਰਦੇ ਜਨਕ ਦੇ ਪੁੱਤਰ ਦੀ ਮੌਤ ਪਿੱਛੋਂ ਉਸਦੀ ਚਲਾਕ ਨੂੰਹ ਮੀਨਾਕਸ਼ੀ ਆਪਣੇ ਪੁੱਤਰ ਨਾਲ ਮਿਲ ਕੇ ਨਵਾਂ ਸ਼ੋਅ ਰੂਮ ਖੋਲ੍ਹਦੇ ਹਨ। ਇਹ ਸ਼ੋਅ ਰੂਮ ਜਨਕ ਦੀ ਪਰੰਪਰਕ ਸੋਚ, ਮੁੱਲ-ਵਿਧਾਨ ਅਤੇ ਉਸਦੀ ਹੋਂਦ 'ਤੇ ਸੰਕਟ ਦੇ ਬੱਦਲਾਂ ਵਾਂਗ ਮੰਡਰਾਉਂਦਾ ਹੈ। ਜਨਕ ਦਾ ਪੋਤਾ ਰਵੀ ਆਪਣੇ ਦਾਦਾ ਜਨਕ ਤੋਂ ਸੋਨੇ ਦੇ ਵਪਾਰ ਦਾ ਤਜਰਬਾ ਲੈਣ ਦੀ ਥਾਂ ਕੰਮ ਧੰਦਿਆਂ ਦੇ ਬਦਲਦੇ ਸਰੂਪ ਦੇ ਚਮਕ-ਦਮਕ ਵਾਲੇ ਵਹਿਣ ਵਿਚ ਵਹਿ ਤੁਰਦਾ ਹੈ। 'ਗੁਆਚਿਆ ਹੋਇਆ ਘਰ' ਵਿਚ ਉੱਤਮ -ਪੁਰਖੀ ਔਰਤ ਬਿਰਤਾਂਤਕਾਰ ਪਤੀ ਦੀ ਮੌਤ ਪਿੱਛੋਂ ਪੁੱਤਰ ਰਾਜਨ ਤੇ ਨੂੰਹ ਮਮਤਾ ਦੀਆਂ ਵਧੀਕੀਆਂ ਦਾ ਸ਼ਿਕਾਰ ਹੈ। ਉਸਦੇ ਮਨੋ-ਵੇਰਵਿਆਂ ਦੀ ਬੇਤਰਤੀਬੀ 'ਘਰ' ਦੀ ਪਰਿਵਾਰਕ ਸਾਂਝ ਤੇ ਅਪਣੱਤ ਦੇ ਸੰਕਲਪ ਨੂੰ ਤਲਾਸ਼ਦੀ ਹੈ।

ਕਹਾਣੀ 'ਪੌੜੀ' ਵਿਚ ਮੱਧਵਰਗੀ ਜੀਵਨ-ਸ਼ੈਲੀ ਦੇ ਪ੍ਰਫੈਸਰ ਪਾਤਰ ਦੀ ਦੁਬਿਧਾਪੂਰਨ ਮਨੋ-ਸਥਿਤੀ ਦਾ ਰੌਚਿਕ ਕਥਾ-ਵੇਰਵਾ ਹੈ। ਕਾਲਿਜ ਵਿਚ ਲੈਕਚਰਾਰ ਲੱਗਣ ਲਈ ਕੋਈ ਔਰਤ ਪ੍ਰੋਫੈਸਰ ਦੇ ਨਜ਼ਦੀਕ ਹੋ ਕੇ ਉਸਨੂੰ ਹਮਬਿਸਤਰੀ ਲਈ ਮਜਬੂਰ ਕਰਦੀ ਹੈ, ਜਿਸਦਾ ਖਮਿਆਜ਼ਾ ਮੁੱਖ ਪਾਤਰ ਨੂੰ ਉਸਦੀ ਇੱਛਾ ਪੂਰੀ ਕਰਨ ਦੇ ਨਾਲ-ਨਾਲ ਆਪਣੀ ਮਾਨਸਿਕ ਘੁਟਣ, ਡਰ ਮਾਨਸਿਕਤਾ ਤੇ ਡਾਵਾਂ-ਡੋਲ ਜੀਵਨ-ਵਿਹਾਰ ਦੇ ਰੂਪ ਵਿਚ ਦੇਣਾ ਪੈਂਦਾ ਹੈ। ਔਰਤ ਲੈਕਚਰਾਰ ਬੇ

-ਰੁਜ਼ਗਾਰੀ ਦੀ ਸ਼ਿਕਾਰ ਹੈ ਪਰ ਉਸਦਾ ਆਦਰਸ਼ਵਾਦ ਆਪਣੀ ਕਿਸਮ ਦਾ ਹੈ। ਕਹਾਣੀ ਦਾ ਬਹੁ-ਪਰਤੀ ਬਿਰਤਾਂਤ ਮੱਧ ਵਰਗੀ ਜੀਵਨ-ਸ਼ੈਲੀ ਦੀ ਮਾਨਸਿਕ ਘੁਟਣ ਤੇ ਨਿੱਜਵਾਦ ਨੂੰ ਸੁਭਾਵਕ ਢੰਗ ਨਾਲ ਪੇਸ਼ ਕਰਦਾ ਹੈ।

'ਜਾਏ ਵੱਢੀ' ਕਹਾਣੀ ਵੀ ਹਰਮੇਲ ਨਾਂ ਦੇ ਹੌਲਦਾਰ ਸ਼ਰਾਬੀ ਦੀ ਮੌਤ ਪਿੱਛੋਂ ਉਸਦੀ ਪਤਨੀ ਦੇ ਪਰਿਵਾਰਕ ਤੇ ਸਮਾਜਕ ਸੰਕਟਾਂ ਦਾ ਪਿੱਛਲਝਾਤ ਵਿਧੀ ਨਾਲ ਉਸਾਰਿਆ ਬਿਰਤਾਂਤ ਹੈ। ਹਰਮੇਲ ਦੀ ਧੀ ਸਮਾਧੀ ਮਾਂ ਤੋਂ ਬਾਹਰੀ ਹੋ ਕੇ ਅੰਤਰ ਜਾਤੀ ਵਿਆਹ ਕਰਵਾ ਲੈਂਦੀ ਹੈ। ਕਥਾ-ਬਿਰਤਾਂਤ ਸਮਾਧੀ ਦੇ ਘਰੋਂ ਦੌੜਨ ਤੋਂ ਮਾਂ ਦੇ ਮਨੋ-ਵੇਰਵਿਆਂ ਦੇ ਰੂਪ ਵਿਚ ਸ਼ੁਰੂ ਹੁੰਦਾ ਹੈ ਤੇ ਹੌਲੀ ਹੌਲੀ ਬਿਰਤਾਂਤ ਦੀਆਂ ਸਮੂਹ ਸਥਿਤੀਆਂ ਖੁੱਲ੍ਹਦੀਆਂ ਜਾਂਦੀਆਂ ਹਨ। ਕਹਾਣੀ ਵਿਚਲਾ ਦਰਸ਼ਨ ਇਸ਼ਾਰਾ ਕਰਦਾ ਹੈ ਕਿ ਪਿਤਾ-ਪ੍ਰਬੰਧ ਦੀਆਂ ਅਵੈਜ਼ ਰੁਚੀਆਂ 'ਘਰ' ਦੇ ਸੰਕਲਪ ਨੂੰ ਹੀ ਨਹੀਂ ਖੋਰਦੀਆਂ ਸਗੋਂ ਅਗਲੀ ਨਸਲ ਦੀ ਦੁਖਾਂਤਕ ਸਥਿਤੀ ਦਾ ਕਾਰਨ ਵੀ ਬਣਦੀਆਂ ਹਨ। 'ਫੇਰ ਕੀ' ਕਹਾਣੀ ਦਾ ਆਸ਼ਾਵਾਦੀ ਪ੍ਰਵਚਨ ਭਰਾਵਾਂ ਦੀ ਟੁੱਟਦੀ ਸਾਂਝ ਨੂੰ ਅਗਲੀ ਪੀੜ੍ਹੀ ਦੀ ਉਸਾਰੂ ਸੋਚ ਦੁਆਰਾ ਰੂਪਮਾਨ ਕਰਦਾ ਹੈ। ਸੁਖਵੀਰ ਬੇਸ਼ੱਕ ਆਪਣੇ ਭਰਾ ਤੇ ਪਰਿਵਾਰ ਦਾ ਸਤਾਇਆ ਹੈ ਪਰ ਉਸਦਾ ਭਤੀਜਾ ਸੁਖਵੀਰ ਨੂੰ ਆਪਣੇ ਵਿਆਹ ਦਾ ਪਹਿਲਾ ਕਾਰਡ ਫੜਾ ਕੇ ਪਰਿਵਾਰਕ ਸਾਂਝ ਦਾ ਸੁਨੇਹਾ ਦਿੰਦਾ ਹੈ। 'ਟੰਡਲੀ ਅਜੇ ਵੀ ਸਾਹਮਣੇ ਹੈ' ਕਹਾਣੀ ਪੇਂਡੂ ਸਮਾਜ ਵਿਚ ਜ਼ਮੀਨ ਦੀ ਵੰਡ-ਵੰਡਾਈ ਦੇ ਮਸਲੇ ਨੂੰ ਮੁਖਾਤਿਬ ਹੋਣ ਦੇ ਨਾਲ-ਨਾਲ ਖੇਤੀ ਦੇ ਸੰਕਟ, ਨਸ਼ੇ ਖੋਰੀ ਤੇ ਕਿਸਾਨੀ ਪਰਿਵਾਰਾਂ ਦੀ ਆਰਥਿਕ ਖਿੱਚੋਤਾਣ ਦਾ ਬਿਰਤਾਂਤ ਹੈ। ਸੁਰਜਨ ਸਿੰਘ ਪੁੱਤਰ ਦੇ ਨਸ਼ੇੜੀ ਜੀਵਨ ਤੋਂ ਦੁਖੀ ਹੋ ਕੇ ਆਪਣੀ ਜ਼ਮੀਨ ਪੋਤੇ-ਪੋਤੀ ਦੇ ਨਾਂ ਕਰਾਉਣੀ ਚਾਹੁੰਦਾ ਹੈ ਪਰ ਇਸ ਫੈਸਲੇ ਨੂੰ ਨਸ਼ੇੜੀ ਪੁੱਤਰ ਆਪਣੀ 'ਮੌਤ' ਨਾਲ ਜੋੜਦਾ ਹੈ

ਪੁਸਤਕ ਦੀਆਂ ਸਾਰੀਆਂ ਕਹਾਣੀਆਂ ਦੇ ਬਿਰਤਾਂਤਕ ਪ੍ਰਸੰਗ ਪਾਤਰਾਂ ਦੀ ਮਨੋ-ਭੂਮੀ 'ਤੇ ਉਸਰਦੇ ਹਨ। 'ਨਮਸਕਾਰ' ਦਾ ਫਲੈਸ਼ਬੈਕ ਬਿਰਤਾਂਤ ਉੱਤਮ-ਪੁਰਖੀ ਔਰਤ ਪਾਤਰ ਹਰਮਨ ਦੇ ਘਰ ਉਸਦੀ ਮਾਤਾ ਨਮਿਤ ਰੱਖੇ ਭੋਗ ਦੇ ਦ੍ਰਿਸ਼ ਤੋਂ ਸ਼ੁਰੂ ਹੁੰਦਾ ਬਿਰਤਾਂਤਕ ਪਰਤਾਂ ਦਾ ਸੰਸਾਰ ਖੜ੍ਹਾ ਕਰ ਦਿੰਦਾ ਹੈ। ਪਿਤਾ ਧੀ ਪ੍ਰਤੀ ਨਕਾਰਾਤਮਕ ਸੋਚ ਰੱਖਦਾ ਹੈ। ਮਾਂ ਦੀ ਮੌਤ ਹੋ ਚੁੱਕੀ ਹੈ। ਭੂਆ ਤੇ ਦਾਦੀ ਦੀ ਸੋਚ ਵੀ ਪੁਜ਼ੀਸ਼ਨ ਕੇਂਦਰਤ ਹੈ। ਇਹਨਾਂ ਸਥਿਤੀਆਂ ਵਿਚ ਲੇਖਕ ਨੇ ਮੈਂ ਪਾਤਰ ਦੇ ਮਨੋ-ਸਥਲ 'ਤੇ ਉਸਰੇ ਬਿਰਤਾਂਤ ਦੀਆਂ ਮਹੀਨ ਤੋਂ ਮਹੀਨ ਪਰਤਾਂ ਨੂੰ ਉਜਾਗਰ ਕੀਤਾ ਹੈ। ਅਜਿਹੀ ਸਥਿਤੀ ਹੀ ਦੂਜੀਆਂ ਕਹਾਣੀਆਂ ਦੀ ਹੈ। 'ਕੱਚੀਆਂ ਇੱਟਾਂ' ਵਿਚ ਵੀ ਦੁਖਾਂਤ ਭਾਰੂ ਹਨ ਪਰ 'ਨਮਸਕਾਰ' ਦੀ ਮੈਂ ਪਾਤਰ ਵਾਂਗ ਸੰਘਰਸ਼ ਜਾਰੀ ਹੈ। ਕਹਾਣੀਆਂ ਦੇ ਬਜ਼ੁਰਗ ਪਾਤਰ ਪੀੜ੍ਹੀ-ਪਾਤੇ ਕਾਰਨ ਸੰਕਟ ਵਿਚ ਹਨ। ਹਰ ਕਹਾਣੀ ਦਾ ਆਰੰਭ ਮੁੱਖ ਪਾਤਰ ਦੀ ਮਾਨਸਿਕ ਕਸ਼ਮਕਸ਼ ਨਾਲ ਹੋਇਆ ਹੈ, ਜਿਸ ਪਿੱਛੋਂ ਪਾਤਰਾਂ ਦਾ ਅੰਦਰੂਨੀ ਸੰਸਾਰ ਉਹਨਾਂ ਦੇ ਬਾਹਰੀ ਜਗਤ 'ਤੇ ਭਾਰੂ ਦਿਸਦਾ ਪੇਸ਼ ਹੋਇਆ ਹੈ।

ਲੇਖਕ ਨੇ ਕਹਾਣੀਆਂ ਨੂੰ ਸੂਚਨਾਮੁਖੀ ਬਿਰਤਾਂਤ ਦੁਆਰਾ ਵੀ ਅੱਗੇ ਤੋਰਿਆ ਹੈ। ਭਾਸ਼ਾਈ ਚੇਤਨਾ ਪੱਖੋਂ ਹਰ ਮਨੋ-ਸਥਿਤੀ ਤੇ ਪ੍ਰਵਰਗ ਦੇ ਪਾਤਰ ਆਪਣੇ-ਆਪਣੇ ਦਾਇਰਿਆਂ ਅਧੀਨ ਰਹਿੰਦੇ ਹਨ। ਵਾਰਤਾਲਾਪ ਸੰਜਮੀ ਤੇ ਬਹੁ-ਅਰਥੀ ਹੈ।

ਸਮਕਾਲੀ ਕਹਾਣੀ ਵਿਚ 'ਮੈਂ' ਪਾਤਰ ਦੀ ਭਾਰੂ ਚੇਤਨਾ ਇਕ ਸੰਕਟ ਦਾ ਰੂਪ ਧਾਰ ਗਈ ਹੈ। ਇਸ ਨਾਲ ਲੇਖਕ ਦੀ ਕਥਾ-ਦ੍ਰਿਸ਼ਟੀ, ਗੌਣ ਪਾਤਰਾਂ ਦੀ ਸਥਿਤੀ, ਬਿਰਤਾਂਤ ਦੀਆਂ ਸਹਿਜ ਜੁਗਤਾਂ ਅਤੇ ਕਥਾ ਰਸ ਪ੍ਰਭਾਵਤ ਹੁੰਦਾ ਹੈ। ਦਰਸ਼ਨ ਜੋਗਾ ਨੂੰ ਇਸ ਸੰਬੰਧ ਵਿਚ ਸੁਚੇਤ ਹੋਣ ਦੀ ਲੋੜ ਹੈ।

-ਜੇ.ਬੀ.ਸੇਖੋਂ

ਸਿਰਜਣਾ-165 ਵਿਚ ਕਰਤਾਰ ਸਿੰਘ ਦੁੱਗਲ ਅਤੇ ਸੁਖਬੀਰ ਨੂੰ ਜਿਵੇਂ ਸਤਿਕਾਰ ਨਾਲ ਯਾਦ ਕੀਤਾ ਗਿਆ ਹੈ, ਉਹ ਬਹੁਤ ਚੰਗਾ ਲੱਗਾ। ਇਹ ਦੋਵੇਂ ਹੀ ਪੰਜਾਬੀ ਸਾਹਿਤ ਦੀਆਂ ਮਹਾਨ ਸ਼ਖਸੀਅਤਾਂ ਸਨ ਅਤੇ ਪੰਜਾਬੀ ਸਾਹਿਤ-ਸਭਿਆਚਾਰ ਨੂੰ ਇਹਨਾਂ ਦੀ ਬਹੁਤ ਵੱਡੀ ਦੇਣ ਹੈ।

ਕਿਰਪਾਲ ਸਿੰਘ ਕਸੇਲ, ਪਟਿਆਲਾ

'ਛੋਟੀ ਸੀ ਯੇਹ ਦੁਨੀਆ' (ਸਿਰਜਣਾ-165) ਬਹੁਤ ਹੀ ਸੋਹਣੀ ਕਵਿਤਾ ਹੈ। ਜਾਪਦਾ ਹੈ ਸਿਮਰ ਨੇ ਕਾਵਿ-ਰਚਨਾ ਦੇ ਖੇਤਰ ਵਿਚ ਨਵਾਂ ਨਵਾਂ ਹੀ ਪ੍ਰਵੇਸ਼ ਕੀਤਾ ਹੈ। ਉਸ ਦੀ ਕਵਿਤਾ ਵਿਚ ਵੀ ਸੱਜਰਾਪਨ ਤੇ ਸਹਿਜਤਾ ਹੈ। ਇਸ ਨਵੀਂ ਕਲਮ ਨੂੰ ਖੁਸ਼ ਆਮਦੀਦ ਕਹਿਣਾ ਬਣਦਾ ਹੈ।

ਦੇਵ, ਰੁਬੀਗਨ, ਸਵਿਟਜ਼ਰਲੈਂਡ

'ਆਪਣੀ ਯਾਦ ਵਿਚ' ਕਰਤਾਰ ਸਿੰਘ ਦੁੱਗਲ ਦੀ ਲਿਖਤ ਪੜ੍ਹਕੇ ਇਹ ਯਕੀਨ ਜਿਹਾ ਨਹੀਂ ਆਇਆ ਕਿ ਇਹ ਸੱਚਮੁੱਚ ਦੁੱਗਲ ਜੀ ਦੀ ਲਿਖਤ ਹੈ। ਇੰਝ ਹੀ ਜਾਪਦਾ ਰਿਹਾ ਜਿਵੇਂ ਸਾਡੇ ਇਸ ਮਹਾਨ ਸਾਹਿਤਕਾਰ ਦੇ ਵਿਛੋੜੇ 'ਤੇ ਕਿਸੇ ਹੋਰ ਪ੍ਰਤਿਭਾਵਾਨ ਸਿਰਜਕ ਨੇ ਸ਼ਰਧਾਂਜਲੀ ਭੇਟ ਕਰਦਿਆਂ ਉਹਨਾਂ ਦੇ ਆਖਰੀ ਸਮੇਂ ਦਾ ਹਕੀਕੀ ਵੇਰਵਾ ਦਿੱਤਾ ਹੋਵੇ। ਜੇ ਸੰਪਾਦਕੀ ਨੋਟ ਵਿਚ ਸਪਸ਼ਟ ਨਾ ਕੀਤਾ ਹੁੰਦਾ ਤਾਂ ਇਹ ਮੰਨਣਾ ਔਖਾ ਹੁੰਦਾ ਕਿ ਇਹ ਇਕ ਗਲਪ ਰਚਨਾ ਹੈ ਜੋ ਦੁੱਗਲ ਜੀ ਨੇ ਕਿੰਨੇ ਹੀ ਵਰ੍ਹੇ ਪਹਿਲਾਂ ਲਿਖੀ ਸੀ। ਇਹ ਲਿਖਤ ਆਪਣੇ ਆਪ ਵਿਚ ਪ੍ਰਮਾਣ ਹੈ ਕਿ ਦੁੱਗਲ ਜੀ ਸਾਡੀ ਜ਼ੁਬਾਨ ਦੇ ਕਿੰਨੇ ਵੱਡੇ ਲੇਖਕ ਸਨ।

ਗੁਰਚਰਨ ਰਾਮਪੁਰੀ, ਕੋਕਟਲਮ, ਬੀ.ਸੀ., ਕੈਨੇਡਾ

ਐਕਸੀਡੈਂਟ ਕਾਰਨ ਮੰਜੇ 'ਤੇ ਪਿਆਂ ਪਿਆਂ ਹੀ ਸਿਰਜਣਾ-165 ਵਿਚਲੀ ਸਾਰੀ ਸਮੱਗਰੀ ਪੜ੍ਹ ਗਿਆ ਹਾਂ। ਇਸ ਅੰਕ ਵਿਚਲੀਆਂ ਤਿੰਨ ਕਹਾਣੀਆਂ ਵਿਚੋਂ ਬਲਵਿੰਦਰ ਕੌਰ ਬਰਾੜ ਦੀ ਰਚਨਾ 'ਕਸਟਮਰ ਸਰਵਿਸ' ਵਿਚ ਆਵਾਸ ਦੀ ਪੀੜ ਡੂੰਘੀ ਚੀਸ ਨਾਲ ਵਿਅਕਤ ਹੋਈ ਹੈ। ਕੁੜੀਆਂ 'ਨਰੜ' ਕੇ ਬਾਹਰ ਭੇਜਣ ਦੀ ਸਾਡੇ ਲੋਕਾਂ ਦੀ ਲਾਲਸਾ ਦਾ ਵੀ ਭਾਂਡਾ ਭੰਨ ਹੋਇਆ ਹੈ। ਕਹਾਣੀ ਅਸਰਦਾਰ ਹੈ ਪਰ ਗੁਰੀ ਜੇ ਏਨੀ ਆ-ਮੁਹਾਰੀ ਤੇ ਅੱਥਰੀ ਨਾ ਹੁੰਦੀ ਤਾਂ ਸਾਇਦ ਬਦੇਸ਼ੀ ਮਾਹੌਲ ਉਸਨੂੰ ਛੇਤੀ ਰਾਸ ਆ ਜਾਂਦਾ। ਅਮੀਨ ਮਲਕ ਦੀ 'ਕਰਾਮਾਤ' ਵਿਚ ਫਕੀਰਾਂ,ਮਜਾਵਰਾਂ, ਬਾਬਿਆਂ ਦੇ ਚਰਿੱਤਰ ਦੀ ਵਾਹਵਾ ਸਕੈਨਿੰਗ ਹੋਈ ਹੈ। ਖਾਸਾ ਤਕੜਾ ਵਿਅੰਗ ਹੈ। ਅਮੀਨ ਮਲਕ ਭਾਸ਼ਾਈ ਜੁਗਤਾਂ ਦਾ ਬਾਦਸ਼ਾਹ ਹੈ। ਉਹਦਾ ਸ਼ਬਦ-ਮੁਹਾਵਰਾ ਲੋਕ ਮਨ ਦੇ ਬਹੁਤ ਨੇੜੇ ਹੋ ਕੇ ਅਸਰ ਕਰਦਾ ਹੈ। ਪਰ ਸ਼ਬਦ-ਜੋੜਾਂ ਦੀਆਂ ਅਨੇਕਾਂ ਉਕਾਈਆਂ ਕਹਾਣੀ ਦਾ ਕਚਰਾ ਕਰ ਗਈਆਂ ਹਨ। ਬਲਵੰਤ ਚੌਹਾਨ ਦੀ ਕਹਾਣੀ 'ਵਾਪਸੀ' ਦੇ ਪਾਤਰ ਦਾ ਭੂ-ਹੇਰਵਾ ਬਜਾ ਹੈ। 'ਉਹ' ਦੇਰ ਬਾਅਦ ਵਾਪਸ ਆਉਂਦਾ ਹੈ ਤੇ ਬਹੁਤ ਕੁਝ ਬੇਪਛਾਣ ਹੋ ਚੁੱਕਾ ਹੈ। ਕਹਾਣੀ ਵਿਚ 'ਤੂੰ' ਪਾਤਰ ਕੌਣ ਹੈ, ਮੇਰੀ ਸਮਝ ਵਿਚ ਨਹੀਂ ਆਇਆ। ਸੁਰਜੀਤ ਹਾਂਸ ਦਾ ਲੇਖ 'ਜੀਵ ਪ੍ਰਕਿਰਤੀ ਦਾ ਦਵੰਦ' ਗਿਆਨਵਰਧਕ ਹੈ। ਪਰ ਗਿਆਨ ਨੂੰ ਭਰੂ ਭਰੂ ਸੁੱਟੀ ਜਾਣ ਨਾਲ ਕਿਸੇ ਦੇ ਪੱਲੇ ਕੁਝ ਨਹੀਂ ਪਿਆ ਕਰਦਾ। ਗਿਆਨ ਦਾ ਗੁਲਦਸਤਾ ਬਣਾ ਕੇ ਪੇਸ਼ ਕਰਨਾ ਹੀ ਅਸਲੀ ਕਲਾ ਹੈ। ਲਿਖਤ ਵਿਚ 'ਗਹਿਰਾਈ' ਤਾਂ ਹੋਵੇ, 'ਗਹਿਰ' ਨਹੀਂ ਹੋਣੀ ਚਾਹੀਦੀ। ਸੰਪਾਦਕੀ 'ਗ਼ਦਰ ਸ਼ਤਾਬਦੀ' ਪੜ੍ਹਕੇ ਸੋਚ ਰਿਹਾ ਹਾਂ 'ਅਸੀਂ ਕਿੰਨਾ ਕੁ ਚਿਰ 'ਪਿਤਰਮ ਸੁਲਤਾਨ ਬੂਦ' ਦੀ ਮੁਹਾਰਨੀ ਰਟਦੇ ਰਹਾਂਗੇ? ਪੁਰਖਿਆਂ ਦਾ ਅੰਨ੍ਹਾ ਗੁਣ ਗਾਨ ਕਰਨ ਦੀ ਥਾਂ ਉਹਨਾਂ ਦੀਆਂ ਹਾਰਾਂ ਤੇ ਖਾਧੀਆਂ ਮਾਰਾਂ ਦੇ ਕਾਰਨਾਂ ਦਾ ਲੇਖਾ-ਜੋਖਾ ਕਰਨ ਦੇ ਕਦੋਂ ਯੋਗ ਹੋਵਾਂਗੇ?

ਧਿਆਨ ਸਿੰਘ ਸ਼ਾਹ ਸਿਕੰਦਰ, ਦੀਨਾ ਨਗਰ

'ਭਾਊ', 'ਮੀਂਹ ਵਰਸੇਂਦਾ', 'ਮਿੱਟੀ' ਤੇ 'ਬੁਝਾਰਤ' ਦੇ ਰਚੇਤਾ

ਦਰਸ਼ਨ ਸਿੰਘ ਦਾ ਨਵਾਂ ਨਾਵਲ

ਸਿੱਖ ਮੂਲ ਦਾ ਸਿਰ-ਘਸਿਆ, ਨਾ ਨੇਮੀ ਨਾ ਧਰਮੀ, ਇਕ ਸਵੀਡਿਸ਼ ਸ਼ਹਿਰੀ ਪਰਵਾਸੀ ਸਿੱਖਾਂ ਦੀਆਂ ਅਗਲੀਆਂ ਪੀੜ੍ਹੀਆਂ ਨੂੰ ਟੁੰਬਣ ਦੇ ਖਿਆਲ ਨਾਲ ਪਰਦੇਸ 'ਚ ਸਿੱਖ ਸ਼ਹੀਦਾਂ ਤੇ ਯੋਧਿਆਂ ਦੀ ਇਕ ਗੈਲਰੀ ਸਥਾਪਤ ਕਰਨ ਦਾ ਮਤਾ ਪਕਾਉਂਦਾ ਹੈ ਤੇ ਉਹਨਾਂ ਦੀ ਪਛਾਣ ਕਰਨ ਲਈ ਪੰਜਾਬ ਦਾ ਗੇੜਾ ਕੱਢਦਾ ਹੈ। ਆ ਕੇ ਵੇਖਦਾ ਹੈ ਕਿ ਇੱਥੇ ਸ਼ਹੀਦੀ ਤੇ ਸੂਰਮਤਾ ਦੇ ਝਨਾਂ ਪਏ ਵਰਗੇ ਹਨ। ਵੇਖਕੇ ਬੌਂਦਲ ਜਾਂਦਾ ਹੈ। ਜਿਸ ਪੰਗਤ 'ਚ ਭਗਤ ਸਿੰਘ ਤੇ ਊਧਮ ਸਿੰਘ ਬੈਠੇ ਹੁੰਦੇ ਹਨ, ਉਸੇ ਵਿਚ ਹੀ ਸੰਤ ਭਿੰਡਰਾਂਵਾਲਾ ਅਤੇ ਉਸ ਦੇ ਨਾਮ-ਲੇਵਾ ਵੀ ਬਿਠਾਏ ਜਾ ਰਹੇ ਹੁੰਦੇ ਹਨ। ਗ਼ਦਰੀ ਬਾਬੇ ਤੇ ਬੱਬਰ ਅਕਾਲੀ ਵੀ। ਨਕਸਲੀਏ ਵੀ ਤੇ ਹਰ ਤਰ੍ਹਾਂ ਦੇ ਕਮਿਊਨਿਸਟ, ਕਾਂਗਰਸੀ ਤੇ ਅਕਾਲੀ ਵੀ। ਉਹਦੀ ਅਪੂਰਣ ਭਾਲ ਦੀ ਨਿਵੇਕਲੇ ਤੇ ਰੌਚਕ ਅੰਦਾਜ਼ 'ਚ ਕਹਾਣੀ ਕਰਦਾ, ਸਭ ਨੂੰ ਸ਼ੀਸ਼ਾ ਵਿਖਾਉਂਦਾ, ਕਪਾਟ ਖੋਲ੍ਹਦਾ ਹੈ ਦਰਸ਼ਨ ਸਿੰਘ ਦਾ ਇਹ ਨਵਾਂ ਨਾਵਲ।

ਪੰਨੇ 282 ਸੁੰਦਰ ਦਿੱਖ ਮੁੱਲ 300 ਰੁਪਏ

ਲੋਕਗੀਤ ਪ੍ਰਕਾਸ਼ਨ, ਸੈਕਟਰ 34-ਏ, ਚੰਡੀਗੜ੍ਹ

ਪ੍ਰਿੰਟਰ, ਪਬਲਿਸ਼ਰ ਤੇ ਮਾਲਕ ਸੁਰਿਦਰ ਮੋਹਨ ਸਿੰਘ ਨੇ ਸਿਰਜਣਾ ਪ੍ਰਿੰਟਰਜ਼ ਐਂਡ ਸਟੇਸ਼ਨਰਜ਼, ਐਸ. ਸੀ. ਐਫ. 112, ਫੇਜ਼ 7, ਮੋਹਾਲੀ ਤੋਂ ਛਪਵਾ ਕੇ, 225-ਬੀ, ਮਖਦੂਮਪੁਰਾ, ਜਲੰਧਰ ਤੋਂ ਪ੍ਰਕਾਸ਼ਤ ਕੀਤਾ।

ਸੰਪਾਦਕ : ਰਘਬੀਰ ਸਿੰਘ ਪ੍ਰਕਾਸ਼ਨ ਮਿਤੀ : 1 ਅਕਤੂਬਰ, 2012

SIRJANA Literary Punjabi Quarterly Chandigarh
No. 166 October-December 2012
Registered with the Registrar of Newspapers for India vide R.N. 10215/65

'ਸ਼ੀਸ਼ਾ ਝੂਠ ਬੋਲਦਾ ਹੈ', 'ਬੋਲ ਮਿੱਟੀ ਦਿਆ ਬਾਵਿਆ', 'ਅਗਨ ਕਥਾ', 'ਖੈਰ ਪੰਜਾਂ ਪਾਣੀਆਂ ਦੀ','ਧਰਤੀ ਨਾਦ' ਤੇ 'ਪਾਰਦਰਸ਼ੀ' ਕਾਵਿ ਪੁਸਤਕਾਂ ਅਤੇ 'ਹਰ ਧੁਖਦਾ ਪਿੰਡ ਮੇਰਾ ਹੈ', 'ਮਨ ਦੇ ਬੂਹੇ ਬਾਰੀਆਂ', 'ਦੋ ਹਰਫ ਰਸੀਦੀ' ਤੇ 'ਮੋਰ ਪੰਖ' ਗਜ਼ਲ ਸੰਗ੍ਰਹਿਆਂ ਦੇ ਰਚੇਤਾ ਸਮਰੱਥ ਸ਼ਾਇਰ

ਗੁਰਭਜਨ ਗਿੱਲ ਦਾ ਗੀਤ ਸੰਗ੍ਰਹਿ



ਸਮਾਜੀ ਫਿਕਰਾਂ ਨਾਲ ਭਰੇ ਹੋਏ ਗੁਰਭਜਨ ਗਿੱਲ ਦੇ ਇਹ ਗੀਤ ਫੁੱਲਾਂ ਜਿਹੇ ਸੋਹਣੇ ਤੇ ਖੂਬਸੂਰਤ ਵੀ ਹਨ ਅਤੇ ਝਾਂਜਰਾਂ ਦੇ ਬੋਰਾਂ ਵਾਂਗ ਮਿੱਠੀਆਂ ਧੁਨੀਆਂ ਦੇ ਸਿਰਜਕ ਵੀ। ਇਹ ਸਵਾਲ ਵੀ ਪੈਦਾ ਕਰਦੇ ਹਨ ਅਤੇ ਉੱਤਰਾਂ ਦਾ ਅਹਿਸਾਸ ਵੀ ਕਰਵਾਉਂਦੇ ਹਨ। ਇਹਨਾਂ ਦੀ ਕਲਪਨਾ ਆਕਾਸ਼ੀਂ ਚੜ੍ਹਾਉਂਦੀ ਹੈ ਅਤੇ ਯਥਾਰਥਕਤਾ ਧਰਤੀ 'ਤੇ ਲਾਹੁੰਦੀ ਹੈ।

ਪੰਨੇ : 112 ਸੁੰਦਰ ਦਿੱਖ ਮੁੱਲ : 140 ਰੁਪਏ

ਚੇਤਨਾ ਪ੍ਰਕਾਸ਼ਨ, ਪੰਜਾਬੀ ਭਵਨ, ਲੁਧਿਆਣਾ